Reo-Bankowned Properties
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
Jassi Gill
CA DRE Lic.#01180969
CA DRE# 00966763

Hardeep S.Rai
ਇੰਮੇਗਰੇਸ਼ਨ ਵਕੀਲ
Attorney-at-Law
• ਨੌਂਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO
TEL: 415.693.9131
FAX. 415.693.9135
rai@hsrai.com
www.hsrai.com
Fremont
TEL: 510-791-1111
FAX: 510-791-1119

Kuldip Singh Dhariwal
Attorney At Law
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Tel : (510) 744-1280
Fax: (510) 744-4192
ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com

Thirteenth Year in Publication
ਕੈਲੀਫੋਰਨੀਆ ਐਡੀਸ਼ਨ Price 50¢
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
Email:punjabtimes1@sbcglobal.net
www.punjabtimesusa.com

# ਪੰਜਾਬ ਟਾਈਮਜ਼

Punjab Times, Vol 13, Issue 43, October 27, 2012 20451 N Plum Grove Rd. Palatine, IL 60074 Ph:847-359-0746, Fax:847-705-9388

## ਕਾਂਗਰਸ ਨੂੰ ਲੱਭ ਨਹੀਂ ਰਿਹਾ ਕੈਪਟਨ ਦਾ ਤੋੜ

### ਵਿਰੋਧੀ ਧੜੇ ਫਿਰ ਸਰਗਰਮ

### 'ਸ਼ਾਹੀ ਸ਼ੈਲੀ' ਦੀ ਤਿੱਖੀ ਨੁਕਤਾਚੀਨੀ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਕਾਂਗਰਸ ਦੀ ਪ੍ਰਧਾਨਗੀ ਬਾਰੇ ਫੈਸਲਾ ਹਾਈਕਮਾਨ ਲਈ ਵੱਡੀ ਵੰਗਾਰ ਬਣਿਆ ਹੋਇਆ ਹੈ। ਹਾਈਕਮਾਨ ਨੂੰ ਫਿਲਹਾਲ ਕੈਪਟਨ ਅਮਰਿੰਦਰ ਸਿੰਘ ਤੋਂ ਬਾਅਦ ਅਕਾਲੀਆਂ ਨਾਲ ਸਿੱਧੀ ਟੱਕਰ ਲੈਣ ਵਾਲਾ ਹੋਰ ਕੋਈ ਆਗੂ ਨਜ਼ਰੀ ਨਹੀਂ ਪੈ ਰਿਹਾ। ਦੂਜੇ ਪਾਸੇ, ਕੈਪਟਨ ਖ਼ਿਲਾਫ਼ ਪਾਰਟੀ ਦੇ ਅੰਦਰਲੇ ਵਿਰੋਧ ਤੋਂ ਇਲਾਵਾ ਆਮ ਜਨਤਾ ਵਿਚ ਵੀ ਹੁਣ ਇਹ ਪ੍ਰਭਾਵ ਬਣ ਗਿਆ ਹੈ ਕਿ ਉਨ੍ਹਾਂ ਦੀ 'ਸ਼ਾਹੀ ਸ਼ੈਲੀ' ਉਨ੍ਹਾਂ ਨੂੰ ਆਮ ਬੰਦੇ ਤੋਂ ਦੂਰ ਰੱਖਦੀ ਹੈ ਤੇ ਉਹ ਲੋਕਾਂ ਦੀ ਆਵਾਜ਼ ਨਹੀਂ ਬਣ ਸਕਦੇ। ਇਹੀ ਨੁਕਤਾ ਕੈਪਟਨ ਵਿਰੋਧੀ ਧੜੇ ਨੇ ਹਾਈਕਮਾਨ ਕੋਲ ਬੜੇ ਜ਼ੋਰਸ਼ੋਰ ਨਾਲ ਉਠਾਇਆ ਹੈ ਪਰ ਛੇ ਮਹੀਨਿਆਂ ਬਾਅਦ ਵੀ ਕਾਂਗਰਸ ਨੂੰ ਕੈਪਟਨ ਦੀ ਕੋਈ ਬਦਲ ਨਹੀਂ ਲੱਭਾ ਰਿਹਾ। ਜ਼ਿਕਰਯੋਗ ਹੈ ਕਿ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਮਿਲੀ ਅਣਕਿਆਸੀ ਹਾਰ ਤੋਂ ਬਾਅਦ ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ 'ਤੇ ਚੁਫੇਰਿਓਂ ਸਵਾਲ ਉੱਠੇ ਸਨ। ਮੀਡੀਆ ਨੇ ਵੀ ਉਨ੍ਹਾਂ ਦੀ ਖੁੱਲ੍ਹ ਕੇ ਅਲੋਚਨਾ ਕੀਤੀ ਸੀ ਅਤੇ ਹਾਰ ਦੀ ਸਾਰੀ ਜ਼ਿੰਮੇਵਾਰੀ ਕੈਪਟਨ ਦੇ ਸਿਰ ਹੀ ਮੜ੍ਹੀ ਸੀ। ਇਸ ਹਾਲਾਤ ਦਾ ਲਾਹਾ ਲੈਂਦਿਆਂ ਕੈਪਟਨ ਵਿਰੋਧੀ ਖੇਮੇ ਨੇ ਉਨ੍ਹਾਂ ਖ਼ਿਲਾਫ਼ ਸਿਆਸੀ ਜੰਗ ਨੂੰ ਹੋਰ ਤੇਜ਼ ਕਰ ਦਿੱਤਾ ਸੀ। ਉਹ ਕਈ-ਕਈ ਦਿਨ ਦਿੱਲੀ ਜਾ ਕੇ ਬੈਠੇ ਰਹੇ। ਦੂਜੇ ਬੰਨ੍ਹੇ, ਹਾਈਕਮਾਨ ਨੂੰ ਇਹ ਖਬਰ ਹੈ ਕਿ ਕਾਂਗਰਸ 'ਚ ਕੈਪਟਨ ਅਮਰਿੰਦਰ ਸਿੰਘ ਹੀ ਅਜਿਹੇ ਆਗੂ ਹਨ ਜਿਹੜੇ ਅਕਾਲੀਆਂ ਦੀ ਹਰ ਰਣਨੀਤੀ ਨੂੰ ਬਾਖੂਬੀ ਸਮਝਦੇ ਹਨ ਤੇ ਉਸ ਦਾ ਠੋਕਵਾਂ ਜਵਾਬ ਦਿੰਦੇ ਹਨ। ਉਨ੍ਹਾਂ ਦੀ ਤਿੱਖੀ ਅਤੇ ਤੁਰਸ਼ ਬਿਆਨਬਾਜ਼ੀ ਵੀ ਲੋਕਾਂ ਨੂੰ ਖਿੱਚਦੀ ਹੈ। ਪਿਛਲੀ ਕਾਂਗਰਸ ਸਰਕਾਰ ਵੇਲੇ ਕੀਤੇ ਕੁਝ ਪੰਜਾਬ ਪੱਖੀ ਫੈਸਲੇ ਵੀ ਉਨ੍ਹਾਂ ਦੀ ਮਕਬੂਲੀਅਤ ਦਾ ਕਾਰਨ ਹਨ। ਇੰਨਾ ਸਭ ਹੋਣ ਦੇ ਬਾਵਜੂਦ ਉਨ੍ਹਾਂ ਦਾ ਸ਼ਾਹੀ ਅੰਦਾਜ਼ ਅਤੇ ਆਮ ਜਨਤਾ ਤੋਂ ਦੂਰ ਰਹਿਣਾ ਉਨ੍ਹਾਂ ਨੂੰ ਜ਼ਮੀਨੀ ਹਕੀਕਤ ਤੋਂ ਦੂਰ ਰੱਖਦਾ ਹੈ ਤੇ ਕਈ ਵਾਰ ਇਸੇ ਕਰਕੇ ਫੈਸਲੇ ਉਲਟੇ ਪੈ ਜਾਂਦੇ ਹਨ।

ਪੰਜਾਬ ਦੀ ਲੀਡਰਸ਼ਿਪ ਵਿਚ ਤਬਦੀਲੀ ਕਾਂਗਰਸ ਹਾਈਕਾਮਾਨ ਲਈ ਇੰਨੀ ਪੇਚੀਦਾ ਬਣੀ ਹੋਈ ਹੈ ਕਿ ਕੁਝ ਹੀ ਸਮੇਂ ਦੌਰਾਨ ਰਾਹੁਲ ਗਾਂਧੀ ਵੱਲੋਂ ਪੰਜਾਬ ਦੇ ਦੋ ਦੌਰੇ ਕੀਤੇ ਗਏ। ਇਸ ਮੌਕੇ ਹੋਈ ਵਿਚਾਰ ਚਰਚਾ 'ਚ ਕੈਪਟਨ ਧੜਾ ਭਾਰੂ ਰਿਹਾ। ਮੀਟਿੰਗਾਂ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਪਾਰਟੀ ਨੂੰ ਜੱਟ ਸਿੱਖ ਵੋਟ ਵਿਚ ਕੋਈ ਖੋਰਾ ਨਹੀਂ ਲੱਗਾ। ਪਾਰਟੀ ਦੇ 44 ਜਿੱਤੇ ਵਿਧਾਇਕ ਬਹੁਤਾ ਕਰ ਕੇ ਪੇਂਡੂ ਖੇਤਰਾਂ ਵਾਲੇ ਅਤੇ ਮਾਲਵਾ ਖੇਤਰ ਨਾਲ ਸਬੰਧਤ ਹਨ। ਪਹਿਲਾਂ ਆਮ ਕਰ ਕੇ ਕਾਂਗਰਸ ਦਾ ਦੁਆਬਾ ਤੇ ਮਾਝਾ ਗੜ੍ਹ ਰਹਿੰਦਾ ਰਿਹਾ ਹੈ ਤੇ ਹਿੰਦੂ ਤੇ ਦਲਿਤ ਵੋਟ ਕਾਂਗਰਸ ਦਾ ਵੋਟ ਬੈਂਕ ਸਮਝਿਆ ਜਾਂਦਾ ਸੀ ਪਰ ਵਿਧਾਨ ਸਭਾ ਚੋਣਾਂ ਦੇ ਨਤੀਜੇ ਦੱਸਦੇ ਹਨ ਕਿ ਮਾਝਾ ਤੇ ਦੁਆਬਾ ਵਿਚ ਕਾਂਗਰਸ ਨੂੰ ਸਭ ਤੋਂ ਵੱਡਾ ਖੋਰਾ ਲੱਗਾ ਹੈ ਤੇ ਦਲਿਤ ਤੇ ਹਿੰਦੂ ਵੋਟ ਕਾਂਗਰਸ ਤੋਂ ਦੂਰ ਗਈ ਹੈ।

ਰਾਹੁਲ ਗਾਂਧੀ ਨਾਲ ਮੀਟਿੰਗਾਂ ਦੌਰਾਨ ਇਹ ਗੱਲ ਵੀ ਕਾਫ਼ੀ ਆਗੂਆਂ ਵੱਲੋਂ ਉਭਾਰੀ ਗਈ ਕਿ ਨਵੀਂ ਲੀਡਰਸ਼ਿਪ ਦੁਆਬਾ ਤੇ ਮਾਝਾ ਖੇਤਰ ਵਿਚੋਂ

*(ਬਾਕੀ ਸਫਾ 6 'ਤੇ)*



## ਆਖ਼ਰੀ ਬਹਿਸ ਵਿਚ ਛਾ ਗਏ ਬਰਾਕ ਓਬਾਮਾ



### ਐਤਕੀਂ ਫਸਣਗੇ ਕੁੰਢੀਆਂ ਦੇ ਸਿੰਗ

**ਬੋਕਾ ਰੈਟੋਨ (ਫਲੋਰਿਡਾ):** ਰਾਸ਼ਟਰਪਤੀ ਦੀ ਚੋਣ ਲਈ ਤੀਜੀ ਅਤੇ ਅੰਤਿਮ ਬਹਿਸ ਵਿਚ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਆਪਣੇ ਰਿਪਬਲਿਕਨ ਵਿਰੋਧੀ ਮਿੱਟ ਰੋਮਨੀ ਨੂੰ ਬੁਰੀ ਤਰ੍ਹਾਂ ਪਛਾੜ ਦਿੱਤਾ। ਇਸ ਫੈਸਲਾਕੁਨ ਬਹਿਸ ਦੌਰਾਨ ਵਿਦੇਸ਼ ਨੀਤੀ ਦੇ ਮੁੱਦਿਆਂ 'ਤੇ ਓਬਾਮਾ ਅਤੇ ਰੋਮਨੀ ਨੇ ਇਕ-ਦੂਜੇ 'ਤੇ ਤਾਬੜਤੋੜ ਹਮਲੇ ਕੀਤੇ ਪਰ ਰਾਸ਼ਟਰਪਤੀ ਓਬਾਮਾ ਦੀਆਂ ਦਲੀਲਾਂ ਅੱਗੇ ਰੋਮਨੀ ਬੇਵੱਸ ਨਜ਼ਰ ਆਏ।

ਛੇ ਨਵੰਬਰ ਨੂੰ ਹੋ ਰਹੀ ਚੋਣ ਤੋਂ ਪਹਿਲਾਂ 90 ਮਿੰਟ ਚੱਲੀ ਇਸ ਗਰਮਾ-ਗਰਮ ਅੰਤਿਮ ਬਹਿਸ ਵਿਚ ਓਬਾਮਾ ਨੇ ਸ਼ੁਰੂ ਤੋਂ ਹੀ ਹਮਲਾਵਰ ਰੁਖ ਅਖਤਿਆਰ ਕਰੀ ਰੱਖਿਆ। ਸੀ.ਐਨ.ਐਨ. ਦੇ ਚੋਣ ਸਰਵੇਖਣ ਮੁਤਾਬਕ ਅੰਤਿਮ ਬਹਿਸ ਦਾ ਦੌਰ ਓਬਾਮਾ ਦੇ ਨਾਂ ਰਿਹਾ ਅਤੇ ਸੀ.ਬੀ.ਐਸ. ਨਿਊਜ਼ ਦੀ ਰਾਏ ਵੀ ਕੁਝ ਇਹੋ ਜਿਹੀ ਸੀ। ਸੀ.ਐਨ.ਐਨ. ਦੇ ਸਰਵੇਖਣ ਵਿਚ 48 ਫੀਸਦੀ ਵੋਟਰਾਂ ਨੇ ਓਬਾਮਾ ਦੀ ਹਮਾਇਤ ਕੀਤੀ ਜਦਕਿ ਰੋਮਨੀ ਨੂੰ 40 ਫੀਸਦੀ ਨੇ ਪਸੰਦ ਕੀਤਾ। ਬਹਿਸ ਦੌਰਾਨ ਅਮਰੀਕੀ ਵਿਦੇਸ਼ ਨੀਤੀ ਦੇ ਵਡੇਰੇ ਸੰਕਲਪ ਤਹਿਤ ਓਬਾਮਾ ਅਤੇ ਰੋਮਨੀ

*(ਬਾਕੀ ਸਫਾ 6 'ਤੇ)*

REAL ESTATE & HOME LOANS
ਮਨਟੀਕਾ, ਟਰੇਸੀ, ਲੈਥਰੋਪ, ਸਟਾਕਟਨ, ਲੋਡਾਈ, ਪੈਟਰਸਨ, ਲਵਿੰਗਸਟਨ, ਮਰਸਡ, ਮਡੇਰਾ, ਮੋਡੈਸਟੋ, ਟਰਲੱਕ ਆਦਿ ਸ਼ਹਿਰਾਂ 'ਚ ਬੈਂਕ ਨੂੰ ਮੁੜੇ ਘਰ ਖਰੀਦਣ ਲਈ ਕਾਲ ਕਰੋ।
✓ Low Interest Rate
✓ 3.5% Down Payment
✓ Free Credit Report
✓ Free Pre-Approval
ਸਾਡੀ ਆਪਣੀ ਮਾਰਗੇਜ਼ ਕੰਪਨੀ ਹੈ।
ਜੇਕਰ ਤੁਸੀਂ ਆਪਣੇ ਘਰ ਦੀ ਕਿਸ਼ਤ ਨਹੀਂ ਦੇ ਪਾ ਰਹੇ ਤਾਂ ਵੀ ਫੋਰਕਲੋਜ਼ਰ ਤੋਂ ਬਚੋ। ਸਿਰਫ਼ ਤੇ ਸਿਰਫ਼ Shortsale Certified ਅਤੇ ਤਜ਼ਰਬੇਕਾਰ Realtor ਨਾਲ ਹੀ ਘਰ List ਕਰੋ, ਕਿਤੇ ਅਣਜਾਣ ਤੁਹਾਡਾ ਕੰਮ ਨਾ ਖਰਾਬ ਕਰ ਦੇਵੇ।
Successful Shortsale ਲਈ ਅੱਜ ਹੀ ਕਾਲ ਕਰੋ!
AMAN HUNDAL
Broker / Associate MBA • SFR • CDPE
Century 21 M&M and Associates
209.918.6464
ahundal@c21mm.com
605 Standiford Ave, Ste D • Modesto, CA 95350

Fresh Sweets, Snacks & Food
Catering with portable Tandoor for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™
Follow us on:
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
Items Serving: All kinds of Sweets; Snacks & Food; Chaat & Tikki Stall; Pani Poori Stall; Bhel Poori / Pav Bhaji; Falooda Kulfi
Catering Services: Wedding Ceremonies; Receptions; Birthday Parties; Religious Gatherings; Corporate Events; Picnics / Bar-b-que
Additional Services: Warmers; Chaffing Dishes; China & Silverware; Linen Rental; Waiters & Bartenders
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Call Makhan Bains or Ravinder Singh for your next Party 1-866-FOR RAJA www.RajaSweets.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com

ੴ ਸਤਿਗੁਰ ਪ੍ਰਸਾਦਿ

ਵਾਹਿਗੁਰੂ ਜੀ ਕਾ ਖਾਲਸਾ । ਵਾਹਿਗੁਰੂ ਜੀ ਕੀ ਫਤਿਹ ॥

ਸਤਿਗੁਰੂ ਨਾਨਕ ਪ੍ਰਗਟਿਆ ਮਿਟੀ ਧੁੰਧ ਜੱਗ ਚਾਨਣ ਹੋਆ ।

## ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਫਰਿਜ਼ਨੋ ਵਲੋਂ

### ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਪੁਰਬ ਨੂੰ ਸਮਰਪਿਤ ਤੀਸਰਾ

# ਮਹਾਨ ਨਗਰ ਕੀਰਤਨ



ਨਗਰ ਕੀਰਤਨ 28 ਅਕਤੂਬਰ ਦਿਨ ਐਤਵਾਰ ਨੂੰ ਸਵੇਰੇ 11:00 ਵਜੇ ਸੁਰੂ ਹੋਵੇਗਾ ।



ਦਮਦਮੀ ਟਕਸਾਲ ਦੇ 16ਵੇਂ ਮੁਖੀ ਸੰਤ ਬਾਬਾ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂ ਵਾਲਿਆ ਵੱਲੋ ਸੰਗਤਾਂ ਨੂੰ ਖਾਸ ਤੌਰ ਤੇ ਪਹੁੰਚਣ ਦੀ ਬੇਨਤੀ ਕੀਤੀ ਜਾਂਦੀ ਹੈ



ਸਿੰਘ ਸਾਹਿਬ ਗਿਆਨੀ ਮੱਲ ਸਿੰਘ ਜੀ
(ਮੁੱਖ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ)



ਭਾਈ ਹਰਪ੍ਰੀਤ ਸਿੰਘ ਜੀ
(ਹਜੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ)

## ਪਹੁੰਚ ਰਹੇ ਕੀਰਤਨੀ ਜੱਥੇ

ਪੰਡਿਤ ਬਖਸ਼ੀਸ ਸਿੰਘ ਜੀ, ਭਾਈ ਪ੍ਰੀਤਮ ਸਿੰਘ ਮਿੱਠਾ ਟਿਵਾਣਾਂ (ਗ. ਪ੍ਰਮੇਸ਼ਰਦੁਆਰ ਮੰਡੇਰਾ), ਭਾਈ ਅਮਰੀਕ ਸਿੰਘ (ਰਾਗੀ ਜੱਥਾ ਗੁ. ਸਿਲਮਾ), ਭਾਈ ਹਰਪ੍ਰੀਤ ਸਿੰਘ ਜੀ, ਭਾਈ ਸੁਖਵਿੰਦਰ ਸਿੰਘ ਅਤੇ ਭਾਈ ਲਖਵੀਰ ਸਿੰਘ (ਗੁ. ਕਰਮਨ), ਭਾਈ ਜੁਗਿੰਦਰ ਸਿੰਘ ਚੰਦਨ ਜਲੰਦਰ ਵਾਲੇ (ਗੁ. ਕਲਗੀਧਰ ਸਿਲਮਾ), ਭਾਈ ਸਰਬਜੀਤ ਸਿੰਘ ਫਗਵਾੜੇ ਵਾਲੇ (ਗੁ. ਸਿੰਘ ਸਭਾ ਡਿਕੋਟਾ)। ਇਹਨਾਂ ਤੋਂ ਇਲਾਵਾ ਭਾਈ ਅਵਤਾਰ ਸਿੰਘ ਅਤੇ ਉਹਨਾਂ ਦੇ ਸਾਥੀ ਭਾਈ ਰਣਜੀਤ ਸਿੰਘ ਅਤੇ ਭਾਈ ਗੁਰਪਾਲ ਸਿੰਘ (ਹਜੂਰੀ ਰਾਗੀ ਗੁਰਦੁਆਰਾ ਗੁਰੂ ਨਾਨਕ ਪ੍ਰਕਾਸ ਫਰਿਜ਼ਨੋ) ਵੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ ।

**ਅੰਮ੍ਰਿਤਸਰ ਤੋਂ ਵਿਸ਼ੇਸ਼ ਤੋਰ ਤੇ ਪਹੁੰਚ ਰਹੇ ਸਿੰਘ ਸਾਹਿਬ ਗਿਆਨੀ ਮੱਲ ਸਿੰਘ ਜੀ ਅਤੇ ਭਾਈ ਹਰਪ੍ਰੀਤ ਸਿੰਘ ਜੀ ਮਿਤੀ 22 ਅਕਤੂਬਰ 2012 ਤੋਂ 28 ਅਕਤੂਬਰ 2012 ਤੱਕ ਗੁ. ਸਾਹਿਬ ਵਿਖੇ ਸੰਗਤਾਂ ਨੂੰ ਕਥਾ, ਕੀਰਤਨ ਦੁਆਰਾ ਨਿਹਾਲ ਕਰਨਗੇ ।**

## ਪ੍ਰੋਗਰਾਮ ਦਾ ਵੇਰਵਾ

**ਭੋਗ ਸ੍ਰੀ ਅਖੰਡ ਪਾਠ ਸਾਹਿਬ :**
28 ਅਕਤੂਬਰ ਦਿਨ ਐਤਵਾਰ ਸਵੇਰੇ 8 ਤੋਂ 10 ਵਜੇ ਤੱਕ ਪਾਏ ਜਾਣਗੇ ।

**ਗੁਰੂ ਘਰ ਵਿਖੇ ਦੀਵਾਨ :**
ਸਵੇਰੇ 10 ਤੋਂ 11 ਵਜੇ ਸਜਾਏ ਜਾਣਗੇ ।

**ਰਵਾਨਗੀ ਨਗਰ ਕੀਰਤਨ :**
ਠੀਕ 11 ਵਜੇ ਹੋਵੇਗੀ ।

ਮੀਡੀਆ ਸਪਾਂਸਰ : ਨੀਟਾ ਮਾਛੀਕੇ (559) 333-5776 ਅਤੇ ਕੁਲਵੰਤ ਧਾਲੀਆਂ (559) 473-9264

ਪਾਰਕ ਵਿੱਚ ਲੰਗਰ ਦੀ ਸੇਵਾ ਸਬੰਧੀ ਸੰਪਰਕ ਕਰੋ : ਪਰਮਿੰਦਰ ਸਿੰਘ ਮੋਹਣਾ 559-312-6222.
ਫਲੋਟਾਂ ਦੀ ਸੇਵਾ ਲਈ ਸੰਪਰਕ ਕਰੋ : ਭਾਈ ਜਸਵਿੰਦਰ ਸਿੰਘ ਗਰਚਾ 559-761-3864.
ਸਟਾਲ ਲਾਉਣ ਲਈ ਸੰਪਰਕ ਕਰੋ : ਪਲਵਿੰਦਰ ਸਿੰਘ 559-696-4089 ਜਾਂ ਭਾਈ ਰਣਜੀਤ ਸਿੰਘ 559-351-0505.

## ਵਧੇਰੇ ਜਾਣਕਾਰੀ ਲਈ ਸੰਪਰਕ ਕਰੋ

ਭਾਈ ਅਵਤਾਰ ਸਿੰਘ : 559-261-5899 ਜਾਂ ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਫਰਿਜ਼ਨੋ : 559-834-9444.
ਨਗਰ ਕੀਰਤਨ ਦੇ ਰੂਟ ਸਬੰਧੀ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲਈ ਤੁਸੀ ਫੋਨ ਕਰ ਸਕਦੇ ਹੋ :
ਹਰਪ੍ਰੀਤ ਸਿੰਘ : 559-859-0471 ਜਾਂ ਰਾਜ ਬਦੇਸ਼ਾ : 559-824-5472.
ਫੋਟੋ ਅਤੇ ਵੀਡੀਓ ਸੇਵਾ : mogavideo.com ਅਤੇ ਸਿੰਘਾਪੁਰ ਵੀਡੀਓਜ਼ ਫਰਿਜ਼ਨੋ ।

**ਗੁਰੂ ਘਰ ਦਾ ਪਤਾ : 4250- E, LINCOLN AVE FRESNO, CA. 93725**

ਸੂਰਾ ਸੋ ਪਹਿਚਾਨੀਐ ਜੋ ਲਰੈ ਦੀਨ ਕੇ ਹੇਤ।।

## ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਸ਼ਹੀਦੀ ਸਮਾਗਮ


ਸ਼ਹੀਦ ਸੰਤ ਜਰਨੈਲ ਸਿੰਘ ਭਿੰਡਰਾਵਾਲੇ


ਸ਼ਹੀਦ ਭਾਈ ਕੇਹਰ ਸਿੰਘ


ਸ਼ਹੀਦ ਭਾਈ ਸਤਵੰਤ ਸਿੰਘ


ਸ਼ਹੀਦ ਭਾਈ ਬੇਅੰਤ ਸਿੰਘ

# ਮਹਾਨ ਸ਼ਹੀਦੀ ਸਮਾਗਮ



## ਗੁਰੂਦੁਆਰਾ ਸਾਹਿਬ ਸੈਨਹੋਜ਼ੇ ਵਿਖੇ 28 ਅਕਤੂਬਰ, 2012 ਦਿਨ ਐਤਵਾਰ ਨੂੰ

ਗੁਰੂ ਪਿਆਰੀ ਸਾਧ ਸੰਗਤ ਜੀਉ,

'ਧਰਮ ਸਿਰ ਦਿਤਿਆਂ ਬਾਜ ਨਹੀ ਰਹਿਣਾ' ਸ਼ਬਦ ਦਾ ਉਚਾਰਨ ਅਕਸਰ ਹੀ ਸੰਤ ਜਰਨੈਲ ਸਿੰਘ ਜੀ ਭਿੰਡਰਾਂ ਵਾਲੇ ਕਰਿਆ ਕਰਦੇ ਸਨ ਤੇ ਸੱਚ ਮੁੱਚ ਉਨ੍ਹਾਂ ਨੇ ਆਪਣਾ ਸਿਰ ਕੌਮ ਦੀ ਅਣਖ ਤੇ ਆਜ਼ਾਦੀ ਲਈ ਵਾਰ ਕੇ ਗੂੜੀ ਨੀਂਦ ਸੁਤੀ ਹੋਈ ਸਿਖ ਕੌਮ ਨੂੰ ਜਗਾਇਆ। ਹਿੰਦੁਸਤਾਨ ਦੀ ਸਰਕਾਰ ਤੇ ਕੁਝ ਸਿਖ ਕੌਮ ਦੇ ਬੁਕਲ ਦੇ ਸਪਾਂ ਨੇ ਜਦੋਂ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਅਨੇਕਾਂ ਹੋਰ ਗੁਰਦਵਾਰਿਆਂ ਉਪਰ ਫੌਜੀ ਹਮਲਾ ਕਰ ਕੇ ਗੁਰੂ ਸਾਹਿਬ ਜੀ ਦੇ ਪਵਿਤਰ ਸਰੂਪਾਂ ਨੂੰ ਬੇਅਦਬ ਕੀਤਾ ਤੇ ਹਜਾਰਾਂ ਸਿੰਘਾਂ ਨੂੰ ਸ਼ਹੀਦ ਕੀਤਾ ਤਾਂ ਭਾਈ ਬੇਅੰਤ ਸਿੰਘ ਜੀ ਤੇ ਸਤਵੰਤ ਸਿੰਘ ਜੀ ਨੇ ਸੰਤਾਂ ਦੇ ਉਸ ਸਬਦ ... (ਧਰਮ ਸਿਰ ਦਿਤੀਆਂ ਬਾਜ ਨਹੀ ਰਹਿਣਾ) ਦੇ ਉਪਰ ਪਹਿਰਾ ਦਿੱਤਾ ਤੇ ਹਮਲੇ ਲਈ ਜ਼ਿੰਮੇਵਾਰ ਹਿੰਦੁਸਤਾਨ ਦੀ ਰਾਣੀ ਇੰਦਰਾ ਨੂੰ ਸੋਧ ਕੇ ਸਿੱਖ ਧਰਮ ਦੇ ਚੜਦੀਕਲਾ ਵਿਚ ਹੋਣ ਦਾ ਅਹਿਸਾਸ ਹਿੰਦ ਹਕੂਮਤ ਨੂੰ ਕਰਵਾਇਆ। ਗੁਰੂ ਰੂਪ ਸੰਗਤ ਜੀ ਆਓ ਆਪਾਂ ਇਨ੍ਹਾਂ ਸ਼ਹੀਦਾਂ ਨੂੰ ਆਪਣੇ ਮਨ ਦੀਆਂ ਪਰਤਾਂ ਵਿਚ ਵਸਾਉਂਦੇ ਹੋਏ 28 ਤਾਰੀਕ ਦਿਨ ਐਤਵਾਰ 11 ਵਜੇ ਗੁਰੂ ਘਰ ਸੈਨਹੋਜ਼ੇ ਵਿਖੇ ਸ਼ਹੀਦਾਂ ਦੀ ਯਾਦ ਵਿਚ ਹੋ ਰਹੇ ਮਹਾਨ ਸ਼ਹੀਦੀ ਸਮਾਗਮ ਵਿਚ ਪਹੁੰਚੀਏ। ਜਿਥੇ ਇਨ੍ਹਾਂ ਸ਼ਹੀਦਾਂ ਦੀ ਯਾਦ ਵਿਚ ਗੁਰੂ ਗਰੰਥ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਜਾ ਰਹੇ ਹਨ ਅਤੇ ਨਾਭੇ ਵਾਲੀਆਂ ਬੀਬੀਆਂ ਦਾ ਢਾਡੀ ਜਥਾ ਅਤੇ ਪੰਥਕ ਬੁਲਾਰੇ ਆਪ ਸੰਗਤਾਂ ਨਾਲ ਸ਼ਹੀਦੀ ਇਤਿਹਾਸ ਦੀ ਸਾਂਝ ਪਾਉਣਗੇ ਅਤੇ ਨਵੰਬਰ 1984 ਵਿਚ ਹੋਏ ਸਿੱਖ ਕਤਲੇਆਮ ਦਾ ਖ਼ੂਨੀ ਇਤਿਹਾਸ ਵੀ ਸੰਗਤਾਂ ਨਾਲ ਸਾਂਝਾ ਕੀਤਾ ਜਾਵੇਗਾ।


ਸਰਬਜੀਤ ਸਿੰਘ ਸਾਜਨ ਅਤੇ ਨਾਭੇ ਵਾਲੀਆਂ ਬੀਬੀਆਂ ਦਾ ਢਾਡੀ ਜਥਾ ਢਾਡੀ ਵਾਰਾਂ ਨਾਲ ਸੰਗਤਾਂ ਨੂੰ ਨਿਹਾਲ ਕਰਗੇ

### ਬੇਨਤੀ ਕਰਤਾ

ਪ੍ਰੀਤਮ ਸਿੰਘ ਜੋਗਾ ਨੰਗਲ ,ਪਰਮਜੀਤ ਸਿੰਘ ਦਾਖਾ, ਰਾਜਿੰਦਰਪਾਲ ਸਿੰਘ, ਰਾਜਿੰਦਰ ਸਿੰਘ, ਹਰਜੋਤ ਸਿੰਘ, ਕੁਲਜੋਤ ਸਿੰਘ ਸੈਕਰਾਮੈਂਟੋ, ਦਲਜੀਤ ਸਿੰਘ ਖਹਿਰਾ, ਈਸ਼ਰ ਸਿੰਘ ਸਟਾਕਟਨ, ਕਮਲਜੀਤ ਸਿੰਘ ਅਟਵਾਲ , ਭੁਪਿੰਦਰ ਸਿੰਘ ਪਰਮਾਰ, ਬਲਵਿੰਦਰ ਸਿੰਘ ਬਰਾੜ, ਸੁਖਦੇਵ ਸਿੰਘ ਬੇਣੀਵਾਲ, ਨੀਤੂ ਸਿੰਘ ਕਾਹਲੋਂ , ਰਾਜੂ ਪਰਮਾਰ , ਸੁਖਵਿੰਦਰ ਸਿੰਘ ਗੋਗੀ, ਭੁਪਿੰਦਰ ਸਿੰਘ ਜੇ ਈ, ਸੁਖਵੰਤ ਸਿੰਘ ਢਿੱਲੋਂ, ਕੈਪਟਨ ਸਿੰਘ , ਸੁਖਵੀਰ ਸਿੰਘ ਹੁੰਦਲ ।

### ਵਧੇਰੇ ਜਾਣਕਾਰੀ ਲਈ ਸੰਪਰਕ ਨੰਬਰ

ਸੁਖਦੇਵ ਸਿੰਘ ਬੈਨੀਵਾਲ 408 –421– 9463, ਪ੍ਰੀਤਮ ਸਿੰਘ ਜੋਗਾ ਨੰਗਲ 510 –224– 0421
ਹਰਜੋਤ ਸਿੰਘ 916– 607– 0168, ਕਮਲਜੀਤ ਅਟਵਾਲ 510–750–4303

# ਨਵੰਬਰ ਚੁਰਾਸੀ ਦਾ ਦਰਦ ਤਸਵੀਰਾਂ ਦੀ ਜ਼ੁਬਾਨੀ

**ਅੰਮ੍ਰਿਤਸਰ:** ਨਵੰਬਰ 1984 ਦੇ ਸਿੱਖ ਵਿਰੋਧੀ ਦੰਗਿਆਂ ਦਾ ਸ਼ਿਕਾਰ ਬਣੇ ਵਿਅਕਤੀਆਂ ਦੇ ਪਰਿਵਾਰਾਂ ਨੂੰ ਨਿਆਂ ਦਿਵਾਉਣ ਲਈ ਕੇਂਦਰ ਸਰਕਾਰ 'ਤੇ ਦਬਾਅ ਪਾਉਣ ਦੇ ਮੰਤਵ ਨਾਲ ਸੁਪਰੀਮ ਕੋਰਟ ਦੇ ਉੱਘੇ ਸਿੱਖ ਵਕੀਲ ਐਚ.ਐਸ. ਫੂਲਕਾ ਵੱਲੋਂ ਸਮਾਜ ਸੇਵੀ ਸੰਗਠਨਾਂ ਦੇ ਸਹਿਯੋਗ ਨਾਲ ਹਰਿਮੰਦਰ ਸਾਹਿਬ ਨੇੜੇ ਉਸ ਵੇਲੇ ਦੀਆਂ ਤਸਵੀਰਾਂ ਦੀ ਪ੍ਰਦਰਸ਼ਨੀ ਲਾਈ ਗਈ।

ਇਸ ਪ੍ਰਦਰਸ਼ਨੀ ਨੇ ਨਵੰਬਰ 1984 ਵਿਚ ਵਾਪਰੀਆਂ ਘਟਨਾਵਾਂ ਨੂੰ ਇਕ ਵਾਰ ਮੁੜ ਚੇਤਿਆਂ ਵਿਚ ਸੁਰਜੀਤ ਕਰ ਦਿੱਤਾ। ਇਹ ਪ੍ਰਦਰਸ਼ਨੀ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿਚੋਂ ਹੁੰਦੀ ਹੋਈ 30 ਅਕਤੂਬਰ ਨੂੰ ਦਿੱਲੀ ਪੁੱਜੇਗੀ ਤੇ ਤਿੰਨ ਨਵੰਬਰ ਤੱਕ ਜਾਰੀ ਰਹੇਗੀ। ਇਸ ਪ੍ਰਦਰਸ਼ਨੀ ਤੋਂ ਸ਼੍ਰੋਮਣੀ ਕਮੇਟੀ ਮੈਂਬਰ ਤੇ ਕਰਮਚਾਰੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਕਾਰਕੁਨ ਦੂਰ ਹੀ ਰਹੇ।

ਇਤਿਹਾਸਕ ਜਲ੍ਹਿਆਂਵਾਲਾ ਬਾਗ ਤੋਂ ਸ਼ੁਰੂ ਕੀਤੇ ਜਾਣ ਵਾਲੀ ਇਸ ਮੋਬਾਈਲ ਪ੍ਰਦਰਸ਼ਨੀ ਦਾ ਰਸਮੀ ਆਰੰਭ ਭਾਵੇਂ ਸ਼ਹੀਦੀ ਅਸਥਾਨ ਤੋਂ ਹੀ ਕੀਤਾ ਗਿਆ ਪਰ ਜਲ੍ਹਿਆਂਵਾਲਾ ਬਾਗ ਦੇ ਪ੍ਰਬੰਧਕਾਂ ਵੱਲੋਂ ਪ੍ਰਦਰਸ਼ਨੀ ਲਾਉਣ ਦੀ ਆਗਿਆ ਨਾ ਦਿੱਤੇ ਜਾਣ 'ਤੇ ਇਹ ਪ੍ਰਦਰਸ਼ਨੀ ਸਾਰਾਗੜ੍ਹੀ ਪਾਰਕਿੰਗ ਨੇੜੇ ਲਾਈ ਗਈ। ਪ੍ਰਦਰਸ਼ਨੀ ਦਾ ਉਦਘਾਟਨ ਲੋਕ ਰਾਜ ਸੰਗਠਨ ਦੇ ਮੁਖੀ ਐਸ. ਰਾਘਵਨ ਨੇ ਕੀਤਾ। ਤਕਰੀਬਨ 80 ਤਸਵੀਰਾਂ ਵਾਲੀ ਇਸ ਪ੍ਰਦਰਸ਼ਨੀ ਵਿਚ ਉਸ ਵੇਲੇ ਦੀਆਂ ਘਟਨਾਵਾਂ ਦੇ ਦ੍ਰਿਸ਼ਾਂ ਨੂੰ ਦਰਸਾਉਂਦੇ ਚਿੱਤਰ ਲਾਏ ਗਏ ਹਨ।

ਕੈਮਰੇ ਨਾਲ ਖਿੱਚੀਆਂ ਹੋਈਆਂ ਇਹ ਤਸਵੀਰਾਂ ਫੋਟੋਗ੍ਰਾਫਰ ਅਸ਼ੋਕ ਵਾਹੀ, ਰਾਮ ਰਹਿਮਾਨ ਤੇ ਸੰਦੀਪ ਸ਼ੰਕਰ ਦੀਆਂ ਹਨ ਜਦੋਂਕਿ ਚਿੱਤਰਕਾਰੀ ਰਾਹੀਂ ਤਿਆਰ ਕੀਤੀਆਂ ਤਸਵੀਰਾਂ ਵਿਚ ਉੱਘੀ ਚਿੱਤਰਕਾਰ ਅਰਪਨਾ ਕੌਰ, ਸੁਸ਼ਾਂਤ ਗੋਹਾ, ਵਿਵਨ ਸੁੰਦਰਮ ਦੀਆਂ ਤਸਵੀਰਾਂ ਸ਼ਾਮਲ ਹਨ। ਫੋਟੋਗਰਾਫਰਾਂ ਵੱਲੋਂ ਉਸ ਵੇਲੇ ਦਿੱਲੀ ਦੇ ਤਿਰਲੋਕ ਪੁਰੀ, ਕਨਾਟ ਪਲੇਸ, ਬਾਬਾ ਖੜਗ ਸਿੰਘ ਮਾਰਗ, ਕੈਂਪਾ ਕੋਲਾ ਫੈਕਟਰੀ, ਨੰਦ ਨਗਰੀ, ਮੈਰਿਨ ਹੋਟਲ ਵਿਚ ਹੋਈ ਸਾੜ ਫੂਕ ਤੇ ਵੱਢ ਕੱਟ ਦੀਆਂ ਤਸਵੀਰਾਂ ਲਾਈਆਂ ਗਈਆਂ ਹਨ।




*ਅੰਮ੍ਰਿਤਸਰ ਵਿਚ ਤਸਵੀਰਾਂ ਦੀ ਨੁਮਾਇਸ਼ ਲਾ ਰਹੇ ਐਡਵੋਕੇਟ ਐਚ.ਐਸ. ਫੂਲਕਾ*

ਇਹ ਤਸਵੀਰਾਂ ਉਸ ਵੇਲੇ ਵਾਪਰੇ ਅਣਮਨੁੱਖੀ ਵਰਤਾਰੇ ਦਾ ਮੂੰਹ ਬੋਲਦਾ ਸਬੂਤ ਹਨ ਤੇ ਇਨ੍ਹਾਂ ਵਿਚ ਹਿੰਸਾ ਦਾ ਸ਼ਿਕਾਰ ਬਣੇ ਲੋਕਾਂ ਦਾ ਦੁੱਖ ਉਨ੍ਹਾਂ ਦੇ ਚਿਹਰਿਆਂ ਤੋਂ ਸਾਫ ਪੜ੍ਹਿਆ ਜਾ ਸਕਦਾ ਹੈ। ਇਸੇ ਤਰ੍ਹਾਂ ਚਿੱਤਰਕਾਰਾਂ ਵੱਲੋਂ ਤਿਆਰ ਕੀਤੀਆਂ ਗਈਆਂ ਤਸਵੀਰਾਂ ਵਿਚ ਵੀ ਲੋਕਾਂ ਨੂੰ ਭੁਗਤਣਾ ਪਿਆ, ਦੁੱਖ ਦਰਸਾਇਆ ਗਿਆ ਹੈ। ਪ੍ਰਦਰਸ਼ਨੀ ਵਿਚ ਹੀ ਕੁਝ ਲੋਕਾਂ ਵੱਲੋਂ ਦਿੱਤੇ ਹੋਏ ਹਲਫ਼ਨਾਮੇ ਲਾਏ ਹੋਏ ਹਨ। ਇਨ੍ਹਾਂ ਹਲਫ਼ਨਾਮਿਆਂ ਵਿਚ ਸਾਬਕਾ ਕੇਂਦਰੀ ਮੰਤਰੀ ਰਾਮ ਵਿਲਾਸ ਪਾਸਵਾਨ, ਮੰਦੋਤਰੀ ਦੇਵੀ, ਸੱਤਿਆ ਦੇਵੀ ਸਮੇਤ ਦੋ ਪੱਤਰਕਾਰਾਂ ਰਾਹੁਲ ਬੇਦੀ ਤੇ ਮੁਨੀਸ਼ ਸੰਜੇ ਸੂਰੀ ਦੇ ਹਲਫ਼ਨਾਮੇ ਵੀ ਸ਼ਾਮਲ ਹਨ। ਇਨ੍ਹਾਂ ਹਲਫ਼ਨਾਮਿਆਂ ਵਿਚ ਇਨ੍ਹਾਂ ਵਿਅਕਤੀਆਂ ਨੇ ਦੱਸਿਆ ਹੈ ਕਿ ਇਕ ਨਵੰਬਰ ਤੋਂ ਤਿੰਨ ਨਵੰਬਰ ਤੱਕ ਦਿੱਲੀ ਵਿਖੇ ਕਿਵੇਂ ਅਣਮਨੁੱਖੀ ਕਾਰਾ ਵਾਪਰਿਆ।

ਪੱਤਰਕਾਰ ਸ੍ਰੀ ਸੂਰੀ ਦੇ ਹਲਫ਼ਨਾਮੇ ਵਿੱਚ ਉਸ ਨੇ ਲਿਖਿਆ ਹੈ ਕਿ ਉਹ ਇਕ ਨਵੰਬਰ ਨੂੰ ਪਤਾ ਲੱਗਣ 'ਤੇ ਗੁਰਦੁਆਰਾ ਰਕਾਬ ਗੰਜ ਵਿਖੇ ਵਾਪਰੀ ਘਟਨਾ ਦੀ ਕਵਰੇਜ ਲਈ ਗਿਆ ਸੀ, ਉਸ ਵੇਲੇ ਤਿੰਨ ਚਾਰ ਸੌ ਬੰਦਿਆਂ ਦਾ ਹਜੂਮ ਗੁਰਦੁਆਰੇ ਦਾ ਦਰਵਾਜ਼ਾ ਤੋੜਨ ਦਾ ਯਤਨ ਕਰ ਰਿਹਾ ਸੀ। ਉਸ ਨੇ ਉੱਥੇ ਦੋ ਸਿੱਖ ਵਿਅਕਤੀਆਂ ਦੀਆਂ ਲਾਸ਼ਾਂ ਵੀ ਦੇਖੀਆਂ। ਕੁਝ ਪੁਲਿਸ ਅਧਿਕਾਰੀਆਂ ਤੇ ਸਿਆਸਤਦਾਨਾਂ ਨੂੰ ਵੀ ਇਨ੍ਹਾਂ ਦੰਗਿਆਂ ਦੌਰਾਨ ਦੇਖਿਆ ਗਿਆ।

## ਵਿਸ਼ਵ ਕਬੱਡੀ ਕੱਪ ਲਈ ਟੀਮ ਤਿਆਰ ਕਰਨ ਵਾਸਤੇ ਹੋਰ ਮੀਟਿੰਗ 2 ਨੂੰ

**ਟਰੇਸੀ, ਕੈਲੀਫੋਰਨੀਆ (ਬਿਊਰੋ):** ਪੰਜਾਬ ਵਿਚ ਹੋ ਰਹੇ ਵਿਸ਼ਵ ਕਬੱਡੀ ਕੱਪ ਮੁਕਾਬਲਿਆਂ ਲਈ ਸਾਨੂੰ ਆਪਸੀ ਸਹਿਯੋਗ ਨਾਲ ਵਧੀਆ ਕਬੱਡੀ ਖਿਡਾਰੀਆਂ ਦੀ ਟੀਮ ਭੇਜਣੀ ਚਾਹੀਦੀ ਹੈ। ਇਹ ਵਿਚਾਰ ਇਥੇ ਸੰਸਾਰ ਰੈਸਟੋਰੈਂਟ ਵਿਚ ਹੋਈ ਵੱਖ ਵੱਖ ਕਬੱਡੀ ਕਲੱਬਾਂ ਅਤੇ ਸੰਸਥਾਵਾਂ ਦੀ ਮੀਟਿੰਗ ਵਿਚ ਬੁਲਾਰਿਆਂ ਨੇ ਪ੍ਰਗਟਾਏ। ਇਸ ਮੀਟਿੰਗ ਵਿਚ ਗੁਰੂ ਤੇਗ ਬਹਾਦਰ ਸਪੋਰਟਸ ਕਲੱਬ ਅਤੇ ਪੰਜਾਬ ਐਂਟਰਟੇਨਮੈਂਟ ਤੇ ਸਪੋਰਟਸ ਕਲੱਬ ਦੇ ਮੈਂਬਰ ਵੱਡੀ ਗਿਣਤੀ ਵਿਚ ਸ਼ਾਮਲ ਹੋਏ।

ਬੁਲਾਰਿਆਂ ਦੀ ਰਾਏ ਸੀ ਕਿ ਹੋਰ ਵਿਚਾਰ ਵਟਾਂਦਰੇ ਲਈ ਅਜਿਹੀ ਇਕ ਹੋਰ ਮੀਟਿੰਗ ਬੁਲਾਈ ਜਾਵੇ, ਜਿਸ 'ਤੇ ਆਉਂਦੀ 2 ਨਵੰਬਰ ਨੂੰ ਸ਼ਾਮ 5 ਵਜੇ ਸੰਸਾਰ ਰੈਸਟੋਰੈਂਟ ਵਿਚ ਹੀ ਇਕ ਹੋਰ ਮੀਟਿੰਗ ਬੁਲਾਉਣ ਦਾ ਫੈਸਲਾ ਹੋਇਆ। ਸਮੂਹ ਕਬੱਡੀ ਕਲੱਬਾਂ ਅਤੇ ਖਿਡਾਰੀਆਂ ਨੂੰ ਇਸ ਮੀਟਿੰਗ ਵਿਚ ਪਹੁੰਚ ਕੇ ਆਪਣੇ ਵਿਚਾਰ ਪੇਸ਼ ਕਰਨ ਦਾ ਖੁੱਲ੍ਹਾ ਸੱਦਾ ਦਿੱਤਾ ਗਿਆ।


**Wanted Cook and Waiters**

An Indian restaurant in Florida is looking for Indian cook and waiters. We will sponsor the right person.

**ਫਲੋਰਿਡਾ ਵਿਚ ਇਕ ਭਾਰਤੀ ਰੈਸਟੋਰੈਂਟ ਲਈ ਕੁੱਕ ਅਤੇ ਵੇਟਰਾਂ ਦੀ ਲੋੜ ਹੈ। ਅਸੀਂ ਸਹੀ ਬੰਦੇ ਨੂੰ ਸਪਾਂਸਰ ਵੀ ਕਰਾਂਗੇ।**

***For more information, please call:***

**Ph: 850-510-3466**



**Truck For Sale**

**2007 Columbia with Rebuilt Engine that has only 5,000 miles**

**New brakes, New clutch, New battery & New starter.**

**Price: $25,000 or O.B.O.**

**Contact: Gurinder Singh (Gogi) @ 916-257-7865**




## ਸਿੱਖਸ ਫਾਰ ਜਸਟਿਸ ਵਲੋਂ 'ਸਿੱਖ ਨਸਲਕੁਸ਼ੀ ਤੇ ਪ੍ਰਭੁਸੱਤਾ ਕਾਨਫਰੰਸ'

# ਸਿੱਖ ਨਸਲਕੁਸ਼ੀ ਪਟੀਸ਼ਨ ਸੰਯੁਕਤ ਰਾਸ਼ਟਰ ਅੱਗੇ ਪਾਈ ਜਾਵੇਗੀ





**ਯੂਨੀਅਨ ਸਿਟੀ (ਬਿਊਰੋ):** ਮਨੁੱਖੀ ਅਧਿਕਾਰ ਸੰਸਥਾ ਸਿੱਖਸ ਫਾਰ ਜਸਟਿਸ ਵਲੋਂ ਇਥੇ 21 ਅਕਤੂਬਰ ਨੂੰ ਕਰਵਾਈ ਗਈ 'ਸਿੱਖ ਨਸਲਕੁਸ਼ੀ ਤੇ ਪ੍ਰਭੁਸੱਤਾ ਕਾਨਫਰੰਸ' ਵਿਚ ਹਾਜ਼ਰ ਸਿੱਖ ਭਾਈਚਾਰੇ ਨੇ ਇਨਸਾਫ ਤੋਂ ਕੀਤੇ ਜਾ ਰਹੇ ਇਨਕਾਰ ਲਈ ਹਾਅ ਦਾ ਨਾਅਰਾ ਮਾਰਿਆ ਤੇ ਨਵੰਬਰ 1984 ਦੌਰਾਨ ਸਿੱਖਾਂ 'ਤੇ ਨਸਲਕੁਸ਼ੀ ਹਮਲੇ ਕਰਵਾਉਣ ਵਿਚ ਸ਼ਾਮਿਲ ਸਿਆਸੀ ਆਗੂਆਂ ਤੇ ਪੁਲਿਸ ਅਫਸਰਾਂ ਦੀ ਲਗਾਤਾਰ ਕੀਤੀ ਜਾ ਰਹੀ ਪੁਸ਼ਤਪਨਾਹੀ ਦਾ ਗੰਭੀਰ ਨੋਟਿਸ ਲਿਆ।

ਇਸ ਮੌਕੇ ਸਿੱਖਸ ਫਾਰ ਜਸਟਿਸ ਨੇ ਨਵੰਬਰ 2013 ਵਿਚ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਕਮਿਸ਼ਨ (ਯੂ ਐਨ ਐਚ ਆਰ ਸੀ) ਅੱਗੇ ਨਸਲਕੁਸ਼ੀ ਪਟੀਸ਼ਨ ਪਾਉਣ ਦਾ ਐਲਾਨ ਕੀਤਾ ਜਿਸ ਵਿਚ ਸੰਯੁਕਤ ਰਾਸ਼ਟਰ ਨੂੰ ਬੇਨਤੀ ਕੀਤੀ ਜਾਵੇਗੀ ਕਿ ਨਵੰਬਰ 1984 ਦੇ ਪਹਿਲੇ ਹਫਤੇ ਦੌਰਾਨ ਭਾਰਤ ਵਿਚ ਯੋਜਨਾਬੱਧ ਤਰੀਕੇ ਨਾਲ ਕੀਤੇ ਗਏ ਸਿੱਖ ਕਤਲੇਆਮ ਦੀ ਜਾਂਚ ਕਰਵਾਈ ਜਾਵੇ ਕਿਉਂਕਿ ਸਮੇਂ ਸਮੇਂ ਦੀਆਂ ਸਰਕਾਰਾਂ ਨੇ ਇਸ ਨੂੰ ਦਿੱਲੀ ਤਕ ਹੀ ਸੀਮਤ ਦਸਦਿਆਂ ਸਿੱਖ ਵਿਰੋਧੀ ਦੰਗੇ ਕਰਾਰ ਦੇ ਕੇ ਇਸ 'ਤੇ ਪਰਦਾ ਪਾਉਣ ਦੀ ਕੋਸ਼ਿਸ਼ ਕੀਤੀ ਹੈ। ਪਟੀਸ਼ਨ ਵਿਚ ਇਹ ਵੀ ਮੰਗ ਕੀਤੀ ਜਾਵੇਗੀ ਕਿ ਨਵੰਬਰ 1984 ਦੇ ਸਿੱਖ ਕਤਲੇਆਮ ਨੂੰ ਯੂ ਐਨ ਕਨਵੈਨਸ਼ਨ ਦੀ ਧਾਰਾ 2 ਅਨੁਸਾਰ 'ਨਸਲਕੁਸ਼ੀ' ਵਜੋਂ ਮਾਨਤਾ ਦਿੱਤੀ ਜਾਵੇ।

ਇਹ ਕਾਨਫਰੰਸ ਸਿੱਖਸ ਫਾਰ ਜਸਟਿਸ ਵਲੋਂ ਕੈਲੀਫੋਰਨੀਆ ਦੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਸਹਿਯੋਗ ਨਾਲ ਕਰਵਾਈ ਗਈ ਸੀ। ਜਥੇਬੰਦੀ ਦੇ ਕਾਨੂੰਨੀ ਸਲਾਹਕਾਰ ਅਟਾਰਨੀ ਗੁਰਪਤਵੰਤ ਸਿੰਘ ਪੰਨੂ ਅਨੁਸਾਰ ਸੰਯੁਕਤ ਰਾਸ਼ਟਰ ਅੱਗੇ ਪਾਈ ਜਾਣ ਵਾਲੀ ਸਿੱਖ ਨਸਲਕੁਸ਼ੀ ਪਟੀਸ਼ਨ ਦੇ ਸਮਰਥਨ ਲਈ ਸਿੱਖਸ ਫਾਰ ਜਸਟਿਸ ਇਸਰਾਈਲ, ਅਰਮੇਨੀਆ, ਬੋਸਨੀਆ ਤੇ ਰਵਾਂਡਾ ਤੱਕ ਪਹੁੰਚ ਕਰੇਗੀ। ਉਨ੍ਹਾਂ ਕਿਹਾ ਕਿ ਇਸ ਪਟੀਸ਼ਨ ਰਾਹੀਂ ਸੁੰਯਕਤ ਰਾਸ਼ਟਰ ਨੂੰ ਨਵੰਬਰ 1984 ਸਿੱਖ ਨਸਲਕੁਸੀ ਨਾਲ ਸਬੰਧਤ ਸਾਰੇ ਦਸਤਾਵੇਜ਼, ਗਵਾਹ ਤੇ ਸਬੂਤ ਮੁਹੱਈਆ ਕੀਤੇ ਜਾਣਗੇ।

ਅਟਾਰਨੀ ਪੰਨੂ ਨੇ ਕਿਹਾ ਕਿ ਕੌਮਾਂਤਰੀ ਕਾਨੂੰਨ ਤਹਿਤ ਭਾਰਤ ਸਿੱਖਾਂ ਨੂੰ ਖੁਦਮੁਖਤਿਆਰੀ ਦੇਣ ਲਈ ਪਾਬੰਦ ਹੈ ਕਿਉਂਕਿ ਇਸ ਅਧਿਕਾਰ ਨੂੰ ਲਾਜ਼ਮੀ ਕਰਾਰ ਦੇਣ ਵਾਲੇ ਯੂ ਐਨ ਕੋਵਨੈਂਟਸ 'ਤੇ ਭਾਰਤ ਨੇ 1979 ਵਿਚ ਦਸਤਖਤ ਕੀਤੇ ਹੋਏ ਹਨ। ਉਨ੍ਹਾਂ ਨੇ ਕਿਹਾ ਕਿ ਖੁਦਮੁਖਤਿਆਰੀ ਦੀ ਮੰਗ ਕਰਨਾ ਹਰ ਧਰਮ, ਜਾਤ, ਨਸਲ ਅਤੇ ਭਾਸ਼ਾਈ ਭਾਈਚਾਰੇ ਦਾ ਬੁਨਿਆਦੀ ਹੱਕ ਹੈ। ਸਾਰੇ ਧਰਮਾਂ, ਜਾਤਾਂ, ਨਸਲਾਂ ਤੇ ਭਾਸ਼ਾਈ ਘੱਟਗਿਣਤੀਆਂ ਲਈ ਖੁਦਮੁਖਤਿਆਰੀ ਤੇ ਪ੍ਰਭੁਸੱਤਾ ਦੇ ਅਧਿਕਾਰ ਯੂ ਐਨ ਚਾਰਟਰ ਵਿਚ ਤੇ ਇੰਟਰਨੈਸ਼ਨਲ ਕੋਵਨੈਂਟ ਆਨ ਸਿਵਿਲ ਐਂਡ ਪੋਲਿਟਿਕਲ ਰਾਈਟਸ ਤਹਿਤ ਲਾਜ਼ਮੀ ਕਰਾਰ ਦਿੱਤੇ ਗਏ ਹਨ।

ਸਿੱਖਸ ਫਾਰ ਜਸਟਿਸ ਦੇ ਇੰਟਰਨੈਸ਼ਨਲ ਪਾਲਿਸੀ ਦੇ ਡਾਇਰੈਕਟਰ ਜਤਿੰਦਰ ਸਿੰਘ ਗਰੇਵਾਲ ਅਨੁਸਾਰ ਸਿੱਖ ਨਸਲਕੁਸ਼ੀ ਪਟੀਸ਼ਨ ਦੇ ਸਮਰਥਨ ਵਿਚ 10 ਲੱਖ ਦਸਤਖਤ ਇਕੱਠੇ ਕਰਨ ਲਈ '1984 ਹਾਂ ਇਹ ਨਸਲਕੁਸ਼ੀ ਹੈ' ਸਾਈਟ ਸ਼ੁਰੂ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਪਟੀਸ਼ਨ ਲਈ ਸਮਰਥਨ ਜੁਟਾਉਣ ਲਈ ਸਿੱਖਸ ਫਾਰ ਜਸਟਿਸ ਦੀ ਟੀਮ ਆਸਟਰੇਲੀਆ, ਯੂ ਕੇ ਅਤੇ ਯੂਰਪੀਨ ਯੂਨੀਅਨ ਦਾ ਦੌਰਾ ਕਰੇਗੀ।

ਲੰਗਾਰਾ ਕਾਲਜ ਦੇ ਸੋਸ਼ਿਆਲੋਜੀ ਤੇ ਐਂਥਰੋਪਾਲੋਜੀ ਵਿਭਾਗ ਦੀ ਮੁਖੀ ਇੰਦਰਾ ਪ੍ਰਸ਼ਟ ਨੇ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਿੱਖਾਂ ਵਲੋਂ ਅਜ਼ਾਦੀ ਦੀ ਉਠਾਈ ਜਾ ਰਹੀ ਮੰਗ ਸਿੱਖ ਪਛਾਣ ਨੂੰ ਦਬਾਉਣ ਵਿਰੁਧ ਆਵਾਜ਼ ਉਠਾਉਣ ਦੀ ਅਜ਼ਾਦੀ ਤੇ ਸਿੱਖ ਜਥੇਬੰਦੀਆਂ ਉਤੇ ਕੀਤੀ ਜਾ ਰਹੀ ਹਿੰਸਾ ਦਾ ਜਵਾਬ ਦੇਣ ਦਾ ਇਕ ਸਾਧਨ ਹੈ। ਕੁਝ ਸਿੱਖਾਂ ਨੇ ਪ੍ਰਭੁਸੱਤਾ ਦਾ ਸਵਾਲ ਉਠਾਇਆ ਹੈ ਜੋ ਕਿ ਨਵੰਬਰ 1984 ਸਿੱਖ ਨਸਲਕੁਸ਼ੀ ਸਮੇਤ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਸੰਦਰਭ ਵਿਚ ਆਧਾਰਹੀਣ ਨਹੀਂ ਹੈ।

ਸਿੱਖ ਸਟੂਡੈਂਟਸ ਫੈਡਰੇਸ਼ਨ ਦੀ ਪ੍ਰਤੀਨਿਧਤਾ ਕਰਦਿਆਂ ਅਮਨਦੀਪ ਸਿੰਘ ਨੇ ਕਿਹਾ ਕਿ ਇਕ ਗੱਲ ਤਾਂ ਸਪਸ਼ਟ ਹੈ ਕਿ ਇਨਸਾਫ ਦੀ ਮੰਗ ਸੰਯੁਕਤ ਰਾਸ਼ਟਰ ਵਰਗੇ ਕੌਮਾਂਤਰੀ ਫੋਰਮ ਤੋਂ ਕੀਤੀ ਜਾਣੀ ਚਾਹੀਦੀ ਹੈ ਨਾ ਕਿ ਭਾਰਤੀ ਨਿਆਂਪ੍ਰਣਾਲੀ ਤੋਂ। ਇਨਸਾਫ ਦੀ ਮੰਗ ਪ੍ਰਭੁਸੱਤਾ ਤੇ ਰਾਜਨੀਤਕ ਅਜ਼ਾਦੀ ਲਈ ਸੰਘਰਸ਼ ਦਾ ਹਿੱਸਾ ਹੈ ਤੇ ਇਸ ਨੂੰ ਵਖ ਕਰਕੇ ਨਹੀਂ ਵੇਖਿਆ ਜਾ ਸਕਦਾ।

ਕਾਨਫਰੰਸ ਨੂੰ ਸੰਬੋਧਨ ਕਰਦਿਆਂ ਜਗਦੀਸ਼ ਟਾਈਟਲਰ ਵਿਰੁਧ ਦਿੱਲੀ ਦੇ ਸਿੱਖ ਕਤਲੇਆਮ ਕੇਸ ਵਿਚ ਮੁੱਖ ਗਵਾਹ ਜਸਬੀਰ ਸਿੰਘ ਨੇ ਕਿਹਾ ਕਿ ਭਾਰਤ ਤੋਂ ਪਿਛਲੇ 28 ਸਾਲਾਂ ਤੋਂ ਇਨਸਾਫ ਦੀ ਗੁਹਾਰ ਲਗਾਈ ਜਾ ਰਹੀ ਹੈ ਪਰ ਅਜੇ ਤਕ ਨਹੀਂ ਮਿਲਿਆ ਤੇ ਨਾ ਹੀ ਮਿਲਣ ਦੀ ਆਸ ਹੈ ਇਸ ਲਈ ਇਸ ਮਾਮਲੇ ਨੂੰ ਕੌਮਾਂਤਰੀ ਪੱਧਰ 'ਤੇ ਲਿਜਾਇਆ ਜਾਣਾ ਚਾਹੀਦਾ ਹੈ।

ਸਿੱਖਸ ਫਾਰ ਜਸਟਿਸ ਦੇ ਕੋਆਰਡੀਨੇਟਰ ਅਵਤਾਰ ਸਿੰਘ ਪੰਨੂ ਨੇ ਕਿਹਾ ਕਿ ਸਿੱਖਾਂ ਨੂੰ ਇਨਸਾਫ ਨਾ ਮਿਲਣ ਦਾ ਕਾਰਨ ਕੁਝ ਪ੍ਰਮੁੱਖ ਪੱਤਰਕਾਰਾਂ ਤੇ ਵਕੀਲਾਂ ਦੀ ਜੁੰਡਲੀ ਬਣੀ ਹੈ ਜੋ ਕਿ ਪਹਿਲਾਂ ਇਸ ਨੂੰ ਸਿੱਖ ਵਿਰੋਧੀ ਦੰਗਿਆਂ ਦਾ ਨਾਂ ਦਿੰਦੀ ਰਹੀ ਹੈ। ਸਿੱਖਸ ਫਾਰ ਜਸਟਿਸ ਵਲੋਂ ਇਸ ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ ਨਸਲਕੁਸ਼ੀ ਵਜੋਂ ਮਾਨਤਾ ਦਿਵਾਉਣ ਤੋਂ ਬਾਅਦ ਹੁਣ ਉਸੇ ਜੁੰਡਲੀ ਨੇ ਬਾਦਲ ਤੇ ਭਾਜਪਾ ਨੂੰ ਖੁਸ਼ ਕਰਨ ਲਈ 'ਫਾਰਗਾਟਨ ਸਿਟੀਜ਼ਨ' ਲਹਿਰ ਚਲਾ ਲਈ ਹੈ ਤੇ ਇਸ ਨੂੰ ਮੁੜ ਸਿੱਖ ਵਿਰੋਧੀ ਦੰਗੇ ਦੱਸਣ ਦਾ ਯਤਨ ਕੀਤਾ ਜਾ ਰਿਹਾ ਹੈ। ਇਹ ਆਖਦਿਆਂ ਕਿ ਨਵੰਬਰ 1984 ਦੀ ਸਿੱਖ ਨਸਲਕੁਸ਼ੀ ਦਾ ਜਲਿਆਂਵਾਲੇ ਬਾਗ ਕਾਂਡ ਨਾਲ ਕੋਈ ਮੇਲ ਨਹੀਂ ਕਿਉਂਕਿ ਜਲਿਆਂਵਾਲੇ ਬਾਗ ਵਿਚ ਅੰਗਰੇਜ਼ਾਂ ਨੇ ਗੋਲੀ ਚਲਾਈ ਸੀ, ਉਨ੍ਹਾਂ ਦੋਸ਼ ਲਾਇਆ ਕਿ ਪਰ ਨਵੰਬਰ 1984 ਵਿਚ ਜੋ ਕੁਝ ਵਾਪਰਿਆ ਉਹ ਭਾਰਤ ਸਰਕਾਰ ਨੇ ਆਪ ਕਰਵਾਇਆ ਸੀ। ਉਨ੍ਹਾਂ ਕਿਹਾ ਕਿ ਇਹ ਉਹੀ ਜੁੰਡਲੀ ਹੈ ਜਿਸ ਨੇ ਅੱਜ ਤਕ ਕਿਸੇ ਵੀ ਕੇਸ ਦੀ ਠੀਕ ਤਰੀਕੇ ਨਾਲ ਪੈਰਵਾਈ ਨਹੀਂ ਕੀਤੀ।

ਕਾਨਫਰੰਸ ਨੂੰ ਸੰਬੋਧਨ ਕਰਦਿਆਂ ਬੀਬੀ ਨਵਜੋਤ ਕੌਰ ਨੇ ਕਿਹਾ ਕਿ ਨਵੰਬਰ 1984 ਵਿਚ ਸਿੱਖ ਧੀਆਂ-ਭੈਣਾਂ ਦੀ ਭਾਰੀ ਬੇਪੱਤੀ ਹੋਈ ਸੀ। ਸਰਕਾਰਾਂ ਨੇ ਕਤਲ ਦੇ ਕੇਸ ਤਾਂ ਚਲਾਏ ਹਨ ਪਰ ਸਿੱਖ ਬੀਬੀਆਂ 'ਤੇ ਹੋਏ ਜ਼ੁਲਮ ਦਾ ਕੋਈ ਕੇਸ ਨਹੀਂ ਚਲਾਇਆ। ਸਿੱਖਸ ਫਾਰ ਜਸਟਿਸ ਦੇ ਕੋਆਰਡੀਨੇਟਰ ਸੁਖਵਿੰਦਰ ਸਿੰਘ ਠਾਣਾ ਨੇ ਕਿਹਾ ਕਿ ਸਿੱਖ ਨਸਲਕੁਸ਼ੀ ਲਈ ਇਨਸਾਫ ਦੀ ਜਦੋਜਹਿਦ ਜਾਰੀ ਰਹੇਗੀ।

## ਪੀ ਸੀ ਐਸ ਵਲੋਂ ਭੰਗੜਾ ਮੁਕਾਬਲੇ 3 ਨਵੰਬਰ ਨੂੰ

**ਸ਼ਿਕਾਗੋ (ਬਿਊਰੋ):** ਸ਼ਿਕਾਗੋ ਦੀ ਸਭਿਆਚਾਰਕ ਸੰਸਥਾ ਪੰਜਾਬੀ ਕਲਚਰਲ ਸੁਸਾਇਟੀ (ਪੀ ਸੀ ਐਸ) ਵਲੋਂ ਆਪਣਾ ਸਾਲਾਨਾ ਪ੍ਰੋਗਰਾਮ 'ਪੀ ਸੀ ਐਸ ਨਾਈਟ' ਆਉਂਦੀ 3 ਨਵੰਬਰ ਨੂੰ ਸ਼ਾਮੀਂ 7 ਵਜੇ ਤੋਂ ਇਥੇ ਡੈਸ ਪਲੇਨਜ਼ ਥੀਏਟਰ, ਡੈਸ ਪਲੇਨਜ਼ ਵਿਚ ਕਰਵਾਇਆ ਜਾ ਰਿਹਾ ਹੈ। ਇਸ ਮੌਕੇ ਸੰਸਥਾ ਵਲੋਂ ਆਪਣਾ 8ਵਾਂ ਭੰਗੜਾ ਤੇ ਗਿੱਧਾ ਮੁਕਾਬਲਾ ਵੀ ਕਰਵਾਇਆ ਜਾਏਗਾ। ਇਸ ਮੁਕਾਬਲੇ ਵਿਚ ਅਮਰੀਕਾ ਤੇ ਕੈਨੇਡਾ ਦੀਆਂ ਨਾਮੀ ਭੰਗੜਾ ਤੇ ਗਿੱਧਾ ਟੀਮਾਂ ਹਿੱਸਾ ਲੈਣਗੀਆਂ।

ਸੰਸਥਾ ਵਲੋਂ ਜਾਰੀ ਇਕ ਬਿਆਨ ਅਨੁਸਾਰ ਇਸ ਪ੍ਰੋਗਰਾਮ ਲਈ ਦਾਖਲਾ ਟਿਕਟ 25 ਡਾਲਰ (ਪਹਿਲਾਂ ਆਓ, ਪਹਿਲਾਂ ਪਾਓ ਆਧਾਰ 'ਤੇ) ਅਤੇ ਰਿਜ਼ਰਵ ਟਿਕਟ 50 ਡਾਲਰ ਦੀ ਹੋਵੇਗੀ। ਵੀ ਆਈ ਪੀ ਟਿਕਟ 100 ਡਾਲਰ ਦੀ ਹੋਵੇਗੀ ਜਿਸ ਵਿਚ ਖਾਣਾ ਵੀ ਸ਼ਾਮਲ ਹੋਵੇਗਾ। ਸੀਟਾਂ ਸੀਮਤ ਹਨ। ਹੋਰ ਜਾਣਕਾਰੀ ਲਈ ਸੰਸਥਾ ਨਾਲ ਫੋਨ 847-359-5727 ਉਤੇ ਸੰਪਰਕ ਕੀਤਾ ਜਾ ਸਕਦਾ ਹੈ।


**To Advertise with Punjab Times**
**Call: 847-359-0746**
**Fax:847-705-9388**



**ਹਰ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?**
**ਤਾਂ ਫਿਰ ਹੋਮੀਓਪੈਥੀ ਅਜ਼ਮਾ ਕੇ ਦੇਖੋ**
ਅਸੀਂ ਲਾਇਲਾਜ ਤੇ ਗੰਭੀਰ ਰੋਗਾਂ-ਅਲਰਜੀ, ਦਮਾ, ਰੀਹ ਦੇ ਰੋਗ, ਐਂਗਜ਼ਾਈਟੀ, ਐਸਿਡਿਟੀ, ਐਕਨੀ, ਬਿਸਤਰਾ ਗਿੱਲਾ ਕਰਨਾ, ਬਲੱਡ ਪ੍ਰੈਸ਼ਰ, ਸ਼ੂਗਰ ਰੋਗ, ਪੇਟ ਗੈਸ, ਨੀਂਦ ਨਾ ਆਉਣਾ ਅਤੇ ਮਾਈਗਰੇਨ ਆਦਿ ਦਾ ਇਲਾਜ ਕਰਦੇ ਹਾਂ। ਮਸਾਨੇ ਤੇ ਗੁਰਦਿਆਂ ਵਿਚ ਪਥਰੀ, ਰਸੌਲੀ, ਕਿਲਾਂ-ਮੌਕਿਆਂ ਦਾ ਬਿਨਾ ਸਰਜਰੀ ਇਲਾਜ ਕਰਾਓ
**ਫੋਨ: (559) 317-2149**



**Paramjit S. Khaira**
D.H.M.S (30 years of experience)
Ex Homeopathic MedicalOfficer Pb. Govt.
Ex Distt. Homeopathic Officer Pb. Govt.
Member NCH
5790 W. Vartikian Avenue, Fresno CA 93722
e- mail: drpskhaira@gmail.com
Working under state law SB 577



**Law Offices of Gill & Heridis**

Immigration Services
- Family Petitions
- Marriage Petitions
- Fiance Visas
- Vawa Petitions
- Consular Processing
- Worker Visas

- 9th Circuit Appeals
- BIA Appeals
- Removal Defense
- Asylum

Personal Injury
- Auto Collision




*Bhupinder Gill, Esq.*
*Attorney at Law*
*(Admitted in CA)*

*Call for initial consultation*
*Attorney Bhupinder Gill, Esq.*
*Attorney George Heridis, Esq.*
**(408) 940-6065, (408) 736-5203**
Email: gill@ghfirm.com Web: www.ghfirm.com
830 Stewart Drive, Suite#231, Sunnyvale, CA 94085



**Buy or Sell** *House, Liquor Store, Gas Station etc.*
**In Bay Area & Central Valley**
- For Quick Short Sale
- Home Loans & SBA Loans
- Refinance @ Zero Cost
- Free Loan Approval Letter



**Raj Singh**
MA, Med.
(Retd. Principal)
Realtor/Notary
CA DRE#01776459
Mortgage Specialist
NMLS#361690

SMS or Call @
**510-452-7370**
www.singhraj.bayeastweb.com
Fax: 510-490-9703
MISSIONPEAK BROKERS, INC.
46560 Fremont Blvd., Suite#111, Fremont, CA 94538

**Punjab Times**
**Established in 2000**
**13th Year in Publication**
Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com
**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 90 ਡਾਲਰ,**
**ਪੰਜ ਸਾਲ ਲਈ: 400 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਕਾਂਗਰਸ ਨੂੰ ਲੱਭ ਨਹੀਂ ਰਿਹਾ ਕੈਪਟਨ ਦਾ ਤੋੜ

*(ਸਫਾ ਇਕ ਦੀ ਬਾਕੀ)*

ਉਭਾਰੀ ਜਾਵੇ। ਇਸੇ ਦੌਰਾਨ ਰਾਹੁਲ ਗਾਂਧੀ ਦੀਆਂ ਦੋ ਫੇਰੀਆਂ ਨੇ ਲੀਡਰਸ਼ਿਪ ਤਬਦੀਲੀ ਦੀ ਕਿਆਸਆਰਾਈਆਂ ਵਧਾ ਦਿੱਤੀਆਂ ਹਨ ਪਰ ਨਾਲ ਹੀ ਕਾਂਗਰਸ ਅੱਗੇ ਨਵੀਂ ਲੀਡਰਸ਼ਿਪ ਬਾਰੇ ਫ਼ੈਸਲਾ ਵੰਗਾਰ ਬਣਿਆ ਹੋਇਆ ਹੈ। ਕਾਂਗਰਸ ਹਾਈਕਮਾਨ ਦੀ ਧਾਰਨਾ ਹੈ ਕਿ ਨਵੀਂ ਲੀਡਰਸ਼ਿਪ ਜੱਟ ਸਿੱਖ ਵੋਟ ਕਾਇਮ ਰੱਖਣ ਦੇ ਸਮਰੱਥ ਹੋਵੇ ਤੇ ਹਿੰਦੂ ਤੇ ਦਲਿਤ ਵੋਟ ਨੂੰ ਪ੍ਰਭਾਵਿਤ ਕਰਕੇ ਮੁੜ ਪਾਰਟੀ ਦੇ ਕਲਾਵੇ ਵਿਚ ਲਿਆਉਣ ਦੀ ਸੂਝਬੂਝ ਨਾਲ ਭਰਪੂਰ ਹੋਵੇ। ਉਂਜ, ਕਾਂਗਰਸੀ ਇਸ ਗੱਲ 'ਤੇ ਸਹਿਮਤ ਹਨ ਕਿ ਅਗਲਾ ਪ੍ਰਧਾਨ ਵੀ ਜੱਟ ਸਿੱਖ ਭਾਈਚਾਰੇ ਨਾਲ ਸਬੰਧਤ ਆਗੂ ਹੀ ਬਣਾਇਆ ਜਾਵੇ। ਸਿਆਸੀ ਮਾਹਿਰਾਂ ਦਾ ਖਿਆਲ ਹੈ ਕਿ ਅਕਾਲੀ ਦਲ ਨੇ ਦਲਿਤਾਂ ਵਿਚੋਂ ਕਈ ਨਵੇਂ ਆਗੂ ਪੈਦਾ ਕਰ ਲਏ ਹਨ। ਅਕਾਲੀ ਦਲ ਖਾਸਕਰ ਦੁਆਬੇ ਵਿਚ ਦਲਿਤ ਆਗੂਆਂ ਦੀ ਨਵੀਂ ਲੀਡਰਸ਼ਿਪ ਖੜ੍ਹੀ ਕਰਨ ਵਿਚ ਸਫ਼ਲ ਰਿਹਾ ਹੈ ਪਰ ਕਾਂਗਰਸ ਕੋਲ ਨਵੇਂ ਦਲਿਤ ਆਗੂਆਂ ਦੀ ਵੱਡੀ ਘਾਟ ਹੈ। ਸਿਰਫ਼ ਪੁਰਾਣੇ ਤਿੰਨ-ਚਾਰ ਵੱਡੇ ਪਰਿਵਾਰ ਹੀ ਤੁਰੇ ਆ ਰਹੇ ਹਨ ਤੇ ਉਨ੍ਹਾਂ ਦੀ ਪਕੜ ਵੀ ਕਾਫ਼ੀ ਢਿੱਲੀ ਪੈ ਗਈ ਜਾਪਦੀ ਹੈ।

ਪੰਜਾਬ ਕਾਂਗਰਸ ਦੇ ਪ੍ਰਧਾਨ ਲਈ ਗੁਰਦਾਸਪੁਰ ਦੇ ਸੰਸਦ ਮੈਂਬਰ ਤੇ ਸਾਬਕਾ ਮੰਤਰੀ ਪ੍ਰਤਾਪ ਸਿੰਘ ਬਾਜਵਾ ਅਤੇ ਆਲ ਇੰਡੀਆ ਕਾਂਗਰਸ ਕਮੇਟੀ ਦੀ ਕਾਰਜਕਾਰਨੀ ਦੇ ਮੈਂਬਰ ਜਗਮੀਤ ਸਿੰਘ ਬਰਾੜ ਦੌੜ ਵਿਚ ਹਨ ਪਰ ਇਨ੍ਹਾਂ ਤੋਂ ਇਲਾਵਾ ਕਾਂਗਰਸ ਦੇ ਸੀਨੀਅਰ ਆਗੂ ਤੇ ਪਹਿਲਾਂ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਵੀ ਰਹਿ ਚੁੱਕੇ ਲਾਲ ਸਿੰਘ ਦਾ ਨਾਂ ਵੀ ਚਰਚਾ 'ਚ ਹੈ। ਉਧਰ, ਪੰਜਾਬ ਕਾਂਗਰਸ ਦੇ ਪ੍ਰਧਾਨ ਦੀ ਲੀਡਰਸ਼ਿਪ ਵਿਰੁੱਧ ਉਠੀ ਆਵਾਜ਼ ਦੀ ਕਾਟ ਕਰਨ ਲਈ ਕਾਂਗਰਸ ਦੇ 55 ਦੇ ਕਰੀਬ ਵਿਧਾਇਕ, ਅਹੁਦੇਦਾਰ ਤੇ ਜ਼ਿਲ੍ਹਿਆਂ ਦੇ ਸਾਬਕਾ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਦੀ ਪਿੱਠ 'ਤੇ ਆ ਗਏ। ਇਨ੍ਹਾਂ ਨੇ ਸ੍ਰੀ ਗਾਂਧੀ ਨੂੰ ਦੱਸਿਆ ਹੈ ਕਿ ਕੈਪਟਨ ਅਮਰਿੰਦਰ ਸਿੰਘ ਹੀ ਅਜਿਹੇ ਆਗੂ ਹਨ ਜਿਹੜੇ ਅਕਾਲੀਆਂ ਨਾਲ ਲੋਹਾ ਲੈ ਸਕਦੇ ਹਨ। ਇਨ੍ਹਾਂ ਆਗੂਆਂ 'ਚ ਲਾਲ ਸਿੰਘ, ਜਗਮੋਹਨ ਸਿੰਘ ਕੰਗ, ਅਸ਼ਵਨੀ ਸੇਖੜੀ, ਰਾਣਾ ਸੋਢੀ, ਕੇਵਲ ਢਿੱਲੋਂ, ਰਾਣਾ ਕੇ.ਪੀ, ਅਰਵਿੰਦ ਖੰਨਾ, ਜੀਤ ਮਹਿੰਦਰ ਸਿੱਧੂ, ਜੋਗਿੰਦਰ ਸਿੰਘ ਪੰਜਗਰਾਈਆਂ, ਅਜਾਇਬ ਸਿੰਘ ਭੱਟੀ, ਮੁਹੰਮਦ ਸਦੀਕ, ਹਰਚਰਨ ਕੌਰ, ਗੁਰਕੀਰਤ ਸਿੰਘ ਕੋਟਲੀ, ਅਜੀਤਇੰਦਰ ਸਿੰਘ ਮੋਫਰ, ਸਾਧੂ ਸਿੰਘ ਧਰਮਸੋਤ, ਹਰਦਿਆਲ ਸਿੰਘ ਕੰਬੋਜ, ਗੁਰਇਕਬਾਲ ਕੌਰ, ਬਲਬੀਰ ਸਿੱਧੂ, ਚਰਨਜੀਤ ਸਿੰਘ ਚੰਨੀ, ਸੁੰਦਰ ਸ਼ਾਮ ਅਰੋੜਾ, ਸੰਤ ਸਿੰਘ ਗਿਲਜੀਆਂ, ਰਜਨੀਸ਼ ਬੱਬੀ, ਤ੍ਰਿਪਤ ਰਜਿੰਦਰ ਬਾਜਵਾ, ਅਰੁਣਾ ਚੌਧਰੀ, ਸੁਖਜਿੰਦਰ ਸਿੰਘ ਰੰਧਾਵਾ, ਸੁਖ ਸਰਕਾਰੀਆ, ਓ.ਪੀ. ਸੋਨੀ, ਰਮਨਜੀਤ ਸਿੰਘ ਸਿੱਕੀ, ਰਾਣਾ ਗੁਰਜੀਤ ਸਿੰਘ, ਭਾਰਤ ਭੂਸ਼ਣ ਆਸ਼ੂ, ਗੁਰਚਰਨ ਸਿੰਘ ਬੋਪਾਰਾਏ, ਫਤਿਹਜੰਗ ਬਾਜਵਾ, ਸੁਰਿੰਦਰ ਡਾਵਰ, ਨਵਤੇਜ ਚੀਮਾ ਤੇ ਅਮਰੀਕ ਸਿੰਘ ਢਿੱਲੋਂ, ਇੰਦਰਜੀਤ ਸਿੰਘ ਬਾਸਰਕੇ, ਸੁਖਜਿੰਦਰ ਰਾਜ ਲਾਲੀ ਮਜੀਠੀਆ, ਸੁਖਵਿੰਦਰ ਸਿੰਘ ਸਰਕਾਰੀਆ, ਐਸ ਕੇ ਨੰਦਾ, ਰਮੇਸ਼ ਚੰਦਰ ਡੋਗਰਾ, ਤੇਜਿੰਦਰ ਸਿੰਘ ਬਿੱਟੂ, ਚੌਧਰੀ ਸੰਤੋਖ, ਵਿਨੇ ਖੁੱਲਰ, ਅਮਰਜੀਤ ਸਿੰਘ ਸਮਰਾ, ਪ੍ਰੋ. ਚਰਨ ਸਿੰਘ, ਕੇ.ਕੇ ਬਾਵਾ, ਜਗਮੋਹਨ ਸ਼ਰਮਾ, ਅਮਰਜੀਤ ਸਿੰਘ ਸੈਣੀ, ਵੇਦ ਪ੍ਰਕਾਸ਼ ਗੁਪਤਾ, ਆਰ.ਐਸ. ਅਤਰੀ, ਸ਼ੇਰ ਸਿੰਘ ਗਾਗੋਵਾਲ, ਹਰਮਿੰਦਰ ਸਿੰਘ ਜੱਸੀ, ਨਰਿੰਦਰ ਭਲੇਰੀਆ, ਮਹੇਸ਼ਇੰਦਰ ਸਿੰਘ ਢਿੱਲੋਂ ਤੇ ਤਾਰਾ ਸਿੰਘ ਸੰਧੂ ਸ਼ਾਮਲ ਹਨ।

# ਆਖ਼ਰੀ ਬਹਿਸ ਵਿਚ ਛਾ ਗਏ ਬਰਾਕ ਓਬਾਮਾ

*(ਸਫਾ ਇਕ ਦੀ ਬਾਕੀ)*

ਦੋਵੇਂ ਇਸ ਬਾਰੇ ਸਹਿਮਤ ਸਨ ਕਿ ਇਰਾਨ ਨੂੰ ਪਰਮਾਣੂ ਹਥਿਆਰ ਬਣਾਉਣ ਦੀ ਖੁੱਲ੍ਹ ਨਹੀਂ ਦਿੱਤੀ ਜਾਣੀ ਚਾਹੀਦੀ। ਹਮਲੇ ਦੀ ਸੂਰਤ ਵਿਚ ਇਸਰਾਈਲ ਦਾ ਸਾਥ ਦਿੱਤਾ ਜਾਵੇ। ਅਫਗਾਨਿਸਤਾਨ ਵਿਚੋਂ 2014 ਤੱਕ ਫੌਜਾਂ ਦੀ ਵਾਪਸੀ ਤੇ ਚੀਨ ਖਿਲਾਫ ਸਖਤ ਕਦਮ ਚੁੱਕੇ ਜਾਣ ਦੀ ਲੋੜ ਹੈ। ਬਹਰਹਾਲ, ਦੋਵਾਂ ਨੇ ਅਮਰੀਕੀ ਫੌਜ ਦੇ ਆਕਾਰ ਤੇ ਮੱਧ ਪੂਰਬ ਖਾਸ ਕਰ ਕੇ ਲਿਬੀਆ ਅਤੇ ਸੀਰੀਆ ਦੇ ਮੌਜੂਦਾ ਹਾਲਾਤ ਬਾਰੇ ਇਕ-ਦੂਜੇ 'ਤੇ ਤਿੱਖੇ ਹਮਲੇ ਵੀ ਕੀਤੇ। ਬਹੁਤੇ ਲੋਕਾਂ ਨੂੰ ਇਸ ਗੱਲ 'ਤੇ ਹੈਰਾਨੀ ਹੋਈ ਕਿ ਬਿਨਗਾਜ਼ੀ (ਲਿਬੀਆ) ਵਿਚ ਅਮਰੀਕੀ ਕੌਂਸਲਖਾਨੇ 'ਤੇ ਹੋਏ ਹਮਲੇ ਦਾ ਕਿਸੇ ਨੇ ਵੀ ਉਮੀਦਵਾਰ ਨੇ ਜ਼ਿਕਰ ਤੱਕ ਨਹੀਂ ਕੀਤਾ। ਪਿਛਲੀ ਵਾਰ ਦੀ ਬਹਿਸ ਵਿਚ ਇਸ ਮੁੱਦੇ 'ਤੇ ਤਿੱਖੀਆਂ ਝੜਪਾਂ ਹੋਈਆਂ ਸਨ। ਸੀ.ਬੀ.ਐਸ. ਦੇ 'ਫੇਸ ਦਿ ਨੇਸ਼ਨ' ਦੇ ਮੇਜ਼ਬਾਨ ਬੌਬ ਸ਼ਿਫਰ ਵੱਲੋਂ ਚਲਾਈ ਬਹਿਸ ਵਿਚ ਭਾਰਤ ਦਾ ਇਕ ਵਾਰ ਵੀ ਜ਼ਿਕਰ ਨਹੀਂ ਆਇਆ ਹਾਲਾਂਕਿ ਇਸ ਨਾਲ ਸਬੰਧਾਂ ਨੂੰ ਅਮਰੀਕਾ ਦੀਆਂ ਦੋਵੇਂ ਮੁੱਖ ਪਾਰਟੀਆਂ ਦੀ ਹਮਾਇਤ ਹਾਸਲ ਹੈ।

ਰਾਸ਼ਟਰਪਤੀ ਓਬਾਮਾ ਨੇ ਸ਼ਾਇਦ ਪਹਿਲੀ ਵਾਰ ਇਹ ਖੁਲਾਸਾ ਕੀਤਾ ਕਿ ਉਨ੍ਹਾਂ ਉਸਾਮਾ ਬਿਨ-ਲਾਦਿਨ ਨੂੰ ਮਾਰਨ ਲਈ ਐਬਟਾਬਾਦ ਕਮਾਂਡੋ ਭੇਜਣ ਲਈ ਪਾਕਿਸਤਾਨ ਤੋਂ ਮਨਜ਼ੂਰੀ ਕਿਉਂ ਨਹੀਂ ਲਈ ਸੀ। ਉਨ੍ਹਾਂ ਕਿਹਾ ਕਿ ਜੇ ਉਨ੍ਹਾਂ ਅਜਿਹਾ ਕੀਤਾ ਹੁੰਦਾ ਤਾਂ ਬਿਨ-ਲਾਦਿਨ ਕਦੇ ਨਾ ਮਾਰਿਆ ਜਾਂਦਾ। 65 ਸਾਲਾ ਰੋਮਨੀ ਨੇ ਪਾਕਿਸਤਾਨ ਨੂੰ ਬਾਸ਼ਰਤ ਇਮਦਾਦ ਦੇਣ ਦੀ ਪੈਰਵੀ ਕੀਤੀ ਪਰ ਉਸ ਨਾਲ ਸਬੰਧ ਤੋੜਨ ਦੀ ਪੇਸ਼ਕਦਮੀ ਖਿਲਾਫ ਖਬਰਦਾਰ ਕਰਦਿਆਂ ਕਿਹਾ ਕਿ ਉਸ ਕੋਲ 100 ਤੋਂ ਵੱਧ ਪਰਮਾਣੂ ਹਥਿਆਰ ਹਨ ਤੇ ਉਥੇ ਅਜੇ ਵੀ ਦਹਿਸ਼ਤਪਸੰਦਾਂ ਦਾ ਦਬਦਬਾ ਕਾਇਮ ਹੈ। ਬਹਿਸ ਦੌਰਾਨ ਓਬਾਮਾ ਨੇ ਪਾਕਿਸਤਾਨ ਤੇ ਯਮਨ ਵਿਚ ਡਰੋਨ ਹਮਲਿਆਂ ਦੀ ਡਟਵੀਂ ਵਕਾਲਤ ਕੀਤੇ।

ਸ੍ਰੀ ਰੋਮਨੀ ਨੇ ਵਪਾਰ ਤੇ ਕਰੰਸੀ ਦੇ ਮੁੱਦਿਆਂ ਨੂੰ ਲੈ ਕੇ ਚੀਨ ਬਾਰੇ ਸਖਤ ਰੁਖ ਅਪਣਾਉਣ 'ਤੇ ਜ਼ੋਰ ਦਿੱਤਾ ਪਰ ਉਨ੍ਹਾਂ ਦੇ ਭਾਸ਼ਣ ਵਿਚੋਂ ਪਹਿਲਾਂ ਵਾਲਾ ਤਿੱਖਾਪਣ ਨਜ਼ਰ ਨਾ ਆਇਆ। ਸੀ.ਬੀ.ਐਸ. ਨਿਊਜ਼ ਸਰਵੇਖਣ ਅਨੁਸਾਰ 53 ਫੀਸਦ ਗੈਰ-ਪ੍ਰਤੀਬੱਧ ਵੋਟਰਾਂ ਨੇ ਓਬਾਮਾ ਨੂੰ ਜੇਤੂ ਕਰਾਰ ਦਿੱਤਾ ਜਦਕਿ 23 ਫੀਸਦੀ ਦਾ ਯਕੀਨ ਸੀ ਕਿ ਰੋਮਨੀ ਜੇਤੂ ਰਿਹਾ। ਜ਼ਿਕਰਯੋਗ ਹੈ ਕਿ ਓਬਾਮਾ ਪਹਿਲੀ ਬਹਿਸ 'ਚ ਪਛੜ ਗਏ ਸਨ ਪਰ ਦੂਜੀ ਬਹਿਸ ਵਿਚ ਰੋਮਨੀ ਤੋਂ ਸ਼ਾਨਦਾਰ ਢੰਗ ਨਾਲ ਜਿੱਤ ਹਾਸਲ ਕਰ ਚੁੱਕੇ ਹਨ। ਨਿਊਯਾਰਕ ਵਿਚ ਹੋਈ ਦੂਜੀ ਬਹਿਸ ਦੌਰਾਨ ਦੋਵਾਂ ਆਗੂਆਂ ਵਿਚਾਲੇ ਅਨੁਪਾਤ 51-38 ਫੀਸਦੀ ਦਾ ਰਿਹਾ। ਗੈਲਅਪ ਨੇ ਸੀ.ਐਨ.ਐਨ. ਤੇ ਸੀ.ਬੀ.ਐਸ. ਦੇ ਮੁਕਾਬਲੇ ਆਪਣੇ ਸਰਵੇਖਣ ਵਿਚ ਓਬਾਮਾ ਦੀ ਲੀਡ ਦਿਖਾਈ। ਸੀ.ਐਨ.ਐਨ. ਤੇ ਸੀ.ਬੀ.ਐਨ. ਨੇ ਓਬਾਮਾ ਨੂੰ ਆਪਣੇ ਸਰਵੇਖਣ ਵਿਚ ਸੱਤ ਅੰਕਾਂ ਨਾਲ ਜੇਤੂ ਦਿਖਾਇਆ।

ਰੀਅਲ ਕਲੀਅਰ ਪੋਲੀਟਿਕਸ ਜੋ ਸਾਰੇ ਅਹਿਮ ਚੋਣ ਸਰਵੇਖਣਾਂ ਉਤੇ ਨਜ਼ਰ ਰੱਖਦਾ ਹੈ, ਨੇ ਇਹ ਰਿਪੋਰਟ ਦਿੱਤੀ ਸੀ ਕਿ ਓਬਾਮਾ ਨੇ ਰੋਮਨੀ ਵੱਲੋਂ ਲਈ ਲੀਡ ਨੂੰ ਖਤਮ ਕਰ ਦਿੱਤਾ ਤੇ ਹੁਣ 0.1 ਫੀਸਦੀ ਫਰਕ ਨਾਲ ਅੱਗੇ ਹਨ। ਇਹ ਅੰਦਾਜ਼ਾ ਸਾਰੇ ਮੁੱਖ ਸਰਵੇਖਣਾਂ ਦੀ ਔਸਤ ਤੋਂ ਬਾਅਦ ਲਾਇਆ ਗਿਆ ਹੈ। ਇਸ ਦੌਰ ਜਾਰੀ ਹੋਏ ਬਹੁਤ ਸਾਰੇ ਸਰਵੇਖਣਾਂ ਵਿਚ ਦੋਵਾਂ ਆਗੂਆਂ ਵਿਚ ਸਖਤ ਟੱਕਰ ਦਿਖਾਈ ਗਈ ਹੈ।

ਅਮਰੀਕੀ ਰਾਸ਼ਟਰਪਤੀ ਦੇ ਅਹੁਦੇ ਲਈ 6 ਨਵੰਬਰ ਨੂੰ ਵੋਟਾਂ ਪੈ ਰਹੀਆਂ ਹਨ ਤੇ ਨਵੇਂ ਰਾਸ਼ਟਰਪਤੀ ਅਹੁਦੇ ਦੀ ਸਹੁੰ ਸੰਵਿਧਾਨਕ ਤੌਰ 'ਤੇ ਤੈਅ 20 ਜਨਵਰੀ ਦੀ ਥਾਂ 21 ਜਨਵਰੀ ਨੂੰ ਚੁੱਕਣਗੇ ਕਿਉਂਕਿ 20 ਜਨਵਰੀ ਨੂੰ ਐਤਵਾਰ ਹੈ। ਅਮਰੀਕੀ ਇਤਿਹਾਸ ਵਿਚ ਇਹ ਸੱਤਵੀਂ ਵਾਰ ਹੈ ਕਿ ਰਾਸ਼ਟਰਪਤੀ ਦੇ ਅਹੁਦੇ ਦੀ ਸਹੁੰ ਚੁੱਕਣ ਦੀ ਸੰਵਿਧਾਨਕ ਤੌਰ 'ਤੇ ਤੈਅ ਤਾਰੀਖ ਐਤਵਾਰ ਨੂੰ ਆ ਗਈ ਹੈ।

# ਕੈਪਟਨ ਨੇ ਸੁਮੇਧ ਸੈਣੀ ਨਾਲ ਸਿੰਗ ਫਸਾਏ

**ਚੰਡੀਗੜ੍ਹ:** ਅਕਾਲੀ-ਭਾਜਪਾ ਸਰਕਾਰ ਦੀ ਛਤਰ-ਛਾਇਆ ਵਿਚ ਅਫਸਰਾਂ ਨੂੰ ਸਿਆਸੀ ਪਾਣ ਚੜ੍ਹ ਗਈ ਹੈ। ਮੀਡੀਆ ਵਿਚ ਵੀ ਇਹੀ ਚਰਚਾ ਹੈ ਕਿ ਪੰਜਾਬ ਦੇ ਬਹੁਤੇ ਅਫਸਰ ਅਕਾਲੀਆਂ ਦੇ ਰੰਗ ਵਿਚ ਰੰਗੇ ਹੋਏ ਹਨ ਅਤੇ ਉਨ੍ਹਾਂ ਲਈ ਲੋਕਾਂ ਦੀ ਸੇਵਾ ਦੀ ਬਜਾਏ ਅਕਾਲੀ ਦਲ ਦੇ ਹਿੱਤ ਅਹਿਮ ਹਨ। ਹੁਣ ਪੰਜਾਬ ਪੁਲਿਸ ਦੇ ਮੁਖੀ ਸੁਮੇਧ ਸੈਣੀ ਵੱਲੋਂ ਸਿਆਸੀ ਆਗੂਆਂ ਵਾਂਗ ਕੀਤੀ ਗਈ ਬਿਆਨਬਾਜ਼ੀ ਨੇ ਇਸ ਗੱਲ 'ਤੇ ਪੱਕੀ ਮੋਹਰ ਲਾ ਦਿੱਤੀ ਹੈ। ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਫ਼ਰੀਦਕੋਟ ਅਗਵਾ ਕਾਂਡ ਦੇ ਮਾਮਲੇ ਵਿਚ ਸ੍ਰੀ ਸੈਣੀ ਵੱਲੋਂ ਕੀਤੀ ਕਾਂਗਰਸ ਦੀ ਨੁਕਤਾਚੀਨੀ ਦਾ ਗੰਭੀਰ ਨੋਟਿਸ ਲੈਂਦਿਆਂ ਦੋਸ਼ ਲਾਏ ਹਨ ਕਿ ਪੁਲਿਸ ਮੁਖੀ ਕਿਸੇ ਅਕਾਲੀ ਆਗੂ ਵਾਂਗ ਬਿਆਨ ਦੇ ਰਹੇ ਹਨ।



ਕਾਂਗਰਸ ਵਿਧਾਇਕ ਦਲ ਦੇ ਆਗੂ ਸੁਨੀਲ ਜਾਖੜ ਨੇ ਵੀ ਇਸ ਮੁੱਦੇ 'ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੋਂ ਸਪੱਸ਼ਟੀਕਰਨ ਮੰਗਿਆ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਥਾਣੇਦਾਰ ਅਤੇ ਡੀ.ਐਸ.ਪੀਜ਼. ਆਪਣੇ ਪੁਲਿਸ ਮੁਖੀ ਸਮੇਤ ਹੋਰ ਪੁਲਿਸ ਅਧਿਕਾਰੀਆਂ ਨੂੰ ਰਿਪੋਰਟ ਕਰਨ ਦੀ ਥਾਂ ਅਕਾਲੀ ਆਗੂਆਂ ਦੀਆਂ ਹਾਜ਼ਰੀਆਂ ਭਰ ਰਹੇ ਹਨ। ਦੱਸਣਯੋਗ ਹੈ ਕਿ ਸ੍ਰੀ ਸੈਣੀ ਨੇ ਕਿਹਾ ਸੀ ਕਿ ਕੁਝ ਲੋਕ ਸਿਆਸੀ ਲਾਭ ਲਈ ਅਗਵਾ ਹੋਈ ਨਾਬਾਲਗ ਲੜਕੀ ਦਾ ਮਾਮਲਾ ਭਖਾ ਰਹੇ ਹਨ ਅਤੇ ਮਸਲੇ ਦੀ ਨਾਜ਼ੁਕਤਾ ਬਾਰੇ ਗੰਭੀਰ ਨਹੀਂ। ਕੈਪਟਨ ਨੇ ਦੋਸ਼ ਲਾਇਆ ਕਿ ਸ੍ਰੀ ਸੈਣੀ ਇਸ ਮਾਮਲੇ ਵਿਚ ਪੁਲਿਸ ਦੇ ਬੁਰੀ ਤਰ੍ਹਾਂ ਫੇਲ੍ਹ ਹੋਣ ਦੀ ਜ਼ਿੰਮੇਵਾਰੀ ਓਟਣ ਦੀ ਥਾਂ ਉਲਟਾ ਸਿਆਸੀ ਆਗੂਆਂ ਵਾਂਗ ਬਿਆਨ ਦੇ ਰਹੇ ਹਨ।

ਉਨ੍ਹਾਂ ਪੁਲੀਸ ਮੁਖੀ ਨੂੰ ਕਿਹਾ ਕਿ ਉਹ ਪੰਜਾਬ ਵਿਚ ਵਧ ਰਹੇ ਅਪਰਾਧ ਨੂੰ ਖਤਮ ਕਰਨ ਲਈ ਸਿਆਸਤ ਤੋਂ ਉਪਰ ਉਠ ਕੇ ਆਪਣੀ ਜ਼ਿੰਮੇਵਾਰੀ ਨਿਭਾਉਣ।

# ਭਾਰਤ ਸਰਕਾਰ ਵੱਲੋਂ ਕਸਾਬ ਦੀ ਰਹਿਮ ਦੀ ਅਪੀਲ ਰੱਦ

**ਨਵੀਂ ਦਿੱਲੀ:** ਭਾਰਤ ਸਰਕਾਰ ਨੇ 26/11 ਦੇ ਮੁੰਬਈ ਹਮਲੇ ਦੇ ਦੋਸ਼ੀ ਅਜਮਲ ਕਸਾਬ ਦੀ ਰਹਿਮ ਦੀ ਅਪੀਲ ਰੱਦ ਕਰ ਦਿੱਤੀ ਹੈ। ਗ੍ਰਹਿ ਮੰਤਰਾਲੇ ਦੇ ਅਧਿਕਾਰੀ ਨੇ ਦੱਸਿਆ ਕਿ ਕਸਾਬ ਦੀ ਰਹਿਮ ਦੀ ਅਪੀਲ ਰੱਦ ਕਰ ਦਿੱਤੀ ਗਈ ਹੈ ਕਿਉਂਕਿ ਉਹ ਸੰਗੀਨ ਅਪਰਾਧ ਤੇ ਭਾਰਤ ਖਿਲਾਫ਼ ਜੰਗ ਵਿਚ ਸ਼ਾਮਲ ਸੀ ਜਿਸ ਤਹਿਤ ਕੁਝ ਵਿਦੇਸ਼ੀ ਨਾਗਰਿਕਾਂ ਸਣੇ 166 ਲੋਕ ਮਾਰੇ ਗਏ ਸਨ।



ਪੱਚੀ ਸਾਲਾ ਪਾਕਿਸਤਾਨੀ ਕਸਾਬ ਤੇ ਨੌਂ ਹੋਰ ਕਰਾਚੀ ਤੋਂ ਸਮੁੰਦਰੀ ਜਹਾਜ਼ ਰਸਤੇ 26 ਨਵੰਬਰ, 2008 ਨੂੰ ਮੁੰਬਈ ਵਿਚ ਦਾਖਲ ਹੋਏ ਸਨ। ਸ਼ਹਿਰ ਦੀਆਂ ਵੱਖ-ਵੱਖ ਥਾਵਾਂ 'ਤੇ ਅੰਨ੍ਹੇਵਾਹ ਗੋਲੀਆਂ ਚਲਾ ਕੇ ਉਨ੍ਹਾਂ ਵੱਡੀ ਤਾਦਾਦ ਵਿਚ ਲੋਕਾਂ ਨੂੰ ਮਾਰ ਦਿੱਤਾ ਸੀ। ਕਸਾਬ ਜ਼ਿੰਦਾ ਕਾਬੂ ਆ ਗਿਆ ਸੀ ਜਦਕਿ ਬਾਕੀ ਦਹਿਸ਼ਤਪਸੰਦ ਸੁਰੱਖਿਆ ਬਲਾਂ ਨਾਲ ਮੁਕਾਬਲੇ ਵਿਚ ਮਾਰੇ ਗਏ ਸਨ। ਕਸਾਬ ਦੀ ਰਹਿਮ ਦੀ ਅਪੀਲ ਪਿਛਲੇ ਮਹੀਨੇ ਮਹਾਰਾਸ਼ਟਰ ਸਰਕਾਰ ਵੱਲੋਂ ਰੱਦ ਕਰ ਦਿੱਤੀ ਗਈ ਸੀ ਜਿਸ ਤੋਂ ਬਾਅਦ ਇਹ ਗ੍ਰਹਿ ਮੰਤਰਾਲੇ ਨੂੰ ਭੇਜੀ ਸੀ।

ਇਕ ਸਰਕਾਰੀ ਬਿਆਨ ਵਿਚ ਦੱਸਿਆ ਗਿਆ ਹੈ ਕਿ ਗ੍ਰਹਿ ਮੰਤਰਾਲੇ ਨੇ ਕਸਾਬ ਦੀ ਰਹਿਮ ਦੀ ਅਪੀਲ ਨੂੰ ਪ੍ਰਾਪਤ ਕਰਕੇ ਅੱਗੋਂ ਫੈਸਲੇ ਲਈ ਰਾਸ਼ਟਰਪਤੀ ਕੋਲ ਪੇਸ਼ ਕੀਤਾ ਹੈ। ਤਕਰੀਬਨ ਚਾਰ ਸਾਲਾਂ ਦੀ ਕਾਨੂੰਨੀ ਚਾਰਾਜੋਈ ਤੋਂ ਬਾਅਦ ਲੰਘੀ 29 ਅਗਸਤ ਨੂੰ ਸੁਪਰੀਮ ਕੋਰਟ ਨੇ ਲਸ਼ਕਰ-ਏ-ਤੋਇਬਾ ਦੇ ਕਾਰਕੁਨ ਦੀ ਸਜ਼ਾ-ਏ-ਮੌਤ ਉਪਰ ਮੋਹਰ ਲਗਾ ਦਿੱਤੀ ਸੀ। ਇਸ ਤੋਂ ਪਹਿਲਾਂ ਮੁੰਬਈ ਹਾਈ ਕੋਰਟ ਨੇ ਮੌਤ ਦੀ ਸਜ਼ਾ ਬਾਰੇ ਟਰਾਇਲ ਕੋਰਟ ਦੇ ਫੈਸਲੇ ਦੀ ਪੁਸ਼ਟੀ ਕੀਤੀ ਸੀ। ਕਸਾਬ ਦੀ ਸਜ਼ਾ ਬਰਕਰਾਰ ਰੱਖਦਿਆਂ ਸੁਪਰੀਮ ਕੋਰਟ ਨੇ ਆਖਿਆ ਸੀ ਕਿ ਕਸਾਬ ਨੇ ਬੇਦਰਦੀ ਨਾਲ ਲੋਕਾਂ ਦੀਆਂ ਜਾਨਾਂ ਲਈਆਂ ਸਨ। ਕਸਾਬ ਇਸ ਵੇਲੇ ਮੁੰਬਈ ਦੀ ਆਰਥਰ ਰੋਡ ਜੇਲ੍ਹ ਦੀ ਇਕ ਬੰਬ-ਪਰੂਫ ਕੋਠੜੀ ਵਿਚ ਬੰਦ ਹੈ। ਗ੍ਰਹਿ ਮੰਤਰਾਲੇ ਦੀ ਸਿਫਾਰਸ਼ ਤੋਂ ਬਾਅਦ ਹੁਣ ਕਸਾਬ ਦੀ ਰਹਿਮ ਦੀ ਅਪੀਲ ਉਤੇ ਰਾਸ਼ਟਰਪਤੀ ਪ੍ਰਣਬ ਮੁਖਰਜੀ ਵੱਲੋਂ ਅੰਤਿਮ ਫੈਸਲਾ ਕੀਤਾ ਜਾਵੇਗਾ। ਰਾਸ਼ਟਰਪਤੀ ਕੋਲ ਇਸ ਵੇਲੇ ਦਰਜਨ ਭਰ ਰਹਿਮ ਦੀਆਂ ਅਪੀਲਾਂ ਪਈਆਂ ਹਨ ਜਿਨ੍ਹਾਂ ਵਿਚ ਸੰਸਦ 'ਤੇ ਹਮਲੇ ਦੇ ਕੇਸ ਦੇ ਦੋਸ਼ੀ ਅਫ਼ਜ਼ਲ ਗੁਰੂ ਦੀ ਅਪੀਲ ਵੀ ਸ਼ਾਮਲ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ

ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ

ਮਨਦੀਪ ਸਿੰਘ ਭੂਰਾ
ਸ਼ਮਸ਼ੇਰ ਸਿੰਘ ਬੋਪਾਰਾਏ
ਗੁਰਿੰਦਰ ਸਿੰਘ ਗਿੱਲ
ਹੈਪੀ ਹੀਰ
ਸੰਨੀ ਧੂੜ
ਯਾਦਵਿੰਦਰ ਸਿੰਘ ਰਿੰਪੀ

# ਗੁਰਦੁਆਰਾ ਪੈਲਾਟਾਈਨ: ਰਾਜ਼ੀਨਾਮੇ ਪਿਛੋਂ ਮੁਕੱਦਮੇਬਾਜ਼ੀ ਮੁੱਕੀ

## 2010 ਦੀ ਚੋਣ ਵਿਚ ਜਿੱਤੇ ਪੰਜੇ ਬੋਰਡ ਮੈਂਬਰ ਤੇ ਸੀ ਆਈ ਸੀ ਮੈਂਬਰ ਅਸਤੀਫਾ ਦੇਣਗੇ

**ਸ਼ਿਕਾਗੋ (ਬਿਊਰੋ):** ਮਿਡਵੈਸਟ ਦੇ ਸਭ ਤੋਂ ਵੱਡੇ ਗੁਰਦੁਆਰਾ ਪੈਲਾਟਾਈਨ ਦਾ ਪ੍ਰਬੰਧ ਚਲਾਉਂਦੀ ਸਿੱਖ ਰਿਲੀਜੀਅਸ ਸੁਸਾਇਟੀ ਦੀ 2010 ਵਿਚ ਹੋਈ ਚੋਣ ਨੂੰ ਲੈ ਕੇ ਚੱਲ ਰਹੀ ਮੁਕੱਦਮੇਬਾਜ਼ੀ ਦਾ ਭੋਗ ਅਖੀਰ ਉਦੋਂ ਪੈ ਗਿਆ ਜਦੋਂ ਇਸ ਮੁਕੱਦਮੇਬਾਜ਼ੀ ਦੀਆਂ ਦੋਹੇਂ ਧਿਰਾਂ ਇਕ ਸਮਝੌਤੇ ਲਈ ਰਜ਼ਾਮੰਦ ਹੋ ਗਈਆਂ। ਅਦਾਲਤ ਵਲੋਂ ਪ੍ਰਵਾਨ ਕੀਤੇ ਗਏ ਇਸ ਸਮਝੌਤੇ ਅਨੁਸਾਰ ਸਾਲ 2010 ਦੀਆਂ ਚੋਣਾਂ ਵਿਚ ਚੁਣੇ ਗਏ 5 ਬੋਰਡ ਮੈਂਬਰ ਅਤੇ ਇਕ ਸੀ ਆਈ ਸੀ ਮੈਂਬਰ ਆਪਣੇ ਅਹੁਦਿਆਂ ਤੋਂ ਅਸਤੀਫੇ ਦੇਣਗੇ ਅਤੇ ਉਨ੍ਹਾਂ ਦੀ ਥਾਂ ਨਵੇਂ ਮੈਂਬਰਾਂ ਦੀ ਚੋਣ 10 ਫਰਵਰੀ 2013 ਨੂੰ ਹੋਵੇਗੀ। ਅਦਾਲਤ ਵਲੋਂ ਪਾਸ ਕੀਤੇ ਗਏ ਹੁਕਮ ਅਨੁਸਾਰ ਇਸ ਮਾਮਲੇ 'ਚ ਕੋਈ ਵੀ ਧਿਰ ਕਸੂਰਵਾਰ ਜਾਂ ਦੇਣਦਾਰ ਨਹੀਂ ਮੰਨੀ ਜਾਵੇਗੀ।

ਜ਼ਿਕਰਯੋਗ ਹੈ ਕਿ ਇਨ੍ਹਾਂ ਦੋਹਾਂ ਕੇਸਾਂ ਵਿਚੋਂ ਇਕ ਨੂੰ ਲੈ ਕੇ ਪਿਛਲੇ ਸਤੰਬਰ ਮਹੀਨੇ ਤੋਂ ਦੋਹਾਂ ਧਿਰਾਂ, ਉਨ੍ਹਾਂ ਦੇ ਵਕੀਲਾਂ ਅਤੇ ਜੱਜ ਵਿਚਾਲੇ ਗੱਲਬਾਤ ਦੇ ਕਈ ਗੇੜ ਚੱਲੇ ਅਤੇ ਅਖੀਰ ਅਕਤੂਬਰ ਦੇ ਤੀਜੇ ਹਫਤੇ ਸਮਝੌਤਾ ਸਿਰੇ ਚੜ੍ਹ ਹੀ ਗਿਆ। ਹੋਏ ਰਾਜ਼ੀਨਾਮੇ ਅਨੁਸਾਰ 2010 ਦੀਆਂ ਚੋਣਾਂ ਵਿਚ ਜਿੱਤੇ ਪੰਜੇ ਬੋਰਡ ਮੈਂਬਰ (ਬੀਬੀ ਸੁਖਦੇਵ ਕੌਰ ਘੁੰਮਣ-ਹੁਣ ਪ੍ਰਧਾਨ, ਕੁਲਦੀਪ ਸਿੰਘ ਝੱਟੂ, ਅਮਰਜੀਤ ਸਿੰਘ ਜੌਹਰ, ਜੋਗਿੰਦਰ ਸਿੰਘ ਮੁਲਤਾਨੀ ਤੇ ਨਰਿੰਦਰ ਸਿੰਘ) ਅਤੇ ਇਕ ਸੀ ਆਈ ਸੀ ਮੈਂਬਰ (ਮੱਤ ਸਿੰਘ ਢਿੱਲੋਂ) ਅਦਾਲਤ ਦੇ ਹੁਕਮ ਲਾਗੂ ਹੋਣ ਦੇ ਸੱਤ ਦਿਨ ਦੇ ਅੰਦਰ ਆਪਣੇ ਅਹੁਦਿਆਂ ਤੋਂ ਅਸਤੀਫਾ ਦੇਣਗੇ ਅਤੇ ਸੁਸਾਇਟੀ ਵਲੋਂ ਇਨ੍ਹਾਂ ਸੀਟਾਂ ਲਈ ਚੋਣ ਨਵੇਂ ਸਿਰਿਓਂ ਕਰਵਾਈ ਜਾਵੇਗੀ। ਸੁਸਾਇਟੀ ਵਲੋਂ ਇਕ ਵਿਸ਼ੇਸ਼ ਕਮੇਟੀ ਵੀ ਕਾਇਮ ਕੀਤੀ ਜਾਵੇਗੀ ਜੋ ਭਵਿੱਖ ਵਿਚ ਸੁਸਾਇਟੀ ਦੀ ਮੈਂਬਰਸ਼ਿਪ ਅਤੇ ਬੋਰਡ ਮੈਂਬਰਾਂ ਦੀ ਚੋਣ ਸਬੰਧੀ ਵਿਧੀ-ਵਿਧਾਨ ਵਿਚ ਤਬਦੀਲੀਆਂ ਦਾ ਸੁਝਾਅ ਦੇਵੇਗੀ।

ਪਹਿਲਾ ਕੇਸ ਸਿੱਖ ਰਿਲੀਜੀਅਸ ਸੁਸਾਇਟੀ ਦੀਆਂ ਅਪਰੈਲ 2010 ਦੀਆਂ ਚੋਣਾਂ ਵਿਚ ਕਥਿਤ ਹੇਰਾਫੇਰੀ ਦੇ ਦੋਸ਼ ਅਧੀਨ ਅਗਸਤ 2010 ਵਿਚ ਅਤੇ ਦੂਜਾ ਮਾਰਚ 2012 ਵਿਚ ਦਾਇਰ ਕੀਤਾ ਗਿਆ ਸੀ। ਦੂਜਾ ਕੇਸ ਮੁੱਖ ਤੌਰ 'ਤੇ ਅਪਰੈਲ 2012 ਵਿਚ ਹੋਈਆਂ ਸੁਸਾਇਟੀ ਦੀਆਂ ਚੋਣਾਂ ਨੂੰ ਰੋਕਣ ਲਈ ਕੀਤਾ ਗਿਆ ਸੀ ਜਿਸ ਵਿਚ ਮੁੱਦਈ ਸ਼ਿਕਾਗੋ ਸਿੱਖ ਇੰਟੈਗਰਿਟੀ ਐਸੋਸੀਏਸ਼ਨ, ਭੁਪਿੰਦਰ ਸਿੰਘ ਹੁੰਦਲ, ਇਰਵਿਨਪ੍ਰੀਤ ਸਿੰਘ, ਗੁਰਮੀਤ ਸਿੰਘ ਭੋਲਾ ਅਤੇ ਗੁਰਚਰਨ ਸਿੰਘ ਝੱਜ ਸਨ। ਪਹਿਲੇ ਕੇਸ ਵਿਚ ਮੁੱਦਈ ਸ਼ਿਕਾਗੋ ਸਿੱਖ ਇੰਟੈਗਰਿਟੀ ਐਸੋਸੀਏਸ਼ਨ, ਭੁਪਿੰਦਰ ਸਿੰਘ ਹੁੰਦਲ, ਇਰਵਿਨਪ੍ਰੀਤ ਸਿੰਘ, ਗੁਰਮੀਤ ਸਿੰਘ ਭੋਲਾ ਅਤੇ ਬੋਰਡ ਦੇ ਕਈ ਉਹ ਸਾਬਕਾ ਮੈਂਬਰ ਸ਼ਾਮਲ ਹਨ। ਇਨ੍ਹਾਂ ਦੋਹਾਂ ਹੀ ਕੇਸਾਂ ਵਿਚ ਪ੍ਰਤੀਵਾਦੀ ਸਿੱਖ ਰਿਲੀਜੀਅਸ ਸੁਸਾਇਟੀ ਤੇ ਇਸ ਦੇ ਕਈ ਮੌਜੂਦਾ ਅਤੇ ਸਾਬਕਾ ਬੋਰਡ ਮੈਂਬਰ ਸਨ।

ਖਾਲੀ ਹੋਈਆਂ ਸੀਟਾਂ ਪੂਰ ਕਰਨ ਲਈ ਇਕ ਵਿਸ਼ੇਸ਼ ਚੋਣ 10 ਫਰਵਰੀ 2013 ਨੂੰ ਹੋਵੇਗੀ ਅਤੇ ਇਹ ਚੋਣ ਇਕ ਵਿਸ਼ੇਸ਼ ਚੋਣ ਕਮੇਟੀ ਵਲੋਂ ਕਰਵਾਈ ਜਾਵੇਗੀ। ਚੋਣ ਤੋਂ ਪਹਿਲਾਂ ਨਵੰਬਰ 2012 ਦੇ ਮਹੀਨੇ ਦੇ ਚਾਰ ਐਤਵਾਰਾਂ ਨੂੰ ਸੁਸਾਇਟੀ ਦੀ ਮੈਂਬਰਸ਼ਿਪ ਭਰਤੀ ਕੀਤੀ ਜਾਵੇਗੀ। ਇਸ ਖੁੱਲ੍ਹੀ ਮੈਂਬਰਸ਼ਿਪ ਭਰਤੀ ਦੌਰਾਨ ਉਹ ਸਿੱਖ ਵੀ 2012 ਦੀ ਫੀਸ ਅਦਾ ਕਰਕੇ ਮੈਂਬਰ ਬਣ ਸਕਣਗੇ ਜੋ ਕਿਸੇ ਕਾਰਨ ਪਹਿਲਾਂ ਅਜਿਹਾ ਨਹੀਂ ਸੀ ਕਰ ਸਕੇ ਅਤੇ ਇੰਜ ਹੋ ਰਹੀ ਸਪੈਸ਼ਲ ਚੋਣ ਵਿਚ ਹਿੱਸਾ ਲੈ ਸਕਣਗੇ। ਖੁੱਲ੍ਹੀ ਮੈਂਬਰਸ਼ਿਪ ਦੌਰਾਨ ਪਿਛਲੇ ਤਿੰਨ ਸਾਲਾਂ ਦੇ ਬਕਾਏ ਵੀ ਦਿੱਤੇ ਜਾ ਸਕਣਗੇ ਤਾਂ ਜੋ ਕੋਈ ਯੋਗ ਉਮੀਦਵਾਰ ਚੋਣ ਲੜਨ ਦੇ ਕਾਬਲ ਹੋ ਸਕੇ।

ਰਾਜ਼ੀਨਾਮੇ ਅਧੀਨ ਅਪਰੈਲ 2010 ਦੀਆਂ ਚੋਣਾਂ ਵਿਚ ਚੁਣੇ ਗਏ ਪੰਜ ਮੈਂਬਰ ਅਤੇ ਇਕ ਸੀ ਆਈ ਸੀ ਮੈਂਬਰ ਆਪਣੇ ਅਹੁਦਿਆਂ ਤੋਂ ਅਦਾਲਤ ਦੇ ਹੁਕਮ ਲਾਗੂ ਹੋਣ ਦੇ 7 ਦਿਨਾਂ ਦੇ ਅੰਦਰ ਅਸਤੀਫੇ ਦੇ ਦੇਣਗੇ ਪਰ ਉਹ ਉਦੋਂ ਤਕ ਮੈਂਬਰ ਬਣੇ ਰਹਿਣਗੇ ਜਦੋਂ ਤਕ ਚੋਣ ਪਿਛੋਂ ਨਵੇਂ ਮੈਂਬਰ, ਬੋਰਡ ਦੀ ਪਹਿਲੀ ਮੀਟਿੰਗ ਵਿਚ ਅਹੁਦੇ ਦਾ ਹਲਫ ਨਹੀਂ ਲੈ ਲੈਂਦੇ। ਉਂਜ ਅਸਤੀਫਾ ਦੇਣ ਵਾਲੇ ਇਹ ਬੋਰਡ ਮੈਂਬਰ ਵਿਸ਼ੇਸ਼ ਚੋਣ ਵਿਚ ਉਮੀਦਵਾਰ ਵਜੋਂ ਖੜ੍ਹੇ ਹੋ ਸਕਣਗੇ।

ਅਦਾਲਤੀ ਹੁਕਮਾਂ ਅਨੁਸਾਰ ਸੁਸਾਇਟੀ ਦਾ ਪ੍ਰਬੰਧ ਮੌਜੂਦਾ ਬੋਰਡ ਪਾਸ ਹੀ ਰਹੇਗਾ। ਰਾਜ਼ੀਨਾਮੇ ਅਨੁਸਾਰ ਇਸ ਚੋਣ ਲਈ ਇਕ ਵਿਸ਼ੇਸ਼ ਚੋਣ ਕਮੇਟੀ ਕਾਇਮ ਕੀਤੀ ਜਾਏਗੀ। ਨਵੀਂ ਮੈਂਬਰਸ਼ਿਪ ਨਵੰਬਰ ਮਹੀਨੇ ਦੇ ਚਾਰੇ ਐਤਵਾਰ (4, 11, 18 ਤੇ 25 ਨਵੰਬਰ) ਸਵੇਰੇ 8 ਵਜੇ ਤੋਂ ਸ਼ਾਮ 4 ਵਜੇ ਤੱਕ ਖੁੱਲ੍ਹੀ ਰਹੇਗੀ।

ਅਦਾਲਤੀ ਹੁਕਮਾਂ ਅਨੁਸਾਰ ਸੁਸਾਇਟੀ ਦਾ ਕੋਈ ਵੀ ਉਹ ਮੈਂਬਰ ਜਿਸ ਦੀ ਮੈਂਬਰਸ਼ਿਪ ਮਨਸੂਖ ਕੀਤੀ ਗਈ ਸੀ, ਫੀਸ ਸਮੇਤ ਅਰਜੀ ਜਮਾਂ ਕਰਵਾ ਕੇ 2012 ਦੇ ਮੈਂਬਰਸ਼ਿਪ ਵਰ੍ਹੇ ਲਈ ਮੈਂਬਰ ਬਣ ਸਕਦਾ ਹੈ ਅਤੇ ਵਿਸ਼ੇਸ਼ ਚੋਣ ਵਿਚ ਵੋਟ ਪਾ ਸਕਦਾ ਹੈ। ਵਿਸ਼ੇਸ਼ ਚੋਣ ਬਾਰੇ ਨੋਟਿਸ ਵਿਚ ਇਹ ਵੀ ਦਸਿਆ ਜਾਵੇਗਾ ਕਿ ਨਵਿਆਇਆ ਗਿਆ ਮੈਂਬਰ ਕਿਸੇ ਉਮੀਦਵਾਰ ਨੂੰ ਨਾਮਜ਼ਦ ਕਰ ਸਕੇਗਾ ਅਤੇ ਖੁਦ ਵੀ ਨਾਮਜ਼ਦ ਹੋ ਸਕੇਗਾ ਪਰ ਉਸ ਨੇ ਮੈਂਬਰਸ਼ਿਪ ਦੇ ਪਿਛਲੇ ਤਿੰਨ ਸਾਲ ਦੇ ਸਭ ਬਕਾਏ ਦਿਤੇ ਹੋਏ ਹੋਣ।

ਖੁੱਲ੍ਹੀ ਮੈਂਬਰਸ਼ਿਪ ਦੌਰਾਨ ਬਣੇ ਮੈਂਬਰਾਂ ਦੀ ਆਰਜ਼ੀ ਸੂਚੀ ਤਿਆਰ ਕਰਕੇ ਵਿਸ਼ੇਸ਼ ਚੋਣ ਕਮੇਟੀ ਨੂੰ ਪਹਿਲੀ ਦਸੰਬਰ 2012 ਸ਼ਾਮ 4 ਵਜੇ ਤੱਕ ਪ੍ਰਕਾਸ਼ਿਤ ਕਰਕੇ ਗੁਰੂ ਘਰ ਦੇ ਘੱਟੋ ਘੱਟ ਦੋ ਨੋਟਿਸ ਬੋਰਡਾਂ 'ਤੇ ਲਾਉਣੀ ਪਵੇਗੀ। ਇਸ ਤੋਂ ਇਲਾਵਾ 2012 ਦੀ ਮੌਜੂਦਾ ਮੈਂਬਰਸ਼ਿਪ ਸੂਚੀ ਵੀ ਇਸ ਦੇ ਨਾਲ ਹੀ ਲਾਉਣੀ ਹੋਵੇਗੀ।

ਨਵੀਂ ਵਿਸ਼ੇਸ਼ ਚੋਣ ਲਈ ਨਾਮਜ਼ਦਗੀ ਕਾਗਜ਼ 23 ਦਸੰਬਰ 2012 ਸਵੇਰੇ 9 ਵਜੇ ਤੋਂ 7 ਜਨਵਰੀ 2013 ਸ਼ਾਮ 4 ਵਜੇ ਤੱਕ ਭਰੇ ਜਾ ਸਕਣਗੇ। ਨਵੀਂ ਆਰਜ਼ੀ ਮੈਂਬਰਸ਼ਿਪ ਸੂਚੀ ਅਤੇ ਪਹਿਲੀ 2012 ਦੀ ਸੂਚੀ ਵਿਚ ਸ਼ਾਮਲ ਕੋਈ ਵੀ ਵਿਅਕਤੀ ਬੋਰਡ ਦੀਆਂ 5 ਸੀਟਾਂ ਤੇ ਸੀ ਆਈ ਸੀ ਦੀ ਇਕ ਸੀਟ ਲਈ ਨਾਮਜ਼ਦਗੀ ਪੱਤਰ ਦਾਖਲ ਕਰ ਸਕਦਾ ਹੈ। ਉਮੀਦਵਾਰ ਇਲੀਨਾਏ ਸਟੇਟ ਦਾ ਬਾਸ਼ਿੰਦਾ ਹੋਵੇ ਅਤੇ ਉਸ ਨੇ ਪਿਛਲੇ ਤਿੰਨ ਸਾਲਾਂ ਦੀ ਮੈਂਬਰਸ਼ਿਪ ਫੀਸ ਭਰੀ ਹੋਵੇ। ਵਿਸ਼ੇਸ਼ ਚੋਣ ਕਮੇਟੀ 22 ਦਸੰਬਰ 2012 ਸ਼ਾਮ 4 ਵਜੇ ਤੱਕ ਮੌਜੂਦ ਮੈਂਬਰਸ਼ਿਪ ਸੂਚੀ ਸਮੇਤ ਨਵੀਂ ਮੈਂਬਰਸ਼ਿਪ ਦੀ ਸੂਚੀ ਨੂੰ ਅੰਤਿਮ ਰੂਪ ਦੇ ਕੇ ਪ੍ਰਕਾਸ਼ਿਤ ਕਰੇਗੀ।

ਨਾਮਜ਼ਦਗੀਆਂ ਵਾਪਸ ਲੈਣ ਦੀ ਆਖਰੀ ਤਰੀਕ 20 ਜਨਵਰੀ 2013 ਸ਼ਾਮ 4 ਵਜੇ ਤੱਕ ਮਿਥੀ ਗਈ ਹੈ। ਉਮੀਦਵਾਰਾਂ ਦੀ ਅੰਤਿਮ ਸੂਚੀ 26 ਜਨਵਰੀ 2013 ਦੁਪਹਿਰ 12 ਵਜੇ ਤੱਕ ਗੁਰੂਘਰ ਦੇ ਨੋਟਿਸ ਬੋਰਡ ਉਤੇ ਪ੍ਰਕਾਸ਼ਿਤ ਕੀਤੀ ਜਾਏਗੀ। ਚੋਣ ਐਤਵਾਰ 10 ਫਰਵਰੀ ਨੂੰ ਸਵੇਰੇ 8:30 ਤੋਂ ਸ਼ਾਮ 5 ਵਜੇ ਤੱਕ ਹੋਵੇਗੀ। 2013 ਦੀ ਵਿਸ਼ੇਸ਼ ਚੋਣ ਵਿਚ ਜਿੱਤੇ ਉਮੀਦਵਾਰਾਂ ਦੀ ਮਿਆਦ ਅਪਰੈਲ 2014 ਵਿਚ ਹੋਣ ਵਾਲੀ ਆਮ ਚੋਣ ਵਿਚ ਬਣੇ ਮੈਂਬਰਾਂ ਦੇ ਅਹੁਦਾ ਸੰਭਾਲਣ ਦੇ ਸਮੇਂ ਤੱਕ ਹੋਵੇਗੀ।

ਸਿੱਖ ਰਿਲੀਜੀਅਸ ਸੁਸਾਇਟੀ ਵਿਰੁਧ ਮਾਰਚ 2012 ਵਿਚ ਕੀਤੇ ਗਏ ਦੂਜੇ ਕੇਸ ਦੇ ਰਾਜ਼ੀਨਾਮੇ ਅਨੁਸਾਰ ਅਦਾਲਤ ਦੇ ਹੁਕਮਾਂ ਦੇ ਲਾਗੂ ਹੋਣ ਦੇ ਤਿੰਨ ਮਹੀਨੇ ਦੇ ਅੰਦਰ ਬੋਰਡ ਵਲੋਂ ਸੁਸਾਇਟੀ ਦੇ ਸਾਲ 2009, 10, 11 ਅਤੇ 2012 ਦੇ ਖਾਤੇ ਕਿਸੇ ਅਜਿਹੇ ਪ੍ਰਵਾਨਿਤ ਅਕਾਊਂਟੈਂਟ ਤੋਂ ਆਡਿਟ ਕਰਵਾਏ ਜਾਣਗੇ ਜੋ 2008 ਪਿਛੋਂ ਸੁਸਾਇਟੀ ਦਾ ਮੈਂਬਰ ਨਾ ਰਿਹਾ ਹੋਵੇ। ਇਸ ਤੋਂ ਇਲਾਵਾ ਰਾਜ਼ੀਨਾਮੇ ਅਨੁਸਾਰ ਸੁਸਾਇਟੀ ਵਲੋਂ 30 ਦਿਨਾਂ ਦੇ ਅੰਦਰ 29,000 ਡਾਲਰ ਦੀ ਰਕਮ ਇਕ ਵਿਸ਼ੇਸ਼ ਗੁੰਬਦ ਖਾਤੇ ਵਿਚ ਜਮਾਂ ਕਰਵਾਈ ਜਾਵੇਗੀ ਤਾਂ ਜੋ ਇਹ ਪੈਸੇ ਸਿਰਫ ਗੁੰਬਦ ਬਣਾਉਣ ਉਪਰ ਹੀ ਖਰਚ ਹੋ ਸਕਣ। ਜ਼ਿਕਰਯੋਗ ਹੈ ਕਿ ਇਹ ਰਕਮ ਮੇਜਰ ਗੁਰਚਰਨ ਸਿੰਘ ਝੱਜ ਨੇ ਉਚੇਚੇ ਤੌਰ 'ਤੇ ਗੁੰਬਦ ਦੀ ਉਸਾਰੀ ਲਈ ਭੇਟਾ ਕੀਤੀ ਸੀ ਅਤੇ ਇਹ ਉਹੋ ਰਕਮ ਹੈ ਜੋ ਬੋਰਡ ਨੇ ਦਾਨੀਆਂ ਦੀ ਸੂਚੀ ਵਿਚ ਪ੍ਰਕਾਸ਼ਿਤ ਨਹੀਂ ਸੀ ਕੀਤੀ ਅਤੇ ਸੰਗਤ ਨੂੰ ਇਸ ਬਾਰੇ ਨਹੀਂ ਸੀ ਦਸਿਆ।

**ਕਿੰਜ ਬਰਬਾਦ ਹੋਇਆ ਗੋਲਕ ਦਾ ਧਾਨ:** ਅਪਰੈਲ 2010 ਦੀਆਂ ਚੋਣਾਂ ਵਿਚ ਹੇਰਾ-ਫੇਰੀ ਦੇ ਦੋਸ਼ਾਂ ਨੂੰ ਲੈ ਕੇ ਹੋਈ ਮੁਕੱਦਮੇਬਾਜ਼ੀ ਅਖੀਰ ਮੁੱਕ ਗਈ ਹੈ ਪਰ ਇਸ ਵਿਚ ਦੋਹਾਂ ਧਿਰਾਂ ਦਾ 4 ਲੱਖ ਡਾਲਰ ਤੋਂ ਵੀ ਵੱਧ ਖਰਚ ਹੋ ਗਿਆ। ਫਿਰ ਵੀ ਸ਼ਿਕਾਗੋ ਦੇ ਸਿੱਖ ਹਲਕਿਆਂ ਵਿਚ ਇਸ ਰਾਜ਼ੀਨਾਮੇ 'ਤੇ ਤਸੱਲੀ ਪ੍ਰਗਟਾਈ ਜਾ ਰਹੀ ਹੈ ਕਿ ਦੇਰ ਆਇਦ ਦਰੁਸਤ ਆਇਦ।

ਇਸ ਘਟਨਾਕ੍ਰਮ ਨੇ ਸਾਬਤ ਕਰ ਦਿਤਾ ਹੈ ਕਿ ਗੁਰਦੁਆਰਾ ਸਿਆਸਤ ਨਾਲ ਜੁੜੇ ਵਖੋ ਵਖ ਧੜੇ ਆਪੋ-ਆਪਣੀ ਹਉਮੈ ਨੂੰ ਪਠੇ ਪਾਉਣ ਲਈ ਆਪਣਾ ਤੇ ਗੁਰੂਘਰ ਦਾ ਪੈਸਾ ਅਦਾਲਤੀ ਕੇਸਾਂ ਉਤੇ ਇਸੇ ਤਰ੍ਹਾਂ ਉਜਾੜਦੇ ਰਹਿਣਗੇ ਅਤੇ ਸੰਗਤ ਚੁਪ ਚਾਪ 'ਸਾਨੂੰ ਕੀ' ਦਾ ਰੁਖ ਅਪਨਾ ਕੇ ਬੈਠੀ ਰਹੇਗੀ। ਜੇ ਅਜਿਹਾ ਨਾ ਹੁੰਦਾ ਤਾਂ ਸੰਗਤ ਦੋਹਾਂ ਧਿਰਾਂ ਉਤੇ ਜੋਰ ਪਾ ਕੇ ਨਵੰਬਰ 2011 ਵਿਚ ਹੀ ਆਪਸੀ ਸਮਝੌਤੇ ਦੀ ਗੱਲ ਨੇਪਰੇ ਚੜ੍ਹਾ ਸਕਦੀ ਸੀ ਅਤੇ ਇੰਜ ਇਹ ਨਾਜਾਇਜ਼ ਖਰਚ ਰੋਕਿਆ ਜਾ ਸਕਦਾ ਸੀ। ਸਤੰਬਰ 2011, ਜਦੋਂ ਪਹਿਲੀ ਵਾਰ ਸਮਝੌਤੇ ਦੇ ਗੱਲ ਤੁਰੀ ਸੀ, ਤਾਂ ਉਦੋਂ ਤਕ ਐਸ ਆਰ ਐਸ ਨੇ ਵਕੀਲਾਂ ਦੀਆਂ ਫੀਸਾਂ ਵਜੋਂ 62,000 ਡਾਲਰ ਖਰਚਿਆ ਸੀ ਪ੍ਰੰਤੂ ਪੰਥਕ ਸਲੇਟ ਦੀ ਅਗਵਾਈ ਹੇਠਲੇ ਪ੍ਰਬੰਧਕ ਕਿਸੇ ਫੈਸਲੇ 'ਤੇ ਨਾ ਪਹੁੰਚ ਸਕੇ। ਉਦੋਂ ਦੋਹਾਂ ਧਿਰਾਂ ਵਿਚਾਲੇ ਗੱਲਬਾਤ ਦੇ ਕਈ ਗੇੜ ਚੱਲੇ ਪਰ ਗੱਲ ਕਿਸੇ ਸਿਰੇ ਨਾ ਲੱਗੀ। ਸੂਤਰਾਂ ਅਨੁਸਾਰ ਸੁਸਾਇਟੀ ਵਲੋਂ ਹੁਣ ਤੱਕ ਇਸ ਕੇਸ ਉਪਰ 231,000 ਡਾਲਰ ਖਰਚਿਆ ਜਾ ਚੁਕਾ ਹੈ ਅਤੇ ਵਕੀਲਾਂ ਦੀਆਂ ਕੁਝ ਹੋਰ ਫੀਸਾਂ ਬਕਾਇਆ ਹਨ। ਇਸ ਦੇ ਹੋਰ ਵਧਣ ਦੀ ਸੰਭਾਵਨਾ ਹੈ।


Short Sale Specialist

Selling HUD homes anywhere in California



Sohanpreet (Sam) Chahal
CA Lic. 01504071
Realtor/Notary Public
email:samchahal@hotmail.com

Just Sold
7 Derow Ct.,
Sacramento, CA 95833
$40,000.00
2625 Hayden Brook Ave.,
Stockton, CA 95212
$141,500

Listing
2519 Tornado Way,
Rancho Cordova, CA 95670
$105,000
4545 Valley Hi Dr.,
Sacramento, CA 95823
$140,000
2430 Yreka Ave,
Sacramento, CA 95822
$63,000

Call: Sohanpreet 'Sam' Chahal
@916-612-5773
visit: www.hudhomestore.com
Serving from Bay Area to Sacramento

Multi-Million Dollars Producer-2007, 2008 & 2009

ਜੇਕਰ ਤੁਸੀਂ ਪਹਿਲੀ ਵਾਰ ਘਰ ਖਰੀਦ ਰਹੇ ਹੋ ਜਾਂ ਫਿਰ ਵੱਡਾ ਘਰ ਅਪਗਰੇਡ ਕਰ ਰਹੇ ਹੋ,
ਜਾਂ ਤੁਸੀਂ ਇਨਵੈਸਟਮੈਂਟ ਪ੍ਰਾਪਰਟੀ ਲੈਣਾ ਚਾਹੁੰਦੇ ਹੋ ਤਾਂ ਅੱਜ ਹੀ ਕਾਲ ਕਰੋ

Golden State Realty

Sacramento Office: 8695 Territorial Way, Elk Grove CA 95624
Tel: 916-612-5773 Fax: 916-689-5707



Yarra, Kharazi & Associates

Phone: (888) 97YARRA (92772)

Bankruptcy & Criminal Law

Offices in Bakersfield, Fresno and Merced
Bring this ad in and receive a free consultation

ਬੈਂਕਰਪਸੀ ਅਤੇ
ਫੌਜਦਾਰੀ ਕਾਨੂੰਨ



ਸਾਡੇ ਦਫਤਰ ਬੇਕਰਜ਼ਫੀਲਡ, ਫਰਿਜ਼ਨੋ ਅਤੇ ਮਰਸਡ ਵਿਚ ਹਨ
ਇਹ ਇਸ਼ਤਿਹਾਰ ਲੈ ਕੇ ਆਓ ਤੇ ਆਪਣੇ ਕੇਸ ਬਾਰੇ ਮੁਫਤ ਸਲਾਹ ਲਓ

ਤੁਹਾਡੇ ਭਰੋਸੇਮੰਦ ਵਕੀਲ ਜਿਨ੍ਹਾਂ ਦੀ ਮੁਹਾਰਤ
'ਤੇ ਤੁਸੀਂ ਯਕੀਨ ਕਰ ਸਕਦੇ ਹੋ

ਯੱਰਾ, ਖਰਾਜ਼ੀ ਐਂਡ ਐਸੋਸੀਏਟਸ

ਫੋਨ: 1-888-979-2772

Email: Info@rwyarra.com

# ਅਕਾਲੀਆਂ ਦੇ ਰੰਗ 'ਚ ਰੰਗੀ ਪੰਜਾਬ ਵਿਜੀਲੈਂਸ ਬਿਊਰੋ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਵਿਜੀਲੈਂਸ ਬਿਊਰੋ ਪੂਰੀ ਤਰ੍ਹਾਂ ਅਕਾਲੀਆਂ ਦੇ ਰੰਗ 'ਚ ਰੰਗੀ ਗਈ ਹੈ। ਇਸ ਗੱਲ ਦਾ ਅੰਦਾਜ਼ਾ ਇਸ ਤੋਂ ਲਾਇਆ ਜਾ ਸਕਦਾ ਹੈ ਕਿ ਵਿਜੀਲੈਂਸ ਆਪਣੇ ਵੱਲੋਂ ਦਰਜ ਕੇਸਾਂ ਨੂੰ ਹੀ ਪੁੱਠਾ ਗੇੜਾ ਦੇ ਰਹੀ ਹੈ। ਜ਼ਿਕਰਯੋਗ ਹੈ ਕਿ ਕੈਪਟਨ ਅਮਰਿੰਦਰ ਸਿੰਘ ਦੇ ਮੁੱਖ ਮੰਤਰੀ ਹੁੰਦਿਆਂ ਵਿਜੀਲੈਂਸ ਬਿਊਰੋ ਸਿਆਸਤਦਾਨਾਂ ਲਈ ਹਊਆ ਬਣ ਗਈ ਸੀ ਪਰ ਮੌਜੂਦਾ ਸਰਕਾਰ ਸਮੇਂ ਇਸ ਵੱਲੋਂ ਭ੍ਰਿਸ਼ਟਾਚਾਰ ਦੇ ਕੇਸਾਂ ਵਿਚ ਉਲਝੇ ਸੂਬੇ ਦੇ ਸਿਆਸਤਦਾਨਾਂ ਪ੍ਰਤੀ ਅਖਤਿਆਰ ਰਵੱਈਆ ਸ਼ੱਕੀ ਨਜ਼ਰ ਆ ਰਿਹਾ ਹੈ। ਸੂਬੇ ਵਿਚ ਕਾਂਗਰਸ ਦੀ ਹਕੂਮਤ ਦੌਰਾਨ ਬਿਊਰੋ ਨੂੰ ਜਿਹੜੇ ਅਕਾਲੀ ਆਗੂ ਭ੍ਰਿਸ਼ਟ ਜਾਪਦੇ ਸਨ, ਉਨ੍ਹਾਂ ਮਾਮਲਿਆਂ ਵਿਚ ਅਧਿਕਾਰੀਆਂ ਨੂੰ ਹੁਣ ਕੋਈ ਠੋਸ ਸਬੂਤ ਹੀ ਨਹੀਂ ਲੱਭ ਰਿਹਾ।

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਸਮੇਤ ਹੋਰਾਂ ਵਿਅਕਤੀਆਂ ਵਿਰੁੱਧ ਜਿਹੜਾ ਕੇਸ ਦਰਜ ਹੋਇਆ ਸੀ, ਉਸ ਵਿਚ ਤਾਂ ਗਵਾਹ ਆਪਣੀਆਂ ਪਹਿਲਾਂ ਗਵਾਹੀਆਂ ਤੋਂ ਮੁਨਕਰ ਹੋ ਗਏ ਜਿਸ ਕਾਰਨ ਸਾਰੇ ਵਿਅਕਤੀ ਵਿਸ਼ੇਸ਼ ਅਦਾਲਤ ਨੇ ਬਰੀ ਕਰ ਦਿੱਤੇ। ਹੋਰਾਂ ਕਈ ਕੇਸਾਂ 'ਚ ਵਿਜੀਲੈਂਸ ਨੇ ਖ਼ੁਦ ਹੀ ਆਪਣੇ ਕੇਸਾਂ ਨੂੰ 'ਝੂਠੇ' ਸਾਬਤ ਕਰਨਾ ਸ਼ੁਰੂ ਕਰ ਦਿੱਤਾ ਹੈ। ਇਸ ਦੀ ਤਾਜ਼ਾ ਮਿਸਾਲ ਸੂਬੇ ਦੇ ਮੁੱਖ ਸੰਸਦੀ ਸਕੱਤਰ ਵਿਰਸਾ ਸਿੰਘ ਵਲਟੋਹਾ ਤੇ ਸਾਬਕਾ ਅਕਾਲੀ ਮੰਤਰੀ ਸੁੱਚਾ ਸਿੰਘ ਲੰਗਾਹ ਦੇ ਕੇਸਾਂ ਤੋਂ ਮਿਲਦੀ ਹੈ।

ਸ. ਵਲਟੋਹਾ ਨੂੰ ਭ੍ਰਿਸ਼ਟਾਚਾਰ ਤੇ ਸਰੋਤਾਂ ਤੋਂ ਜ਼ਿਆਦਾ ਆਮਦਨ ਦੇ ਕੇਸ 'ਚ ਮੁਹਾਲੀ ਦੀ ਵਿਸ਼ੇਸ਼ ਅਦਾਲਤ ਨੇ ਬਰੀ ਕਰ ਦਿੱਤਾ ਹੈ ਤੇ ਲੰਗਾਹ ਦੇ ਮਾਮਲੇ 'ਚ ਅਦਾਲਤ ਦਾ ਫੈਸਲਾ ਆਉਣਾ ਬਾਕੀ ਹੈ। ਹੋਰ ਤਾਂ ਹੋਰ ਸਿਆਸੀ ਵਿਅਕਤੀਆਂ 'ਤੇ ਕੇਸ ਦਰਜ ਕਰਨ 'ਚ ਭੂਮਿਕਾ ਨਿਭਾਉਣ ਵਾਲੇ ਪੁਲਿਸ ਦੇ ਦੋ ਅਫ਼ਸਰ ਹੀ ਕਾਨੂੰਨੀ ਸ਼ਿਕੰਜੇ ਵਿਚ ਆ ਗਏ ਹਨ। ਆਈ.ਜੀ. ਰੈਂਕ ਦੇ ਅਧਿਕਾਰੀ ਬਰਜਿੰਦਰ ਕੁਮਾਰ ਉਪਲ ਤੇ ਸੇਵਾਮੁਕਤ ਅਫ਼ਸਰ ਸੁਰਿੰਦਰ ਪਾਲ ਸਿੰਘ ਵਿਰਕ ਵਿਰੁੱਧ ਮੁਹਾਲੀ ਦੀ ਵਿਸ਼ੇਸ਼ ਅਦਾਲਤ ਨੇ ਬਾਦਲਾਂ ਵਾਲੇ ਕੇਸ ਵਿਚ ਪਰਜਰੀ (ਅਦਾਲਤ ਨੂੰ ਗੁੰਮਰਾਹ ਕਰਨਾ) ਦਾ ਮਾਮਲਾ ਚਲਾਉਣ ਦੇ ਹੁਕਮ ਦਿੱਤੇ ਸਨ।



ਇਨ੍ਹਾਂ ਦੋਵਾਂ ਅਫ਼ਸਰਾਂ ਤੋਂ ਬਿਨਾਂ ਬਾਕੀ ਕਿਸੇ ਵੀ ਵਿਜੀਲੈਂਸ ਅਫ਼ਸਰ ਵਿਰੁੱਧ ਕੋਈ ਕਾਰਵਾਈ ਨਹੀਂ ਹੋਈ। ਪੰਜਾਬ ਵਿਚ ਕਾਂਗਰਸ ਸਰਕਾਰ ਸਮੇਂ ਬਾਦਲ ਪਰਿਵਾਰ ਦੇ ਮੈਂਬਰਾਂ ਸਮੇਤ ਜਥੇਦਾਰ ਤੋਤਾ ਸਿੰਘ, ਨਿਰਮਲ ਸਿੰਘ ਕਾਹਲੋਂ, ਸੁੱਚਾ ਸਿੰਘ ਲੰਗਾਹ, ਵਿਰਸਾ ਸਿੰਘ ਵਲਟੋਹਾ, ਅਜੀਤ ਸਿੰਘ ਕੋਹਾੜ, ਜਗਦੀਸ਼ ਸਿੰਘ ਗਰਚਾ, ਸੋਹਨ ਸਿੰਘ ਠੰਡਲ 'ਤੇ ਵਿਜੀਲੈਂਸ ਬਿਊਰੋ ਨੇ ਭ੍ਰਿਸ਼ਟਾਚਾਰ ਤੇ ਸਰੋਤਾਂ ਤੋਂ ਜ਼ਿਆਦਾ ਆਮਦਨ ਦੇ ਕੇਸ ਦਰਜ ਕੀਤੇ ਸਨ। ਇਸ ਸਮੇਂ ਨਿਰਮਲ ਸਿੰਘ ਕਾਹਲੋਂ ਤੇ ਸੁੱਚਾ ਸਿੰਘ ਲੰਗਾਹ ਦੇ ਮਾਮਲੇ ਹੀ ਅਦਾਲਤ 'ਚ ਬਕਾਇਆ ਪਏ ਹਨ। ਸੋਹਨ ਸਿੰਘ ਠੰਡਲ ਨੇ ਹੇਠਲੀ ਅਦਾਲਤ 'ਚੋਂ ਸਜ਼ਾ ਹੋ ਗਈ ਸੀ ਪਰ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਉਨ੍ਹਾਂ ਨੂੰ ਬਰੀ ਕਰ ਦਿੱਤਾ ਸੀ। ਜਥੇਦਾਰ ਤੋਤਾ ਸਿੰਘ ਨੂੰ ਮਈ ਦੌਰਾਨ ਹੀ ਮੁਹਾਲੀ ਦੀ ਵਿਸ਼ੇਸ਼ ਅਦਾਲਤ ਨੇ ਸਰਕਾਰੀ ਵਾਹਨ ਦੀ ਦੁਰਵਰਤੋਂ ਦੇ ਮਾਮਲੇ ਵਿਚ ਸਜ਼ਾ ਸੁਣਾਈ ਹੈ। ਬਾਕੀ ਅਕਾਲੀ ਆਗੂ ਪਿਛਲੇ ਸਮੇਂ ਦੌਰਾਨ ਬਰੀ ਹੋ ਚੁੱਕੇ ਹਨ। ਅਕਾਲੀ ਸਰਕਾਰ ਦੌਰਾਨ ਕੈਪਟਨ ਅਮਰਿੰਦਰ ਸਿੰਘ, ਚੌਧਰੀ ਜਗਜੀਤ ਸਿੰਘ ਤੇ ਹੋਰਾਂ ਵਿਰੁੱਧ ਦਰਜ ਮਾਮਲੇ ਅਦਾਲਤਾਂ 'ਚ ਸੁਣਵਾਈ ਅਧੀਨ ਹਨ। ਵਿਜੀਲੈਂਸ ਬਿਊਰੋ ਵੱਲੋਂ ਅਖਤਿਆਰ ਕੀਤੇ ਰੁਖ਼ ਦਾ ਰੋਚਕ ਪਹਿਲੂ ਇਹ ਹੈ ਕਿ ਭ੍ਰਿਸ਼ਟਾਚਾਰ ਤੇ ਸਰੋਤਾਂ ਤੋਂ ਜ਼ਿਆਦਾ ਆਮਦਨ ਦੇ ਕੇਸਾਂ 'ਚ ਫਸੇ ਰਾਜਸੀ ਵਿਅਕਤੀਆਂ ਨੂੰ ਤਾਂ ਸਬੂਤਾਂ ਦੀ ਅਣਹੋਂਦ ਕਾਰਨ ਕਾਨੂੰਨੀ ਚੋਰ ਮੋਰੀਆਂ ਲੱਭ ਕੇ ਕਾਨੂੰਨੀ ਸ਼ਿਕੰਜੇ ਤੋਂ ਬਚਾਇਆ ਜਾ ਰਿਹਾ ਹੈ ਪਰ ਬਿਊਰੋ ਆਪਣੇ ਉਨ੍ਹਾਂ ਅਧਿਕਾਰੀਆਂ ਜਾਂ ਮੁਲਾਜ਼ਮਾਂ ਵਿਰੁੱਧ ਕੋਈ ਕਾਰਵਾਈ ਨਹੀਂ ਕਰ ਰਹੀ ਜਿਨ੍ਹਾਂ ਨੇ ਸਿਆਸਤਦਾਨਾਂ ਖ਼ਿਲਾਫ਼ ਮਾਮਲੇ ਦਰਜ ਕੀਤੇ।

ਇਸ ਬਾਰੇ ਬਿਊਰੋ ਦੇ ਮੁਖੀ ਸੁਰੇਸ਼ ਅਰੋੜਾ ਦਾ ਕਹਿਣਾ ਹੈ ਕਿ ਭ੍ਰਿਸ਼ਟਾਚਾਰ ਦੇ ਮਾਮਲਿਆਂ 'ਚ ਕਾਨੂੰਨੀ ਕਾਰਵਾਈ ਕਰਨ ਵਾਲੇ ਇਸ ਅਦਾਰੇ ਨੂੰ ਪੇਸ਼ਾਵਰ ਲੀਹਾਂ 'ਤੇ ਲਿਆਂਦਾ ਜਾ ਰਿਹਾ ਹੈ। ਸਿਆਸਤਦਾਨਾਂ ਵਿਰੁੱਧ ਦਰਜ ਮਾਮਲਿਆਂ ਦਾ ਹਸ਼ਰ ਸਾਹਮਣੇ ਆਉਣ ਮਗਰੋਂ ਸਵਾਲ ਇਹ ਵੀ ਉੱਠਦਾ ਹੈ ਕਿ ਕੀ ਪੰਜਾਬ ਵਿਜੀਲੈਂਸ ਬਿਊਰੋ ਦਾ ਕੰਮ ਸਿਰਫ਼ ਪਟਵਾਰੀਆਂ, ਕਲਰਕਾਂ ਜਾਂ ਲਾਈਨਮੈਨਾਂ ਨੂੰ ਫੜਨ ਤੱਕ ਹੀ ਸੀਮਤ ਰਹਿ ਗਿਆ ਹੈ।

### ਪੱਤਰਕਾਰ ਦੀ ਕੁੱਟਮਾਰ

## ਸੁਖਬੀਰ ਬਾਦਲ ਦੇ ਛੇ ਸਾਥੀ ਬਰੀ

**ਫ਼ਰੀਦਕੋਟ (ਬਿਊਰੋ):** ਜੁਡੀਸ਼ੀਅਲ ਮੈਜਿਸਟਰੇਟ ਨੇ ਕੋਟਕਪੂਰਾ ਦੇ ਵਸਨੀਕ ਛੇ ਵਿਅਕਤੀਆਂ ਨੂੰ 12 ਸਾਲ ਪੁਰਾਣੇ ਕੇਸ ਵਿਚੋਂ ਬਰੀ ਕਰ ਦਿੱਤਾ ਹੈ। ਇਹ ਮਾਮਲਾ 1999 ਦੀਆਂ ਲੋਕ ਸਭਾ ਚੋਣਾਂ ਨਾਲ ਸਬੰਧਤ ਹੈ ਤੇ ਸੁਖਬੀਰ ਬਾਦਲ ਦੀ ਚੋਣ ਸਮੇਂ ਇਹ ਝਗੜਾ ਹੋਇਆ ਸੀ। ਮੁਲਜ਼ਮਾਂ ਦੇ ਵਕੀਲ ਜੋਗਿੰਦਰ ਸਿੰਘ ਬਰਾੜ ਨੇ ਦੱਸਿਆ ਕਿ ਸਿਟੀ ਪੁਲਿਸ ਕੋਟਕਪੂਰਾ ਨੇ 21 ਜੂਨ, 2000 ਨੂੰ ਨਰੇਸ਼ ਕੁਮਾਰ ਸਹਿਗਲ ਦੀ ਸ਼ਿਕਾਇਤ ਦੇ ਅਧਾਰ 'ਤੇ ਅਕਾਲੀ ਆਗੂ ਰਾਮਪਾਲ ਬਰਗਾੜੀ, ਗਗਨਦੀਪ ਸਿੰਘ ਉਰਫ਼ ਗੱਗੀ, ਰਾਜਵਿੰਦਰ ਸਿੰਘ, ਹਰਮੇਸ਼ ਕੁਮਾਰ, ਵਿਜੇ ਕੁਮਾਰ ਤੇ ਪੁਸ਼ਪ ਰਾਜ ਖ਼ਿਲਾਫ਼ ਆਈ.ਪੀ.ਸੀ. ਦੀ ਧਾਰਾ 382, 323, 148, 149 ਤਹਿਤ ਮਾਮਲਾ ਦਰਜ ਕੀਤਾ ਸੀ।

ਨਰੇਸ਼ ਕੁਮਾਰ ਸਹਿਗਲ ਨੇ ਦੋਸ਼ ਲਾਇਆ ਸੀ ਕਿ ਚੋਣਾਂ ਦੌਰਾਨ ਉਸ ਨਾਲ ਝਗੜੇ ਸਨ ਤੇ ਬਾਅਦ ਵਿਚ ਉਸ ਦੇ ਘਰ ਆ ਕੇ ਉਸ ਦੀ ਕੁੱਟਮਾਰ ਕੀਤੀ ਤੇ ਉਸ ਦਾ ਕੈਮਰਾ ਖੋਹ ਕੇ ਲੈ ਗਏ। ਇਸ ਮਾਮਲੇ ਵਿਚ ਅਦਾਲਤ ਨੇ ਸ਼ੱਕ ਦੇ ਆਧਾਰ 'ਤੇ ਸਾਰੇ ਮੁਲਜ਼ਮਾਂ ਨੂੰ ਬਰੀ ਕਰਨ ਦਾ ਹੁਕਮ ਦਿੱਤਾ। ਨਰੇਸ਼ ਕੁਮਾਰ ਸਹਿਗਲ ਨੇ ਦੋਸ਼ ਲਾਇਆ ਸੀ ਕਿ ਉਕਤ ਵਿਅਕਤੀ ਸੁਖਬੀਰ ਸਿੰਘ ਬਾਦਲ ਦੇ ਕਰੀਬੀ ਸਾਥੀ ਹਨ ਤੇ 5 ਸਤੰਬਰ, 1999 ਨੂੰ ਚੋਣਾਂ ਦੌਰਾਨ ਦੀ ਘਟਨਾ ਦੀਆਂ ਤਸਵੀਰਾਂ ਖਿੱਚਨ ਦੀ ਰੰਜਿਸ਼ ਕਰਕੇ ਉਸ 'ਤੇ ਹਮਲਾ ਕੀਤਾ। ਇਨ੍ਹਾਂ ਚੋਣਾਂ ਵਿਚ ਸੁਖਬੀਰ ਸਿੰਘ ਬਾਦਲ ਅਕਾਲੀ ਦਲ ਦੇ ਉਮੀਦਵਾਰ ਸਨ ਤੇ ਨਰੇਸ਼ ਕੁਮਾਰ ਸਹਿਗਲ ਬਤੌਰ ਪੱਤਰਕਾਰ ਉਸ ਦੀਆਂ ਤਸਵੀਰਾਂ ਖਿੱਚ ਰਿਹਾ ਸੀ ਜਿਸ ਨੂੰ ਲੈ ਕੇ ਝਗੜਾ ਹੋ ਗਿਆ।

## ਐਪਲ ਨੇ ਚੀਨ 'ਚ ਪੈਰ ਪਸਾਰੇ

**ਪੇਇਚਿੰਗ:** ਐਪਲ ਨੇ ਏਸ਼ੀਆ ਦਾ ਆਪਣਾ ਸਭ ਤੋਂ ਵੱਡਾ ਸਟੋਰ ਪੇਇਚਿੰਗ ਵਿਚ ਖੋਲ੍ਹਿਆ ਹੈ। ਇਹ ਸਟੋਰ ਸ਼ਹਿਰ ਦੀ ਵਾਂਗਫੂਚਿੰਗ ਗਲੀ ਵਿਚ ਹੈ। ਐਪਲ ਦੇ ਸੀਨੀਅਰ ਵਾਈਸ ਪ੍ਰੈਜ਼ੀਡੈਂਟ ਜੌਹਨ ਬਰਾਊਟ ਮੁਤਾਬਕ ਇਹ ਸਟੋਰ 2300 ਸਕੁਏਅਰ ਮੀਟਰ ਵਿਚ ਹੈ ਤੇ ਇਸ ਵਿਚ 300 ਮੁਲਾਜ਼ਮ ਤਾਇਨਾਤ ਕੀਤੇ ਗਏ ਹਨ। ਅਮਰੀਕੀ ਕੰਪਨੀ ਐਪਲ ਦੀ ਅੱਖ ਚੀਨ ਦੇ ਵਧ-ਫੁੱਲ ਰਹੇ ਬਾਜ਼ਾਰ 'ਤੇ ਹੈ।

# ਜਾਇਦਾਦ ਟੈਕਸ ਬਣਿਆ ਪੰਜਾਬ ਸਰਕਾਰ ਲਈ ਮੁਸੀਬਤ

ਚੰਡੀਗੜ੍ਹ: ਸ਼ਹਿਰੀ ਇਲਾਕਿਆਂ 'ਚ ਲਾਇਆ ਜਾਇਦਾਦ ਟੈਕਸ ਅਕਾਲੀ-ਭਾਜਪਾ ਲਈ ਵੱਡੀ ਮੁਸੀਬਤ ਬਣਿਆ ਹੋਇਆ ਹੈ। ਜਿੱਥੇ ਭਾਜਪਾ ਨੂੰ ਆਪਣੇ ਸ਼ਹਿਰੀ ਵੋਟਰਾਂ ਦੇ ਸਖ਼ਤ ਵਿਰੋਧ ਦਾ ਖ਼ਤਰਾ ਸਤਾ ਰਿਹਾ ਹੈ, ਉੱਥੇ ਅਕਾਲੀ ਦਲ ਇਸ ਬਾਰੇ ਆਰਡੀਨੈਂਸ ਲਾਗੂ ਕਰਨ ਦੇ ਰਾਹ 'ਚ ਭਾਜਪਾ ਮੰਤਰੀ ਵੱਲੋਂ ਡਾਹੇ ਅੜਿੱਕੇ ਤੋਂ ਪਰੇਸ਼ਾਨ ਹੈ। ਜ਼ਿਕਰਯੋਗ ਹੈ ਕਿ ਜਾਇਦਾਦ ਟੈਕਸ ਲਾਉਣ ਲਈ ਮੰਤਰੀ ਮੰਡਲ ਵੱਲੋਂ ਪਾਸ ਕੀਤੇ ਆਰਡੀਨੈਂਸ ਨੂੰ ਲਾਗੂ ਕਰਨ ਵਿਚ ਸਥਾਨਕ ਸਰਕਾਰ ਵਿਭਾਗ ਦੇ ਮੰਤਰੀ ਭਗਤ ਚੂਨੀ ਲਾਲ ਨੇ ਅੜਿੱਕਾ ਡਾਹਿਆ ਹੋਇਆ ਹੈ। ਪੰਜਾਬ ਵਜ਼ਾਰਤ ਵੱਲੋਂ ਤਕਰੀਬਨ ਡੇਢ ਮਹੀਨਾ ਪਹਿਲਾਂ ਪ੍ਰਾਪਰਟੀ ਟੈਕਸ ਦੇ ਆਰਡੀਨੈਂਸ ਨੂੰ ਪ੍ਰਵਾਨਗੀ ਦੇ ਦਿੱਤੀ ਗਈ ਸੀ। ਕਾਨੂੰਨੀ ਮਸ਼ੀਰ (ਐਲ.ਆਰ.) ਵੱਲੋਂ ਮੋਹਰ ਲਾਉਣ ਤੋਂ ਬਾਅਦ ਫਾਈਲ ਮੰਤਰੀ ਦੇ ਦਫ਼ਤਰ ਦਾ ਸ਼ਿੰਗਾਰ ਬਣੀ ਪਈ ਹੈ।

ਭਰੋਸੇਯੋਗ ਸੂਤਰਾਂ ਅਨੁਸਾਰ ਭਾਰਤੀ ਜਨਤਾ ਪਾਰਟੀ ਵੱਲੋਂ ਸ਼ਹਿਰੀ ਖੇਤਰਾਂ 'ਚ ਟੈਕਸਾਂ ਦਾ ਵਿਰੋਧ ਕੀਤੇ ਜਾਣ ਕਾਰਨ ਇਸ ਪ੍ਰਸਤਾਵਿਤ ਟੈਕਸ ਨੂੰ ਲਾਗੂ ਕਰਨ ਦਾ ਮਾਮਲਾ ਲਟਕਿਆ ਹੋਇਆ ਹੈ। ਭਾਜਪਾ ਮੰਤਰੀ ਦੇ ਰੁਖ਼ ਕਾਰਨ

### ਭਾਜਪਾ ਮੰਤਰੀ ਨੇ ਆਰਡੀਨੈਂਸ ਦੇ ਰਾਹ 'ਚ ਅੜਿੱਕਾ ਡਾਹਿਆ




ਗੱਠਜੋੜ ਸਰਕਾਰ ਵਿਚਲੇ ਮੱਤਭੇਦ ਵੀ ਸਾਹਮਣੇ ਆ ਗਏ ਹਨ ਤੇ ਸਰਕਾਰ ਦੀ ਹਾਲਤ ਕਸੂਤੀ ਬਣੀ ਹੋਈ ਹੈ। ਇਹ ਮਾਮਲਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਧਿਆਨ 'ਚ ਵੀ ਲਿਆਂਦਾ ਗਿਆ ਹੈ। ਸਰਕਾਰ ਇਸ ਨਵੇਂ ਟੈਕਸ ਨੂੰ ਲਾਗੂ ਕਰਨ ਲਈ ਕਾਹਲੀ 'ਚ ਹੈ ਤਾਂ ਜੋ ਕੇਂਦਰ ਸਰਕਾਰ ਤੋਂ ਜਵਾਹਰ ਲਾਲ ਨਹਿਰੂ ਸ਼ਹਿਰੀ ਨਵੀਨੀਕਰਨ ਯੋਜਨਾ ਅਧੀਨ ਗਰਾਂਟ ਲਈ ਜਾ ਸਕੇ। ਪੰਜਾਬ ਮੰਤਰੀ ਮੰਡਲ ਵੱਲੋਂ ਇਸ ਆਰਡੀਨੈਂਸ ਨੂੰ 28 ਅਗਸਤ ਵਾਲੀ ਮੀਟਿੰਗ ਦੌਰਾਨ ਪ੍ਰਵਾਨਗੀ ਦਿੱਤੀ ਗਈ ਸੀ।

ਵਿਭਾਗ ਵੱਲੋਂ ਮੁੱਢਲੇ ਤੌਰ 'ਤੇ ਜੋ ਪ੍ਰਸਤਾਵ ਤਿਆਰ ਕੀਤਾ ਗਿਆ ਹੈ, ਉਸ ਮੁਤਾਬਕ ਸ਼ਹਿਰੀ ਖੇਤਰਾਂ 'ਚ ਹਰ ਤਰ੍ਹਾਂ ਦੀ ਰਿਹਾਇਸ਼ੀ, ਵਪਾਰਕ ਤੇ ਉਦਯੋਗਿਕ ਪਲਾਟਾਂ ਨੂੰ ਕਰਾਂ ਦੇ ਦਾਇਰੇ 'ਚ ਲਿਆਂਦਾ ਜਾਵੇਗਾ। ਸ਼ਹਿਰੀ ਖੇਤਰ ਦੇ ਲੋਕਾਂ 'ਤੇ ਸਾਲਾਨਾ ਤਕਰੀਬਨ 800 ਕਰੋੜ ਰੁਪਏ ਦਾ ਬੋਝ ਪੈਣ ਦਾ ਅਨੁਮਾਨ ਹੈ। ਸੂਤਰਾਂ ਅਨੁਸਾਰ ਇਸ ਟੈਕਸ ਨੂੰ ਲਾਗੂ ਕਰਨ ਲਈ ਪਾਰਟੀ ਇਕਮਤ ਨਹੀਂ ਹੈ ਜਿਸ ਕਾਰਨ ਭਗਤ ਚੂਨੀ ਲਾਲ ਵੱਲੋਂ ਫਾਈਲ 'ਤੇ ਸਹੀ ਨਹੀਂ ਪਾਈ ਜਾ ਰਹੀ। ਸਥਾਨਕ ਸਰਕਾਰਾਂ ਵਿਭਾਗ ਦੇ ਮੰਤਰੀ ਵੱਲੋਂ ਸਹੀ ਪਾਉਣ ਤੋਂ ਬਾਅਦ ਫਾਈਲ ਮੁੱਖ ਮੰਤਰੀ ਨੂੰ ਭੇਜੀ ਜਾਵੇਗੀ। ਉਸ ਤੋਂ ਬਾਅਦ ਰਾਜਪਾਲ ਦੀ ਪ੍ਰਵਾਨਗੀ ਉਪਰੰਤ ਆਰਡੀਨੈਂਸ ਲਾਗੂ ਕਰਨ ਲਈ ਨੋਟੀਫਿਕੇਸ਼ਨ ਜਾਰੀ ਹੋ ਸਕੇਗਾ। ਪ੍ਰਾਪਰਟੀ ਟੈਕਸ ਸਮੇਤ ਵਿਭਾਗ ਦੇ ਹੋਰ ਕਈ ਮਾਮਲੇ ਮੰਤਰੀ ਦੇ ਦਰਬਾਰ 'ਚ ਹੀ ਅਟਕੇ ਪਏ ਹਨ। ਇਨ੍ਹਾਂ 'ਚ ਮੁੱਖ ਤੌਰ 'ਤੇ ਸ਼ਹਿਰੀ ਖੇਤਰਾਂ ਵਿਚ ਪਾਣੀ ਤੇ ਸੀਵਰੇਜ ਦੇ ਬਿੱਲਾਂ ਨੂੰ ਲਾਗੂ ਕਰਨ ਤੇ ਉਨ੍ਹਾਂ ਦੀ ਵਸੂਲੀ ਦੀ ਨੀਤੀ ਸ਼ਾਮਲ ਹਨ। ਇਸ ਤਰ੍ਹਾਂ ਵਿਭਾਗ ਦੇ ਮਹੱਤਵਪੂਰਨ ਫੈਸਲੇ ਲਾਗੂ ਹੋਣ ਤੋਂ ਪਹਿਲਾਂ ਫਾਈਲਾਂ 'ਚ ਹੀ ਦੱਬੇ ਪਏ ਹਨ। ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਵੱਲੋਂ ਅਧਿਕਾਰੀਆਂ ਦੀ ਜਵਾਬਦੇਹੀ ਤਲਬੀ ਕੀਤੀ ਜਾ ਰਹੀ ਹੈ। ਵਿਭਾਗ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਪ੍ਰਾਪਰਟੀ ਟੈਕਸ ਬਾਰੇ ਜੇਕਰ ਆਰਡੀਨੈਂਸ 'ਚ ਦੇਰੀ ਹੁੰਦੀ ਹੈ ਤਾਂ ਜਵਾਹਰ ਲਾਲ ਨਹਿਰੂ ਸ਼ਹਿਰੀ ਨਵੀਨੀਕਰਨ ਮਿਸ਼ਨ ਤਹਿਤ ਸ਼ਹਿਰੀ ਖੇਤਰਾਂ ਨੂੰ ਗਰਾਂਟ ਮਿਲਣ 'ਤੇ ਸਵਾਲੀਆ ਨਿਸ਼ਾਨ ਲੱਗ ਜਾਵੇਗਾ।

# ਜਨਤਾ ਦੇ ਪੈਸੇ ਦੇ ਸਿਰ 'ਤੇ ਬਾਦਲਾਂ ਦੇ ਸ਼ਾਹੀ ਠਾਠ

## ਪਿੰਡ ਬਾਦਲ ਨੇੜੇ ਕਰੋੜਾਂ ਰੁਪਏ ਖਰਚ ਕੇ ਬਣੇਗਾ ਹੈਲੀਪੋਰਟ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਖ਼ਜ਼ਾਨਾ ਖਾਲੀ ਹੋਣ ਦਾ ਰੋਣਾ ਰੋ ਕੇ ਸਰਕਾਰੀ ਮੁਲਾਜ਼ਮਾਂ ਦੀਆਂ ਤਨਖਾਹਾਂ ਦੇਣ ਤੇ ਨਵੀਂ ਭਰਤੀ ਰੋਕੀ ਬੈਠੀ ਪੰਜਾਬ ਸਰਕਾਰ ਪਿੰਡ ਬਾਦਲ ਨੇੜਲੇ ਪਿੰਡ ਮਾਨ ਵਿਖੇ ਕਰੋੜਾਂ ਦੀ ਲਾਗਤ ਨਾਲ ਆਲੀਸ਼ਾਨ ਹੈਲੀਪੋਰਟ ਤਿਆਰ ਕਰਨ ਲਈ ਕਾਹਲੀ ਨਜ਼ਰ ਆ ਰਹੀ ਹੈ। ਸਰਕਾਰ ਪਿੰਡ ਮਾਨ ਵਿਚ ਸ਼ਾਮਲਾਤ ਨਾ ਹੋਣ ਕਾਰਨ ਇਸ ਪ੍ਰਾਜੈਕਟ ਲਈ ਲੋੜੀਂਦਾ 25 ਏਕੜ ਰਕਬਾ ਮੁੱਲ ਖਰੀਦੇਗੀ ਜਿਸ 'ਤੇ ਕਰੋੜਾਂ ਰੁਪਏ ਖਰਚ ਆਵੇਗਾ।

ਸੂਤਰਾਂ ਅਨੁਸਾਰ ਇਹ ਹੈਲੀਪੋਰਟ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਨਿੱਜੀ 'ਹਵਾਈ ਵਾਹਨਾਂ' ਲਈ ਤਿਆਰ ਕੀਤਾ ਜਾ ਰਿਹਾ ਹੈ। ਇਸ ਹੈਲੀਪੋਰਟ ਤੋਂ ਹੈਲੀਕਾਪਟਰਾਂ ਦੇ ਉਡਾਣ ਭਰਨ, ਤੇਲ ਭਰਨ, ਹਵਾਈ ਸਟਾਫ ਦੇ ਰਹਿਣ ਤੇ ਸੁਰੱਖਿਆ ਦੇ ਮੁਕੰਮਲ ਪ੍ਰਬੰਧ ਕੀਤੇ ਜਾਣਗੇ। ਹੈਲੀਪੋਰਟ ਦੀ ਉਸਾਰੀ ਲਈ ਸਰਕਾਰ ਨੇ ਕਮਾਲ ਦੀ ਫੁਰਤੀ ਵਿਖਾਉਂਦਿਆਂ ਕੇਂਦਰ ਸਰਕਾਰ ਦੀ ਡਿਫੈਂਸ ਮਨਿਸਟਰੀ ਤੇ ਏਅਰ ਫੋਰਸਿਜ਼ ਅਥਾਰਟੀਜ਼ ਤੋਂ ਲੈ ਕੇ ਸੂਬੇ ਦੇ ਸਮੂਹ ਵਿਭਾਗਾਂ ਤੋਂ ਹੱਥੋ ਹੱਥੀ 'ਕੋਈ ਇਤਰਾਜ਼ ਨਹੀਂ ਸਰਟੀਫਿਕੇਟ' ਲੈ ਲਏ ਹਨ। ਇਸ ਹੈਲੀਪੋਰਟ ਲਈ ਜ਼ਿਲ੍ਹਾ ਪ੍ਰਸ਼ਾਸਨ ਤਕਰੀਬਨ 988 ਕਨਾਲ, 12 ਮਰਲੇ ਜ਼ਮੀਨ ਐਕੁਆਇਰ ਕਰ ਰਿਹਾ ਹੈ ਤੇ ਇਸ ਦਾ ਨਾਂ 'ਮਾਨ ਹੈਲੀਪੋਰਟ' ਵਜੋਂ ਤਜਵੀਜ਼ ਕੀਤਾ ਗਿਆ ਹੈ। ਹਾਸਲ ਜਾਣਕਾਰੀ ਅਨੁਸਾਰ ਪੰਜਾਬ ਸਰਕਾਰ ਦੇ ਸਿਵਲ ਐਵੀਏਸ਼ਨ ਵਿਭਾਗ ਨੇ ਇਸ ਹੈਲੀਪੋਰਟ ਵਾਸਤੇ ਮਨਜ਼ੂਰੀ ਲਈ ਫਾਈਲ ਭਾਰਤ ਸਰਕਾਰ ਦੇ ਸੁਰੱਖਿਆ ਮੰਤਰਾਲੇ ਨੂੰ ਭੇਜੀ ਸੀ ਜਿਸ 'ਤੇ ਮੰਤਰਾਲੇ ਨੇ ਅਗਲੇ ਪੰਜ ਸਾਲਾਂ ਵਾਸਤੇ ਐਨ.ਓ.ਸੀ. ਜਾਰੀ ਕਰ ਦਿੱਤੀ ਹੈ।

ਇਹ ਕਾਰਵਾਈ ਅਗਸਤ ਮਹੀਨੇ ਵਿਚ ਸ਼ੁਰੂ ਹੋਈ ਸੀ ਤੇ ਇਸ ਤੋਂ ਬਾਅਦ ਹਵਾਈ ਸੈਨਾ, ਪੰਜਾਬ ਸਰਕਾਰ ਦੇ ਜੰਗਲਾਤ ਵਿਭਾਗ, ਮਾਲ ਵਿਭਾਗ, ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ, ਨਹਿਰੀ ਵਿਭਾਗ, ਪੰਜਾਬ ਪਾਵਰ ਸਪਲਾਈ ਕਾਰਪੋਰੇਸ਼ਨ, ਪੰਜਾਬ ਲੋਕ ਨਿਰਮਾਣ ਵਿਭਾਗ,



ਖੇਤੀਬਾੜੀ ਵਿਭਾਗ ਤੇ ਜ਼ਿਲ੍ਹਾ ਵਿਕਾਸ ਵਿਭਾਗ ਨੇ ਵੀ ਐਨ.ਓ.ਸੀ. ਜਾਰੀ ਕਰ ਦਿੱਤੀ ਹੈ। ਜ਼ਿਲ੍ਹਾ ਪ੍ਰਸ਼ਾਸਨ ਨੇ ਵੀ ਇਸ ਪ੍ਰਾਜੈਕਟ ਦੀ ਉਸਾਰੀ ਵਾਸਤੇ ਬੇਹੱਦ ਕਾਹਲੀ 'ਚ ਸੱਦੀ ਬੈਠਕ 'ਚ ਹੀ ਸਾਰੀ ਕਾਰਵਾਈ ਸਿਰੇ ਲਾ ਦਿੱਤੀ ਜਦੋਂਕਿ ਆਮ ਵਿਕਾਸ ਕਾਰਜ ਵਰ੍ਹਿਆਂ ਬਾਅਦ ਵੀ ਲਮਕਦੇ ਰਹਿੰਦੇ ਹਨ। ਇਸ ਬਾਰੇ ਪੰਜਾਬ ਸਰਕਾਰ ਦੇ ਸਿਵਲ ਐਵੀਏਸ਼ਨ ਵਿਭਾਗ ਦੇ ਸਲਾਹਕਾਰ ਅਭੈ ਚੰਦਰਾ ਅਨੁਸਾਰ ਮੁਕਤਸਰ ਜ਼ਿਲ੍ਹਾ ਪ੍ਰਸ਼ਾਸਨ ਨੂੰ ਹੈਲੀਪੋਰਟ ਵਾਸਤੇ ਐਨ.ਓ.ਸੀ. ਲੈਣ ਦੀ ਜ਼ਿੰਮੇਵਾਰੀ ਉਨ੍ਹਾਂ ਹੀ ਸੌਂਪੀ ਸੀ ਤਾਂ ਜੋ ਇਸ ਪ੍ਰਾਜੈਕਟ 'ਤੇ ਜਲਦੀ ਕੰਮ ਕੀਤਾ ਜਾ ਸਕੇ। ਇਸ ਪ੍ਰਾਜੈਕਟ ਦੀ ਲੋੜ ਬਾਰੇ ਉਨ੍ਹਾਂ ਕਿਹਾ ਕਿ ਇਹ ਹੈਲੀਪੋਰਟ 'ਵੀ.ਵੀ.ਆਈ.ਪੀ.' ਵਿਅਕਤੀਆਂ ਦੀ ਸਹੂਲਤ ਲਈ ਬਣਾਇਆ ਜਾ ਰਿਹਾ ਹੈ ਪਰ ਜੇਕਰ ਕੋਈ ਆਮ ਆਦਮੀ ਚਾਹੇ ਤਾਂ ਉਹ ਵੀ ਤੈਅ ਸ਼ਰਤਾਂ ਪੂਰੀਆਂ ਕਰਕੇ ਡਿਪਟੀ ਕਮਿਸ਼ਨਰ ਦੀ ਮਨਜ਼ੂਰੀ 'ਤੇ ਇਸ ਦੀ ਵਰਤੋਂ ਕਰ ਸਕਦਾ ਹੈ।

ਇਸ ਬਾਰੇ ਕਾਂਗਰਸ ਦਾ ਕਹਿਣਾ ਹੈ ਕਿ ਇਕ ਪਾਸੇ ਤਾਂ ਰਾਜ ਸਰਕਾਰ ਕੋਲ ਕਰਮਚਾਰੀਆਂ ਨੂੰ ਤਨਖ਼ਾਹ ਤੱਕ ਦੇਣ ਦੇ ਪੈਸੇ ਨਹੀਂ ਤੇ ਦੂਜੇ ਪਾਸੇ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਦੇ ਜਹਾਜ਼ਾਂ ਦੇ ਉਤਰਨ ਲਈ ਬਣਾਏ ਜਾਣ ਵਾਲੇ ਹੈਲੀਪੋਰਟ 'ਤੇ ਕਰੋੜਾਂ ਰੁਪਏ ਖਰਚ ਕੀਤੇ ਜਾਣਗੇ। ਕਾਂਗਰਸ ਦੇ ਸਾਬਕਾ ਵਿਧਾਇਕ ਸੁਖਪਾਲ ਸਿੰਘ ਖਹਿਰਾ ਤੇ ਰਿਪਜੀਤ ਸਿੰਘ ਬਰਾੜ ਅਨੁਸਾਰ ਇਸ ਸਮੇਂ ਵਿਸ਼ੇਸ਼ ਹੈਲੀਪੋਰਟ ਬਣਾਉਣ ਦੀ ਕੋਈ ਲੋੜ ਨਹੀਂ ਹੈ ਤੇ ਇਹ ਸਿਰਫ਼ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਆਪਣੀ ਸੁਵਿਧਾ ਲਈ ਬਣਾ ਰਹੇ ਹਨ।

ਕਾਂਗਰਸੀ ਨੇਤਾਵਾਂ ਨੇ ਕਿਹਾ ਕਿ ਰਾਜ ਪਹਿਲਾਂ ਹੀ 80 ਹਜ਼ਾਰ ਕਰੋੜ ਦੇ ਕਰਜ਼ੇ ਹੇਠਾਂ ਦਬਿਆ ਹੋਇਆ ਹੈ ਤੇ ਕਰਮਚਾਰੀਆਂ ਦੀ ਤਨਖਾਹ ਬਿੱਲਾਂ ਦੇ ਇਲਾਵਾ ਸ਼ਗਨ ਸਕੀਮ ਤੇ ਪੈਨਸ਼ਨ ਆਦਿ ਦੀਆਂ ਅਦਾਇਗੀਆਂ ਤੱਕ ਨਹੀਂ ਹੋ ਰਹੀਆਂ ਤੇ ਦੂਜੇ ਪਾਸੇ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਨੇ ਆਪਣੇ ਆਰਾਮ ਲਈ ਕਰੋੜਾਂ ਰੁਪਏ ਦਾ ਪ੍ਰਾਜੈਕਟ ਬਣਾ ਲਿਆ ਹੈ। ਕਾਂਗਰਸੀ ਨੇਤਾਵਾਂ ਨੇ ਕਿਹਾ ਕਿ ਜ਼ਿਲ੍ਹਾ ਬਠਿੰਡਾ ਦੇ ਪਿੰਡ ਕਾਲਝਰਾਣੀ 'ਚ ਬਾਦਲ ਪਿੰਡ ਦੇ ਨੇੜੇ ਹੀ ਹੈਲੀਪੈਡ ਦੀ ਸੁਵਿਧਾ ਪਹਿਲਾਂ ਤੋਂ ਹੀ ਹੈ ਜਿਸ ਦੇ ਚਲਦੇ ਨਵੇਂ ਹੈਲੀਪੋਰਟ 'ਤੇ ਕਰੋੜਾਂ ਰੁਪਏ ਖਰਚਾ ਕਰਨ ਦਾ ਕੋਈ ਅਰਥ ਨਹੀਂ।

# Matrimonials

### ਵਰ ਦੀ ਲੋੜ ਹੈ

ਜੱਟ ਸਿੱਖ ਕੈਲੀਫੋਰਨੀਆ ਵਸਦੀ ਗਰੀਨ ਕਾਰਡ ਹੋਲਡਰ, ਉਮਰ 33 ਸਾਲ, ਕੱਦ 5’-5" ਐਮ ਏ ਪਾਸ ਲੜਕੀ ਲਈ ਨਸ਼ਿਆਂ ਤੋਂ ਰਹਿਤ ਅਮਰੀਕਾ ਵਿਚ ਕੱਚੇ-ਪੱਕੇ ਤੌਰ ‘ਤੇ ਰਹਿ ਰਹੇ ਯੋਗ ਵਰ ਦੀ ਲੋੜ ਹੈ। ਸੰਪਰਕ ਕਰੋ, ਫੋਨ: 347-653-5790,
e-mail: prince.kular@yahoo.com

Well settled Saini Sikh parents seek stricktly Gursikh match for US Citizen innocently divorced daughter, 28, 5’-6", M Ed., school teacher. Email biodata @ bsinghmdus@yahoo.com

Suitable match wanted for US born Jatt sikh girl, 35year, 5'-6", working as financial manager with a reputed company in Chicago area. Family well settled in US. E-mail bio @ mgs2808@yahoo.com

### ਕੰਨਿਆ ਦੀ ਲੋੜ ਹੈ

ਪੰਜਾਬ ਰਹਿੰਦੇ ਜੱਟ ਸਿੱਖ ਸੋਹਣੇ ਸੁਨੱਖੇ ਐਮ ਬੀ ਏ ਲੜਕੇ, ਉਮਰ 26 ਸਾਲ, ਕੱਦ 5’-11”, ਚੰਗਾ ਖਾਨਦਾਨ, ਚੰਗੀ ਪੇਂਡੂ ਤੇ ਸ਼ਹਿਰੀ ਜਾਇਦਾਦ, ਵਾਸਤੇ ਚੰਗੇ ਪਰਿਵਾਰ ਦੀ ਉਚੀ ਲੰਮੀ ਖੂਬਸੂਰਤ ਅਮਰੀਕਨ ਸਿਟੀਜਨ ਲੜਕੀ ਦੀ ਲੋੜ ਹੈ। ਲੜਕੇ ਦਾ ਪਿਤਾ ਪੰਜਾਬ ਸਰਕਾਰ ਵਿਚ ਉਚ ਅਫਸਰ। ਸੰਪਰਕ ਕਰੋ, ਫੋਨ: (510) 760-9600
E-Mail Tigerjatt@gmail.com

ਜੱਟ ਸਿੱਖ ਇਲੈਕਟਰੀਕਲ ਇੰਜੀਨੀਅਰ, ਉਮਰ 26 ਸਾਲ, ਕੱਦ 5’-7” ਅਮਰੀਕੀ ਸਿਟੀਜ਼ਨ ਲੜਕੇ ਲਈ ਅਮਰੀਕਾ ਰਹਿੰਦੀ ਪ੍ਰੋਫੈਸ਼ਨਲ ਜੱਟ ਸਿੱਖ ਲੜਕੀ ਦੀ ਲੋੜ ਹੈ। ਸੰਪਰਕ ਕਰੋ: 209-675-5441

Sikh Saini parents seek match for US educated son, PhD, BTech Computer Science; 30/5'-9". Employed with a reputed company in Louisville, KY. Caste no bar Email: photo/Bio at harpreetdaurka@gmail.com.

To Advertise with Punjab Times
Call: 847-359-0746
Fax:847-705-9388

# ਭਾਰਤ ਵਿਚ 68% ਤੋਂ ਵੱਧ ਦੁੱਧ ਮਿਲਾਵਟੀ

**ਨਵੀਂ ਦਿੱਲੀ:** ਤਿਉਹਾਰਾਂ ਦੇ ਇਸ ਮੌਸਮ ਦੇ ਐਨ ਸ਼ੁਰੂ ਵਿਚ ਕੇਂਦਰ ਸਰਕਾਰ ਨੇ ਸੁਪਰੀਮ ਕੋਰਟ ਅੱਗੇ ਜਾਣਕਾਰੀ ਦਿੱਤੀ ਹੈ ਕਿ ਦੇਸ਼ ਭਰ ਵਿਚ ਦੁੱਧ ਦੇ ਨਮੂਨਿਆਂ ਦੇ ਕੀਤੇ ਗਏ ਟੈਸਟਾਂ ਦੌਰਾਨ ਮਹਿਜ਼ ਤੀਜਾ ਹਿੱਸਾ ਨਮੂਨੇ ਹੀ ਸੁਰੱਖਿਆ ਤੇ ਮਿਆਰ ਪੱਖੋਂ ਸਹੀ ਪਾਏ ਗਏ ਹਨ ਤੇ ਦੋ-ਤਿਹਾਈ ਤੋਂ ਵੱਧ ਨਮੂਨੇ ਫੇਲ੍ਹ ਹੋ ਗਏ ਹਨ। ਇਸ ਦੇ ਮੱਦੇਨਜ਼ਰ ਕੇਂਦਰ ਨੇ ਰਾਜ ਸਰਕਾਰਾਂ ਨੂੰ ਦੁੱਧ ਦੇ ਮਿਲਾਵਟਖੋਰਾਂ ਖ਼ਿਲਾਫ਼ ਜ਼ੋਰਦਾਰ ਕਾਰਵਾਈ ਕਰਨ ਦੀ ਹਦਾਇਤ ਦਿੱਤੀ ਹੈ।

ਇਹ ਟੈਸਟ ਸਰਵੇ ਖੁਰਾਕ ਸੁਰੱਖਿਆ ਤੇ ਮਿਆਰ ਅਥਾਰਿਟੀ (ਐਫ.ਐਸ.ਐਸ.ਏ.) ਵੱਲੋਂ ਕੀਤਾ ਗਿਆ। ਇਸ ਸਰਵੇ ਦੌਰਾਨ 33 ਸੂਬਿਆਂ ਤੇ ਕੇਂਦਰੀ ਖੇਤਰਾਂ ਵਿਚ ਬੇਤਰਤੀਬ ਆਧਾਰ ‘ਤੇ ਹਾਸਲ ਕੀਤੇ 1791 ਨਮੂਨਿਆਂ ਨੂੰ ਪਰਖਿਆ ਗਿਆ। ਇਨ੍ਹਾਂ ਵਿਚੋਂ ਮਹਿਜ਼ 565 (31.5 ਫੀਸਦੀ) ਨਮੂਨੇ ਹੀ ਮਿਆਰਾਂ ਉਤੇ ਖਰੇ ਉੱਤਰੇ ਹਨ। ਬਾਕੀ 1226 ਨਮੂਨੇ ਫੇਲ੍ਹ ਹੋ ਗਏ ਜੋ 68.4 ਫੀਸਦੀ (ਦੋ-ਤਿਹਾਈ ਭਾਵ 66.6 ਤੋਂ ਵੀ ਵੱਧ) ਬਣਦੇ ਹਨ। ਇਨ੍ਹਾਂ ਵਿਚੋਂ 381 (31 ਫੀਸਦੀ) ਪੇਂਡੂ ਤੇ 845 ਸ਼ਹਿਰੀ ਖੇਤਰਾਂ ਵਿਚੋਂ ਲਏ ਗਏ ਹਨ।

ਖੁੱਲ੍ਹੇ ਦੁੱਧ ਦੇ ਬਹੁਤੇ ਨਮੂਨੇ ਮਿਲਾਵਟ ਵਾਲੇ ਪਾਏ ਗਏ। ਇਨ੍ਹਾਂ ਵਿਚੋਂ ਪਿੰਡਾਂ ਦੇ 83.2 ਤੇ ਸ਼ਹਿਰਾਂ ਦੇ 66.6 ਫੀਸਦੀ ਨਮੂਨਿਆਂ ਵਿਚ ਮਿਲਾਵਟ ਸੀ। ਅਧਿਐਨ ਮੁਤਾਬਕ ਮੁੱਖ ਮਿਲਾਵਟ ਦੁੱਧ ਵਿਚ ਪਾਇਆ ਗਿਆ ਪਾਣੀ ਸੀ। ਐਫ.ਐਨ.ਐਸ.ਏ. ਦੇ ਸਹਾਇਕ ਡਾਇਰੈਕਟਰ ਕਮਲ ਕੁਮਾਰ ਨੇ ਆਪਣੇ ਹਲਫਨਾਮੇ ਵਿਚ ਕਿਹਾ ਕਿ ਪਾਣੀ ਦੀ ਮਿਲਾਵਟ ਨਾਲ ਪੌਸ਼ਟਿਕਤਾ ਤਾਂ ਘਟਦੀ ਹੀ ਹੈ ਨਾਲ ਹੀ ਪਾਣੀ ਦੂਸ਼ਿਤ ਹੋਣ ‘ਤੇ ਬੀਮਾਰੀਆਂ ਦਾ ਖਤਰਾ ਵੀ ਰਹਿੰਦਾ ਹੈ।

ਇਸੇ ਤਰ੍ਹਾਂ ਕਈ ਨਮੂਨਿਆਂ ਵਿਚ ਦੁੱਧ ਦਾ ਪਾਊਡਰ ਮਿਲਾਇਆ ਗਿਆ ਸੀ ਪਰ ਇਸ ਬਾਰੇ ਖਪਤਕਾਰਾਂ ਨੂੰ ਕੋਈ ਜਾਣਕਾਰੀ ਨਹੀਂ ਸੀ। ਉਨ੍ਹਾਂ ਕਿਹਾ ਕਿ ਕੁਝ ਕੇਸ ਸਿੰਥੈਟਿਕ ਦੁੱਧ ਦੇ ਵੀ ਪਾਏ ਗਏ ਹਨ। ਅਥਾਰਿਟੀ ਨੇ ਦੱਸਿਆ ਹੈ ਕਿ ਖੁਰਾਕ ਸੁਰੱਖਿਆ ਤੇ ਮਿਆਰ ਐਕਟ, 2006 ਮੁਤਾਬਕ ਕੋਈ ਵੀ ਵਿਅਕਤੀ ਦੁੱਧ ਦਾ ਨਮੂਨਾ ਜਾਂਚ ਲਈ ਭੇਜ ਸਕਦਾ ਹੈ। ਇਸ ਦੇ ਆਧਾਰ ‘ਤੇ ਮਿਲਾਵਟੀ ਦੁੱਧ ਦੇਣ ਵਾਲੇ ਖ਼ਿਲਾਫ਼ ਕਾਰਵਾਈ ਕੀਤੀ ਜਾ ਸਕਦੀ ਹੈ।

SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR

JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250

Prince’s Barber Shop
37477 Fremont Blvd, suite C, Fremont, CA 94536
Men & Children’s Hair Cut
*Threading *Custom Text
*Men’s Facials *Hair Coler
*Custom Designing *Shave &
*Line-ups *Head Massage
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ

Business hours:
Mon thru Friday 9am to 8pm
Sat- Sunday- 8am to 8pm
(Tuesday 9am to 4pm)

Cell: (510)-677-9942
Shop: (510)-505-9605

# ਫਿਲਮ ਨਿਰਮਾਤਾ ਯਸ਼ ਚੋਪੜਾ ਨਹੀਂ ਰਹੇ

**ਮੁੰਬਈ (ਬਿਊਰੋ):** ਬਜ਼ੁਰਗ ਫ਼ਿਲਮ ਨਿਰਮਾਤਾ ਤੇ ‘ਰੁਮਾਂਸ ਦੇ ਬਾਦਸ਼ਾਹ’ ਵਜੋਂ ਮਸ਼ਹੂਰ ਯਸ਼ ਚੋਪੜਾ ਇਸ ਫਾਨੀ ਸੰਸਾਰ ਨੂੰ ਸਦਾ ਲਈ ਅਲਵਿਦਾ ਕਹਿ ਗਏ ਹਨ। ਉਨ੍ਹਾਂ ਨੇ 21



*ਯਸ਼ ਚੋਪੜਾ*

ਅਕਤੂਬਰ ਨੂੰ ਮੁੰਬਈ ਦੇ ਹਸਪਤਾਲ ਵਿਚ ਆਖ਼ਰੀ ਸਾਹ ਲਿਆ। ਸ੍ਰੀ ਚੋਪੜਾ ਨੇ 27 ਸਤੰਬਰ ਨੂੰ ਆਪਣਾ 80ਵਾਂ ਜਨਮ ਦਿਨ ਮਨਾਇਆ ਸੀ ਤੇ ਪਿਛਲੇ ਹਫਤੇ ਉਨ੍ਹਾਂ ਨੂੰ ਡੇਂਗੂ ਹੋ ਜਾਣ ਦੀ ਸ਼ਿਕਾਇਤ ਕਰਕੇ ਲੀਲਾਵਤੀ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ ਸੀ। ਤਕਰੀਬਨ ਪੰਜ ਦਹਾਕੇ ਫ਼ਿਲਮ ਨਗਰੀ ਵਿਚ ਆਪਣਾ ਲੋਹਾ ਮੰਨਵਾਉਣ ਵਾਲੇ ਸ੍ਰੀ ਚੋਪੜਾ ਨੇ ‘ਤ੍ਰਿਸ਼ੂਲ’, ‘ਦੀਵਾਰ’, ‘ਸਿਲਸਿਲਾ’, ‘ਚਾਂਦਨੀ’ ਤੇ ‘ਦਿਲ ਤੋ ਪਾਗਲ ਹੈ’ ਵਰਗੀਆਂ ਚਰਚਿਤ ਫ਼ਿਲਮਾਂ ਦਾ ਨਿਰਮਾਣ ਕੀਤਾ।

ਜ਼ਿਕਰਯੋਗ ਹੈ ਕਿ ਯਸ਼ ਚੋਪੜਾ ਨੇ ਪਿਛਲੇ ਮਹੀਨੇ ਆਪਣੇ ਜਨਮ ਦਿਹਾੜੇ ਮੌਕੇ ਐਲਾਨ ਕੀਤਾ ਸੀ ਕਿ ‘ਜਬ ਤਕ ਹੈ ਜਾਨ’ ਉਨ੍ਹਾਂ ਦੀ ਆਖ਼ਰੀ ਫ਼ਿਲਮ ਹੋਵੇਗੀ।

ਸ੍ਰੀ ਚੋਪੜਾ ਆਪਣੇ ਪਿੱਛੇ ਪਤਨੀ ਤੇ ਦੋ ਬੇਟੇ ਫ਼ਿਲਮ ਨਿਰਮਾਤਾ ਅਦਿੱਤਿਆ ਚੋਪੜਾ ਤੇ ਅਦਾਕਾਰ ਨਿਰਮਾਤਾ ਉਦੇ ਚੋਪੜਾ ਛੱਡ ਗਏ ਹਨ। ਸ੍ਰੀ ਚੋਪੜਾ ਦਾ ਜਨਮ 27 ਸਤੰਬਰ, 1932 ਨੂੰ ਲਾਹੌਰ ਵਿਖੇ ਹੋਇਆ। ਉਨ੍ਹਾਂ ਆਪਣਾ ਕਰੀਅਰ ਆਪਣੇ ਵੱਡੇ ਭਰਾ ਬੀ.ਆਰ. ਚੋਪੜਾ ਦੇ ਨਾਲ ਸਹਾਇਕ ਨਿਰਦੇਸ਼ਕ ਵਜੋਂ ਸ਼ੁਰੂ ਕੀਤਾ।

ਉਨ੍ਹਾਂ ਨੇ 1959 ਵਿਚ ਪਹਿਲੀ ਫ਼ਿਲਮ ‘ਧੂਲ ਕਾ ਫੂਲ’ ਦਾ ਨਿਰਦੇਸ਼ਨ ਕੀਤਾ। ਚੋਪੜਾ ਭਰਾਵਾਂ ਨੇ 50ਵੇਂ ਤੇ 60ਵੇਂ ਦਹਾਕੇ ਵਿਚ ਇਕੱਠਿਆਂ ਕਈ ਫ਼ਿਲਮਾਂ ਬਣਾਈਆਂ। ਸ੍ਰੀ ਚੋਪੜਾ 1965 ਵਿਚ ਫ਼ਿਲਮ ‘ਵਕਤ’ ਨਾਲ ਵੱਡੀ ਪੱਧਰ ’ਤੇ ਚਰਚਾ ਵਿਚ ਆਏ। ਉਨ੍ਹਾਂ ਨੇ 1973 ਵਿਚ ਆਪਣੀ ਫ਼ਿਲਮ ਨਿਰਮਾਣ ਕੰਪਨੀ ‘ਯਸ਼ ਰਾਜ ਫਿਲਮਜ਼’ ਬਣਾ ਲਈ। 50ਵਿਆਂ ਵਿਚ ਆਪਣਾ ਕਰੀਅਰ ਸ਼ੁਰੂ ਕਰਨ ਤੋਂ ਬਾਅਦ ਸਮੇਂ ਦੀ ਤਬਦੀਲੀ ਨਾਲ ਸ੍ਰੀ ਚੋਪੜਾ ਦਰਸ਼ਕਾਂ ਦੀ ਨਬਜ਼ ਖੂਬ ਪਛਾਣਦੇ ਰਹੇ ਤੇ ਉਨ੍ਹਾਂ ਦੀ ਹਰ ਫ਼ਿਲਮ ਕਾਮਯਾਬੀ ਦੀਆਂ ਪੌੜੀਆਂ ਚੜ੍ਹਦੀ ਰਹੀ।

ਸ੍ਰੀ ਚੋਪੜਾ ਨੇ ਅਨੇਕਾਂ ਫ਼ਿਲਮ ਐਵਾਰਡ ਹਾਸਲ ਕੀਤੇ ਜਿਨ੍ਹਾਂ ਵਿਚ ਛੇ ਨੈਸ਼ਨਲ ਫ਼ਿਲਮ ਐਵਾਰਡ ਤੇ 11 ਫ਼ਿਲਮ ਫੇਅਰ ਐਵਾਰਡ ਸ਼ਾਮਲ ਹਨ। ਉਹ ਵੰਡ ਤੋਂ ਬਾਅਦ ਭਾਰਤ ਆ ਕੇ ਇੰਜੀਨੀਅਰਿੰਗ ਵਿਚ ਕਰੀਅਰ ਬਣਾਉਣਾ ਚਾਹੁੰਦੇ ਸਨ ਪਰ ਬਾਅਦ ਵਿਚ ਉਨ੍ਹਾਂ ਨੇ ਫ਼ਿਲਮਾਂ ਬਣਾਉਣ ਦਾ ਰਾਹ ਚੁਣ ਲਿਆ। ਉਨ੍ਹਾਂ ਦੀਆਂ ਕਈ ਫ਼ਿਲਮਾਂ ਅੱਜ ਵੀ ਬੜੇ ਸ਼ੌਕ ਨਾਲ ਵੇਖੀਆਂ ਜਾਂਦੀਆਂ ਹਨ ਜਿਨ੍ਹਾਂ ਵਿਚ ‘ਦਾਗ: ਦੋ ਪੋਇਮ ਆਫ ਲਵ’, ‘ਮਸ਼ਾਲ’, ‘ਵਿਜੈ’, ‘ਚਾਂਦਨੀ’, ‘ਲਮਹੇਂ’, ‘ਦਿਲ ਤੋ ਪਾਗਲ ਹੈ’, ‘ਵੀਰ ਜ਼ਾਰਾ’ ਸ਼ਾਮਲ ਹਨ।

MRP TRAVEL
Lowest International and Domestic Fares
A·R·C FLY ANY AIRLINE OF YOUR CHOICE IATA
Providing the lowest Airfare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40
Passport & Visa services also available

India Vacation tour package also available.
Asiana Airlines Emirates SINGAPORE AIRLINES CATHAY PACIFIC KOREAN AIR Lufthansa CHINA AIRLINES

ਦੁਨੀਆ ਭਰ ਵਿਚ ਚੱਲਣ ਵਾਲਾ ਸ਼ਿਕਾਗੋ ਤੋਂ ਪਹਿਲਾ ਪੰਜਾਬੀ ਰੇਡੀਓ
Radio Chann Pardesi ਰੇਡੀਓ ਚੰਨ ਪ੍ਰਦੇਸੀ
ਸੁਣੋ ਤਾਜ਼ਾ ਖਬਰਾਂ, ਸਿਹਤ ਸਬੰਧੀ ਜਾਣਕਾਰੀ, ਗੁਰਬਾਣੀ, ਹੁਕਮਨਾਮੇ ਦਾ ਸਿੱਧਾ ਪ੍ਰਸਾਰਣ
ਗੀਤ-ਸੰਗੀਤ ਦੇ ਬਹੁਤ ਹੀ ਵਧੀਆ ਪ੍ਰੋਗਰਾਮ
ਅਮਰੀਕਾ ਦੇ ਸਥਾਨਕ ਮਸਲਿਆਂ ਬਾਰੇ ਵਿਚਾਰ-ਚਰਚਾ ਤੇ ਹੋਰ ਬੜਾ ਕੁਝ
ਫੋਨ 832-225-5354 ’ਤੇ ਕਾਲ ਕਰਕੇ ਅਤੇ ਵੈਬਸਾਈਟ www.channpardesi.com ਰਾਹੀਂ 24 ਘੰਟੇ 7 ਦਿਨ ਸੁਣੋ
tunein market iPhone
ਵਾਜਬ ਕੀਮਤਾਂ ’ਤੇ ਇਸ਼ਤਿਹਾਰ ਦਿਓ ਅਤੇ ਆਪਣਾ ਕਾਰੋਬਾਰ ਵਧਾਓ
RADIO CHANN PARDESI
ਹੋਰ ਜਾਣਕਾਰੀ ਅਤੇ ਰੇਡੀਓ ਸੈਟ ਮੰਗਵਾਉਣ ਲਈ ਇਹਨਾਂ ਨੰਬਰਾਂ ਤੇ ਸੰਪਰਕ ਕਰ ਸਕਦੇ ਹੋ
ਦਰਸ਼ਨ ਬਸਰਾਓ 815-557-4991
ਸਰਵਣ ਟਿਵਾਣਾ 219-670-4579
https://www.facebook.com/ChannPardesiRadio Email : info@channpardesi.com
www.channpardesi.com

FARMERS INSURANCE GROUP Symbol of Superior Service
FARMERS®
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com

Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

### ਖ਼ਾਲਿਸਤਾਨ ਦੇ ਹੱਕ 'ਚ ਨਾਅਰੇਬਾਜ਼ੀ ਦਾ ਮਾਮਲਾ

# ਅਦਾਲਤ ਵੱਲੋਂ ਦਲ ਖਾਲਸਾ ਦੇ 21 ਆਗੂ ਬਰੀ

**ਅੰਮ੍ਰਿਤਸਰ (ਪੰਜਾਬ ਟਾਈਮਜ਼ ਬਿਊਰੋ):** ਖਾਲਿਸਤਾਨ ਦੇ ਹੱਕ ਵਿਚ ਨਾਅਰੇਬਾਜ਼ੀ ਕਰਨ ਤੇ ਭੜਕਾਊ ਤਕਰੀਰਾਂ ਕਰਨ ਦੇ ਦੋਸ਼ ਹੇਠ ਸਿੱਖ ਜਥੇਬੰਦੀ ਦਲ ਖਾਲਸਾ ਦੇ 21 ਆਗੂਆਂ ਤੇ ਕਾਰਕੁਨਾਂ ਖ਼ਿਲਾਫ਼ ਦਰਜ ਸੱਤ ਸਾਲ ਪੁਰਾਣੇ ਕੇਸ ਨੂੰ ਹੇਠਲੀ ਅਦਾਲਤ ਨੇ ਰੱਦ ਕਰ ਦਿੱਤਾ ਹੈ। ਦਲ ਖਾਲਸਾ ਦੇ 21 ਮੈਂਬਰਾਂ ਖ਼ਿਲਾਫ਼ ਇਹ ਕੇਸ 8 ਜੂਨ, 2005 ਨੂੰ ਭੜਕਾਊ ਤਕਰੀਰਾਂ ਕਰਕੇ ਲੋਕਾਂ ਨੂੰ ਭੜਕਾਉਣ ਦੇ ਦੋਸ਼ ਹੇਠ ਥਾਣਾ ਸਿਵਲ ਲਾਈਨਜ਼ ਵਿਚ ਦਰਜ ਕੀਤਾ ਗਿਆ ਸੀ। ਦਲ ਖਾਲਸਾ ਦੇ ਇਨ੍ਹਾਂ ਕਾਰਕੁਨਾਂ ਵਿਰੁੱਧ ਮੁੱਖ ਦੋਸ਼ ਇਹ ਸੀ ਕਿ ਘੱਲੂਘਾਰੇ ਦੀ ਯਾਦ ਮਨਾਉਂਦਿਆਂ ਉਨ੍ਹਾਂ 5 ਜੂਨ, 2005 ਨੂੰ ਸ਼ਹਿਰ ਵਿਚ ਮਾਰਚ ਕਰਕੇ ਭੜਕਾਊ ਨਾਅਰੇ ਲਾਏ ਤੇ ਲੋਕਾਂ ਨੂੰ ਖਾਲਿਸਤਾਨ ਬਣਾਉਣ ਲਈ ਉਕਸਾਇਆ।

ਇਸ 'ਤੇ ਕਾਰਵਾਈ ਕਰਦਿਆਂ ਪੁਲਿਸ ਨੇ ਆਈ.ਪੀ.ਸੀ. ਦੀ ਧਾਰਾ 124-ਏ (ਦੇਸ਼ ਧ੍ਰੋਹ), 153-ਏ, 153-ਬੀ ਤੇ 188 ਆਈ.ਪੀ.ਸੀ. ਤਹਿਤ ਕੇਸ ਦਰਜ ਕੀਤਾ ਸੀ। ਪਾਰਟੀ ਪ੍ਰਧਾਨ ਹਰਚਰਨਜੀਤ ਸਿੰਘ ਧਾਮੀ ਤੇ ਬੁਲਾਰੇ ਕੰਵਰਪਾਲ ਸਿੰਘ ਸਮੇਤ ਸਾਰੇ 21 ਕਾਰਕੁਨ ਆਪਣੇ ਵਕੀਲ ਵੀ.ਪੀ. ਸਿੰਘ ਭਾਟੀਆ ਨਾਲ ਸੀ.ਜੇ.ਐਮ. ਰਣਜੀਤ ਕੌਰ ਦੀ ਅਦਾਲਤ ਵਿਚ ਪੇਸ਼ ਹੋਏ। ਜ਼ਿਕਰਯੋਗ ਹੈ ਕਿ ਫਰਵਰੀ 2010 ਵਿਚ ਦਲ ਖਾਲਸਾ ਨੇ ਇਸ ਕੇਸ ਦੀ ਐਫ.ਆਈ.ਆਰ. ਨੂੰ ਹਾਈ ਕੋਰਟ ਵਿਚ ਚੁਣੌਤੀ ਦਿੱਤੀ ਸੀ ਜਿਸ ਦੀ ਸੁਣਵਾਈ ਦੌਰਾਨ ਪਿਛਲੇ ਹਫਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਦਲ ਖਾਲਸਾ ਦੇ ਇਨ੍ਹਾਂ ਆਗੂਆਂ 'ਤੇ ਦਰਜ ਦੇਸ਼-ਧ੍ਰੋਹ ਦੇ ਇਲਜ਼ਾਮ ਵਾਲੀ ਧਾਰਾ ਨੂੰ ਰੱਦ ਕਰ ਦਿੱਤਾ ਸੀ।



ਹਾਈ ਕੋਰਟ ਦੇ ਹੁਕਮ ਦੀ ਰੋਸ਼ਨੀ ਵਿਚ ਸੀ.ਜੇ.ਐਮ. ਦੀ ਅਦਾਲਤ ਨੇ ਵੀ ਇਸ ਕੇਸ ਦੀ ਸੁਣਵਾਈ ਤੇ ਕਾਰਵਾਈ ਬੰਦ ਕਰ ਦਿੱਤੀ ਹੈ। ਦਲ ਖਾਲਸਾ ਦੇ ਵਕੀਲ ਨੇ ਇਨ੍ਹਾਂ ਦੋਸ਼ਾਂ ਬਾਰੇ ਇਕ ਟੀ.ਵੀ. ਚੈਨਲ ਦੀ ਰਿਕਾਰਡਿੰਗ ਪੇਸ਼ ਕਰਦਿਆਂ ਅਦਾਲਤ ਵਿਚ ਸਾਬਿਤ ਕੀਤਾ ਕਿ ਮਾਰਚ ਦੌਰਾਨ ਕੋਈ ਭੜਕਾਊ ਨਾਅਰਾ ਜਾਂ ਭਾਸ਼ਣ ਨਹੀਂ ਕੀਤਾ ਗਿਆ ਸੀ। ਇਸ ਮੁਕੱਦਮੇ ਵਿਚ ਹਰਚਰਨਜੀਤ ਸਿੰਘ ਧਾਮੀ, ਕੰਵਰਪਾਲ ਸਿੰਘ, ਸਤਿਨਾਮ ਸਿੰਘ ਪਾਊਂਟਾ ਸਾਹਿਬ, ਸਰਬਜੀਤ ਸਿੰਘ ਘੁਮਾਣ, ਬਲਰਾਜ ਸਿੰਘ, ਕੁਲਦੀਪ ਸਿੰਘ, ਅਰਪਾਲ ਸਿੰਘ, ਬਲਦੇਵ ਸਿੰਘ, ਗੁਰਦੀਪ ਸਿੰਘ, ਅਮਰੀਕ ਸਿੰਘ, ਸੁਖਦੇਵ ਸਿੰਘ, ਸਰਵਨ ਸਿੰਘ, ਅਵਤਾਰ ਸਿੰਘ ਨੂੰ ਸੱਤ ਸਾਲ ਅਦਾਲਤੀ ਕਾਰਵਾਈ ਦਾ ਸਾਹਮਣਾ ਕਰਨਾ ਪਿਆ।

ਇਸ ਦੌਰਾਨ ਦਲ ਖਾਲਸਾ ਦੇ ਆਗੂਆਂ ਨੇ ਕਿਹਾ ਕਿ 2005 ਨੂੰ ਘੱਲੂਘਾਰੇ ਦੀ ਯਾਦ ਵਿਚ ਕੀਤੇ ਮਾਰਚ ਦੌਰਾਨ ਕੋਈ ਵੀ ਭੜਕਾਊ ਤਕਰੀਰ ਨਹੀਂ ਹੋਈ ਸੀ ਤੇ ਨਾ ਹੀ ਇਹ ਨਾਅਰੇ ਲੱਗੇ ਸਨ ਜੋ ਪੁਲਿਸ ਨੇ ਐਫ.ਆਈ.ਆਰ. ਵਿਚ ਦਰਜ ਕੀਤੇ ਸਨ। ਉਨ੍ਹਾਂ ਕਿਹਾ ਕਿ ਅਸਲ ਵਿਚ ਪੁਲੀਸ ਨੇ ਮਨਘੜਤ ਕਹਾਣੀ ਘੜੀ ਤੇ ਝੂਠੇ ਤੱਥ ਦੇ ਕੇ ਕੇਸ ਦਰਜ ਕੀਤਾ ਸੀ।

### ਜਹਾਜ਼ ਅਗਵਾ ਕਾਂਡ

# ਪੰਜ ਖਾੜਕੂ ਇਸ਼ਤਿਹਾਰੀ ਭਗੌੜੇ ਕਰਾਰ

**ਨਵੀਂ ਦਿੱਲੀ:** ਦਿੱਲੀ ਦੀ ਇਕ ਅਦਾਲਤ ਨੇ ਪੰਜ ਖਾੜਕੂਆਂ ਨੂੰ ਇਸ਼ਤਿਹਾਰੀ ਮੁਜਰਮ ਕਰਾਰ ਦਿੱਤਾ ਹੈ ਜੋ 1981 ਵਿਚ ਏਅਰ ਇੰਡੀਆ ਦਾ ਜਹਾਜ਼ ਅਗਵਾ ਕਰਕੇ ਪਾਕਿਸਤਾਨ ਲੈ ਗਏ ਸਨ ਤੇ ਉਥੇ ਉਮਰ ਕੈਦ ਕੱਟਣ ਤੋਂ ਬਾਅਦ 2000 ਵਿਚ ਉਨ੍ਹਾਂ ਨੂੰ ਵਾਪਸ ਭਾਰਤ ਭੇਜ ਦਿੱਤਾ ਸੀ। ਅਦਾਲਤ ਨੇ ਉਨ੍ਹਾਂ ਨੂੰ ਤਿੰਨ ਦਸੰਬਰ ਨੂੰ ਪੇਸ਼ ਹੋਣ ਦਾ ਆਦੇਸ਼ ਦਿੱਤਾ ਹੈ।

ਵਧੀਕ ਮੁੱਖ ਜੱਜ ਸਮੀਰ ਬਾਜਪਾਈ ਨੇ ਕਿਹਾ ਹੈ ਕਿ ਤਜਿੰਦਰ ਪਾਲ ਸਿੰਘ, ਸਤਨਾਮ ਸਿੰਘ, ਗਜਿੰਦਰ ਸਿੰਘ, ਕਰਨ ਸਿੰਘ ਕਿਨੀ ਤੇ ਜਸਬੀਰ ਸਿੰਘ ਜਿਮਾ ਭਗੌੜੇ ਹਨ ਤੇ ਉਨ੍ਹਾਂ ਵਿਰੁੱਧ ਜਾਰੀ ਗੈਰ ਜ਼ਮਾਨਤੀ ਵਾਰੰਟਾਂ ਦੀ ਤਾਮੀਲ ਨਹੀਂ ਹੋ ਸਕੀ। ਇਸ ਲਈ ਉਨ੍ਹਾਂ ਨੂੰ ਇਸ਼ਤਿਹਾਰੀ ਮੁਜ਼ਰਮ ਐਲਾਨਿਆ ਜਾਂਦਾ ਹੈ। ਇਕ ਸੈਸ਼ਨ ਅਦਾਲਤ ਵੱਲੋਂ ਜਹਾਜ਼ ਅਗਵਾ ਮਾਮਲੇ ਵਿਚ ਦੋਸ਼ੀਆਂ ਵਿਰੁੱਧ ਮੁੜ ਮੁਕੱਦਮਾ ਚਲਾਉਣ ਦੇ ਹੁਕਮਾਂ ਤੋਂ ਬਾਅਦ ਇਨ੍ਹਾਂ ਪੰਜਾਂ ਵਿਰੁੱਧ ਗੈਰ-ਜ਼ਮਾਨਤੀ ਵਾਰੰਟ ਜਾਰੀ ਕੀਤੇ ਗਏ ਸਨ।

ਅਦਾਲਤ ਨੇ ਇਹ ਵਾਰੰਟ 2011 ਵਿਚ ਦਿੱਲੀ ਪੁਲਿਸ ਵੱਲੋਂ ਸੈਸ਼ਨ ਅਦਾਲਤ ਦੇ ਆਦੇਸ਼ 'ਤੇ ਦਾਇਰ ਦੋਸ਼ ਪੱਤਰ ਨੂੰ ਮੰਨਦਿਆਂ ਜਾਰੀ ਕੀਤੇ ਸਨ। ਦਿੱਲੀ ਪੁਲਿਸ ਨੇ ਵੱਖ-ਵੱਖ ਧਾਰਾਵਾਂ ਤਹਿਤ ਦੋਸ਼ ਪੱਤਰ ਦਾਇਰ ਕੀਤਾ ਸੀ ਜਿਸ ਵਿਚ ਦੇਸ਼ ਵਿਰੁੱਧ ਜੰਗ ਛੇੜਣ ਤੇ ਅਪਰਾਧਕ ਸਾਜ਼ਿਸ਼ ਰਚਣ ਵਰਗੇ ਦੋਸ਼ ਲਾਏ ਗਏ ਸਨ। ਅਦਾਲਤ ਨੇ ਇਨ੍ਹਾਂ ਵਾਰੰਟਾਂ ਦੀ ਤਾਮੀਲ 15 ਅਕਤੂਬਰ ਤੱਕ ਕਰਵਾਉਣ ਦਾ ਆਦੇਸ਼ ਦਿੱਤਾ ਸੀ।

ਕਥਿਤ ਦੋਸ਼ੀਆਂ ਵਿਰੁੱਧ 29 ਸਤੰਬਰ, 1981 ਨੂੰ ਕੇਸ ਦਰਜ ਕੀਤਾ ਗਿਆ ਸੀ ਜਦੋਂ ਉਹ ਨਵੀਂ ਦਿੱਲੀ ਤੋਂ ਸ੍ਰੀਨਗਰ ਜਾ ਰਹੇ ਏਅਰ ਇੰਡੀਆ ਦੇ ਜਹਾਜ਼ ਨੂੰ ਅਗਵਾ ਕਰਕੇ ਪਾਕਿਸਤਾਨ ਲੈ ਗਏ ਸਨ, ਜਿਥੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ ਤੇ ਪਾਕਿਸਤਾਨੀ ਅਦਾਲਤ ਨੇ ਉਨ੍ਹਾਂ ਨੂੰ ਉਮਰ ਕੈਦ ਦੀ ਸਜਾ ਸੁਣਾਈ ਸੀ। 2000 ਵਿਚ ਵਤਨ ਵਾਪਸੀ ਉਪਰੰਤ ਸਤਨਾਮ ਸਿੰਘ ਨੇ ਅਦਾਲਤ ਦਾ ਦਰਵਾਜ਼ਾ ਖੜਕਾਇਆ ਸੀ ਜਿਸ 'ਤੇ ਸੈਸ਼ਨ ਅਦਾਲਤ ਨੇ ਉਸ ਨੂੰ ਬਰੀ ਕਰ ਦਿੱਤਾ ਸੀ ਤੇ ਕਿਹਾ ਸੀ ਕਿ ਇਕੋ ਅਪਰਾਧ ਲਈ ਦੋ ਵਾਰ ਮੁਕੱਦਮਾ ਨਹੀਂ ਚਲਾਇਆ ਜਾ ਸਕਦਾ।

ਸਤਨਾਮ ਸਿੰਘ ਨੂੰ ਰਾਹਤ ਮਿਲਣ 'ਤੇ ਤਜਿੰਦਰ ਸਿੰਘ ਵੀ ਅਦਾਲਤ ਪਹੁੰਚ ਗਿਆ ਸੀ ਜਿਸ ਦੇ ਮਾਮਲੇ ਦੀ ਸੁਣਵਾਈ ਕਿਸੇ ਹੋਰ ਜੱਜ ਨੇ ਕੀਤੀ ਸੀ ਜਿਸ ਨੇ ਉਸ ਨੂੰ ਰਾਹਤ ਦੇਣ ਤੋਂ ਇਨਕਾਰ ਕਰਦਿਆਂ ਪੁਲਿਸ ਨੂੰ ਆਦੇਸ਼ ਦਿੱਤਾ ਸੀ ਕਿ ਮਾਮਲੇ ਦੀ ਨਵੇਂ ਸਿਰੇ ਤੋਂ ਜਾਂਚ ਕੀਤੀ ਜਾਵੇ ਤੇ ਸਤਨਾਮ ਸਿੰਘ ਸਮੇਤ ਪੰਜਾਂ ਵਿਰੁੱਧ ਦੋਸ਼ ਪੱਤਰ ਦਾਇਰ ਕੀਤਾ ਜਾਵੇ। ਨਤੀਜੇ ਵਜੋਂ ਅਦਾਲਤ ਨੇ ਉਨ੍ਹਾਂ ਵਿਰੁੱਧ ਗੈਰ ਜ਼ਮਾਨਤੀ ਵਾਰੰਟ ਜਾਰੀ ਕਰਦਿਆਂ ਕਿਹਾ ਸੀ ਕਿ ਦੋਸ਼ੀਆਂ ਨੂੰ ਜਿਸ ਅਪਰਾਧ ਲਈ ਪਾਕਿਸਤਾਨ ਵਿਚ ਸਜ਼ਾ ਦਿੱਤੀ ਗਈ ਹੈ, ਉਹ ਮੌਜੂਦਾ ਅਪਰਾਧ ਜਿਸ ਵਿਚ ਦੋਸ਼ ਪੱਤਰ ਦਾਇਰ ਕੀਤਾ ਗਿਆ ਹੈ, ਤੋਂ ਵੱਖਰਾ ਹੈ।

# ਜੰਮੂ ਕਸ਼ਮੀਰ ਦੇ ਸਿੱਖਾਂ ਦੇ ਮਸਲੇ ਹੱਲ ਕਰਨ 'ਤੇ ਜ਼ੋਰ

**ਜੰਮੂ:** ਜੰਮੂ-ਕਸ਼ਮੀਰ ਸਿੱਖ ਕੌਂਸਲ ਤੇ ਸ਼੍ਰੋਮਣੀ ਅਕਾਲੀ ਦਲ ਦਿੱਲੀ ਇਕਾਈ ਜੰਮੂ ਕਸ਼ਮੀਰ ਨੇ ਸਾਂਝੇ ਤੌਰ 'ਤੇ ਕੇਂਦਰ ਤੇ ਰਾਜ ਸਰਕਾਰ ਤੋਂ ਮੰਗ ਕੀਤੀ ਕਿ ਰਿਆਸਤ ਵਿਚ ਸਿੱਖਾਂ ਦੀਆਂ ਸ਼ਿਕਾਇਤਾਂ ਦੂਰ ਕਰਨ ਲਈ ਘੱਟ ਗਿਣਤੀ ਕਮਿਸ਼ਨ ਕਾਇਮ ਕੀਤਾ ਜਾਵੇ। ਜੰਮੂ ਕਸ਼ਮੀਰ ਸਿੱਖ ਕੌਂਸਲ ਦੇ ਪ੍ਰਧਾਨ ਹਰਮਹਿੰਦਰ ਸਿੰਘ ਤੇ ਸ਼੍ਰੋਮਣੀ ਅਕਾਲੀ ਦਲ ਦਿੱਲੀ ਇਕਾਈ ਜੰਮੂ ਕਸ਼ਮੀਰ ਦੇ ਪ੍ਰਧਾਨ ਅਸੀਸ ਸਿੰਘ ਦੀ ਪ੍ਰਧਾਨਗੀ ਹੇਠ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਗੁਰੂ ਨਾਨਕ ਨਗਰ ਦੇ ਬਾਹਰ ਕੇਂਦਰ ਤੇ ਰਾਜ ਸਰਕਾਰ ਵਿਰੁੱਧ ਪ੍ਰਦਰਸ਼ਨ ਕੀਤਾ ਗਿਆ ਤੇ ਦੋਸ਼ ਲਾਇਆ ਕਿ ਕੇਂਦਰ ਤੇ ਰਾਜ ਸਰਕਾਰ ਸੂਬੇ ਵਿਚ ਸਿੱਖਾਂ ਨੂੰ ਨਜ਼ਰਅੰਦਾਜ਼ ਕਰ ਰਹੀ ਹੈ।

ਆਗੂਆਂ ਨੇ ਕਿਹਾ ਕਿ 1981 ਵਿਚ ਭਾਰਤੀ ਹਵਾਈ ਜਹਾਜ਼ ਦੇ ਅਗਵਾ ਕਾਂਡ ਜਿਸ ਵਿਚ ਜੰਮੂ ਦੇ ਮਾਸਟਰ ਕਰਨ ਸਿੰਘ ਵੀ ਸ਼ਾਮਲ ਸੀ, ਨੂੰ ਆਮ ਮੁਆਫੀ ਦੇਣੀ ਚਾਹੀਦੀ ਹੈ ਕਿਉਂਕਿ ਉਹ ਆਪਣੇ ਪੰਜ ਸਾਥੀਆਂ ਨਾਲ ਪਾਕਿਸਤਾਨ ਵਿਚ 14 ਸਾਲ ਤੋਂ ਵੱਧ ਕੈਦ ਕੱਟ ਚੁੱਕੇ ਹਨ। ਉਨ੍ਹਾਂ ਕਿਹਾ ਕਿ ਭਾਰਤੀ ਸੰਵਿਧਾਨ ਦੇ ਅਨੁਛੇਦ 25 ਵਿਚ ਸੋਧ ਕੀਤੀ ਜਾਵੇ ਤਾਂ ਕਿ ਸਿੱਖਾਂ ਨੂੰ ਇਕ ਵੱਖਰੀ ਕੌਮ ਮੰਨਿਆ ਜਾਵੇ। ਛੱਟੀਸਿੰਘਪੁਰਾ ਸਮੇਤ ਝੂਠੇ ਪੁਲਿਸ ਮੁਕਾਬਲਿਆਂ ਦੀ ਜਾਂਚ ਕਰਵਾਈ ਜਾਵੇ। ਇਸ ਤੋਂ ਇਲਾਵਾ ਮੁਜ਼ੱਫਰਾਬਾਦ-ਉੜੀ ਦੀ ਤਰ੍ਹਾਂ ਜੰਮੂ-ਸਿਆਲਕੋਟ ਸੜਕ ਖੋਲ੍ਹੀ ਜਾਵੇ। 2008 ਤੋਂ ਸੂਬੇ ਦੇ ਸਕੂਲਾਂ ਤੇ ਕਾਲਜਾਂ ਵਿਚ ਲਾਗੂ ਪੰਜਾਬੀ ਭਾਸ਼ਾ ਸ਼ੁਰੂ ਕਰਵਾਈ ਜਾਏ ਤੇ ਕਸ਼ਮੀਰ ਮਸਲੇ 'ਤੇ ਜਦੋਂ ਵੀ ਪਾਕਿਸਤਾਨ ਨਾਲ ਗੱਲਬਾਤ ਕੀਤੀ ਜਾਵੇ ਤਾਂ ਰਿਆਸਤ ਦੇ ਸਿੱਖ ਭਾਈਚਾਰੇ ਦੇ ਆਗੂਆਂ ਨੂੰ ਵੀ ਇਨ੍ਹਾਂ ਬੈਠਕਾਂ ਵਿਚ ਸ਼ਾਮਲ ਕੀਤਾ ਜਾਵੇ।

# ਸਿੱਖ ਭਾਈਚਾਰੇ ਨੇ ਲਕਸ਼ਮੀ ਮਿੱਤਲ ਨੂੰ ਸਨਮਾਨਿਆ

**ਲੰਡਨ:** ਸਟੀਲ ਦੇ ਖੇਤਰ ਵਿਚਲੇ ਚੋਟੀ ਦੇ ਕਾਰੋਬਾਰੀ ਭਾਰਤੀ ਮੂਲ ਦੇ ਲਕਸ਼ਮੀ ਮਿੱਤਲ ਨੂੰ ਇਥੋਂ ਦੇ ਸਿੱਖ ਭਾਈਚਾਰੇ ਨੇ 'ਸਪੈਸ਼ਲ ਰੈਕੋਗਨੀਸ਼ਨ ਐਵਾਰਡ' ਨਾਲ ਨਵਾਜਿਆ ਹੈ। ਮਿੱਤਲ ਨੂੰ ਇਹ ਪੁਰਸਕਾਰ ਉਸ ਵੱਲੋਂ ਪੰਜਾਬ ਵਿਚ ਚਾਰ ਅਰਬ ਡਾਲਰ ਦਾ ਤੇਲ ਸੋਧਕ ਕਾਰਖਾਨਾ ਸਾਂਝੇ ਉਦਮ ਤਹਿਤ ਲਾਉਣ ਲਈ ਦਿੱਤਾ ਗਿਆ ਹੈ। ਇਕ ਸਮਾਰੋਹ ਵਿਚ ਇਹ ਪੁਰਸਕਾਰ ਪ੍ਰਾਪਤ ਕਰਦਿਆਂ ਵਿਸ਼ਵ ਦੀ ਸਭ ਤੋਂ ਵੱਡੀ ਸਟੀਲ ਉਤਪਾਦਕ ਸਨਅਤ ਆਰਸਲਰ ਮਿੱਤਲ ਦੇ ਸੀ.ਈ.ਓ. ਤੇ ਚੇਅਰਮੈਨ ਮਿੱਤਲ ਨੇ ਕਿਹਾ ਕਿ ਇਕ ਗੈਰ ਸਿੱਖ ਨੂੰ ਇਹ ਵਿਸ਼ੇਸ਼ ਸਿੱਖ ਪੁਰਸਕਾਰ ਦਿੱਤੇ ਜਾਣਾ ਬੜੀ ਅਹਿਮ ਗੱਲ ਹੈ।

ਉਨ੍ਹਾਂ ਕਿਹਾ ਕਿ ਇਹ ਪੁਰਸਕਾਰ ਸਿੱਖਾਂ ਤੇ ਬਠਿੰਡਾ ਦੇ ਲੋਕਾਂ ਲਈ ਹੈ। ਮਿੱਤਲ ਐਨਰਜੀ ਲਿਮਟਿਡ ਤੇ ਸਰਕਾਰੀ ਫਰਮ ਹਿੰਦੁਸਤਾਨ ਪੈਟਰੋਲੀਅਮ ਕਾਰਪੋਰੇਸ਼ਨ ਲਿਮਟਿਡ ਬਠਿੰਡਾ ਵੱਲੋਂ ਸਾਂਝੇ ਤੌਰ 'ਤੇ ਲਾਏ ਗਏ ਤੇਲ ਸੋਧਕ ਕਾਰਖਾਨੇ ਦਾ ਹਵਾਲਾ ਦਿੰਦਿਆਂ ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਸੂਬਾ ਸਰਕਾਰ ਨੇ 'ਲਾਮਿਸਾਲ ਮਦਦ' ਦਿੱਤੀ ਤੇ ਇਹ ਕਾਰਖਾਨਾ ਪੂਰੀ ਸਮਰੱਥਾ ਨਾਲ ਚਾਲੂ ਹੋ ਚੁੱਕਿਆ ਹੈ। ਇਹ ਸਾਲ ਵਿਚ 90 ਲੱਖ ਟਨ ਭਾਵ 1,80,000 ਬੈਰਲ ਪ੍ਰਤੀ ਦਿਨ ਤੇਲ ਸਾਫ ਕਰ ਰਿਹਾ ਹੈ।

ਪੰਜਾਬ ਵਿਚ ਸੈਂਕੜੇ ਸਕੂਲ ਖੋਲ੍ਹਣ ਵਾਲੇ ਸੰਤ ਬਾਬਾ ਇਕਬਾਲ ਸਿੰਘ ਤੇ ਪਿੰਗਲਵਾੜਾ ਲਹਿਰ ਨੂੰ ਹੋਰ ਵਿਸਥਾਰ ਦੇਣ ਵਾਲੀ ਡਾ. ਇੰਦਰਜੀਤ ਕੌਰ ਨੂੰ ਲਾਈਫ ਟਾਈਮ ਅਚੀਵਮੈਂਟ ਪੁਰਸਕਾਰਾਂ ਨਾਲ ਨਵਾਜਿਆ ਗਿਆ। ਕੈਂਸਰ ਰਿਸਰਚ ਯੂ.ਕੇ. ਦੇ ਸੀ.ਈ.ਓ. ਹਰਪਾਲ ਸਿੰਘ ਕੁਮਾਰ ਨੂੰ 'ਸਿੱਖਸ ਇਨ ਚੈਰਿਟੀਜ਼' ਤੇ ਗੁਰੂ ਗੋਬਿੰਦ ਸਿੰਘ ਕਾਲਜ ਵਿਚ ਲੈਕਚਰਾਰ ਰਹੇ ਜਗੀਰ ਸਿੰਘ ਨੂੰ ਵਿਦਿਆਦਾਨੀ ਸਿੱਖ ਪੁਰਸਕਾਰ ਦਿੱਤਾ ਗਿਆ। ਗੁਰਪ੍ਰੀਤ ਸਿੰਘ (ਭਾਰਤ ਮਨੋਰੰਜਨ), ਗੁਰੂ ਕਾ ਸਿੰਘ (ਅਮਰੀਕਾ ਮੀਡੀਆ), ਰਸ਼ਪਾਲ ਕੌਰ (ਭਾਰਤ, ਖੇਡਾਂ) ਤੇ ਸੁਰਿੰਦਰ ਸਿੰਘ ਕੰਧਾਰੀ ਯੂ.ਏ.ਈ. (ਸੇਵਾ) ਨੂੰ ਵੀ ਹੋਰ ਸਿੱਖ ਪੁਰਸਕਾਰ ਦਿੱਤੇ ਗਏ। ਬਰਤਾਨਵੀ ਸੰਸਦ ਦੇ ਇਕੋ-ਇਕ ਸਿੱਖ ਮੈਂਬਰ ਪਾਲ ਸਿੰਘ ਉਪਲ ਤੇ ਕੈਨੇਡਾ ਦੇ ਗੁਰਮੀਤ ਸਿੰਘ ਗਰੇਵਾਲ ਨੂੰ 'ਸਿੱਖਸ ਇਨ ਪ੍ਰੋਫੈਸ਼ਨ' ਐਵਾਰਡ ਦਿੱਤੇ ਗਏ। ਕੀਨੀਆ ਦੇ ਕਾਰੋਬਾਰੀ ਤੇ ਸਮਾਜ ਸੇਵੀ ਰਾਜਿੰਦਰ ਸਿੰਘ ਬਰਿਆਨ ਤੇ ਸੁਰਿੰਦਰ ਸਿੰਘ (ਅਮਰੀਕਾ) ਨੂੰ ਕਾਰੋਬਾਰੀ ਸਿੱਖ ਪੁਰਸਕਾਰ ਦਿੱਤੇ ਗਏ। ਡੈਟਾਵਿੰਡ ਲਿਮਟਿਡ ਦੇ ਸੀ.ਈ.ਓ. ਤੇ ਬਾਨੀ ਸੁਨੀਤ ਸਿੰਘ ਤੁਲੀ ਨੂੰ ਕਾਰੋਬਾਰੀ ਸਿੱਖ (ਉਦਮੀ) ਵਜੋਂ ਸਨਮਾਨਤ ਕੀਤਾ ਗਿਆ।



# ਰਜਿੰਦਰ ਸਿੰਘ ਮਹਿਤਾ ਦਾ ਸੈਨ ਹੋਜ਼ੇ 'ਚ ਸਵਾਗਤ

**ਸੈਨ ਹੋਜ਼ੇ (ਬਿਊਰੋ):** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਗਜੈਕਟਿਵ ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ ਦਾ ਗੁਰਦੁਆਰਾ ਸੈਨ ਹੋਜ਼ੇ ਪੁੱਜਣ 'ਤੇ ਗੁਰਦੁਆਰਾ ਪ੍ਰਬੰਧਕਾਂ ਵਲੋਂ ਸ਼ਾਨਦਾਰ ਸਵਾਗਤ ਕੀਤਾ ਗਿਆ ਅਤੇ ਸਿੱਖੀ ਪ੍ਰਤੀ ਉਨ੍ਹਾਂ ਦੀਆਂ ਸੇਵਾਵਾਂ ਦੀ ਸ਼ਲਾਘਾ ਕੀਤੀ ਗਈ। ਸ. ਮਹਿਤਾ ਨੇ ਮਾਣ ਸਤਿਕਾਰ ਲਈ ਪ੍ਰਬੰਧਕਾਂ ਦਾ ਧੰਨਵਾਦ ਕੀਤਾ।

ਇਸ ਸਮੇਂ ਜਨਰਲ ਸਕੱਤਰ ਭੁਪਿੰਦਰ ਸਿੰਘ ਢਿੱਲੋਂ, ਸਟੇਜ ਸਕੱਤਰ ਪ੍ਰੀਤਮ ਸਿੰਘ ਗਰੇਵਾਲ, ਨੀਤੂ ਸਿੰਘ ਕਾਹਲੋਂ, ਗੁਰਦੇਵ ਸਿੰਘ ਕਲਸੀ, ਬਹਾਦਰ ਸਿੰਘ ਦਿਉਲ, ਸੁਰਿੰਦਰ ਸਿੰਘ ਪੁਰੇਵਾਲ, ਸਰਬਜੋਤ ਸਿੰਘ ਸਵੱਦੀ, ਕਿਰਪਾਲ ਸਿੰਘ ਅਟਵਾਲ, ਇੰਦਰਜੀਤ ਸਿੰਘ ਥਿੰਦ, ਪ੍ਰੋ. ਸਰਬਜੀਤ ਸਿੰਘ ਸੰਧੂ, ਜਸਵੀਰ ਸਿੰਘ ਪਵਾਰ ਰਾਜੂ, ਭਾਈ ਨਿਸ਼ਾਨ ਸਿੰਘ ਦਮਦਮੀ ਟਕਸਾਲ, ਗਿਆਨੀ ਗੁਰਦੀਪ ਸਿੰਘ ਟੋਰਾਂਟੋ ਅਤੇ ਗੁਰੂ ਘਰ ਦੇ ਹੈਡ ਗ੍ਰੰਥੀ ਗਿਆਨੀ ਮਹਿੰਦਰ ਸਿੰਘ ਹੈਡ ਹਾਜ਼ਰ ਸਨ।

ਸ. ਮਹਿਤਾ ਸੈਨ ਹੋਜ਼ੇ ਅਤੇ ਬੇਏਰੀਏ ਵਿਚ ਵੱਖ ਵੱਖ ਸਮਾਗਮਾਂ ਵਿਚ ਹਾਜ਼ਰ ਹੋਏ ਅਤੇ ਆਪਣੇ ਦੋਸਤਾਂ-ਮਿੱਤਰਾਂ ਨੂੰ ਵੀ ਮਿਲੇ।



*ਗੁਰਦੁਆਰਾ ਸੈਨ ਹੋਜ਼ੇ ਵਿਖੇ ਪ੍ਰਬੰਧਕ ਸ.ਰਾਜਿੰਦਰ ਸਿੰਘ ਮਹਿਤਾ ਦਾ ਗੁਰੂ ਘਰ ਦੀ ਤਰਫੋਂ ਸਿਰੋਪਾਓ ਦੀ ਬਖਸ਼ਿਸ਼ ਨਾਲ ਮਾਣ ਸਤਿਕਾਰ ਕਰਦੇ ਹੋਏ ਅਤੇ (ਹੇਠਾਂ) ਸ. ਮਹਿਤਾ ਆਪਣੇ ਕਿਸੇ ਦੋਸਤ ਮਿੱਤਰ ਦੇ ਘਰ ਦੋਸਤਾਂ-ਮਿੱਤਰਾਂ ਨਾਲ*



# ਸਿੱਖ ਨਸਲਕੁਸ਼ੀ ਬਾਰੇ ਆਸਟਰੇਲੀਅਨ ਸੰਸਦ 'ਚ ਪਟੀਸ਼ਨ

**ਮੈਲਬਰਨ:** ਆਸਟਰੇਲੀਆ ਦੀ ਸੰਸਦ ਵਿਚ ਪਹਿਲੀ ਵਾਰ 1984 ਦੀ ਸਿੱਖ ਨਸਲਕੁਸ਼ੀ ਸਬੰਧੀ ਪਟੀਸ਼ਨ ਪੇਸ਼ ਕੀਤੀ ਜਾ ਰਹੀ ਹੈ। ਕੌਮੀ ਲਿਬਰਲ ਪਾਰਟੀ ਦੇ ਕੁਈਨਜ਼ਲੈਂਡ ਤੋਂ ਮੈਂਬਰ ਪਾਰਲੀਮੈਂਟ ਵਾਰੈਨ ਐਂਟਖ਼ ਇਹ ਪਟੀਸ਼ਨ ਪਹਿਲੀ ਨਵੰਬਰ ਬਾਅਦ ਦੁਪਹਿਰ ਸੰਸਦ ਸਾਹਮਣੇ ਰੱਖਣਗੇ। ਪ੍ਰਾਪਤ ਹੋਈ ਇਸ ਪਟੀਸ਼ਨ ਦੀ ਕਾਪੀ ਅਨੁਸਾਰ ਆਸਟਰੇਲੀਆਈ ਸੰਸਦ ਸਾਹਮਣੇ ਮੰਗ ਰੱਖੀ ਜਾਵੇਗੀ ਕਿ ਨਵੰਬਰ 1984 ਦੌਰਾਨ ਗਿਣੀਮਿਥੀ ਵਿਉਂਤਬੰਦੀ ਨਾਲ ਹਜ਼ਾਰਾਂ ਸਿੱਖਾਂ ਦੇ ਕਤਲ ਹੋਏ ਤੇ ਬਲਾਤਕਾਰ ਕੀਤੇ ਗਏ।

ਜੁਰਮ ਦੇ ਇਸ ਵਹਿਸ਼ੀ ਰੂਪ ਨੂੰ ਸੰਯੁਕਤ ਰਾਸ਼ਟਰ ਦੀ 'ਨਸਲਕੁਸ਼ੀ' ਸਬੰਧੀ ਸਜ਼ਾਵਾਂ ਤੇ ਰੋਕਥਾਮ ਦੀ ਨੀਤੀ ਵਜੋਂ ਮਾਨਤਾ ਦਿੱਤੀ ਜਾਵੇ। ਇਸ ਦੇ ਨਾਲ ਹੀ ਭਾਰਤ ਸਰਕਾਰ ਨੂੰ ਵੀ ਇਹ ਕਿਹਾ ਜਾਵੇ ਕਿ ਨਸਲਕੁਸ਼ੀ ਦੇ ਸਾਰੇ ਦੋਸ਼ੀਆਂ ਨੂੰ ਬਣਦੀਆਂ ਸਜ਼ਾਵਾਂ ਦਿੱਤੀਆਂ ਜਾਣ। ਸੰਸਦ ਮੈਂਬਰ ਅਨੁਸਾਰ ਆਸਟਰੇਲੀਆ ਦੇ ਵਿਕਾਸ ਵਿਚ ਭਰਵਾਂ ਯੋਗਦਾਨ ਪਾ ਰਹੇ ਸਿੱਖ ਭਾਈਚਾਰੇ ਨੂੰ ਇਨਸਾਫ਼ ਮਿਲਣਾ ਚਾਹੀਦਾ ਹੈ।

# ਇੰਡੀਅਨ ਆਇਲ ਸੁਰਜੀਤ ਹਾਕੀ ਕੱਪ 'ਤੇ ਕਾਬਜ਼

**ਜਲੰਧਰ:** ਇਸ ਵਾਰ 29ਵੇਂ ਇੰਡੀਅਨ ਆਇਲ ਸਰਵੋ ਸੁਰਜੀਤ ਹਾਕੀ ਟੂਰਨਾਮੈਂਟ 'ਚ ਗਹਿਗੱਚ ਮੁਕਾਬਲੇ ਹੋਏ ਤੇ ਇੰਡੀਅਨ ਆਇਲ ਮੁੰਬਈ ਨੇ ਭਾਰਤ ਪੈਟਰੋਲੀਅਮ ਮੁੰਬਈ ਨੂੰ 4-3 ਗੋਲਾਂ ਨਾਲ ਹਰਾ ਕੇ ਖਿਤਾਬ 'ਤੇ ਕਬਜ਼ਾ ਕਰ ਲਿਆ।



ਓਲੰਪੀਅਨ ਸੁਰਜੀਤ ਹਾਕੀ ਸਟੇਡੀਅਮ ਵਿਖੇ 30 ਹਜ਼ਾਰ ਦਰਸ਼ਕਾਂ ਦੇ ਸਾਹਮਣੇ ਦੋਵੇਂ ਟੀਮਾਂ ਨੇ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕੀਤਾ।

ਜੇਤੂ ਟੀਮ ਨੂੰ ਗੋਲਡ ਜਿਮ ਵੱਲੋਂ 3.50 ਲੱਖ ਰੁਪਏ ਨਕਦ ਤੇ ਟਰਾਫੀ ਤੇ ਉਪ ਜੇਤੂ ਟੀਮ ਨੂੰ ਸੀ ਟੀ ਗਰੁੱਪ ਵੱਲੋਂ 2.50 ਲੱਖ ਰੁਪਏ ਨਗਦ ਤੇ ਟਰਾਫੀ ਨਾਲ ਸਨਮਾਨਤ ਕੀਤਾ ਗਿਆ। ਇਨਾਮਾਂ ਦੀ ਵੰਡ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਕੀਤੀ। ਇੰਡੀਅਨ ਆਇਲ ਦੇ ਗੁਰਜਿੰਦਰ ਸਿੰਘ ਨੂੰ ਟੂਰਨਾਮੈਂਟ ਦਾ ਬੇਹਤਰੀਨ ਖਿਡਾਰੀ ਐਲਾਨਿਆ ਗਿਆ। ਉਸ ਨੂੰ 25000 ਰੁਪਏ ਨਕਦ ਪੁਰਸਕਾਰ ਨਾਲ ਸਨਮਾਨਤ ਕੀਤਾ ਗਿਆ।

ਫਾਈਨਲ ਮੁਕਾਬਲੇ ਦੌਰਾਨ ਖੇਡ ਦੇ 6ਵੇਂ ਮਿੰਟ ਵਿਚ ਭਾਰਤ ਪੈਟਰੋਲੀਅਮ ਦੇ ਅਮੀਰ ਖਾਨ ਨੇ ਸ਼ਾਨਦਾਰ ਮੈਦਾਨੀ ਗੋਲ ਕਰਕੇ ਖਾਤਾ ਖੋਲ੍ਹਿਆ। ਇਸ ਤੋਂ ਬਾਅਦ ਇੰਡੀਅਨ ਆਇਲ ਨੇ ਹਮਲਿਆਂ ਦੀ ਝੜੀ ਲਾਈ। ਖੇਡ ਦੇ 17ਵੇਂ, 18ਵੇਂ, 20ਵੇਂ, 21ਵੇਂ ਤੇ 22ਵੇਂ ਮਿੰਟ ਵਿਚ ਪੰਜ ਪੈਨਲਟੀ ਕਾਰਨਰ ਗਵਾਉਣ ਤੋਂ ਬਾਅਦ 23ਵੇਂ ਮਿੰਟ ਵਿਚ ਮਿਲੇ 6ਵੇਂ ਪੈਨਲਟੀ ਕਾਰਨਰ ਨੂੰ ਗੁਰਜਿੰਦਰ ਸਿੰਘ ਨੇ ਗੋਲ ਵਿਚ ਬਦਲ ਕੇ ਆਪਣੀ ਟੀਮ ਨੂੰ ਬਰਾਬਰੀ 'ਤੇ ਲਿਆ ਖੜ੍ਹਾ ਕੀਤਾ। ਅੱਧੇ ਸਮੇਂ ਤੱਕ ਦੋਵੇਂ ਟੀਮਾਂ 1-1 ਗੋਲ ਨਾਲ ਬਰਾਬਰ ਸਨ।

ਖੇਡ ਦੇ ਦੂਜੇ ਅੱਧ ਦੇ ਸ਼ੁਰੂ ਹੁੰਦੇ ਹੀ 36ਵੇਂ ਮਿੰਟ ਵਿਚ ਇੰਡੀਅਨ ਆਇਲ ਵੱਲੋਂ ਓਲੰਪੀਅਨ ਪ੍ਰਭਜੋਤ ਸਿੰਘ ਨੇ ਰੋਸ਼ਨ ਮਿੰਜ ਦੇ ਪਾਸ ਤੇ ਮੈਦਾਨੀ ਗੋਲ ਕਰਕੇ ਸਕੋਰ 2-1 ਕਰ ਦਿੱਤਾ। ਖੇਡ ਦੇ 50ਵੇਂ ਮਿੰਟ ਵਿਚ ਇੰਡੀਅਨ ਆਇਲ ਦੇ ਗੁਰਜਿੰਦਰ ਸਿੰਘ ਨੇ ਪੈਨਲਟੀ ਕਾਰਨਰ ਨੂੰ ਗੋਲ ਵਿਚ ਬਦਲ ਕੇ ਸਕੋਰ 3-1 ਕੀਤਾ। ਖੇਡ ਦੇ 58ਵੇਂ ਮਿੰਟ ਵਿਚ ਇੰਡੀਅਨ ਆਇਲ ਨੂੰ ਪੈਨਲਟੀ ਸਟਰੋਕ ਮਿਲਿਆ ਜਿਸ ਨੂੰ ਗੁਰਜਿੰਦਰ ਸਿੰਘ ਨੇ ਗੋਲ ਵਿਚ ਬਦਲ ਕੇ ਸਕੋਰ 4-1 ਕਰ ਦਿੱਤਾ। ਖੇਡ ਦੇ 59ਵੇਂ ਮਿੰਟ ਵਿਚ ਭਾਰਤ ਪੈਟਰੋਲੀਅਮ ਦੇ ਰਵੀਪਾਲ ਸਿੰਘ ਨੇ ਮੈਦਾਨੀ ਗੋਲ ਕਰਕੇ ਸਕੋਰ ਦਾ ਫਰਕ ਘਟਾ ਕੇ 2-4 ਕੀਤਾ। ਖੇਡ ਦੇ 63ਵੇਂ ਮਿੰਟ ਵਿਚ ਭਾਰਤ ਪੈਟਰੋਲੀਅਮ ਦੇ ਗੁਰਪ੍ਰੀਤ ਸਿੰਘ ਨੇ ਪੈਨਲਟੀ ਕਾਰਨਰ ਨੂੰ ਗੋਲ ਵਿਚ ਬਦਲ ਕੇ ਸਕੋਰ 3-4 ਕਰਕੇ ਮੈਚ ਵਿਚ ਵਾਪਸੀ ਦੀ ਆਸ ਨੂੰ ਜਗਾਈ ਰੱਖਿਆ।

ਇਸ ਮੌਕੇ ਅਮੋਲਕ ਸਿੰਘ ਗਾਖਲ ਚੇਅਰਮੈਨ ਗੋਲਡ ਜਿਮ, ਡਾ. ਦਲਜੀਤ ਸਿੰਘ ਚੀਮਾ ਵਿਧਾਇਕ, ਪਰਗਟ ਸਿੰਘ ਵਿਧਾਇਕ, ਓਲੰਪੀਅਨ ਸੰਜੀਵ ਕੁਮਾਰ, ਓਲੰਪੀਅਨ ਰਜਿੰਦਰ ਸਿੰਘ, ਨੱਥਾ ਸਿੰਘ ਗਾਖਲ, ਮਿਅੰਕ ਗੁਪਤਾ, ਮਨਵਿੰਦਰ ਸਿੰਘ ਬੱਲ, ਪੁਸ਼ਕਰਨ ਸਿੰਘ ਗਾਖਲ ਮੌਜੂਦ ਸਨ।

## ਗਡਕਰੀ ਦੀਆਂ ਕੰਪਨੀਆਂ ਦੀ ਹੋਵੇਗੀ ਜਾਂਚ

**ਨਵੀਂ ਦਿੱਲੀ:** ਭ੍ਰਿਸ਼ਟਾਚਾਰ ਦੇ ਮੁੱਦੇ ਨੂੰ ਲੈ ਕੇ ਸੱਤਾਧਾਰੀ ਯੂ.ਪੀ.ਏ. ਸਰਕਾਰ ਨੂੰ ਲਗਾਤਾਰ ਘੇਰਦੀ ਆ ਰਹੀ ਵਿਰੋਧੀ ਧਿਰ ਭਾਜਪਾ ਆਪ ਵੀ ਕਸੂਤੀ ਫਸ ਗਈ ਹੈ। ਇਸ ਵਾਰ ਭਾਜਪਾ ਦੇ ਪ੍ਰਧਾਨ ਨਿਤਿਨ ਗਡਕਰੀ 'ਤੇ ਭ੍ਰਿਸ਼ਟਾਚਾਰ ਦੇ ਦੋਸ਼ ਲੱਗੇ ਹਨ ਤੇ ਸਰਕਾਰ ਨੇ ਉਨ੍ਹਾਂ ਦੀਆਂ ਕੰਪਨੀਆਂ ਨੂੰ ਸ਼ੱਕੀ ਢੰਗ ਨਾਲ ਫੰਡ ਮਿਲਣ ਬਾਰੇ ਮਿਲੀਆਂ ਸ਼ਿਕਾਇਤਾਂ ਦੀ ਜਾਂਚ ਕਰਾਉਣ ਦਾ ਫੈਸਲਾ ਕੀਤਾ ਹੈ।

ਇਸ ਦੌਰਾਨ ਭਾਜਪਾ ਦੇ ਸੀਨੀਅਰ ਆਗੂ ਰਾਮ ਜੇਠਮਲਾਨੀ ਨੇ ਕਿਹਾ ਕਿ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿਚ ਘਿਰੇ ਗਡਕਰੀ ਨੂੰ ਦੂਜੀ ਵਾਰ ਪਾਰਟੀ ਦੀ ਪ੍ਰਧਾਨਗੀ ਨਹੀਂ ਲੈਣੀ ਚਾਹੀਦੀ। ਗਡਕਰੀ ਦੀ ਕੰਪਨੀ ਪੁਰਤੀ ਪਾਵਰ ਐਂਡ ਸ਼ੂਗਰ ਲਿਮਟਿਡ ਨੂੰ ਫੰਡ ਮਿਲਣ ਬਾਰੇ ਕਈ ਹੈਰਾਨਕੁਨ ਵੇਰਵੇ ਸਾਹਮਣੇ ਆਉਣ ਤੋਂ ਬਾਅਦ, ਕਾਰਪੋਰੇਟ ਮਾਮਲਿਆਂ ਦੇ ਮੰਤਰੀ ਐਮ ਵੀਰੱਪਾ ਮੋਇਲੀ ਨੇ ਕਿਹਾ ਕਿ ਇਸ ਮੁੱਦੇ 'ਤੇ ਜਾਣਕਾਰੀ ਲੋਕਾਂ ਸਾਹਮਣੇ ਆਉਣ ਤੋਂ ਬਾਅਦ ਹੁਣ ਰਜਿਸਟਰਾਰ ਆਫ ਕੰਪਨੀਜ਼ ਵੱਲੋਂ ਇਸ ਦੀ ਜਾਂਚ ਕੀਤੀ ਜਾਵੇਗੀ।

## ਸਹੁਰੇ ਵੱਲੋਂ ਨੂੰਹ ਦਾ ਗੋਲੀ ਮਾਰ ਕੇ ਕਤਲ

**ਰਾਏਕੋਟ:** ਜ਼ਮੀਨੀ ਵਿਵਾਦ ਨੂੰ ਲੈ ਕੇ ਪਿੰਡ ਨੂਰਪੁਰਾ ਵਿਖੇ ਸਹੁਰੇ ਵੱਲੋਂ ਆਪਣੀ ਨੂੰਹ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਸਥਾਨਕ ਪੁਲਸ ਨੇ ਮ੍ਰਿਤਕਾ ਦੇ ਪਿਤਾ ਦੇ ਬਿਆਨਾਂ 'ਤੇ ਮ੍ਰਿਤਕਾ ਦੇ ਸਹੁਰੇ ਅਜੀਤ ਸਿੰਘ ਪੁੱਤਰ ਗੁਰਚਰਨ ਸਿੰਘ ਤੇ ਉਸ ਦੇ ਭਰਾ ਅਵਤਾਰ ਸਿੰਘ ਵਿਰੁੱਧ ਕੇਸ ਦਰਜ ਕੀਤਾ ਗਿਆ ਹੈ।

ਥਾਣਾ ਰਾਏਕੋਟ ਅਨੁਸਾਰ ਮ੍ਰਿਤਕਾ ਜਗਪਾਲ ਕੌਰ ਆਪਣੇ ਪਤੀ ਨਰਿੰਦਰ ਸਿੰਘ ਦੀ ਮੌਤ ਤੋਂ ਬਾਅਦ ਆਪਣੇ ਦੋ ਬੱਚਿਆਂ ਨਾਲ ਇਕੱਲੀ ਰਹਿ ਰਹੀ ਸੀ ਤੇ ਉਸ ਦਾ ਆਪਣੇ ਸਹੁਰੇ ਪਰਿਵਾਰ ਨਾਲ ਕੁਝ ਜ਼ਮੀਨੀ ਵਿਵਾਦ ਵੀ ਚੱਲ ਰਿਹਾ ਸੀ। 19 ਅਕਤੂਬਰ ਨੂੰ ਜਦੋਂ ਜਗਪਾਲ ਕੌਰ ਆਪਣੇ ਹਿੱਸੇ ਦੇ ਖੇਤ 'ਚ ਸਾਂਝੀ ਮੋਟਰ ਤੋਂ ਪਾਣੀ ਛੱਡਣ ਗਈ ਤਾਂ ਉਥੇ ਪਹਿਲਾਂ ਤੋਂ ਹੀ ਬੈਠੇ ਉਸ ਦੇ ਸਹੁਰੇ ਅਜੀਤ ਸਿੰਘ ਤੇ ਉਸ ਦੇ ਭਰਾ ਅਵਤਾਰ ਸਿੰਘ ਨੇ ਉਸ ਨੂੰ ਪਾਣੀ ਲਾਉਣ ਤੋਂ ਰੋਕ ਦਿੱਤਾ ਜਿਸਦਾ ਵਿਰੋਧ ਕਰਨ 'ਤੇ ਗੁੱਸੇ ਵਿਚ ਆਏ ਉਸ ਦੇ ਸਹੁਰੇ ਨੇ ਕੋਲ ਹੀ ਪਈ ਆਪਣੀ ਬੰਦੂਕ ਨਾਲ ਫਾਇਰ ਕਰ ਦਿੱਤੇ ਜਿਸ ਨਾਲ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ।


Are You Tired Of All Treatments?
Try Homeopathic Natural Medicines (HNM)

Gurdip Singh Sandhu
Homeopathic Practitioner/Consultant
DHMS-Gold Medalist, BAMS, MDEh.- India
1188 E Santa Clara St., San Jose, CA 95116

Homeopathic natural medicines supply



Gurdip Singh Sandhu

Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

EX Member:
The California Homeopathic Society
National Center For Homeopathy- USA

Ph:(408) 687-1899
(408) 729-6691
Fax:(408)292-6200

Email: Homeomdicine@yahoo.com
Website: www.Homeopathyatoz.com

Toll Free: 1-877-OK-HOMEO (1-877-654-6636)



Yarra, Kharazi & Associates

Phone: (888) 97YARRA (92772)

Immigration
Family Law
Personal Injury



ਇਮੀਗ੍ਰੇਸ਼ਨ, ਫੈਮਿਲੀ ਲਾਅ ਅਤੇ ਪਰਸਨਲ ਇੰਜਰੀ ਦੇ ਕੇਸਾਂ ਵਿਚ ਤੁਹਾਡੇ ਭਰੋਸੇਯੋਗ ਵਕੀਲ

Trust your matter to a specialist

ਅਸੀਂ ਇਸ ਖੇਤਰ ਦੇ ਮਾਹਿਰ ਹਾਂ ਅਤੇ ਤੁਹਾਡਾ ਕੇਸ ਸਹੀ ਢੰਗ ਨਾਲ ਲੜਨਾ ਸਾਡੀ ਜ਼ਿੰਮੇਵਾਰੀ ਤੇ ਸਾਡੀ ਸਿਰਦਰਦੀ ਹੋਵੇਗੀ

Offices in Bakersfield, Fresno and Merced.

Bring this ad in and receive a free consultation

ਸਾਡੇ ਦਫਤਰ ਬੇਕਰਜ਼ਫੀਲਡ, ਫਰਿਜ਼ਨੋ ਅਤੇ ਮਰਸਡ ਵਿਚ ਹਨ
ਇਹ ਇਸ਼ਤਿਹਾਰ ਲੈ ਕੇ ਆਓ ਤੇ ਆਪਣੇ ਕੇਸ ਬਾਰੇ ਮੁਫਤ ਸਲਾਹ ਲਓ

ਯੱਰਾ, ਖਰਾਜ਼ੀ ਐਂਡ ਐਸੋਸੀਏਟਸ

ਫੋਨ: 1-888-979-2772

Email: Info@rwyarra.com



ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School

ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ




Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-383-2785

1816 Main Ave., Secramento CA, 95838

# ਓਬਾਮਾ ਹੋਇਆ ਮਿੱਟ ਰੋਮਨੀ 'ਤੇ ਹਾਵੀ





**ਵਾਸ਼ਿੰਗਟਨ:** ਤਾਜ਼ਾ ਸਰਵੇਖਣ ਮੁਤਾਬਕ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਰਾਸ਼ਟਰਪਤੀ ਦੇ ਅਹੁਦੇ ਲਈ ਹੋਈ ਦੂਜੀ ਬਹਿਸ ਵਿਚ ਆਪਣੇ ਵਿਰੋਧੀ ਮਿਟ ਰੋਮਨੀ ਤੋਂ ਸ਼ਾਨਦਾਰ ਢੰਗ ਨਾਲ ਜਿੱਤ ਹਾਸਲ ਕਰ ਚੁੱਕੇ ਹਨ ਜਦੋਂਕਿ ਉਹ ਪਹਿਲਾਂ ਕੌਮੀ ਪੱਧਰ 'ਤੇ ਇਕ ਅੰਕ ਨਾਲ ਪਛੜੇ ਹੋਏ ਸਨ। ਇਹ ਪ੍ਰਗਟਾਵਾ ਗੈਲਅਪ ਵੱਲੋਂ ਜਾਰੀ ਤਾਜ਼ਾ ਸਰਵੇਖਣ ਵਿਚ ਕੀਤਾ ਗਿਆ ਹੈ। ਜ਼ਿਕਰਯੋਗ ਹੈ ਅਮਰੀਕਾ ਦਾ ਨਵਾਂ ਰਾਸ਼ਟਰਪਤੀ 21 ਜਨਵਰੀ ਨੂੰ ਸਹੁੰ ਚੁੱਕੇਗਾ। ਨਿਊਯਾਰਕ ਵਿਚ ਹੋਈ ਦੂਜੀ ਬਹਿਸ ਜਿਨ੍ਹਾਂ ਅਮਰੀਕੀ ਨਾਗਰਿਕਾਂ ਨੇ ਦੇਖੀ ਹੈ, ਉਨ੍ਹਾਂ ਵਿਚੋਂ ਵਧੇਰਿਆਂ ਦਾ ਕਹਿਣਾ ਹੈ ਕਿ ਬਰਾਕ ਓਬਾਮਾ ਨੇ ਮਿਟ ਰੋਮਨੀ ਦੇ ਮੁਕਾਬਲੇ ਆਪਣਾ ਕਰਤੱਵ ਸ਼ਾਨਦਾਰ ਢੰਗ ਨਾਲ ਨਿਭਾਇਆ ਹੈ ਤੇ ਇਹ ਅਨੁਪਾਤ ਦੋਵਾਂ ਆਗੂਆਂ ਵਿਚ 51-38 ਫੀਸਦੀ ਦਾ ਹੈ। ਗੈਲਅਪ ਨੇ ਸੀਐਨਐਨ ਤੇ ਸੀਬੀਐਸ ਦੇ ਮੁਕਾਬਲੇ ਆਪਣੇ ਸਰਵੇਖਣ ਵਿਚ ਓਬਾਮਾ ਦੀ ਵਿਆਪਕ ਲੀਡ ਦਿਖਾਈ ਹੈ। ਸੀਐਨਐਨ ਤੇ ਸੀਬੀਐਨ ਨੇ ਓਬਾਮਾ ਨੂੰ ਆਪਣੇ ਸਰਵੇਖਣ ਵਿਚ ਸੱਤ ਅੰਕਾਂ ਨਾਲ ਜੇਤੂ ਦਿਖਾਇਆ ਹੈ।

ਰੀਅਲ ਕਲੀਅਰ ਪੌਲੇਟਿਕਸ ਜੋ ਸਾਰੇ ਅਹਿਮ ਚੋਣ ਸਰਵੇਖਣਾਂ ਉਤੇ ਨਜ਼ਰ ਰੱਖਦਾ ਹੈ, ਨੇ ਇਹ ਰਿਪੋਰਟ ਦਿੱਤੀ ਹੈ ਕਿ ਓਬਾਮਾ ਨੇ ਰੋਮਨੀ ਵੱਲੋਂ ਲਈ ਲੀਡ ਨੂੰ ਖਤਮ ਕਰ ਦਿੱਤਾ ਤੇ ਹੁਣ 0.1 ਫੀਸਦੀ ਫਰਕ ਨਾਲ ਅੱਗੇ ਹਨ। ਇਹ ਅੰਦਾਜ਼ਾ ਸਾਰੇ ਮੁੱਖ ਸਰਵੇਖਣਾਂ ਦੀ ਔਸਤ ਤੋਂ ਬਾਅਦ ਲਾਇਆ ਗਿਆ ਹੈ। ਇਸ ਦੌਰ ਜਾਰੀ ਹੋਏ ਬਹੁਤ ਸਾਰੇ ਸਰਵੇਖਣਾਂ ਵਿਚ ਦੋਵਾਂ ਆਗੂਆਂ ਵਿਚ ਸਖ਼ਤ ਟੱਕਰ ਦਿਖਾਈ ਗਈ ਹੈ।

ਜ਼ਿਕਰਯੋਗ ਹੈ ਕਿ ਭਾਵੇਂ ਅਮਰੀਕੀ ਰਾਸ਼ਟਰਪਤੀ ਦੇ ਅਹੁਦੇ ਲਈ 6 ਨਵੰਬਰ ਨੂੰ ਵੋਟਾਂ ਪੈ ਰਹੀਆਂ ਹਨ ਤੇ ਨਵੇਂ ਰਾਸ਼ਟਰਪਤੀ ਅਹੁਦੇ ਦੀ ਸਹੁੰ ਸੰਵਿਧਾਨਕ ਤੌਰ 'ਤੇ ਤੈਅ 20 ਜਨਵਰੀ ਦੀ ਥਾਂ 21 ਜਨਵਰੀ ਨੂੰ ਚੁੱਕਣਗੇ ਕਿਉਂਕਿ 20 ਜਨਵਰੀ ਨੂੰ ਐਤਵਾਰ ਹੈ। ਅਮਰੀਕੀ ਇਤਿਹਾਸ ਵਿਚ ਇਹ ਸੱਤਵੀਂ ਵਾਰ ਹੈ ਕਿ ਰਾਸ਼ਟਰਪਤੀ ਦੇ ਅਹੁਦੇ ਦੀ ਸਹੁੰ ਚੁੱਕਣ ਦੀ ਸੰਵਿਧਾਨਕ ਤੌਰ 'ਤੇ ਤੈਅ ਤਾਰੀਖ਼ ਐਤਵਾਰ ਨੂੰ ਆ ਗਈ ਹੈ। ਇਸ ਤੋਂ ਪਹਿਲਾਂ 1985 ਵਿਚ ਰੋਨਾਲਡ ਰੀਗਨ ਦੇ ਦੂਜੀ ਵਾਰ ਸਹੁੰ ਚੁੱਕਣ ਦੌਰਾਨ ਅਜਿਹਾ ਹੋਇਆ ਸੀ।

ਅਮਰੀਕੀ ਕਾਂਗਰਸ ਸਮਿਤੀ ਨੇ 21 ਜਨਵਰੀ ਦੇ ਪ੍ਰੋਗਰਾਮ ਲਈ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਮੌਜੂਦਾ ਰਾਸ਼ਟਰਪਤੀ ਬਰਾਕ ਓਬਾਮਾ ਤੇ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਮਿਟ ਰੋਮਨੀ ਛੇ ਨਵੰਬਰ ਨੂੰ ਹੋਣ ਵਾਲੀਆਂ ਚੋਣਾਂ 'ਚ ਉਮੀਦਵਾਰ ਹਨ।

## ਫੰਡ ਜੁਟਾਉਣ 'ਚ ਭਾਰਤੀ ਮੂਲ ਦੇ ਉਮੀਦਵਾਰ ਅੱਗੇ

**ਵਾਸ਼ਿੰਗਟਨ:** ਭਾਰਤੀ ਮੂਲ ਦੇ ਅਮਰੀਕੀ ਉਮੀਦਵਾਰਾਂ ਨੇ ਅਮਰੀਕੀ ਕਾਂਗਰਸ ਦੀਆਂ ਛੇ ਨਵੰਬਰ ਨੂੰ ਹੋ ਰਹੀਆਂ ਚੋਣਾਂ 'ਚ ਫੰਡ ਇਕੱਠਾ ਕਰਨ ਦੇ ਮਾਮਲੇ ਵਿਚ ਆਪਣੇ ਵਿਰੋਧੀਆਂ ਨੂੰ ਵੱਡੇ ਫਰਕ ਨਾਲ ਪਛਾੜ ਦਿੱਤਾ ਹੈ। ਇਨ੍ਹਾਂ ਉਮੀਦਵਾਰਾਂ ਵਿਚ ਡੈਮੋਕਰੇਟਿਕ ਦਲ ਦੀ ਅਮੀ ਬੇਰਾ ਤੇ ਰਿਪਬਲਿਕਨ ਦੇ ਰਣਜੀਤ ਰਿੱਕੀ ਗਿੱਲ ਸ਼ਾਮਲ ਹਨ। ਹਾਲਾਂਕਿ ਚੋਣਾਂ ਤੋਂ ਬਾਅਦ ਨਤੀਜੇ ਹੀ ਦੱਸਣਗੇ ਕਿ ਇਨ੍ਹਾਂ ਉਮੀਦਵਾਰਾਂ ਵੱਲੋਂ ਫੰਡ ਇਕੱਠੇ ਕਰਕੇ ਬਣਾਇਆ ਪ੍ਰਭਾਵ ਵੋਟਾਂ ਹਾਸਲ ਕਰਨ ਵੇਲੇ ਅਸਰਅੰਦਾਜ਼ ਹੁੰਦਾ ਹੈ ਜਾਂ ਨਹੀਂ। ਇਨ੍ਹਾਂ ਦੋਹਾਂ ਉਮੀਦਵਾਰਾਂ ਤੋਂ ਬਿਨਾਂ ਉਪੇਂਦਰ ਚਿਵੁਕੂਲਾ (ਨਿਊ ਜਰਸੀ), ਮਨਨ ਤ੍ਰਿਵੇਦੀ (ਪੈਨਸੀਲਵਾਨੀਆ) ਸਈਦ ਤਾਜ (ਮਿਸ਼ੀਗਨ) ਵੀ ਉਹ ਭਾਰਤੀ ਮੂਲ ਦੇ ਅਮਰੀਕੀ ਉਮੀਦਵਾਰ ਹਨ ਜਿਨ੍ਹਾਂ ਫਿਲਹਾਲ ਫੰਡ ਇਕੱਠੇ ਕਰਨ 'ਚ ਆਪਣੇ ਵਿਰੋਧੀਆਂ ਨੂੰ ਵੱਡੇ ਫਰਕ ਨਾਲ ਪਛਾੜ ਦਿੱਤਾ ਹੈ। ਇਸ ਸੂਚੀ ਵਿਚ ਸਭ ਤੋਂ ਉਤੇ ਅਮੀ ਬੇਰਾ ਦਾ ਨਾਂ ਹੈ ਜਿਸ ਨੇ 30 ਸਤੰਬਰ ਤਕ ਆਪਣੀ ਚੋਣ ਮੁਹਿੰਮ ਲਈ 731,000 ਅਮਰੀਕੀ ਡਾਲਰ ਇਕੱਠੇ ਕੀਤੇ ਜਦੋਂ ਕਿ ਉਸ ਦਾ ਵਿਰੋਧੀ ਡਾਨ ਲੰਗਰੀਨ ਕੇਵਲ 223,000 ਅਮਰੀਕੀ ਡਾਲਰ ਹੀ ਜੁਟਾ ਸਕਿਆ। ਪਿਛਲੇ ਹਫ਼ਤੇ ਸਾਬਕਾ ਅਮਰੀਕੀ ਰਾਸ਼ਟਰਪਤੀ ਬਿਲ ਕਲਿੰਟਨ ਨੇ ਵੀ ਅਮੀ ਬੇਰਾ ਨੂੰ ਸਮਰਥਨ ਦੇਣ ਦਾ ਐਲਾਨ ਕੀਤਾ ਹੈ। ਦੂਜਾ ਨੰਬਰ ਰਣਜੀਤ ਰਿੱਕੀ ਗਿੱਲ ਦਾ ਹੈ।

## ਓਬਾਮਾ ਤੇ ਰੋਮਨੀ ਵਿਚਾਲੇ ਖ਼ੁਸ਼ਗਵਾਰ ਪਲ

**ਨਿਊ ਯਾਰਕ:** ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਤੇ ਉਨ੍ਹਾਂ ਦੇ ਰਿਪਬਲਿਕਨ ਵਿਰੋਧੀ ਮਿਟ ਰੋਮਨੀ ਨੇ ਰਾਸ਼ਟਰਪਤੀ ਦੇ ਅਹੁਦੇ ਲਈ ਦੋ ਤਲਖ਼ ਬਹਿਸਾਂ ਮਗਰੋਂ ਇਥੇ ਚੈਰਿਟੀ ਰਾਤਰੀ ਭੋਜ ਦੌਰਾਨ ਇਕ-ਦੂਜੇ ਨਾਲ ਕਾਫ਼ੀ ਮਜ਼ਾਕ ਕੀਤਾ। ਕੈਥੋਲਿਕ ਆਰਕਡਾਇਓਸੇਸੇ ਵੱਲੋਂ ਦਾਨ ਇਕੱਤਰ ਕਰਨ ਲਈ ਕਰਵਾਏ ਐਲਫਰੈਂਡ ਸਮਿੱਥ ਰਾਤਰੀ ਭੋਜ 'ਚ ਦੋਵਾਂ ਆਗੂਆਂ ਨੇ ਚੋਣਾਂ ਦੀ ਤਲਖ਼ੀ ਨੂੰ ਤਿਆਗਦਿਆਂ ਮਜ਼ਾਕੀਆ ਭਾਸ਼ਣ ਦਿੱਤੇ। ਇਹ ਸਾਲਾਨਾ ਭੋਜ ਵਾਸ਼ਿੰਗਟਨ ਹਾਊਸ ਲਈ ਗਹਿਗੱਚ ਦੌੜ ਤੋਂ ਪਹਿਲਾਂ ਉਮੀਦਵਾਰਾਂ ਨੂੰ ਸਕੂਨ ਦੇ ਕੁਝ ਪਲ ਦੇਣ ਦਾ ਸਬੱਬ ਹੈ। ਇਹ ਭੋਜ ਡੈਮੋਕਰੇਟਿਕ ਗਵਰਨਰ ਐਲਫਰੈਂਡ ਸਮਿੱਥ ਦੀ ਯਾਦ ਵਿਚ ਦਿੱਤਾ ਜਾਂਦਾ ਹੈ। ਸ੍ਰੀ ਸਮਿੱਥ ਇਕ ਵਾਰ ਰਾਸ਼ਟਰਪਤੀ ਦੇ ਅਹੁਦੇ ਲਈ ਡੈਮੋਕਰੇਟਿਕ ਪਾਰਟੀ ਦੇ ਉਮੀਦਵਾਰ ਰਹੇ ਹਨ। ਸ੍ਰੀ ਓਬਾਮਾ ਤੇ ਸ੍ਰੀ ਰੋਮਨੀ ਨੇ ਇਕ-ਦੂਜੇ ਬਾਰੇ ਚੁਟਕਲੇ ਸੁਣਾਏ ਤੇ ਮਜ਼ਾਕੀਆ ਟਿੱਪਣੀਆਂ ਕੀਤੀਆਂ। ਰਿਪਬਲਿਕਨ ਉਮੀਦਵਾਰ ਦੇ ਬੋਲਣ ਮਗਰੋਂ ਰਾਸ਼ਟਰਪਤੀ ਨੇ ਕਿਹਾ ਕਿ ਇਹ ਹਾਲ ਹੀ ਵਿਚ ਤੀਜਾ ਮੌਕਾ ਹੈ ਜਦੋਂ ਸ੍ਰੀ ਰੋਮਨੀ ਤੇ ਉਹ ਮਿਲ ਰਹੇ ਹਨ।

## ਭਾਈ ਬਿੱਟੂ ਨੂੰ ਹੱਥਕੜੀ ਲਾਉਣ ਬਾਰੇ ਅਰਜ਼ੀ ਰੱਦ

**ਮਾਨਸਾ:** ਸ਼੍ਰੋਮਣੀ ਅਕਾਲੀ ਦਲ (ਪੰਚ ਪ੍ਰਧਾਨੀ) ਦੇ ਚੇਅਰਮੈਨ ਭਾਈ ਦਲਜੀਤ ਸਿੰਘ ਬਿੱਟੂ ਨੂੰ ਖ਼ਤਰਨਾਕ ਅਪਰਾਧੀ ਦੱਸਦਿਆਂ ਲੁਧਿਆਣਾ ਪੁਲਿਸ ਨੇ ਅਦਾਲਤ ਵਿਚ ਦਰਖ਼ਾਸਤ ਪੇਸ਼ ਕੀਤੀ ਕਿ ਭਾਈ ਬਿੱਟੂ ਨੂੰ ਹੱਥਕੜੀ ਲਾਉਣ ਦੀ ਇਜਾਜ਼ਤ ਦਿੱਤੀ ਜਾਵੇ ਪਰ ਅਦਾਲਤ ਨੇ ਇਹ ਅਰਜ਼ੀ ਰੱਦ ਕਰਕੇ ਹੁਕਮ ਕੀਤਾ ਕਿ ਉਚ ਅਦਾਲਤਾਂ ਦੇ ਆਦੇਸ਼ਾਂ ਮੁਤਾਬਕ ਹੱਥਕੜੀ ਨਹੀਂ ਲਾਈ ਜਾ ਸਕਦੀ।

ਇਸੇ ਦੌਰਾਨ ਅਦਾਲਤ ਨੇ ਡੇਰਾ ਪ੍ਰੇਮੀ ਲੀਲੀ ਕਤਲ ਕਾਂਡ ਵਿਚ ਬੱਬਰ ਖ਼ਾਲਸਾ ਦੇ ਖਾੜਕੂ ਭਾਈ ਬਲਵੀਰ ਸਿੰਘ ਭੂਤਨਾ, ਭਾਈ ਬਿੱਟੂ ਤੇ ਹੋਰ ਸਿੰਘਾਂ ਦੀ ਪੇਸ਼ੀ ਪੰਜ ਨਵੰਬਰ 'ਤੇ ਪਾ ਦਿੱਤੀ ਹੈ। ਭਾਈ ਬਿੱਟੂ ਲੁਧਿਆਣਾ ਤੇ ਭਾਈ ਭੂਤਨਾ ਕੇਂਦਰੀ ਜੇਲ੍ਹ ਨਾਭਾ ਵਿਖੇ ਬੰਦ ਹਨ ਜਦਕਿ ਦੂਸਰੇ ਮੁਲਜ਼ਮ ਜ਼ਮਾਨਤ 'ਤੇ ਹਨ। ਇਨ੍ਹਾਂ ਦੋਵਾਂ ਨੂੰ ਲੰਘੇ ਦਿਨੀਂ ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠ ਅਦਾਲਤ ਵਿਚ ਪੇਸ਼ ਕੀਤਾ ਗਿਆ।

ਇਨ੍ਹਾਂ ਤੋਂ ਇਲਾਵਾ ਸਿੱਖ ਨੌਜਵਾਨ ਅੰਮ੍ਰਿਤਪਾਲ ਸਿੰਘ ਕੋਟਧਰਮੂ, ਮੱਖਣ ਸਿੰਘ ਸਮਾਓਂ, ਗਮਦੂਰ ਸਿੰਘ ਕੋਟਧਰਮੂ, ਰਾਜ ਸਿੰਘ, ਕਰਨ ਸਿੰਘ ਭੰਡੂਕੇ, ਪ੍ਰੋ. ਗੁਰਮੀਤ ਸਿੰਘ, ਗੁਰਦੀਪ ਸਿੰਘ ਲੁਧਿਆਣਾ ਨੂੰ ਵਧੀਕ ਸੈਸ਼ਨ ਜੱਜ ਰਾਜ ਕੁਮਾਰ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ। ਇਸ ਮਾਮਲੇ ਨਾਲ ਸਬੰਧਤ ਥਾਣੇਦਾਰ ਤੇ ਹੌਲਦਾਰ ਦੀ ਆਖ਼ਰੀ ਗਵਾਹੀ ਹੋਈ। ਸਿੱਖ ਨੌਜਵਾਨ ਤਰਫ਼ੋਂ ਪੇਸ਼ ਹੋਏ ਵਕੀਲ ਅਜੀਤ ਸਿੰਘ ਭੰਗੂ ਨੇ ਦੱਸਿਆ ਕਿ ਇਸ ਕੇਸ ਦਾ ਨਿਬੇੜਾ ਜਲਦੀ ਹੋ ਜਾਵੇਗਾ। ਇਸੇ ਕਤਲ ਦੇ ਦੂਸਰੇ ਮੁਕੱਦਮੇ ਵਿਚ ਦਲਜੀਤ ਸਿੰਘ ਟੈਣੀ, ਡਾ. ਸ਼ਿੰਦਾ ਤੇ ਮਿੱਠੂ ਸਿੰਘ ਆਲਮਪੁਰ ਮੰਦਰਾਂ ਦੀ ਪੇਸ਼ੀ ਵੀ ਅਦਾਲਤ ਨੇ ਪੰਜ ਨਵੰਬਰ 2012 'ਤੇ ਪਾਈ ਹੈ।

ਇਸੇ ਦੌਰਾਨ ਪਟਿਆਲਾ ਦੇ ਵਧੀਕ ਸੈਸ਼ਨ ਜੱਜ ਦੀ ਅਦਾਲਤ ਨੇ ਸਾਬਕ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਕੇਸ ਵਿਚ ਫਾਂਸੀ ਦੀ ਸਜ਼ਾ ਯਾਫ਼ਤਾ ਬਲਵੰਤ ਸਿੰਘ ਰਾਜੋਆਣਾ ਦੀ ਵਿਸਫੋਟਕ ਸਮਗਰੀ ਕੇਸ ਦੀ ਅਗਲੀ ਸੁਣਵਾਈ 20 ਨਵੰਬਰ 'ਤੇ ਪਾ ਦਿੱਤੀ ਹੈ। ਸੁਰੱਖਿਆ ਕਾਰਨਾਂ ਕਰਕੇ ਭਾਈ ਰਾਜੋਆਣਾ ਨੂੰ ਅਦਾਲਤ ਵਿਚ ਨਹੀਂ ਲਿਆਂਦਾ ਗਿਆ।


ਪੰਜਾਬੀ ਰੇਡੀਓ ਯੂਐਸਏ ਵਲੋਂ ਬੜੇ ਹੀ ਮਾਣ ਨਾਲ..
24 ਘੰਟੇ ਚੱਲਣ ਵਾਲਾ **ਗੁਰਬਾਣੀ ਰੇਡੀਓ** ਸ਼ੁਰੂ
www.GurbaniRadio.org
ਫੋਨ 'ਤੇ ਸੁਣਨ ਲਈ ਕਾਲ ਕਰੋ
605.475.6868 Ext. 4
832.551.5029 Ext. 4

ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
Studio Telephone : (408) 272-5200

ਪੰਜਾਬੀ ਰੇਡੀਓ ਦੇ ਪ੍ਰੋਗਰਾਮ

- **ਸਵੇਰੇ 4 ਵਜੇ** ਅੰਮ੍ਰਿਤ ਵੇਲਾ ਸਚੁ ਨਾਉਂ, ਗੁਰਦੁਆਰਾ ਸਾਹਿਬ ਫਰੀਮਾਂਟ ਤੋਂ ਸਿੱਧਾ ਪ੍ਰਸਾਰਣ
- ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਹੁਕਮਨਾਮੇ ਦੀ ਪੰਜਾਬੀ ਤੇ ਅੰਗਰੇਜ਼ੀ ਵਿਚ ਵਿਆਖਿਆ (ਅੰਗਰੇਜ਼ੀ : ਭਾਈ ਸੁੱਖਾ ਸਿੰਘ)
- ਆਤਮਿਕ ਆਨੰਦ ਪ੍ਰੋਗਰਾਮ ☞ ਸ਼ਬਦ ਗੁਰਬਾਣੀ
- ਘਰ ਸੰਸਾਰ, ਦੇਸੋਂ ਪਰਦੇਸ, ਸੁਰ ਪੰਜਾਬ ਦੇ, ਭੈਣਾਂ ਵਾਸਤੇ ਸਪੈਸ਼ਲ ਪ੍ਰੋਗਰਾਮ ☞ 'ਬੋਲੀਵੁੱਡ ਹਿੱਟਸ' (Bollywood Hits)
- ਹਾਸਰਸ ਪ੍ਰੋਗਰਾਮ 'ਹੱਸਦੇ ਹਸਾਉਂਦੇ' ☞ ਖ਼ਬਰ 'ਤੇ ਨਜ਼ਰ ☞ ਸਿਹਤ ਸੰਭਾਲ- ਘਰੇਲੂ ਨੁਸਖਿਆਂ ਦਾ ਹਿੱਟ ਪ੍ਰੋਗਰਾਮ LIVE
- ਯੂਐਸ ਚੋਣਾਂ 2012 ਸ਼ੋਅ ☞ ਝਿਲਮਿਲ ਤਾਰੇ, ਬੱਚਿਆਂ ਲਈ ਖਾਸ ਪ੍ਰੋਗਰਾਮ ☞ ਧੰਨ ਲਿਖਾਰੀ ਨਾਨਕਾ- ਕਵੀ ਦਰਬਾਰ
- 'ਕੁਝ ਗੱਲਾਂ ਕੁੱਝ ਗੀਤ' ☞ 'ਲਹਿਰੇਂ' (ਬਾਬੂ ਲਾਲ ਤੇ ਬਿਮਲੇਸ਼ ਪ੍ਰਸਾਦ ਫੀਜੀ ਦਾ ਹਿੱਟ ਪ੍ਰੋਗਰਾਮ)
- **6 ਵਜੇ ਸ਼ਾਮ** 'ਸਰਬ ਸਾਂਝੀ ਗੁਰਬਾਣੀ' (ਰਹਿਰਾਸ ਸਾਹਿਬ, ਕੀਰਤਨ, ਢਾਡੀ ਵਾਰਾਂ ਤੇ ਕਥਾ ਵੱਖ ਵੱਖ ਗੁਰਦੁਆਰਾ ਸਾਹਿਬ ਤੋਂ)
- ਸੋਮਵਾਰ ਭਖਦੇ ਮਸਲਿਆਂ 'ਤੇ LIVE Talk Show (ਸੁਸ਼ੀਲ ਦੁਸਾਂਝ) ☞ 'ਇਕ ਸੋਚ' ☞ ਜੌਬ ਐਂਡ ਬਿਜਨਸ ਸ਼ੋਅ
- ਖ਼ਬਰਸਾਰ (ਜਸਵਿੰਦਰ ਸਿੰਘ ਬਿੱਟਾ) ☞ ਇਕ ਖ਼ਾਸ ਮੁਲਾਕਾਤ ☞ ਲਹਿੰਦੇ ਪੰਜਾਬ ਦੀਆਂ ਬਾਂਗਾਂ (ਮਸੂਦ ਮੱਲ੍ਹੀ)
- ਪਾਣੀ 'ਚ ਮਧਾਣੀ ☞ ਬੁਝਾਰਤਾਂ ਦਾ ਹਿੱਟ ਪ੍ਰੋਗਰਾਮ (ਸ਼ੁੱਕਰਵਾਰ ਰਾਤ 8:30 ਤੋਂ 10:00 ਵਜੇ)

ਤਾਜ਼ੀਆਂ ਖ਼ਬਰਾਂ ਰੇਡੀਓ 'ਤੇ
ਪੰਜਾਬ ਤੋਂ ਸੁਸ਼ੀਲ ਦੁਸਾਂਝ
ਲਹਿੰਦੇ ਪੰਜਾਬ ਤੋਂ ਮਸੂਦ ਮੱਲ੍ਹੀ
ਅੰਤਰਰਾਸ਼ਟਰੀ ਖ਼ਬਰਾਂ- ਗੁਰਪ੍ਰੀਤ ਸਿੰਘ
ਪੰਜਾਬ ਤੋਂ ਜਸਵਿੰਦਰ ਸਿੰਘ ਬਿੱਟਾ
**ਹੁਣ ਇਹ ਸਾਰੀਆਂ ਖ਼ਬਰਾਂ ਅਤੇ ਬੀਬੀਸੀ ਹਿੰਦੀ ਤੁਸੀਂ 24 ਘੰਟੇ ਕਾਲ ਕਰਕੇ ਸੁਣ ਸਕਦੇ ਹੋ**
605.475.6868 Ext. 1 ਜਾਂ
832.551.5029 Ext. 1

ਨਵੇਂ ਪ੍ਰੋਗਰਾਮ
- **ਸੱਜਰੀ ਸਵੇਰ** -ਸੋਮਵਾਰ ਤੋਂ ਸ਼ਨਿਚਰਵਾਰ
- **ਨਜ਼ਰੀਆ** -ਸਮਾਜਿਕ ਮਸਲਿਆਂ ਬਾਰੇ ਰੋਜ਼ਾਨਾ ਰਾਤ ਨੂੰ
- **ਤੁਹਾਡੇ ਸ਼ਹਿਰ ਦੇ ਵਿਹੜੇ** -ਸ਼ਹਿਰਾਂ ਦਾ ਇਤਿਹਾਸ ਤੇ ਰੌਚਕ ਜਾਣਕਾਰੀ
- **ਟੌਪ 10** -ਨਵੇਂ ਗੀਤਾਂ ਦਾ ਵੋਟਾਂ 'ਤੇ ਆਧਾਰਤ ਪ੍ਰੋਗਰਾਮ

**ਹੁਣ ਕਿਸੇ ਵੀ ਫੋਨ ਤੋਂ ਕਾਲ ਕਰਕੇ ਸੁਣ ਸਕਦੇ ਹੋ ਪੰਜਾਬੀ ਰੇਡੀਓ ਯੂਐਸਏ**
*ਹਫ਼ਤੇ ਦੇ ਸੱਤੇ ਦਿਨ 24 ਘੰਟੇ - ਸੁਣਨ ਲਈ ਕਾਲ ਕਰੋ ਜੀ*
605.475.6868 • 832.551.5029
ਹੋਰ ਜਾਣਕਾਰੀ ਲਈ 408.722.7698 • Email: info@punjabiradiousa.com • 3750 McKee Road, # B, San Jose CA 95127 • Listen LIVE www.punjabiradiousa.com

# ਇਸਮਤ/ਮੰਟੋ ਦੀ ਦੁਨੀਆਂ ਤੋਂ ਆਈ ਪ੍ਰਾਹੁਣੀ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਰੈਡ ਕਰਾਸ ਰਾਹੀਂ ਪਰਿਵਾਰ ਨਿਯੋਜਨ ਸੰਸਥਾਵਾਂ ਨਾਲ ਦੋ ਦਹਾਕੇ ਲੰਮੀ ਸਾਂਝ ਮੈਨੂੰ ਕਈ ਵਾਰ ਵਿਚਿਤਰ ਦੁਨੀਆਂ ਵਿਚ ਲੈ ਵੜਦੀ ਹੈ। ਮੁੰਬਈ ਤੋਂ ਚੰਡੀਗੜ੍ਹ ਦੇ ਦੌਰੇ ਉਤੇ ਆਈ ਮੁੱਖ ਦਫਤਰ ਦੀ ਲਿੰਗ ਵਿਦਿਆ ਨਿਰਦੇਸ਼ਕ ਡਾ. ਅਮੀਤਾ ਧਾਨੂੰ ਨਾਲ ਸੱਜਰੀ ਮਿਲਣੀ ਨੇ ਮੁੰਬਈ ਦੇ ਸੈਕਸ ਵਰਕਰਾਂ ਦਾ ਪਰਦਾ ਚੁੱਕਿਆ। ਉਹ ਲਿੰਗ ਸੇਵਕਾਂ ਨੂੰ ਅੰਗਰੇਜ਼ੀ ਵਿਚ ਸੈਕਸ ਵਰਕਰ ਕਹਿੰਦੇ ਹਨ। ਅੱਜ ਦੇ ਦਿਨ ਮੁੰਬਈ ਵਿਚ ਇਨ੍ਹਾਂ ਦੀ ਗਿਣਤੀ 34,000 ਹੈ ਜਿਸ ਵਿਚ ਮਰਦ ਸੇਵਕ ਵੀ ਸ਼ਾਮਲ ਹਨ। ਇਨ੍ਹਾਂ ਨਾਲ ਨੌਂ ਸਮਾਜ ਸੇਵੀ ਸੰਸਥਾਵਾਂ ਤਾਲ-ਮੇਲ ਰਖਦੀਆਂ ਹਨ। ਕੰਮ ਦੇ ਖੇਤਰ ਵੰਡੇ ਹੋਏ ਹਨ। ਇਸ ਕੰਮ ਲਈ ਫੈਮਿਲੀ ਪਲਾਨਿੰਗ ਐਸੋਸੀਏਸ਼ਨ ਆਫ ਇੰਡੀਆ ਨੂੰ ਮਾਇਕ ਸਹਾਇਤਾ ਬਿੱਲ ਗੇਟ ਦੀ ਸਥਾਪਤ ਕੀਤੀ ਫੈਮਿਲੀ ਹੈਲਥ ਇੰਟਰਨੈਸ਼ਨਲ ਤੋਂ ਮਿਲਦੀ ਸੀ। ਕੰਮ ਔਖਾ ਵੀ ਸੀ ਤੇ ਨਹੀਂ ਵੀ। ਔਖਾ ਇਸ ਲਈ ਕਿ ਸੈਕਸ ਵਰਕਰ ਥੋੜ੍ਹੇ ਕੀਤੇ ਆਪਣੇ ਮਨ ਦੀ ਗੱਲ ਨਹੀਂ ਸਨ ਦਸਦੇ। ਸੌਖਾ ਇਸ ਲਈ ਕਿ ਜਦੋਂ ਉਹ ਸਮਾਜ ਸੇਵੀ ਸੰਸਥਾਵਾਂ ਦੇ ਕਾਮਿਆਂ ਨਾਲ ਖੁਲ੍ਹ ਜਾਂਦੇ ਸਨ ਤਾਂ ਆਪਣੇ ਜੀਵਨ ਦੇ ਸਾਰੇ ਕਵਾੜ ਖੋਲ੍ਹ ਦਿੰਦੇ ਸਨ। ਅੱਧੀ ਸਦੀ ਪਹਿਲਾਂ ਉਰਦੂ ਲੇਖਕਾਂ ਇਸਮਤ ਚੁਗਤਾਈ ਤੇ ਸਆਦਤ ਹਸਨ ਮੰਟੋ ਨੇ ਇਨ੍ਹਾਂ ਦੇ ਜੀਵਨ ਦੇ ਗੁਪਤ ਅਤੇ ਰੌਚਕ ਭੇਤ ਆਪਣੀਆਂ ਕਹਾਣੀਆਂ ਵਿਚ ਪੇਸ਼ ਕੀਤੇ ਸਨ।

ਜਿਹੜੀਆਂ ਗੱਲਾਂ ਨੂੰ ਲਿਖਤੀ ਰੂਪ ਵਿਚ ਲਿਆਉਣ ਸਮੇਂ ਇਸਮਤ ਚੁਗਤਾਈ ਤੇ ਮੰਟੋ ਉਤੇ ਮੁਕੱਦਮੇ ਚਲੇ, ਉਹ ਗੱਲਾਂ ਅਮੀਤਾ ਧਾਨੂੰ ਵਰਗੇ ਲਿੰਗ ਅਧਿਆਪਕ ਤੇ ਨਿਰਦੇਸ਼ਕ ਨਿਸ਼ੰਗ ਕਰਦੇ ਹਨ। ਅਮੀਤਾ ਨੇ ਦਸਿਆ ਕਿ ਇਸਤਰੀ ਸੇਵਕਾਂ ਦਾ ਰੇਟ ਅੱਜ ਕਲ ਪੰਜ ਸੌ ਤੋਂ ਪੰਜ ਹਜ਼ਾਰ ਤੱਕ ਹੈ। ਮਰਦਾਂ ਦੀ ਲਿੰਗ ਭੁੱਖ ਦਾ ਵਧਾਇਆ ਹੋਇਆ। ਉਹ ਇਹ ਧੰਦਾ ਛਡਣਾ ਚਾਹੁੰਦੀਆਂ ਹੋਈਆਂ ਵੀ ਨਹੀਂ ਛਡਦੀਆਂ। ਕਿਸੇ ਕੋਲ ਇਸ ਤੋਂ ਦਸ ਗੁਣਾ ਘੱਟ ਪੈਸਿਆਂ ਵਾਲਾ ਵੀ ਬਦਲ ਨਹੀਂ ਜਿਹੜਾ ਉਨ੍ਹਾਂ ਨੂੰ ਭਾਉਂਦਾ ਹੋਵੇ। ਪੂੰਜੀਪਤੀ ਇਸਤਰੀਆਂ ਨਾਲ ਸਬੰਧ ਰਖਣ ਵਾਲੇ ਮਰਦ ਸੈਕਸ ਵਰਕਰਾਂ ਦਾ ਰੇਟ ਤਾਂ ਇਸ ਤੋਂ ਵੀ ਕਈ ਗੁਣਾ ਵੱਧ ਹੈ।

ਇਸਤਰੀ ਵਰਕਰਾਂ ਤੋਂ ਇਹ ਵੀ ਪਤਾ ਲਗਿਆ ਕਿ ਕਿਸੇ ਬੇਸੁਰੇ ਮਰਦ ਨਾਲ ਸੌਣ ਤੋਂ ਪਹਿਲਾਂ ਗੁਟਕਾ ਆਦਿ ਨਸ਼ਾ ਲੈ ਕੇ ਉਸ ਦੇ ਕੋਝ ਨੂੰ ਭੁਲਾਉਣਾ ਪੈਂਦਾ ਹੈ। ਜਿਸ ਤੋਂ ਸਪਸ਼ਟ ਹੈ ਕਿ ਪੈਸੇ ਦੇ ਬਾਵਜੂਦ ਉਨ੍ਹਾਂ ਨੂੰ ਇਹ ਧੰਦਾ ਉਕਾ ਹੀ ਪਸੰਦ ਨਹੀਂ। ਭਾਵੇਂ ਉਪਰੋਂ ਉਹ ਸਮਾਜ ਸੇਵੀ ਵਰਕਰਾਂ ਨੂੰ ਬੜੀਆਂ ਚੰਚਲ ਤੇ ਹਸਮੁਖ ਹੋਣ ਦਾ ਪ੍ਰਭਾਵ ਦਿੰਦੀਆਂ ਹਨ। ਮਰਦ ਲਭਣ ਦੀਆਂ ਜੁਗਤਾਂ ਅਨੁਸਾਰ ਉਨ੍ਹਾਂ ਦੀ ਵੰਡ ਕੀਤੀ ਜਾਂਦੀ ਹੈ। ਗਸ਼ਤੀ ਅੱਡੇ 'ਤੇ ਉਡੀਕਣ ਵਾਲੀਆਂ, ਗਲੀ ਵਿਚ ਖਲੋਣ ਵਾਲੀਆਂ ਜਾਂ ਸਥਿਰ ਤੇ ਕੋਠੇ ਵਾਲੀਆਂ ਜਿਨ੍ਹਾਂ ਨੂੰ ਗ੍ਰਹਿ ਸੇਵਕਾਵਾਂ ਕਹਿ ਸਕਦੇ ਹਾਂ। ਉਨ੍ਹਾਂ ਦੇ ਵੱਡੇ ਗਾਹਕ ਚੈਂਬੂਰ ਤੇ ਮੱਲਾਦ ਮਾਲਵਨ ਤੋਂ ਆਉਂਦੇ ਹਨ। ਇਸ ਧੰਦੇ ਲਈ ਵਧੇਰੇ ਇਸਤਰੀਆਂ ਨਿਪਾਲ ਤੋਂ ਆਉਂਦੀਆਂ ਸਨ ਤੇ ਹੁਣ ਉਨ੍ਹਾਂ ਦੀ ਥਾਂ ਬੰਗਲਾਦੇਸ਼ ਤੇ ਦੱਖਣੀ ਭਾਰਤ ਵਾਲੀਆਂ ਨੇ ਲੈ ਲਈ ਹੈ।

ਕੀ ਅਮੀਰ ਤੇ ਕੀ ਗਰੀਬ ਸੇਵਕਾਵਾਂ ਆਪਣੇ ਧੰਦੇ ਦੀ ਪ੍ਰਫੁੱਲਤਾ ਲਈ ਦਿਨ ਵਿਚ ਇਕ ਤੋਂ ਦੋ ਘੰਟੇ ਤੱਕ ਪੂਜਾ ਕਰਦੀਆਂ ਹਨ। ਉਨ੍ਹਾਂ ਦੀ ਦੇਵੀ ਦਾ ਨਾਂ ਯੈਲਾ ਮਾਂ ਹੈ। ਉਂਜ ਉਨ੍ਹਾਂ ਔਰਤਾਂ ਦਾ ਵੀ ਘਾਟਾ ਨਹੀਂ ਜੋ ਇਸ ਧੰਦੇ ਤੋਂ ਬੇਹਦ ਖੁਸ਼ ਹਨ। ਬਾਕੀ ਧੰਦਿਆਂ ਨੂੰ ਟਿੱਚ ਸਮਝਣ ਵਾਲੀਆਂ।

ਅਮੀਤਾ ਨੇ ਇਹ ਵੀ ਮੰਨਿਆ ਕਿ ਉਹ ਉਨ੍ਹਾਂ ਵਿਚੋਂ ਕਈਆਂ ਨੂੰ ਇਸ ਧੰਦੇ ਨਾਲੋਂ ਤੋੜ ਕੇ ਪੀਅਰ ਐਜੂਕੇਟਰ ਭਾਵ ਕੁਲੀਨ ਸਹਾਇਕਾਂ ਦੀ ਸ਼੍ਰੇਣੀ ਵਿਚ ਲਿਆਉਣ ਵਿਚ ਸਫਲ ਹੋਈ ਹੈ। ਭਾਵੇਂ ਉਨ੍ਹਾਂ ਨੂੰ ਸੰਸਥਾ ਵਲੋਂ ਕੇਵਲ 1500 ਰੁਪਏ ਮਹੀਨਾ ਦਿੱਤੇ ਜਾਂਦੇ ਹਨ ਪਰ ਉਹ ਇਸ ਜ਼ਿੰਮੇਵਾਰੀ ਨੂੰ ਸਮਾਜ ਸੁਧਾਰ ਦਾ ਕੰਮ ਸਮਝ ਕੇ ਨਿਭਾਉਂਦੀਆਂ ਹਨ।

ਅਮੀਤਾ ਕੋਲ ਦੇਵਦਾਸੀਆਂ ਤੇ ਹੀਜੜਿਆਂ ਦੀ ਸ਼੍ਰੇਣੀ ਵੰਡ ਵੀ ਹੈ। ਦੇਵਦਾਸੀਆਂ ਸਭ ਤੋਂ ਪਹਿਲਾਂ ਪੁਜਾਰੀ ਲੋਕਾਂ ਦਾ ਬੁੱਤਾ ਸਾਰਦੀਆਂ ਹਨ, ਫੇਰ ਜ਼ਿਮੀਦਾਰਾਂ ਤੇ ਦੂਜੇ ਅਮੀਰਾਂ ਦਾ ਤੇ ਅੰਤ ਵਿਚ ਗਰੀਬ ਵੇਸਵਾ ਦਾ ਜੀਵਨ ਪ੍ਰਵਾਨ ਕਰ ਲੈਂਦੀਆਂ ਹਨ। ਹੀਜੜਿਆਂ ਵਿਚ ਮੰਗਤਾ ਵਰਗ ਵੀ ਹੈ, ਵਧਾਈ ਸ਼੍ਰੇਣੀ ਵੀ ਤੇ ਲਿੰਗ ਸੇਵਕ ਸ਼੍ਰੇਣੀ ਵੀ।

ਅਮੀਤਾ ਧਾਨੂੰ ਇਕ ਦਹਾਕਾ ਇਸ ਪ੍ਰਾਜੈਕਟ ਉਤੇ ਕੰਮ ਕਰਦੀ ਰਹੀ ਹੈ ਪਰ ਉਸ ਦੇ ਪਤੀ ਨੂੰ ਹੀ ਨਹੀਂ ਉਸ ਦੀ ਇੱਕੋ ਇੱਕ ਧੀ ਤੇ ਇੱਕੋ ਇੱਕ ਪੁਤਰ ਨੂੰ ਵੀ ਪੂਰਾ ਵਿਸ਼ਵਾਸ ਰਿਹਾ ਹੈ। ਭਾਵੇਂ ਦੋਵੇਂ ਬੱਚੇ ਕਿਸ਼ੋਰ ਅਵਸਥਾ ਵਿਚੋਂ ਲੰਘ ਰਹੇ ਸਨ ਪਰ ਅਮੀਤਾ ਦੋਨਾਂ ਨੂੰ ਲਿੰਗ ਸੇਵਕਾਵਾਂ ਦੇ ਜੀਵਨ ਬਾਰੇ ਦਸਦੀ ਰਹਿੰਦੀ ਸੀ ਤੇ ਮੌਕਾ ਤਾੜ ਕੇ ਮਿਲਾ ਵੀ ਛਡਦੀ ਸੀ। ਇਨ੍ਹਾਂ ਸੈਕਸ ਵਰਕਰਾਂ ਦੇ ਜੀਵਨ ਬਾਰੇ ਨਿਸ਼ੰਗ ਲਿਖਣ ਵਾਲੇ ਕੋਈ ਮੰਟੋ ਜਾਂ ਇਸਮਤ ਕਦੋਂ ਪ੍ਰਗਟ ਹੁੰਦੇ ਹਨ, ਕਹਿ ਨਹੀਂ ਸਕਦੇ।

### ਜਸਟਿਸ ਐਸ ਐਸ ਕੰਗ ਦੇ ਤੁਰ ਜਾਣ 'ਤੇ

ਕੇਰਲ ਦੇ ਸਾਬਕਾ ਰਾਜਪਾਲ ਜਸਟਿਸ ਸੁਖਦੇਵ ਸਿੰਘ ਕੰਗ ਅਤੇ ਮੈਂ ਇੱਕੋ ਸਮੇਂ ਇਕ ਹੀ ਪਿੰਡ ਵਿਚ ਰਹਿ ਕੇ ਇਕ ਹੀ ਸਕੂਲ ਵਿਚ ਪੜ੍ਹਦੇ ਰਹੇ ਹਾਂ। ਦੇਸ਼ ਵੰਡ ਤੋਂ ਥੋੜ੍ਹਾ ਪਹਿਲਾਂ ਏ ਐਸ ਹਾਈ ਸਕੂਲ ਖੰਨਾ ਵਿਚ। ਸਾਥੋਂ ਵੱਡਾ ਤੇ ਸਿਆਣਾ ਹੋਣ ਦੇ ਨਾਤੇ ਅਸੀਂ ਉਸ ਦੀ ਸੰਗਤ ਵੀ ਮਾਣੀ ਹੈ ਤੇ ਨੇਤਰਤਵ ਵੀ। ਬੁਧੀਮਾਨ ਕੰਗ ਨੇ ਵਕਾਲਤ ਪੜ੍ਹੀ, ਵਕਾਲਤ ਕੀਤੀ ਅਤੇ ਛੇਤੀ ਹੀ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਜੱਜ ਦੀ ਉਪਾਧੀ ਉਤੇ ਪਹੁੰਚਿਆ। ਫੇਰ ਇੱਕ ਇੱਕ ਕਰਕੇ ਕਸ਼ਮੀਰ ਚੀਫ ਜਸਟਿਸ ਜੰਮੂ, ਡਿਪਟੀ ਐਡਵੋਕੇਟ ਜਨਰਲ ਪੰਜਾਬ ਮੈਂਬਰ ਹਿਊਮਨ ਰਾਈਟਸ ਕਮਿਸ਼ਨ, ਭਾਰਤ ਸਰਕਾਰ ਤੇ ਰਾਜਪਾਲ, ਕੇਰਲ ਦੇ ਉਚਤਮ ਅਹੁਦਿਆਂ ਤੇ ਪਹੁੰਚਣ ਵਾਲਾ ਉਹ ਇੱਕਲਾ ਹੀ ਸੀ। ਉਸ ਦਾ ਖੰਨਾ ਮੰਡੀ ਦੇ ਧਨੀ ਸਰਦਾਰਾਂ ਦੇ ਘਰ ਵਿਆਹ ਹੋਇਆ ਤੇ ਉਹ ਨਵਰੀਤ ਸਿੰਘ ਕੰਗ, ਨਵਜੋਤ ਕੌਰ ਤੇ ਨਵਜੀਤ ਕੌਰ ਤਿੰਨ ਬਹੁਤ ਹੀ ਜ਼ਹੀਨ ਬੱਚਿਆਂ ਦਾ ਪਿਤਾ ਬਣਿਆ। ਮੈਂ ਵੀ ਅਪਣੇ ਆਪ ਨੂੰ ਇਸ ਪਰਿਵਾਰ ਦੇ ਮੈਂਬਰਾਂ ਵਿਚ ਸ਼ਾਮਲ ਕਰਨ ਦਾ ਮਾਣ ਲੈਂਦਾ ਰਿਹਾ ਹਾਂ ਅਤੇ ਲੋੜ ਪੈਣ ਉਤੇ ਸਰਪ੍ਰਸਤੀ ਮਾਣਦਾ ਆਇਆ ਹਾਂ।

ਨਾਮੀ ਕਰਾਮੀ ਤੇ ਉਚੇ ਅਹੁਦਿਆਂ ਤੋਂ ਵਿਹਲਾ ਹੋ ਕੇ ਉਸ ਨੇ ਸਾਹਿਤ ਕਲਾ ਤੇ ਸਭਿਆਚਾਰ ਦੇ ਖੇਤਰ ਵਿਚ ਆਪਣੀ ਦਿਲਚਸਪੀ ਜਾਰੀ ਰੱਖੀ ਤੇ ਹਾਲ ਵਿਚ ਹੀ ਸਥਾਪਤ ਹੋਈ ਮੰਟੋ ਫਾਊਂਡੇਸ਼ਨ ਦੀ ਪ੍ਰਧਾਨਗੀ ਪ੍ਰਵਾਨ ਕੀਤੀ। ਉਹ ਵੀ ਉਦੋਂ ਜਦੋਂ ਉਸ ਦੀ ਸਿਹਤ ਪੂਰਾ ਸਾਥ ਨਹੀਂ ਸੀ ਦੇ ਰਹੀ। ਮੈਨੂੰ ਉਸ ਦੀ ਨੇੜਤਾ ਦਾ ਮਾਣ ਸੀ ਜਿਹੜਾ ਉਸ ਦੇ ਅਕਾਲ ਚਲਾਣੇ ਤੋਂ ਪਿਛੋਂ ਉਸ ਦੇ ਪਿੱਛੇ ਰਹਿ ਗਏ ਪਰਿਵਾਰ ਤੋਂ ਮਿਲਦਾ ਰਹੇਗਾ। ਖਾਸ ਕਰਕੇ ਉਸ ਦੀ ਪਤਨੀ ਤੇ ਸਾਡੀ ਭੈਣ ਰਣਬੀਰ ਕੌਰ ਤੋਂ। ਆਮੀਨ!

**ਅੰਤਿਕਾ:**
(ਈਸ਼ਵਰ ਚਿੱਤਰਕਾਰ)
ਤੂੰ ਖੁਸ਼ ਰਹੇਂ ਹਮੇਸ਼ਾ
ਇਹ ਆਖਦੇ ਹੋਏ ਉਹ,
ਬਿਰਹੋਂ ਦੀ ਅੱਗ
ਸਾਡੀ ਝੋਲੀ ਵਿਚ ਪਾ ਗਏ।

# ਸਤਵੰਤ ਸਿੰਘ ਦੀ ਯਾਦ 'ਚ ਗੁਰਦੁਆਰਾ ਬਣਾਉਣ 'ਤੇ ਵਿਵਾਦ

**ਗੁਰਦਾਸਪੁਰ:** ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਦੇ ਦੋਸ਼ੀ ਸਤਵੰਤ ਸਿੰਘ ਦੀ ਯਾਦ ਵਿਚ ਉਸ ਦੇ ਜੱਦੀ ਪਿੰਡ ਅਗਵਾਨ ਵਿਖੇ ਜਿਹੜਾ ਗੁਰਦੁਆਰਾ ਉਸਾਰਿਆ ਗਿਆ ਹੈ ਜਿਸ ਦਾ ਕੁਝ ਸਿਆਸੀ ਪਾਰਟੀਆਂ ਨੇ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਹੈ। ਇਸ ਗੱਲ ਨੂੰ ਲੈ ਕੇ ਸਿੱਖ ਭਾਈਚਾਰੇ ਵਿਚ ਕਾਫੀ ਰੋਸ ਹੈ।

ਜ਼ਿਕਰਯੋਗ ਹੈ ਕਿ ਜੂਨ 1984 ਵਿਚ ਅੰਮ੍ਰਿਤਸਰ ਵਿਖੇ ਹਰਿਮੰਦਰ ਸਾਹਿਬ 'ਤੇ ਹਮਲੇ ਦੇ ਵਿਰੋਧ ਵਿਚ ਸਤਵੰਤ ਸਿੰਘ ਨੇ ਆਪਣੇ ਸਹਿਕਰਮੀ ਕੇਹਰ ਸਿੰਘ ਨਾਲ ਮਿਲ ਕੇ ਤੱਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਕਰ ਦਿੱਤੀ ਸੀ ਤੇ ਬਾਅਦ ਵਿਚ ਅਦਾਲਤ ਨੇ ਉਸ ਨੂੰ ਫਾਂਸੀ ਦੀ ਸਜ਼ਾ ਸੁਣਾਈ ਸੀ। ਉਸ ਸਮੇਂ ਸਤਵੰਤ ਸਿੰਘ ਦਿੱਲੀ ਪੁਲਿਸ ਵਿਚ ਤਾਇਨਾਤ ਸੀ। ਬਾਅਦ ਵਿਚ ਅਕਾਲ ਤਖ਼ਤ ਵੱਲੋਂ ਸਤਵੰਤ ਸਿੰਘ ਨੂੰ ਫ਼ਖਰ-ਏ-ਕੌਮ ਦਾ ਖ਼ਿਤਾਬ ਦਿੱਤਾ ਗਿਆ ਸੀ। ਇਸ ਮਗਰੋਂ 6 ਜਨਵਰੀ, 1989 ਨੂੰ ਪਿੰਡ ਅਗਵਾਨ ਦੇ ਗੁਰਦੁਆਰੇ ਨੂੰ 'ਯਾਦਗਾਰ ਅਮਰ ਸ਼ਹੀਦ ਭਾਈ ਸਤਵੰਤ ਸਿੰਘ' ਦਾ ਨਾਂ ਦੇ ਦਿੱਤਾ ਗਿਆ ਸੀ।

ਭਾਈ ਸਤਵੰਤ ਸਿੰਘ ਦੇ ਭਰਾ ਵਰਿਆਮ ਸਿੰਘ, ਭਤੀਜੇ ਤੇ ਪਿੰਡ ਦੇ ਸਰਪੰਚ ਸੁਖਵਿੰਦਰ ਸਿੰਘ ਅਗਵਾਨ, ਸਾਬਕਾ ਸਰਪੰਚ ਕੁਲਵੰਤ ਸਿੰਘ ਅਗਵਾਨ ਨੇ ਦੱਸਿਆ ਕਿ ਗੁਰਦੁਆਰੇ ਦਾ ਵਿਰੋਧ ਕਰਨ ਵਾਲਿਆਂ ਖ਼ਿਲਾਫ਼ ਉਹ ਛੇਤੀ ਹੀ ਪੰਜ ਤਖ਼ਤਾਂ ਦੇ ਜਥੇਦਾਰਾਂ ਨੂੰ ਮਿਲਣਗੇ ਤੇ ਇਸ ਮਾਮਲੇ ਬਾਰੇ ਕਾਰਵਾਈ ਕਰਨ ਲਈ ਕਹਿਣਗੇ। ਪਿੰਡ ਅਗਵਾਨ ਦੀ ਪੰਚਾਇਤ ਨੇ ਕਿਹਾ ਹੈ ਕਿ ਭਾਈ ਸਤਵੰਤ ਸਿੰਘ ਦੇ ਪਰਿਵਾਰ ਦਾ ਬਾਈਕਾਟ ਕਰਨ ਲਈ ਕਦੇ ਵੀ ਕੋਈ ਮਤਾ ਪਾਸ ਨਹੀਂ ਕੀਤਾ ਗਿਆ।

ਪੰਚਾਇਤ ਅਨੁਸਾਰ ਜੂਨ 1984 ਵਿਚ ਜਦੋਂ ਸਾਕਾ ਨੀਲਾ ਤਾਰਾ ਵਾਪਰਿਆ ਸੀ, ਉਦੋਂ ਸਤਵੰਤ ਸਿੰਘ ਦਾ ਪਿਤਾ ਤਰਲੋਕ ਸਿੰਘ ਕਾਂਗਰਸੀ ਸਮਰਥਕ ਸੀ ਤੇ ਇੰਦਰਾ ਗਾਂਧੀ ਦੇ ਕਤਲ ਪਿਛੋਂ ਸਤਵੰਤ ਸਿੰਘ ਦੇ ਪਰਿਵਾਰ 'ਤੇ ਸੰਕਟ ਦੇ ਬੱਦਲ ਛਾ ਗਏ ਸਨ। ਅਜਿਹੇ ਵਿਚ ਵੀ ਪੰਚਾਇਤ ਨੇ ਸਤਵੰਤ ਸਿੰਘ ਦੇ ਪਰਿਵਾਰ ਦਾ ਸਾਥ ਨਹੀਂ ਛੱਡਿਆ। ਪੰਚਾਇਤ ਵਲੋਂ ਸਤਵੰਤ ਸਿੰਘ ਦੇ ਭਤੀਜੇ ਸੁਖਵਿੰਦਰ ਸਿੰਘ ਨੂੰ ਸਰਬਸੰਮਤੀ ਨਾਲ ਪਿੰਡ ਦਾ ਸਰਪੰਚ ਥਾਪਿਆ ਗਿਆ ਹੈ।

# ਪਾਕਿ ਸਰਕਾਰ ਨੇ ਅਤਿਵਾਦੀਆਂ ਵਿਰੁਧ ਸਖ਼ਤੀ ਛੱਡੀ

**ਇਸਲਾਮਾਬਾਦ:** ਪਾਕਿਸਤਾਨ ਸਰਕਾਰ ਨੇ ਅਤਿਵਾਦੀਆਂ ਵਿਰੁੱਧ ਸਖ਼ਤੀ ਵਾਲੀ ਯੋਜਨਾ ਤਿਆਗ ਦਿੱਤੀ ਹੈ। ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਦੀ ਪਾਰਟੀ ਪੀਐਮਐਲ-ਐਨ ਦੇ ਸਖ਼ਤ ਵਿਰੋਧ ਕਾਰਨ ਸਰਕਾਰ ਨੂੰ ਇਸ ਕਾਰਵਾਈ ਲਈ ਸੰਸਦ ਤੋਂ ਹਮਾਇਤ ਹਾਸਲ ਕਰਨ ਵਾਲਾ ਕਦਮ ਵਾਪਸ ਲੈਣਾ ਪਿਆ। ਮਨੁੱਖੀ ਅਧਿਕਾਰਾਂ ਲਈ ਲੜਨ ਵਾਲੀ ਮਲਾਲਾ ਯੂਸਫਜ਼ਈ 'ਤੇ ਤਾਲਿਬਾਨ ਵੱਲੋਂ ਕੀਤੇ ਹਮਲੇ ਮਗਰੋਂ ਸਰਕਾਰ ਅਤਿਵਾਦੀਆਂ ਵਿਰੁੱਧ ਕਾਰਵਾਈ ਲਈ ਹਮਾਇਤ ਜੁਟਾਉਣ ਦਾ ਯਤਨ ਕਰ ਰਹੀ ਹੈ।

ਪੀਪੀਪੀ ਦੀ ਅਗਵਾਈ ਵਾਲੇ ਹਾਕਮ ਗਠਜੋੜ ਨੂੰ ਪੀਐਮਐਲ-ਐਨ ਦੇ ਵਿਰੋਧ ਮਗਰੋਂ ਸੰਸਦ ਦੇ ਹੇਠਲੇ ਸਦਨ 'ਚ ਮਤਾ ਪੇਸ਼ ਕਰਨ ਦੀ ਆਪਣੀ ਯੋਜਨਾ ਤਿਆਗਣੀ ਪਈ। ਭਾਵੇਂ ਇਸ ਮਤੇ ਦਾ ਖਰੜਾ ਜਨਤਕ ਨਹੀਂ ਕੀਤਾ ਗਿਆ ਪਰ ਸੂਤਰਾਂ ਦਾ ਕਹਿਣਾ ਹੈ ਕਿ ਮਲਾਲਾ 'ਤੇ ਹਮਲੇ ਮਗਰੋਂ ਇਸ ਮਤੇ ਵਿਚ ਅਤਿਵਾਦੀਆਂ ਵਿਰੁੱਧ ਵਿਹਾਰਕ ਕਦਮ ਚੁੱਕਣ ਦਾ ਸੱਦਾ ਦਿੱਤਾ ਗਿਆ। ਜਦੋਂ ਇਹ ਸਪਸ਼ਟ ਹੋ ਗਿਆ ਕਿ ਇਸ ਮਤੇ 'ਤੇ ਆਮ ਸਹਿਮਤੀ ਬਣਾਉਣ 'ਚ ਹਾਕਮ ਗਠਜੋੜ ਨਾਕਾਮ ਰਹੇਗਾ ਤਾਂ ਇਸ ਕਦਮ ਨੂੰ ਵਾਪਸ ਲੈ ਲਿਆ ਗਿਆ ਤੇ ਸੰਸਦ ਦਾ ਮੌਜੂਦਾ ਸੈਸ਼ਨ ਅਣਮਿਥੇ ਸਮੇਂ ਲਈ ਮੁਲਤਵੀ ਕਰ ਦਿੱਤਾ ਗਿਆ।

Triple Transport Inc.
5938 S. 13th St., Milwaukee, WI 53221
Ph: 414-282-2363, Fax: 414-282-2370
ਡਰਾਈਵਰ ਅਤੇ ਓਨਰ ਅਪਰੇਟਰ ਚਾਹੀਦੇ ਹਨ
ਮਿਲਵਾਕੀ, ਵਿਸਕਾਨਸਿਨ ਦੀ ਇਕ ਇੰਟਰਮੋਡਲ ਕੰਪਨੀ ਨੂੰ ਅਨੁਭਵੀ ਸੀ ਡੀ ਐਲ ਡਰਾਈਵਰ ਅਤੇ ਓਨਰ ਅਪਰੇਟਰ ਚਾਹੀਦੇ ਹਨ



ਚੰਗੀ ਤਨਖਾਹ, ਰੋਜ਼ਾਨਾ ਘਰ ਆ ਸਕਦੇ ਹੋ
WI, MN, Upper MI, IL, Intermodal Freight
ਸੰਪਰਕ ਕਰੋ: ਬੇਅੰਤ ਸਿੰਘ ਬੋਪਾਰਾਏ
ਫੋਨ 414-349-3449

Visit us on the web:**wwwpunjabtimesusa.com**



ਪੰਜਾਬ ਟਾਈਮਜ਼ ਦਾ ਨਾਂ ਲਓ ਅਤੇ 50 ਮਿੰਟ ਮੁਫਤ ਲਓ
10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ
AMANTEL.COM
$25 ਵਿਚ 3000 ਮਿੰਟ (50 ਘੰਟੇ)
ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ
ਇਸ ਆਫਰ ਨੂੰ ਹੁਣੇ ਹੀ ਲੈਣ ਲਈ ਇਹ ਕੂਪਨ ਕੋਡ ਸਾਡੀ ਵੈਬਸਾਈਟ 'ਤੇ ਜਾ ਕੇ ਆਪਣੇ ਅਕਾਊਂਟ ਵਿਚ ਟਾਈਪ ਕਰੋ ਅਤੇ ਆਪਣੇ ਪਿਆਰਿਆਂ ਨਾਲ ਫੋਨ 'ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।
vaisakhi
Coupon Code
ਜਿੰਨੀ ਦੇਰ ਗੱਲਾਂ ਕਰੋਗੇ ਉਨੇ ਹੀ ਮਿੰਟ ਕੱਟੇ ਜਾਣਗੇ
24/7 Customer Service Available
Same rate for lanline and mobile.
ਟੌਲ ਫਰੀ ਨੰਬਰ 1-888-652-6268
732-983-4332/4333

ਪੰਜਾਬ ਟਾਈਮਜ਼

ਸ਼ਨਿਚਰਵਾਰ, 27 ਅਕਤੂਬਰ 2012

## ਸਿਆਸੀ ਕਪਤਾਨੀਆਂ

ਇਕ ਵਕਤ ਐਸਾ ਵੀ ਆਇਆ ਸੀ ਜਦੋਂ ਸਭ ਨੇ ਇਹ ਮੰਨ ਲਿਆ ਸੀ ਕਿ ਪੰਜਾਬ ਵਿਚ ਬਾਦਲਾਂ ਨੂੰ ਸਿਆਸੀ ਪਿੜ ਵਿਚ ਸਿਰਫ ਇਕੋ ਬੰਦਾ ਹੀ ਟੱਕਰ ਦੇ ਸਕਦਾ ਹੈ ਤੇ ਉਹ ਹੈ ਕੈਪਟਨ ਅਮਰਿੰਦਰ ਸਿੰਘ। ਆਪਣੀ ਸਿਆਸੀ ਚੜ੍ਹਾਈ ਦੇ ਦਿਨੀਂ ਉਨ੍ਹਾਂ ਸੱਚੀਂ-ਮੁੱਚੀਂ ਬਾਦਲਾਂ ਨੂੰ ਵਾਹਣੀਂ ਪਾ ਲਿਆ ਸੀ। ਬਾਦਲਾਂ ਨੂੰ ਅਮਰਿੰਦਰ ਸਿੰਘ ਦੀ ਸੱਤਾ ਵਾਲੇ ਉਹ ਪੰਜ ਸਾਲ ਕੱਢਣੇ ਔਖੇ ਜਿਹੇ ਹੋ ਗਏ ਸਨ। ਅਸਲ ਵਿਚ ਇਥੇ ਹੀ ਕੈਪਟਨ ਦੀ ਕਪਤਾਨੀ ਦਾ ਕਜ ਲੁਕਿਆ ਹੋਇਆ ਸੀ। ਉਨ੍ਹਾਂ ਸਾਰਾ ਜ਼ੋਰ ਆਪਣੇ ਸਿਆਸੀ ਵਿਰੋਧੀਆਂ ਦੀ ਤਹਿ ਲਾਉਣ 'ਤੇ ਹੀ ਖਰਚ ਦਿੱਤਾ ਅਤੇ ਫਿਰ ਅਗਲੀਆਂ ਚੋਣਾਂ ਵਿਚ ਉਨ੍ਹਾਂ ਦੀ ਆਪਣੀ ਤਹਿ ਲੱਗ ਗਈ। ਉਂਜ ਵੀ ਪੰਜਾਬ ਕਾਂਗਰਸ ਵਿਚ ਲੀਡਰਸ਼ਿਪ ਦਾ ਖਿਲਾਰਾ ਹੁਣ ਇੰਨਾ ਪੈ ਚੁੱਕਾ ਹੈ ਕਿ ਸਾਰੇ ਪ੍ਰਧਾਨੀਆਂ ਦੀ ਭਾਲ ਵਿਚ ਹਨ। ਨਾਲੇ ਜਿਸ ਢੰਗ ਨਾਲ ਕਾਂਗਰਸ ਵਿਚ ਪ੍ਰਧਾਨੀਆਂ ਵੰਡਣ ਦੀ ਰੀਤ ਚੱਲ ਪਈ ਹੈ, ਉਸ ਦਾ ਨਤੀਜਾ ਉਹੀ ਆਉਣਾ ਸੀ ਜੋ ਅੱਜਕੱਲ੍ਹ ਸਭ ਦੇ ਸਾਹਮਣੇ ਹੈ। ਇਸ ਨਤੀਜੇ ਕਰ ਕੇ ਹੀ ਬਾਦਲ ਪਿਉ-ਪੁੱਤ ਦੀ ਬੱਲੇ-ਬੱਲੇ ਹੈ; ਨਹੀਂ ਤਾਂ ਕੋਈ ਵੀ ਕਾਰਨ ਨਹੀਂ ਸੀ ਕਿ ਇਹ ਪਿਉ-ਪੁੱਤ ਦੁਬਾਰਾ ਸੱਤਾ ਦਾ ਸੁੱਖ ਮਾਣ ਸਕਦੇ। ਰਤਾ ਕੁ ਗੁਜਰਾਤ ਸੂਬੇ ਦੀ ਸਿਆਸਤ ਉਤੇ ਨਿਗ੍ਹਾ ਦੁੜਾਈਏ ਤਾਂ ਸਾਫ ਹੋ ਜਾਂਦਾ ਹੈ ਕਿ ਸਿਆਸੀ ਸਫਬੰਦੀਆਂ ਕਿੰਜ ਅਸਰਅੰਦਾਜ਼ ਹੁੰਦੀਆਂ ਹਨ। ਗੁਜਰਾਤ ਵਿਚ ਘੱਟਗਿਣਤੀ ਮੁਸਲਮਾਨਾਂ ਦਾ ਕਥਿਤ ਕਾਤਲ ਨਰਿੰਦਰ ਮੋਦੀ ਵਾਰ-ਵਾਰ ਇਸ ਕਰ ਕੇ ਜਿੱਤ ਰਿਹਾ ਹੈ ਕਿ ਉਥੇ ਉਸ ਦੇ ਮੁਕਾਬਲੇ ਵਿਚ ਕੋਈ ਨਹੀਂ ਹੈ। ਇਹੀ ਹਾਲ ਪੰਜਾਬ ਦਾ ਹੈ। ਬਾਦਲਾਂ ਦੀ ਜਿੱਤ ਅਸਲ ਵਿਚ ਕਾਂਗਰਸ ਦੀ ਹਾਰ ਵਿਚੋਂ ਨਿਕਲੀ ਹੈ ਅਤੇ ਜਦੋਂ ਤੋਂ ਕਾਂਗਰਸ ਨੂੰ ਚੁਣਾਵੀ ਪਛਾੜ ਵੱਜੀ ਹੈ, ਅੱਜ ਤੱਕ ਵੱਜਦੀ ਹੀ ਚਲੀ ਗਈ ਹੈ। ਪਾਰਟੀ ਵਿਚਲੇ ਕੈਪਟਨ ਦੇ ਵਿਰੋਧੀਆਂ ਨੂੰ ਮੌਕਾ ਮਿਲ ਗਿਆ ਹੈ ਅਤੇ ਇਹ ਵਿਰੋਧੀ ਹੱਥ ਆਇਆ ਮੌਕਾ ਹੱਥੋਂ ਜਾਣ ਨਹੀਂ ਦੇਣਾ ਚਾਹੁੰਦੇ। ਕੇਂਦਰੀ ਸਿਆਸਤ ਵਿਚ ਕਿਉਂਕਿ ਪੰਜਾਬ ਵਾਹਵਾ ਅਸਰ ਰੱਖਦਾ ਹੈ, ਇਸ ਕਰ ਕੇ ਕਾਂਗਰਸ ਦੀ ਕੇਂਦਰੀ ਲੀਡਰਸ਼ਿਪ ਵੀ ਸਿਆਸੀ ਗਿਣਤੀਆਂ-ਮਿਣਤੀਆਂ ਤਹਿਤ ਕੈਪਟਨ ਦਾ ਬਦਲ ਲੱਭ ਰਹੀ ਹੈ। ਲੋਕ ਸਭਾ ਚੋਣਾਂ ਸਿਰ ਉਤੇ ਹਨ ਅਤੇ ਕੇਂਦਰੀ ਲੀਡਰਸ਼ਿਪ ਚਾਹੁੰਦੀ ਹੈ ਕਿ ਇਨ੍ਹਾਂ ਚੋਣਾਂ ਵਿਚ ਜੇ ਬਹੁਤਾ ਨਹੀਂ, ਤਾਂ ਘੱਟੋ-ਘੱਟ ਬਾਦਲਾਂ ਦੀ ਬਰਾਬਰੀ ਤਾਂ ਜ਼ਰੂਰ ਹੀ ਕੀਤੀ ਜਾਵੇ। ਦੂਜੇ ਬੰਨ੍ਹੇ ਬਾਦਲਾਂ ਦੀ ਚੜ੍ਹਾਈ ਦਾ ਤਾਂ ਹੁਣ ਇਹ ਹਾਲ ਹੈ ਕਿ ਇੰਨੀਆਂ ਨਾਲਾਇਕੀਆਂ ਦੇ ਬਾਵਜੂਦ ਕੋਈ ਵੀ ਧਿਰ ਇਨ੍ਹਾਂ ਨੂੰ ਗਲਾਵੇਂ ਤੋਂ ਫੜਨ ਦੇ ਅਸਮਰਥ ਹੈ। ਹਰ ਵਿਰੋਧੀ ਹਾਲਾਤ ਦੇ ਬਾਵਜੂਦ ਇਨ੍ਹਾਂ ਦੀ ਹੀ ਹੱਟੀ ਚੱਲ ਰਹੀ ਹੈ।

ਅਸਲ ਵਿਚ ਇਸ ਵੇਲੇ ਪੰਜਾਬ ਵਿਚ ਨਵੀਂ ਸਿਆਸੀ ਉਡਾਣ ਲਈ ਕਿਸੇ ਨੀਤੀ ਨਹੀਂ, ਰਣਨੀਤੀ ਦੀ ਲੋੜ ਹੈ ਅਤੇ ਫਿਲਹਾਲ ਅਜਿਹੇ ਕੋਈ ਲੀਡਰ ਜਾਂ ਜਥੇਬੰਦੀ ਕਿਤੇ ਰੜਕ ਨਹੀਂ ਰਹੇ ਜੋ ਕਾਰਗਰ ਰਣਨੀਤੀ ਦਾ ਸੂਤਰਧਾਰ ਬਣ ਸਕੇ। ਅੱਜ ਬਾਦਲ ਸਿਰਫ ਆਪਣੀ ਜਿੱਤ ਲਈ ਦਿਨ-ਰਾਤ ਇਕ ਨਹੀਂ ਕਰ ਰਹੇ; ਸਗੋਂ ਵਿਰੋਧੀਆਂ ਦੀ ਹਾਰ ਲਈ ਵੀ ਬਰਾਬਰ ਸਾਮਾਨ ਤਿਆਰ ਕਰਦੇ ਨਜ਼ਰ ਆਉਂਦੇ ਹਨ। ਇਹੀ ਉਨ੍ਹਾਂ ਦੀ ਰਣਨੀਤੀ ਹੈ। ਜਿੰਨਾ ਚਿਰ ਇਸ ਰਣਨੀਤੀ ਦਾ ਤੋੜ ਨਹੀਂ ਲੱਭਦਾ, ਪੰਜਾਬ ਲਈ ਕੋਈ ਨਵਾਂ ਰਾਹ ਲੱਭਣਾ ਸ਼ਾਇਦ ਔਖਾ ਹੈ। ਸਿਆਸਤ ਦੀ ਸਿਤਮਜ਼ਰੀਫੀ ਇਹ ਹੈ ਕਿ ਪੰਜਾਬ ਲਈ ਨਵਾਂ ਰਾਹ ਲੱਭਣ ਲਈ ਕਾਂਗਰਸੀ ਲੀਡਰਸ਼ਿਪ ਨੇ ਰਾਹੁਲ ਗਾਂਧੀ ਦੇ ਹੱਥ ਡੋਰ ਫੜਾਈ ਹੋਈ ਹੈ। ਰਾਹੁਲ ਦੀ ਹੁਣ ਤੱਕ ਦੀ ਸਰਗਰਮੀ ਅਤੇ ਸਿਆਸਤ ਦੱਸਦੀ ਹੈ ਕਿ ਉਹ ਕਦੀ ਕਿਸੇ ਵਕਤ ਕੋਈ ਹੋਰ ਕ੍ਰਿਸ਼ਮਾ ਤਾਂ ਸ਼ਾਇਦ ਕਰ ਸਕਦਾ ਹੋਵੇ, ਪਰ ਰਣਨੀਤੀ ਘੜਨ ਦੇ ਮਾਮਲੇ ਵਿਚ ਉਹ ਸਿਫਰ ਹੀ ਹੈ। ਉਹਦੀ ਸਿਆਸੀ ਸੋਝੀ ਗਰੀਬਾਂ-ਗੁਰਬਿਆਂ ਦੇ ਕੱਚੇ ਘਰਾਂ ਵਿਚ ਰਾਤ ਕੱਟਣ ਤੱਕ ਹੀ ਸੀਮਤ ਹੈ। ਇੱਦਾਂ ਦੀਆਂ ਹਮਦਰਦੀਆਂ ਤਾਂ ਸਿਆਸੀ ਪਿੜ ਦੀ ਪਹਿਲੀ ਪੌੜੀ ਦਾ ਪਹਿਲਾ ਪੌਡਾ ਹੁੰਦਾ ਹੈ। ਪੰਜਾਬ ਵਰਗੀ ਗਹਿ-ਗੱਡਵੀਂ ਸਿਆਸਤ ਵਿਚ ਸਿਆਸੀ ਸੋਝੀ ਦਾ ਅਰਥ ਬਹੁਤ ਵੱਡਾ ਅਤੇ ਲੰਮਾ-ਚੌੜਾ ਹੈ। ਇਹ ਘੱਟੋ-ਘੱਟ ਰਾਹੁਲ ਗਾਂਧੀ ਦੇ ਵੱਸ ਦਾ ਰੋਗ ਤਾਂ ਬਿਲਕੁੱਲ ਨਹੀਂ ਹੈ। ਪੰਜਾਬ ਦੀ ਸਿਆਸਤ ਦੇਸ਼ ਦੀ ਬਾਕੀ ਸਿਆਸਤ ਤੋਂ ਉਂਜ ਵੀ ਵੱਖਰੀ ਹੈ। ਧਾਰਮਿਕ ਸੰਸਥਾਵਾਂ ਦੇ ਸਿਆਸੀ ਦਖਲ ਨਾਲ ਪੰਜਾਬ ਵਿਚ ਜਿਹੜਾ ਸਿਆਸੀ ਪਿੜ ਬੱਝਦਾ ਹੈ, ਉਸ ਪਿੜ ਵਿਚ ਤਿੱਖਾ ਆਗੂ ਹੀ ਪੈਰ ਲਾ ਸਕਦਾ ਹੈ। ਕੈਪਟਨ ਅਮਰਿੰਦਰ ਸਿੰਘ ਦੀ ਚੜ੍ਹਾਈ ਦੇ ਦਿਨਾਂ ਉਤੇ ਜੇ ਤਰਦੀ ਜਿਹੀ ਨਿਗ੍ਹਾ ਵੀ ਮਾਰੀਏ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਉਦੋਂ ਵੀ ਸਿਆਸਤ ਵਿਚ ਰਣਨੀਤਕ ਪਹੁੰਚ ਨੇ ਹੀ ਨਵੇਂ ਨਤੀਜਿਆਂ ਦਾ ਰਾਹ ਖੋਲ੍ਹਿਆ ਸੀ। ਅੱਜ ਦੀ ਸਿਆਸੀ ਰਣਨੀਤੀ ਬਾਦਲਾਂ ਖਿਲਾਫ ਇਕਜੁੱਟ ਮੋਰਚਾਬੰਦੀ ਹੀ ਹੋ ਸਕਦੀ ਹੈ। ਪਿਛਲੇ ਕੁਝ ਮਹੀਨਆਂ ਦੌਰਾਨ ਇਹ ਕਵਾਇਦ ਚੱਲ ਵੀ ਰਹੀ ਸੀ ਪਰ ਪੰਜਾਬ ਕਾਂਗਰਸ ਦੀ ਪ੍ਰਧਾਨਗੀ ਦੇ ਮਾਮਲੇ ਨੇ ਫਿਲਹਾਲ ਸਭ ਕੁਝ ਖਿੰਡਾ ਦਿੱਤਾ ਹੈ। ਇਸੇ ਕਰ ਕੇ ਪੰਜਾਬ ਦੇ ਸਿਆਸੀ ਅਤੇ ਚੁਣਾਵੀ ਪਿੜ ਦਾ ਬਹੁਤਾ ਦਾਰੋਮਦਾਰ ਹੁਣ ਕਾਂਗਰਸ ਦਾ ਕਲੇਸ਼ ਮੁੱਕਣ ਜਾਂ ਵਧਣ ਉਤੇ ਹੀ ਟਿਕਿਆ ਹੋਇਆ ਜਾਪਦਾ ਹੈ। ਮਨਪ੍ਰੀਤ ਸਿੰਘ ਬਾਦਲ ਵਾਲੀ ਧਿਰ ਦੀ ਰੜਕ ਵੀ ਆਪਸੀ ਤਾਲਮੇਲ ਉਤੇ ਨਿਰਭਰ ਹੈ। ਰਣਨੀਤੀ ਦੇ ਮਾਮਲੇ 'ਤੇ ਮਨਪ੍ਰੀਤ ਵੀ ਹੁਣ ਤੱਕ ਕੋਈ ਵੱਡੀ ਛਾਲ ਮਾਰਨ ਤੋਂ ਅਸਮਰੱਥ ਰਿਹਾ ਹੈ। ਆਪਣੀ ਚੜ੍ਹਤ ਦੇ ਦਿਨੀਂ ਵੀ ਉਹ ਆਪਣੇ ਦੁਆਲੇ ਸਿਆਸੀ ਆਭਾ ਮੰਡਲ ਉਸਾਰਨ ਵਿਚ ਨਾਕਾਮ ਰਿਹਾ ਹੈ। ਹੁਣ ਉਹਦੇ ਲਈ ਇਕ ਵਾਰ ਫਿਰ ਤੋਂ ਸਿਫਰ ਤੋਂ ਸ਼ੁਰੂ ਕਰ ਵਾਲੀ ਗੱਲ ਹੈ। ਉਹਦੇ ਨਾਲ ਵਾਲੇ ਸਾਥੀ ਉਹਦੇ ਕੰਮ ਢੰਗ ਉਤੇ ਇਤਰਾਜ਼ ਕਰਦੇ ਹਨ। ਇਹੀ ਇਤਰਾਜ਼ ਕੈਪਟਨ ਅਮਰਿੰਦਰ ਸਿੰਘ ਉਤੇ ਹੈ। ਸਿੱਧਾ ਜਿਹਾ ਸੱਚ ਹੈ ਕਿ ਮਹਾਰਾਜਿਆਂ ਵਾਲਾ ਕੰਮ ਢੰਗ ਅਜੇ ਪੰਜਾਬ ਵਿਚ ਚੱਲਣਾ ਔਖਾ ਹੈ। ਬਾਦਲ ਪਿਉ-ਪੁੱਤ ਜਿੱਦਾਂ ਦੀਆਂ ਸਿਆਸੀ ਜੁਗਤਾਂ ਨਿੱਤ ਵਰਤਦੇ ਹਨ, ਉਨ੍ਹਾਂ ਦੇ ਤੋੜ ਵਾਲੀਆਂ ਜੁਗਤਾਂ ਹੀ ਕਿਸੇ ਧਿਰ ਦੇ ਪੈਰ, ਸਿਆਸੀ ਪਿੜ ਵਿਚ ਲੁਆ ਸਕਦੀਆਂ ਹਨ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਕਹਾਵਤਾਂ ਦਾ ਸੱਚ?

ਹੈਰਤ ਹੋਵੇਗੀ ਅਗਲੀਆਂ ਪੀੜ੍ਹੀਆਂ ਨੂੰ, ਦੇਸ ਚਲਦਾ ਕਿਸ ਤਰ੍ਹਾਂ ਰਿਹਾ ਹੋਊ?
ਘਪਲੇਬਾਜੀਆਂ ਕਰਦਿਆਂ ਲੀਡਰਾਂ ਨੂੰ, ਦੂਰ ਫਿਟੇ ਮੂੰਹ ਕਿਸੇ ਨਾ ਕਿਹਾ ਹੋਊ?
ਖੋਲ੍ਹੇ ਕੰਨ ਜੋ ਬੋਲਿਆਂ ਲੀਡਰਾਂ ਦੇ, ਪੈਦਾ ਕਦੋਂ ਕੋਈ ਭਗਤ ਸਿੰਘ ਜਿਹਾ ਹੋਊ।
ਫੇਰ ਕਹਾਂਗੇ ਲੋਕੀਂ ਹੁਣ ਜਾਗਦੇ ਨੇ, ਫੜ ਕੇ ਧੌਣ ਤੋਂ ਲੇਖਾ ਜਦ ਲਿਆ ਹੋਊ!
ਸਵਿਟਜ਼ਰਲੈਂਡ ਦੇ ਬੈਂਕਾਂ ਨੂੰ ਭਰਨ ਵਾਲਾ, ਸਿੱਧਾ ਕੋਰਟ ਤੋਂ ਜੇਲ੍ਹ ਨੂੰ ਗਿਆ ਹੋਊ!
ਮੰਨ ਲਵਾਂਗੇ ਸੱਚ ਕਹਾਵਤਾਂ ਨੂੰ, ਜਦ ਹੰਕਾਰਿਆ-ਮਾਰਿਆ ਪਿਆ ਹੋਊ!!

# ਤਾਰੀਖ਼ ਦਾ ਜ਼ਹਿਰ

**ਜਦ ਤੱਕ ਪੰਜਾਬੀ, ਪਖੰਡੀ ਤਾਰੀਖ਼ ਦੀ ਜ਼ਹਿਰ ਦੇ ਅਸਰ ਹੇਠ ਹੈ, ਉਦੋਂ ਤੱਕ ਨਾ ਤਾਂ ਉਹ ਸਿਹਤਮੰਦ ਤਰੀਕੇ ਨਾ.ਲ ਸੋਚ ਸਕਦਾ ਹੈ ਤੇ ਨਾ ਹੀ ਕੋਈ ਫ਼ੈਸਲਾ ਕਰ ਸਕਦਾ ਹੈ। ਇਹ ਤਾਰੀਖ਼ (ਇਤਿਹਾਸ) ਪੰਜਾਬੀ ਕੌਮ ਦੀ ਸਭ ਤੋਂ ਵੱਡੀ ਦੁਸ਼ਮਣ ਹੈ। ਇੱਕਮੁੱਠ ਪੰਜਾਬੀ ਕੌਮ ਦੀ ਉਸਾਰੀ, ਆਪਣੀ ਅਸਲੀ ਪਛਾਣ ਅਤੇ ਆਪਣੇ ਅਸਲੀ ਪਿਛੋਕੜ ਦੀ ਜਾਣਕਾਰੀ ਲਈ ਸਿਹਤਮੰਦ ਤਰੀਕੇ ਨਾ.ਲ ਸੋਚਣ ਲਈ ਇਹ ਲਾਜ਼ਮੀ ਏ ਕਿ ਹਰ ਪੰਜਾਬੀ, ਕੌਮੀ ਤੇ ਫ਼ਰਦ (ਵਿਅਕਤੀ) ਦੀ ਪੱਧਰ 'ਤੇ ਇਸ ਜ਼ਹਿਰੀਲੀ ਤਾਰੀਖ਼ ਤੋਂ ਛੁਟਕਾਰਾ ਹਾਸਲ ਕਰਨ ਲਈ ਇੱਕਮੁੱਠ ਹੋ ਕੇ ਸੱਚੀ ਤਾਰੀਖ਼ ਦੀ ਜਾਣਕਾਰੀ ਹਾਸਲ ਕਰੇ ਅਤੇ ਦੂਜਿਆਂ ਤੱਕ ਪਹੁੰਚਾਏ।**

ਹਰ ਪੰਜਾਬੀ ਦੇ ਜੰਮਣ ਨਾ.ਲ ਹੀ ਉਹਦੇ ਗਲ ਵਿਚ ਮਜ਼ਹਬ ਦਾ ਪਟਾ ਪਾ ਕੇ ਉਹਨੂੰ ਰਾਖਵਾਂ ਬਣਾ ਦਿੱਤਾ ਜਾਂਦਾ ਹੈ। ਨਾ.ਲ ਹੀ ਉਹਨੂੰ ਝੂਠੀ, ਬੇ-ਈਮਾਨ ਤੇ ਪਾਖੰਡੀ ਤਾਰੀਖ਼ (ਇਤਿਹਾਸ) ਦੇ ਜ਼ਹਿਰ ਦੀ ਘੁੱਟੀ ਦੇ ਕੇ ਸਾਰੀ ਜ਼ਿੰਦਗੀ ਲਈ ਮੁਹਤਾਜ ਅਤੇ ਬਿਮਾਰ ਕਰ ਦਿੱਤਾ ਜਾਂਦਾ ਹੈ। ਇਸ ਘੁੱਟੀ ਦੀ ਪਹਿਲੀ ਕਿਸ਼ਤ ਮਾਪੇ ਪਾਉਂਦੇ ਨੇ, ਬਾਕੀ ਕਿਸ਼ਤਾਂ ਸਾਨੂੰ ਮਜ਼ਹਬ, ਸਕੂਲ ਅਤੇ ਸਮਾਜ ਪਾਉਂਦਾ ਰਹਿੰਦਾ ਹੈ। ਇਸ ਘੁੱਟੀ ਦੀ ਸਭ ਤੋਂ ਵੱਡੀ ਕਿਸ਼ਤ ਸਾਨੂੰ ਸਾਡੇ ਮੰਦਰਾਂ, ਮਸੀਤਾਂ, ਗਿਰਜਿਆਂ



ਜਸਟਿਸ ਸੱਯਦ ਆਸਿਫ਼ ਸ਼ਾਹਕਾਰ

ਤੇ ਗੁਰਦਆਰਿਆਂ ਚੋਂ ਮਿਲਦੀ ਹੈ। ਪੰਜਾਬੀਆਂ ਲਈ ਇਹ ਤਾਰੀਖ਼ ਵੀ ਮਜ਼ਹਬ ਵਾਂਗੂ ਬਣਾ ਦਿੱਤੀ ਗਈ ਹੈ। ਕੋਈ ਬੰਦਾ ਇਸ 'ਤੇ ਸਵਾਲ ਨਹੀਂ ਉਠਾ ਸਕਦਾ। ਜੇ ਕੋਈ ਜ਼ੁਰਅਤ ਕਰ ਕੇ ਸਵਾਲ ਉਠਾਏ ਤਾਂ ਫ਼ੌਰਨ ਫ਼ਤਵਾ ਲਾ ਕੇ ਉਹਨੂੰ ਕਾਫ਼ਰ/ਨਾਸਤਕ ਅਤੇ ਗ਼ੱਦਾਰ ਬਣਾ ਦਿੱਤਾ ਜਾਂਦਾ ਹੈ। ਕਈ ਵਾਰ ਅਜਿਹਾ ਬੰਦਾ ਆਪਣੀ ਜਾਨ ਤੋਂ ਵੀ ਹੱਥ ਧੋ ਬਹਿੰਦਾ ਹੈ। ਇਹ ਗੱਲ ਕਿਸੇ ਤੋਂ ਭੁੱਲੀ ਹੋਈ ਨਹੀਂ ਕਿ ਸਾਡੀ ਬਹੁਤੀ ਤਾਰੀਖ਼ ਸਾਈ 'ਤੇ ਬਣਵਾਈ ਗਈ ਹੈ ਜੋ ਤਾਰੀਖ਼ ਲਿਖਵਾਉਣ ਵਾਲਿਆਂ ਆਪਣੀ ਮਰਜ਼ੀ ਨਾ.ਲ ਭਾੜੇ ਦੇ ਟੱਟੂਆਂ, ਤਾਰੀਖ਼ਦਾਨਾਂ ਤੇ ਵਿਦਵਾਨਾਂ ਤੋਂ ਲਿਖਵਾਈ। ਇਸ ਤਾਰੀਖ਼ ਵਿਚ ਮੁਲਕ ਦੁਸ਼ਮਣ, ਲੋਕ ਦੁਸ਼ਮਣ, ਧਾੜਵੀ, ਕਾਬਜ਼, ਤੇ ਗ਼ੱਦਾਰ ਹੀਰੋ ਬਣੇ ਹੋਏ ਨੇ ਅਤੇ ਧਾੜਵੀਆਂ ਦਾ ਮੁਕਾਬਲਾ ਕਰਨ ਵਾਲੇ ਦੇਸ਼-ਪਿਆਰਿਆਂ, ਲੋਕ-ਦੋਸਤ ਲੋਕਾਂ ਨੂੰ ਮੁਲਕ ਦੁਸ਼ਮਣ, ਗ਼ੱਦਾਰ ਤੇ ਕਾਫ਼ਰ ਬਣਾ ਦਿੱਤਾ ਗਿਆ ਹੈ। ਇਹਦੀ ਮਿਸਾਲ 'ਸਿਕੰਦਰ-ਏ-ਆਜ਼ਮ' ਹੈ ਜਿਹਨੂੰ ਸਾਡੀ ਤਾਰੀਖ਼ ਵਿਚ ਬਹੁਤ ਵੱਡਾ ਹੀਰੋ ਬਣਾ ਕੇ ਪੇਸ਼ ਕੀਤਾ ਜਾਂਦਾ ਹੈ। ਦੂਜੇ ਪਾਸੇ ਰਾਜਾ ਪੋਰਸ ਨੂੰ ਬੁੱਧੂ, ਬੁਜ਼ਦਿਲ ਤੇ ਨਿਕੰਮਾ ਬਣਾ ਕੇ ਪੇਸ਼ ਕੀਤਾ ਜਾਂਦਾ ਹੈ, ਤੇ ਉਹਦਾ ਮਜ਼ਾਕ ਉਡਾਇਆ ਜਾਂਦਾ ਹੈ। ਸਾਨੂੰ ਇਹ ਕਦੇ ਨਹੀਂ ਦੱਸਿਆ ਜਾਂਦਾ ਕਿ ਉਹ ਸਿਕੰਦਰ ਜੋ ਯੂਨਾਨ ਤੋਂ ਤੁਰਿਆ ਤੇ ਦਗੜ-ਦਗੜ ਕਰਦਾ ਹਿੰਦੁਸਤਾਨ ਆ ਵੜਿਆ ਤਾਂ ਰਾਜਾ ਪੋਰਸ ਦਿਆਂ ਪੰਜਾਬੀਆਂ ਨੇ ਉਹਦਾ ਮੂੰਹ ਭੰਨ੍ਹ ਦਿੱਤਾ ਤੇ ਉਹਨੂੰ ਇਥੋਂ ਫੱਟੜ ਕਰ ਕੇ ਵਾਪਸ ਤੋਰਿਆ। ਪੰਜਾਬੀਆਂ ਦੇ ਹੀ ਲਾਏ ਹੋਏ ਜ਼ਖ਼ਮਾਂ ਨਾ.ਲ ਉਹ ਅਗਾਂਹ ਹੋਇਆ।

ਸਿਕੰਦਰ ਨਾ.ਲ ਜੋ ਹੋਇਆ, ਇਹਦੀ ਗੱਲ ਪੰਜਾਬੀ ਤਾਰੀਖ਼ਦਾਨ ਨਹੀਂ ਕਰਦਾ ਸਗੋਂ ਸਿਕੰਦਰ ਖ਼ੁਦ ਇਸ ਗੱਲ ਦੀ ਗਵਾਹੀ ਦੇ ਰਿਹਾ ਏ। ਸਿਕੰਦਰ ਜਦ ਪੰਜਾਬ ਆਇਆ ਤਾਂ ਪੰਜਾਬੀਆਂ ਨੇ ਜਿਵੇਂ ਉਹਦਾ ਮੂੰਹ ਭੰਨ੍ਹਿਆ, ਉਹਨੇ ਇਹਦਾ ਹਾਲ ਆਪਣੀ ਮਾਂ ਨੂੰ ਲਿਖੀ ਚਿੱਠੀ ਵਿਚ ਇੰਜ ਬਿਆਨ ਕੀਤਾ ਹੈ: ਮੈਂ ਸ਼ੇਰਾਂ ਤੇ ਬਹਾਦਰਾਂ ਦੇ ਦੇਸ਼ ਵਿਚ ਫਸਿਆ ਹੋਇਆ ਹਾਂ। ਇਸ ਦੇਸ਼ ਦਾ ਹਰ ਚੱਪਾ ਫ਼ੌਲਾਦ ਦੀ ਕੰਧ ਵਾਂਗੂੰ ਏ ਜੋ ਮੇਰੇ ਸਿਪਾਹੀਆਂ ਨਾ.ਲ ਟਕਰਾ ਰਿਹਾ ਏ। ਤੂੰ ਤਾਂ ਇਕੋ ਸਿਕੰਦਰ ਜੰਮਿਆ ਏ, ਪਰ ਇਸ ਦੇਸ਼ ਦਾ ਤਾਂ ਹਰ ਬੰਦਾ ਸਿਕੰਦਰ ਕਿਹਾ ਸਕਦਾ ਏ।

ਇਹ ਫ਼ੌਲਾਦੀ ਕੰਧ ਪੰਜਾਬੀ ਹਿੰਦੂ ਸੀ।

ਇਕ ਹੋਰ ਮਿਸਾਲ ਪਰਬਤ/ਸ਼ਮਾਲ ਤੋਂ ਆਉਣ ਵਾਲੇ ਧਾੜਵੀਆਂ ਦੀ ਹੈ ਜਿਨ੍ਹਾਂ ਵਿਚ ਸਭ ਤੋਂ ਅੱਗੇ ਮਹਿਮੂਦ ਗ਼ਜ਼ਨਵੀ ਹੈ। ਇਹਨੂੰ ਪਾਕਿਸਤਾਨ ਵਿਚ ਬਹੁਤ ਵੱਡਾ ਮੁਜਾਹਿਦ ਬਣਾ ਕੇ ਪੇਸ਼ ਕੀਤਾ ਜਾਂਦਾ ਹੈ ਕਿ ਉਹਨੇ ਸੋਮਨਾਥ ਉਤੇ ਸਤਾਰਾਂ ਹਮਲੇ ਕੀਤੇ ਤੇ ਹਿੰਦੂਆਂ ਦੀ ਐਸੀ-ਤੈਸੀ ਫੇਰੀ। ਇਹਨੇ ਸੋਮਨਾਥ ਉਤੇ ਖ਼ੌਰੇ ਸਤਾਰਾਂ ਹਮਲੇ ਕੀਤੇ ਜਾਂ ਨਹੀਂ ਕੀਤੇ, ਪਰ ਇਹਨੇ ਪੰਜਾਬ ਉਤੇ ਸਤਾਰਾਂ ਹਮਲੇ ਜ਼ਰੂਰ ਕੀਤੇ...ਉਹ ਪੰਜਾਬ ਜਿਥੇ ਲਾਹੌਰ ਦਾ ਹਾਕਮ ਮੁਸਲਮਾਨ ਸੀ ਅਤੇ ਮੁਲਤਾਨ ਵਿਚ ਸ਼ੀਆ ਮੁਸਲਮਾਨਾਂ ਦੀ ਹਕੂਮਤ ਸੀ। ਇਹਨੇ ਮੁਸਲਮਾਨਾਂ ਨਾ.ਲ ਕੀ ਕੀਤਾ, ਇਹ ਕਿਸੇ ਕਿਤਾਬ ਵਿਚ ਦਰਜ ਨਹੀਂ ਹੈ, ਪਰ ਇਸ ਸਿਲਸਿਲੇ ਵਿਚ ਸਿਰਫ਼ ਮੁਲਤਾਨ ਦੀ ਮਿਸਾਲ ਕਾਫ਼ੀ ਹੈ। ਇਹਨੇ ਮੁਲਤਾਨ ਉਤੇ ਹਮਲਾ ਕਰ ਕੇ ਮੁਸਲਮਾਨਾਂ ਦਾ ਉਹ ਕਤਲੇਆਮ ਕੀਤਾ ਕਿ ਮੁਲਤਾਨ ਦੀਆਂ ਗਲੀਆਂ ਵਿਚ ਲਹੂ ਦਾ ਚਿੱਕੜ ਹੋ ਗਿਆ। ਲੁੱਟ ਦੇ ਮਾਲ ਨਾ.ਲ ਮੁਲਤਾਨ ਦੇ ਮਾਰੇ-ਕੱਟੇ ਮੁਸਲਮਾਨਾਂ ਦੀਆਂ ਤਮਾਮ ਔਰਤਾਂ ਮਹਿਮੂਦ ਗ਼ਜ਼ਨਵੀ ਦੀ ਮੁਜਾਹਿਦ ਫ਼ੌਜ ਰਖੇਲਾਂ ਬਣਾ ਕੇ ਲੈ ਗਈ। ਇਹੋ ਹਾਲ ਦੂਜੇ ਪਰਬਤੀ ਹਮਲਾਵਰਾਂ ਦਾ ਸੀ ਜਿਨ੍ਹਾਂ ਦੀ ਤਸਵੀਰ ਇਸ ਤੋਂ ਵੱਧ ਹੋਰ ਕੁਝ ਨਹੀਂ ਹੈ ਕਿ ਇਹ ਲੁਟੇਰੇ ਤੇ ਡਾਕੂ ਸਨ ਜੋ ਹਰ ਚੌਥੇ ਦਿਨ ਪੰਜਾਬੀਆਂ (ਹਿੰਦੂਆਂ ਤੇ ਮਸਲਮਾਨਾਂ) ਨੂੰ ਲੁੱਟ-ਮਾਰ ਕੇ ਤੁਰ ਜਾਂਦੇ ਸਨ। ਇਹ ਧਾੜਵੀ ਸਾਡੀ ਤਾਰੀਖ਼ ਵਿਚ ਮੁਜਾਹਿਦ, ਗ਼ਾਜ਼ੀ ਤੇ ਖ਼ੌਰੇ ਹੋਰ ਕੀ ਕੀ ਬਣੇ ਬੈਠੇ ਨੇ। ਇਨ੍ਹਾਂ ਦੀਆਂ ਸਾਰੀਆਂ ਬੁਰਾਈਆਂ ਉਤੇ ਪਰਦਾ ਪਾ ਦਿੱਤਾ ਗਿਆ ਹੈ। ਇਨ੍ਹਾਂ ਦੇ ਜ਼ੁਲਮਾਂ ਤੇ ਅੱਯਾਸ਼ੀਆਂ ਦਾ ਕਿਧਰੇ ਜ਼ਿਕਰ ਨਹੀਂ ਕੀਤਾ ਜਾਂਦਾ। ਇਹ ਰੰਡੀਬਾਜ਼ ਤੇ ਮੁੰਡੇਬਾਜ਼ ਸਨ, ਇਹ ਮਾਸੂਮ ਤੇ ਬੇਗੁਨਾਹ ਇਨਸਾਨਾਂ (ਜਿਹਦੇ ਵਿਚ ਹਿੰਦੂ ਤੇ ਮੁਸਲਮਾਨ ਸ਼ਾਮਿਲ ਨੇ) ਨੂੰ ਬੇਦਰਦੀ ਨਾ.ਲ ਕਤਲ ਕਰਦੇ ਸਨ। ਇਹ ਪੰਜਾਬੀ ਧੀਆਂ ਭੈਣਾਂ ਦੀ ਇੱਜ਼ਤ ਰੋ.ਲ ਕੇ ਉਨ੍ਹਾਂ ਨੂੰ ਰਖੇਲਾਂ ਬਣਾ ਕੇ ਲੈ ਜਾਂਦੇ ਸਨ। ਇਹ ਗੱਲਾਂ ਕਦੇ ਨਹੀਂ ਦੱਸੀਆਂ ਜਾਂਦੀਆਂ।

ਮਹਿਮੂਦ ਗ਼ਜ਼ਨਵੀ ਮਗਰੋਂ ਇਹੋ ਜਿਹੀ ਇਕ ਹੋਰ 'ਮੁਜਾਹਿਦ ਤੇ ਨੇਕ' ਸ਼ਖ਼ਸੀਅਤ ਔਰੰਗਜ਼ੇਬ ਹੈ ਜੋ ਪੰਜ ਵਕਤ ਦਾ ਨਮਾਜ਼ੀ ਸੀ, ਤੀਹ ਰੋਜ਼ੇ ਰੱਖਦਾ ਸੀ ਅਤੇ ਟੋਪੀਆਂ ਸਿਓ ਕੇ ਗੁਜ਼ਾਰਾ ਕਰਦਾ ਸੀ। ਉਸ ਦੀ ਹਿੰਦੁਸਤਾਨ ਵਿਚ ਹੋਰ ਸੂਰਤ ਹੈ, ਪਈ ਇਹਨੇ ਸਿੱਖਾਂ ਤੇ ਹਿੰਦੂਆਂ ਨੂੰ ਦੱਬ ਕੇ ਕੁੱਟਿਆ ਪਰ ਇਹਨੇ ਕਿੰਨੇ ਮੁਸਲਮਾਨ ਮਾਰੇ, ਇਹਦਾ ਜ਼ਿਕਰ ਨਾ ਤਾਂ ਹਿੰਦੁਸਤਾਨ ਦੀਆਂ ਤਾਰੀਖ਼ ਦੀਆਂ ਕਿਤਾਬਾਂ ਵਿਚ ਆਉਂਦਾ ਹੈ ਤੇ ਪਾਕਿਸਤਾਨ ਦੀਆਂ ਕਿਤਾਬਾਂ ਵਿਚ ਤਾਂ ਆ ਹੀ ਨਹੀਂ ਸਕਦਾ। ਇਹਨੇ ਆਪਣੇ ਭਰਾ ਕਤਲ ਕੀਤੇ, ਆਪਣੇ ਪਿਓ ਨੂੰ ਕੈਦ ਕਰ ਕੇ ਜ਼ਲੀਲ ਕਰ ਕੇ ਮਾਰਿਆ; ਇਹ ਤਾਂ ਕੁਝ ਲੋਕਾਂ ਨੂੰ ਪਤਾ ਹੈ, ਪਰ ਇਹਨੇ ਇਕ ਖ਼ਾਸ ਫ਼ਿਰਕੇ ਦੇ ਮੁਸਲਮਾਨਾਂ ਨੂੰ ਛੱਡ ਕੇ ਬਾਕੀ ਫ਼ਿਰਕਿਆਂ ਦੇ ਮੁਸਲਮਾਨਾਂ ਨੂੰ ਮਾਰ ਮਾਰ ਕੇ ਉਨ੍ਹਾਂ ਦਾ ਜੋ ਹਸ਼ਰ ਕੀਤਾ, ਇਹਦਾ ਜ਼ਿਕਰ ਕਿਧਰੇ ਨਹੀਂ ਮਿਲਦਾ।

ਅੱਜ ਇਸ ਗੱਲ ਦਾ ਪਤਾ ਸਿਰਫ਼ ਸ਼ੀਆ ਤੇ ਇਸਮਾਈਲੀਆਂ ਤੋਂ ਲਗਦਾ ਹੈ ਜੋ ਇਹਦਾ ਬਦਤਰੀਨ ਨਿਸ਼ਾਨਾ ਬਣੇ ਸਨ। ਇਸ ਮਗਰੋਂ ਬੰਦਾ ਬੈਰਾਗੀ (ਬਹਾਦਰ) ਦੀ ਵਾਰੀ ਆਉਂਦੀ ਹੈ। ਵਾਹਗੇ ਦੇ ਇੱਕ ਪਾਸੇ ਉਹ ਸਿੱਖੀ ਦਾ ਮਹਾਨ ਸੇਵਕ ਤੇ ਹੀਰੋ ਹੈ, ਦੂਜੇ ਪਾਸੇ ਉਹ ਮੁਸਲਮਾਨਾਂ ਦਾ ਬਦਤਰੀਨ ਦੁਸ਼ਮਣ ਹੈ ਜਿਹਨੇ ਸਾਹਿਬਜ਼ਾਦਿਆਂ ਦਾ ਬਦਲਾ ਲੈਣ ਲਈ ਬੇਸ਼ੁਮਾਰ ਪੰਜਾਬੀ ਮੁਸਲਮਾਨ ਕਤਲ ਕੀਤਾ। ਹਾਲੇ ਕੱਲ੍ਹ ਦੀ ਗੱਲ ਹੈ, ਧਾੜਵੀ ਅੰਗਰੇਜ਼ਾਂ ਨੇ ਭਗਤ ਸਿੰਘ ਨੂੰ ਫਾਹੇ ਚਾੜ੍ਹਿਆ। ਲਹਿੰਦੇ ਪੰਜਾਬ ਵਿਚ ਪੜ੍ਹਾਈ ਜਾਣ ਵਾਲੀ ਤਾਰੀਖ਼ ਵਿਚ ਇਸ ਪੰਜਾਬੀ ਪੁੱਤਰ ਦਾ ਕਿਧਰੇ ਜ਼ਿਕਰ ਹੀ ਨਹੀਂ ਹੈ। ਜੇ ਕਿਧਰੇ ਹੈ ਵੀ, ਤਾਂ ਬਤੌਰ ਸਿੱਖ ਅਤੇ ਦਹਿਸ਼ਤਗਰਦ ਦੇ ਹੈ। ਕੀ ਭਗਤ ਸਿੰਘ ਬੱਸ ਸਿੱਖ ਹੀ ਸੀ? ਕੀ ਭਗਤ ਸਿੰਘ ਦਹਿਸ਼ਤਗਰਦ ਸੀ? ਇਹ ਵਿਤਕਰਾ ਚੜ੍ਹਦੇ ਪੰਜਾਬ ਵਿਚ ਵੀ ਕੋਈ ਘੱਟ ਨਹੀਂ ਹੈ। ਉਥੇ ਪੜ੍ਹਾਈ ਜਾਣ ਵਾਲੀ ਤਾਰੀਖ਼ ਵਿਚ ਆਜ਼ਾਦੀ ਦੇ ਇੱਕ ਹੋਰ ਹੀਰੋ ਅਹਿਮਦ ਖ਼ਾਨ ਖਰਲ ਬਾਰੇ ਇਕ ਸ਼ਬਦ ਨਹੀਂ ਮਿਲਦਾ।

ਲਹਿੰਦੇ ਪੰਜਾਬ ਵਿਚ ਸਭ ਤੋਂ ਭੈੜਾ ਹਾਲ ਰਾਜਾ ਰਣਜੀਤ ਸਿੰਘ ਦਾ ਹੈ। ਉਹ ਉੱਥੇ ਪੜ੍ਹਾਈ ਜਾਣ ਵਾਲੀ ਤਾਰੀਖ਼ ਰਾਹੀਂ ਜਾਹਲ, ਉਜੱਡ, ਬੇਵਕੂਫ਼ ਤੇ ਜ਼ਾਲਮ ਸਿੱਖ ਰਾਜਾ ਹੈ ਜੋ ਇਕ ਅੱਖ ਤੋਂ ਕਾਣਾ ਸੀ ਤੇ ਮੁਸਲਮਾਨਾਂ ਦਾ ਜਾਨੀ ਦੁਸ਼ਮਣ ਸੀ ਤੇ ਉਹਨੇ ਚੁਣ ਚੁਣ ਕੇ ਮੁਸਲਮਾਨ ਮਾਰੇ ਤੇ ਮੁਸਲਮਾਨ ਜ਼ਨਾਨੀਆਂ ਦੀ ਇੱਜ਼ਤ ਰੋ.ਲੀ।

ਕੋਈ ਮਜ਼ਹਬ ਵੀ ਇਨਸਾਨਾਂ ਨਾ.ਲ ਨਫ਼ਰਤ ਕਰਨ ਦਾ ਸੁਨੇਹਾ ਨਹੀਂ ਦਿੰਦਾ, ਪਰ ਪੰਜਾਬੀਆਂ ਦੇ ਹਰ ਮਜ਼ਹਬ ਦੀ ਇਬਾਦਤਗਾਹ ਅਮਲੀ ਤੌਰ 'ਤੇ ਨਫ਼ਰਤ ਫੈਲਾਉਣ ਦਾ ਅੱਡਾ ਬਣ ਚੁੱਕੀ ਹੈ। ਇਹ ਨਫ਼ਰਤ ਇਸ ਮਜ਼ਹਬ ਦੀ ਮਜ਼ਹਬੀ ਕਿਤਾਬ ਰਾਹੀਂ ਨਹੀਂ ਫੈਲਾਈ ਜਾਂਦੀ ਸਗੋਂ ਇਹ ਕੰਮ ਤਾਰੀਖ਼ ਰਾਹੀਂ ਹੁੰਦਾ ਹੈ। ਇਨ੍ਹਾਂ ਇਬਾਦਤਗਾਹਾਂ ਵਿਚ ਬੇ-ਈਮਾਨ ਤੇ ਪਖੰਡੀ ਤਾਰੀਖ਼ ਰਾਹੀਂ ਲੋਕਾਂ ਵਿਚ ਨਫ਼ਰਤ ਫੈਲਾ ਕੇ ਉਨ੍ਹਾਂ ਨੂੰ ਇੰਤਕਾਮ (ਬਦਲੇ) ਲਈ ਉਭਾਰਿਆ ਜਾਂਦਾ ਹੈ। ਕਿੰਨੇ ਜ਼ੁਲਮ ਦੀ ਗੱਲ ਹੈ ਕਿ ਅੱਜ ਤੋਂ ਕਈ ਸੌ ਸਾਲ ਪਹਿਲਾਂ ਕਿਸੇ ਮਜ਼ਹਬੀ ਹਸਤੀ ਨੂੰ ਮਾਰਿਆ ਗਿਆ ਜਾਂ ਕਿਸੇ ਮਜ਼ਹਬ ਦੇ ਲੋਕਾਂ ਨੂੰ ਕਿਸੇ ਹੋਰ ਮਜ਼ਹਬ ਦੇ ਲੋਕਾਂ ਮਾਰਿਆ; ਇਨ੍ਹਾਂ ਨੂੰ ਮਾਰਨ ਵਾਲੇ ਵੀ ਕਈ ਸੌ ਸਾਲ ਪਹਿਲਾਂ ਮਰ-ਖਪ ਚੁੱਕੇ ਨੇ ਪਰ ਇਸ ਹਸਤੀ ਦੇ ਕਤਲ ਦਾ ਬਦਲਾ ਜਾਂ ਇਸ ਮਜ਼ਹਬ ਦੇ ਲੋਕਾਂ ਦੇ ਕਤਲ ਦਾ ਬਦਲਾ ਲੈਣ ਦੇ ਨਤੀਜੇ ਵਿਚ ਕਿੰਨੇ ਹਜ਼ਾਰ ਬੇਗੁਨਾਹ ਇਨਸਾਨ ਕਤਲ ਕਰ ਦਿੱਤੇ ਗਏ ਨੇ। ਇਹ ਕਤਲ ਹੋਣ ਵਾਲੇ ਨਾ ਤਾਂ ਉਸ ਵੇਲੇ ਮੌਜੂਦ ਸਨ ਤੇ ਨਾ ਹੀ ਉਨ੍ਹਾਂ ਦਾ ਇਸ ਕਤਲ ਨਾ.ਲ ਕੋਈ ਵਾਸਤਾ ਸੀ। ਉਨ੍ਹਾਂ ਦਾ ਕਸੂਰ ਸਿਰਫ਼ ਇਹ ਸੀ ਕਿ ਇਨ੍ਹਾਂ ਦਾ ਤਾਂ ਕਈ ਸੌ ਸਾਲ ਪਹਿਲਾਂ ਕਿਸੇ ਮਜ਼ਹਬੀ ਹਸਤੀ ਨੂੰ ਮਾਰਨ ਵਾਲਿਆਂ ਦਾ ਮਜ਼ਹਬ ਸਾਂਝਾ ਸੀ। ਨਫ਼ਰਤ ਤੇ ਇੰਤਕਾਮ ਦੀ ਇਹ ਜ਼ਹਿਰ ਹਰ ਵੇਲੇ ਇਨ੍ਹਾਂ ਇਬਾਦਤਗਾਹਾਂ ਵਿਚ ਵੰਡੀ ਜਾਂਦੀ ਹੈ ਜੋ ਪਿਆਰ ਤੇ ਅਮਨ ਦੇ ਸੁਨੇਹੇ ਲਈ ਬਣਾਈਆਂ ਗਈਆਂ ਸਨ।

ਉਂਜ ਤਾਂ ਸਾਰੀ ਦੁਨੀਆਂ ਵਿਚ ਝੂਠੀ, ਬੇ-ਈਮਾਨ ਤੇ ਪਾਖੰਡੀ ਤਾਰੀਖ਼ ਨੇ ਇਹੋ ਹਸ਼ਰ ਕੀਤਾ ਹੈ, ਪਰ ਪੰਜਾਬੀਆਂ ਨਾ.ਲ ਇਹ ਧਰੋ ਸ਼ਾਇਦ ਸਭ ਤੋਂ ਵੱਧ ਹੋਇਆ ਹੈ। ਇਥੇ ਇਕ ਪਾਸੇ ਤਾਂ ਮਜ਼ਹਬ ਰਾਹੀਂ ਨਫ਼ਰਤ ਦਾ ਜ਼ਹਿਰ ਫੈਲਾਉਣ ਵਾਲੀ ਤਾਰੀਖ਼ ਦੀ ਛਬੀਲ ਲੱਗੀ ਰਹੀ ਹੈ ਤੇ ਦੂਜੇ ਪਾਸੇ ਹਮੇਸ਼ਾ ਧਾੜਵੀਆਂ ਅਤੇ ਕਾਬਜ਼ਕਾਰਾਂ ਦੀ ਤਾਰੀਖ਼ ਲਾਗੂ ਰਹੀ ਹੈ। ਇਹ ਤਾਰੀਖ਼ ਪੰਜਾਬੀਆਂ ਦੇ ਜ਼ਿਹਨਾਂ ਵਿਚ ਜੇ ਇਕ ਪਾਸੇ ਲਗਾਤਾਰ ਨਫ਼ਰਤ ਤੇ ਦੁਸ਼ਮਣੀ ਦੇ ਬੀਜ ਗੱਡਦੀ ਰਹਿੰਦੀ ਹੈ ਤੇ ਉਨ੍ਹਾਂ ਨੂੰ ਰ.ਲ ਕੇ ਬਹਿਣ ਨਹੀਂ ਦਿੰਦੀ ਤਾਂ ਦੂਜੇ ਪਾਸੇ ਇਹ ਅਜਿਹਾ ਰੋਗ ਹੈ ਜਿਸ ਨੇ ਹਰ ਪੰਜਾਬੀ ਨੂੰ ਰੋਗੀ ਤੇ ਮੁਹਤਾਜ ਬਣਾ ਦਿੱਤਾ ਹੈ। ਪੰਜਾਬ ਦੀ ਵੰਡ ਮਗਰੋਂ ਇਸ ਹਨੇਰ ਦੀ ਹੱਦ ਮੁਕਾ ਦਿੱਤੀ ਗਈ ਹੈ। ਦੋਹਾਂ ਪੰਜਾਬਾਂ ਵਿਚਕਾਰ ਤਾਰੀਖ਼ (ਇਤਿਹਾਸ) ਦਾ ਇਕ ਵਾਹਗਾ ਬਾਰਡਰ ਖੜ੍ਹਾ ਕਰ ਕੇ ਦੋ ਤਾਰੀਖ਼ਾਂ ਬਣਾ ਦਿੱਤੀਆਂ ਗਈਆਂ ਨੇ। ਇਨ੍ਹਾਂ ਤਾਰੀਖ਼ਾਂ ਵਿਚ ਜੇ ਮਾਜ਼ੀ ਦੇ ਪੁਰਾਣੇ ਹੀਰੋ ਵੱਖਰੇ ਨੇ ਤਾਂ ਵੰਡ ਮਗਰੋਂ ਪਾਕਿਸਤਾਨ ਤੇ ਹਿੰਦੁਸਤਾਨ ਵਿਚਕਾਰ ਹੋਈਆਂ ਜੰਗਾਂ ਰਾਹੀਂ ਇਹ ਨਵੇਂ ਦੁਸ਼ਮਣਾਂ ਤੇ ਹੀਰੋਆਂ ਨਾ.ਲ ਵੀ ਭਰੀਆਂ ਪਈਆਂ ਨੇ। ਜੇ ਇੱਕ ਪਾਸੇ ਇਹ ਨਵਾਂ ਹੀਰੋ ਨੈਸ਼ਨਲ ਹੀਰੋ ਹੈ ਤਾਂ ਦੂਜੇ ਪਾਸੇ ਉਹ ਦੁਸ਼ਮਣ ਹੈ। ਇਹ ਹੀਰੋ ਤੇ ਦੁਸ਼ਮਣ ਸਕੂਲਾਂ ਵਿਚ ਹਰ ਪੰਜਾਬੀ ਬੱਚੇ ਦੇ ਜ਼ਿਹਨ ਵਿਚ ਮਜ਼ਹਬ ਵਾਂਗ ਪਾਏ ਜਾ ਰਹੇ ਨੇ। ਜਦ ਤੱਕ ਪੰਜਾਬੀ, ਇਸ ਪਖੰਡੀ ਤਾਰੀਖ਼ ਦੀ ਜ਼ਹਿਰ ਦੇ ਅਸਰ ਹੇਠ ਹੈ, ਉਦੋਂ ਤੱਕ ਨਾ ਤਾਂ ਉਹ ਸਿਹਤਮੰਦ ਤਰੀਕੇ ਨਾ.ਲ ਸੋਚ ਸਕਦਾ ਹੈ ਤੇ ਨਾ ਹੀ ਕੋਈ ਫ਼ੈਸਲਾ ਕਰ ਸਕਦਾ ਹੈ।

ਇਹ ਤਾਰੀਖ਼ (ਇਤਿਹਾਸ) ਪੰਜਾਬੀ ਕੌਮ ਦੀ ਸਭ ਤੋਂ ਵੱਡੀ ਦੁਸ਼ਮਣ ਹੈ ਜੋ ਇਹਨੂੰ ਕੌਮ ਬਣਨ ਤੋਂ ਮਸਲਸਲ ਰੋਕਦੀ ਹੈ। ਇੱਕਮੁੱਠ ਪੰਜਾਬੀ ਕੌਮ ਦੀ ਉਸਾਰੀ, ਆਪਣੀ ਅਸਲੀ ਪਛਾਣ ਅਤੇ ਆਪਣੇ ਅਸਲੀ ਪਿਛੋਕੜ ਦੀ ਜਾਣਕਾਰੀ ਲਈ ਸਿਹਤਮੰਦ ਤਰੀਕੇ ਨਾ.ਲ ਸੋਚਣ ਲਈ ਇਹ ਲਾਜ਼ਮੀ ਏ ਕਿ ਹਰ ਪੰਜਾਬੀ, ਕੌਮੀ ਤੇ ਫ਼ਰਦ (ਵਿਅਕਤੀ) ਦੀ ਪੱਧਰ 'ਤੇ ਇਸ ਜ਼ਹਿਰੀਲੀ ਤਾਰੀਖ਼ ਤੋਂ ਛੁਟਕਾਰਾ ਹਾਸਲ ਕਰਨ ਲਈ ਇੱਕਮੁੱਠ ਹੋ ਕੇ ਸੱਚੀ ਤਾਰੀਖ਼ ਦੀ ਜਾਣਕਾਰੀ ਹਾਸਲ ਕਰੇ ਅਤੇ ਦੂਜਿਆਂ ਤੱਕ ਪਹੁੰਚਾਏ।


# ਕੀ ਭਗਤ ਸਿੰਘ ਸੱਚੀਓਂ ਹੀ ਸ਼ਹੀਦ-ਏ-ਆਜ਼ਮ ਨਹੀਂ ਹਨ?

**ਸ਼ਹੀਦ-ਏ-ਆਜ਼ਮ ਤੇ ਸਾਥੀਆਂ ਨੂੰ ਸ. ਅਜਮੇਰ ਸਿੰਘ ਜੀ ਵਾਂਗ ਲੰਮੀ ਉਮਰ ਭੋਗਣ ਤੇ ਵਿਸ਼ਾਲ ਵਸੀਲਿਆਂ ਦੀ ਮਦਦ ਨਾਲ ਲੰਮਾ ਸਮਾਂ ਅਧਿਐਨ ਕਰਨ ਦਾ ਮੌਕਾ ਨਹੀਂ ਮਿਲਿਆ। ਜੇ ਉਨ੍ਹਾਂ ਨੂੰ ਅਜਿਹਾ ਮੌਕਾ ਹਾਸਲ ਹੋ ਜਾਂਦਾ ਤਾਂ ਉਨ੍ਹਾਂ ਨੇ ਧਾਰਮਿਕ, ਭਾਸ਼ਾਈ ਤੇ ਸਭਿਆਚਾਰਕ ਵੰਨ-ਸੁਵੰਨਤਾ ਆਦਿ ਬਾਰੇ ਡੂੰਘਾ ਮੁਤਾਲਿਆ ਜ਼ਰੂਰ ਕਰਨਾ ਸੀ ਅਤੇ ਫਿਰ ਇਸ ਬਾਰੇ ਠੋਸ ਤਜਵੀਜ਼ ਵੀ ਜ਼ਰੂਰ ਪੇਸ਼ ਕਰਨੀ ਸੀ। 23 ਕੁ ਸਾਲ ਦੀ ਉਮਰ 'ਚ ਉਹ ਸ਼ਹੀਦ ਹੋ ਗਏ। ਫਿਰ ਵੀ ਉਨ੍ਹਾਂ ਨੇ ਹਾਸਲ ਸੀਮਤ ਵਸੀਲਿਆਂ ਅਤੇ ਮੌਕਿਆਂ ਨੂੰ ਵੱਧ ਤੋਂ ਵੱਧ ਅਧਿਐਨ ਕਰਨ ਅਤੇ ਪੁਰਾਣੇ ਗ਼ਲਤ ਵਿਚਾਰਾਂ (ਜਿਵੇਂ ਇਨਕਲਾਬੀ ਦਹਿਸ਼ਤਵਾਦ) ਤੋਂ ਖਹਿੜਾ ਛੁਡਾ ਕੇ ਦਰੁਸਤ ਵਿਚਾਰਾਂ ਨੂੰ ਗ੍ਰਹਿਣ ਕਰਨ ਲਈ ਵਰਤਿਆ। ਬਹੁਤ ਸਾਰੇ ਮਾਮਲਿਆਂ ਬਾਰੇ ਉਨ੍ਹਾਂ ਦੇ ਵਿਚਾਰ ਹਾਲੇ ਮੁੱਢਲੀ ਅਵਸਥਾ 'ਚ ਹੀ ਸਨ।**

**ਬੂਟਾ ਸਿੰਘ**
ਫੋਨ: +91-94634-74342

ਜਦੋਂ ਪਿਛਲੇ ਦਿਨੀਂ ਸਿੱਖ ਵਿਦਵਾਨ ਸ. ਅਜਮੇਰ ਸਿੰਘ ਵਲੋਂ ਸ਼ਿਕਾਗੋ (ਅਮਰੀਕਾ) ਵਿਚ ਇਹ ਵਿਚਾਰ ਪੇਸ਼ ਕੀਤਾ ਗਿਆ ਕਿ 'ਭਗਤ ਸਿੰਘ ਨੂੰ ਸ਼ਹੀਦ-ਏ-ਆਜ਼ਮ ਕਹਿਣਾ ਸਹੀ ਨਹੀਂ ਹੈ' ਤਾਂ ਜ਼ਿਆਦਾਤਰ ਲੋਕਾਂ ਨੂੰ ਕੋਈ ਹੈਰਾਨੀ ਨਹੀਂ ਸੀ ਹੋਈ। ਇਸ ਤੋਂ ਪਹਿਲਾਂ ਵੀ ਉਹ ਅੱਡ-ਅੱਡ ਮੰਚਾਂ ਉੱਪਰ ਅਜਿਹੇ ਵਿਚਾਰ ਪੇਸ਼ ਕਰ ਚੁੱਕੇ ਹਨ। ਸ਼ਹੀਦ ਭਗਤ ਸਿੰਘ ਨੂੰ ਮਿਲੇ ਸ਼ਹੀਦੇ-ਆਜ਼ਮ ਦੇ ਮਾਣਮੱਤੇ ਰੁਤਬੇ ਦੀ ਸਰਵ ਪ੍ਰਵਾਨਗੀ ਭਾਵੇਂ ਇਤਿਹਾਸਕ ਤੱਥ ਹੈ ਪਰ ਫਿਰ ਵੀ ਕੁਝ ਵਿਦਵਾਨਾਂ ਵਲੋਂ ਇਸ ਰੁਤਬੇ ਬਾਰੇ ਕਿੰਤੂ-ਪ੍ਰੰਤੂ ਗਾਹੇ-ਬਗਾਹੇ ਸਾਹਮਣੇ ਆਉਂਦੇ ਰਹਿੰਦੇ ਹਨ। 1980ਵਿਆਂ ਦੇ ਸ਼ੁਰੂ ਵਿਚ ਪ੍ਰਸਿੱਧ ਮਾਰਕਸਵਾਦੀ ਵਿਦਵਾਨ ਪ੍ਰਿੰਸੀਪਲ ਸੰਤ ਸਿੰਘ ਸੇਖੋਂ ਵਲੋਂ ਕੀਤੀ ਗਈ ਇਹ ਟਿੱਪਣੀ ਕਾਫ਼ੀ ਚਰਚਾ ਦਾ ਕਾਰਨ ਬਣੀ ਸੀ ਕਿ ਆਜ਼ਾਦੀ ਦੀ ਲੜਾਈ 'ਚ ਭਗਤ ਸਿੰਘ ਵਰਗੇ ਬਥੇਰੇ ਮਰੇ ਹਨ, ਇਕੱਲੇ ਭਗਤ ਸਿੰਘ ਨੂੰ ਚੁੱਕੀ ਜਾਣਾ ਗ਼ਲਤ ਹੈ। ਇਹ ਵੱਖਰਾ ਸਵਾਲ ਹੈ ਕਿ ਬੌਧਿਕ ਹਲਕਿਆਂ ਅਤੇ ਆਮ ਲੋਕਾਂ, ਕਿਸੇ ਵਲੋਂ ਵੀ ਉਨ੍ਹਾਂ ਦੀ ਟਿੱਪਣੀ ਨੂੰ ਕੋਈ ਤਵੱਜੋ ਨਹੀਂ ਦਿੱਤੀ ਗਈ। ਆਮ ਲੋਕਾਂ 'ਚ ਉਹ ਅੱਜ ਵੀ ਸ਼ਹੀਦ-ਏ-ਆਜ਼ਮ ਵਜੋਂ ਮਕਬੂਲ ਹਨ। ਪ੍ਰਿੰਸੀਪਲ ਸੇਖੋਂ ਬਾਰੇ ਉਦੋਂ ਇਹ ਧਾਰਨਾ ਬਣ ਗਈ ਸੀ ਕਿ ਸ਼ਾਇਦ ਉਹ ਉਮਰ ਦੇ ਤਕਾਜ਼ੇ ਅਨੁਸਾਰ ਉਸ ਮਨੋ-ਅਵਸਥਾ 'ਚ ਪਹੁੰਚ ਗਏ ਹਨ ਜਿੱਥੇ ਬੰਦਾ ਆਪਣੀ ਬੌਧਿਕ ਕਾਬਲੀਅਤ ਗੁਆ ਬਹਿੰਦਾ ਹੈ। ਫਿਰ ਸਿੱਖ ਬੁੱਧੀਜੀਵੀਆਂ ਦੇ ਇਕ ਗਰੁੱਪ ਵਲੋਂ ਭਗਤ ਸਿੰਘ ਦੀ ਸੋਚ ਅਤੇ ਕੁਰਬਾਨੀ ਨੂੰ ਗੁੱਝੇ ਰੂਪ 'ਚ ਨਕਾਰਨ ਤੇ ਸੱਟ ਮਾਰਨ ਦੇ ਖੋਟੇ ਉਦੇਸ਼ ਨਾਲ (ਬਾਹਰੋਂ ਦੇਖਿਆਂ ਇਹੀ ਜਾਪਦਾ ਸੀ ਕਿ ਉਹ ਉਨ੍ਹਾਂ ਦੀ ਸ਼ਹਾਦਤ ਦੀ ਅਹਿਮੀਅਤ ਨੂੰ ਮਹਿਜ਼ ਘਟਾ ਕੇ ਦੇਖ ਰਹੇ ਹਨ) ਲਈ ਖੋਖਲੀ ਦਲੀਲਬਾਜ਼ੀ ਕੀਤੀ ਗਈ ਪਰ ਉਨ੍ਹਾਂ ਦੇ ਯਤਨ ਸਫ਼ਲ ਨਹੀਂ ਹੋਏ। ਅਜਮੇਰ ਸਿੰਘ ਦੀ ਬੌਧਿਕ ਮਸ਼ਕ ਵੀ ਇਸੇ ਲੀਹ 'ਤੇ ਅੱਗੇ ਵਧਦੀ ਜਾਪਦੀ ਹੈ।

12 ਅਕਤੂਬਰ 2010 ਨੂੰ ਗੁਰੂ ਕਾਸ਼ੀ ਕਾਲਜ ਦਮਦਮਾ ਸਾਹਿਬ ਵਿਖੇ ਯੂ.ਜੀ.ਸੀ. ਦੁਆਰਾ ਕਰਵਾਏ ਗਏ ਸੈਮੀਨਾਰ ਵਿਚ ਉਨ੍ਹਾਂ ਨੇ ਜੋ ਪਰਚਾ ਪੇਸ਼ ਕੀਤਾ ਸੀ, ਉਸ ਦਾ ਮੁੱਖ ਵਿਸ਼ਾ ਭਗਤ ਸਿੰਘ ਦੀ ਸੋਚ ਅਤੇ ਸ਼ਹਾਦਤ ਬਾਰੇ ਸਥਾਪਤ ਤੇ ਪ੍ਰਵਾਨਤ ਧਾਰਨਾ ਨੂੰ ਰੱਦ ਕਰਨਾ ਹੀ ਸੀ। ਦਰਅਸਲ ਉਹ ਆਪਣੀ ਆਲੋਚਨਾ ਦੀ ਮਾਰ ਹੇਠ ਹਰ ਉਸ ਸ਼ਖਸੀਅਤ ਨੂੰ ਲਿਆ ਰਹੇ ਹਨ ਜਿਸ ਵਿਚੋਂ ਵੀ ਉਨ੍ਹਾਂ ਨੂੰ 'ਰਾਸ਼ਟਰਵਾਦ' ਦੀ ਬੋਅ ਆਉਂਦੀ ਹੈ। ਇਹ ਚਾਹੇ ਗ਼ਦਰੀ ਸੂਰਬੀਰ ਹੋਣ, ਚਾਹੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਤੇ ਉਨਾਂ ਦੇ ਸਾਥੀ ਹੋਣ ਅਤੇ ਚਾਹੇ ਕਮਿਊਨਿਸਟ ਹੋਣ ਜਾਂ ਕੋਈ ਹੋਰ ਤਨਜ਼ੀਮ ਹੋਵੇ। ਉਨ੍ਹਾਂ ਨੇ ਸਾਡੇ ਇਤਿਹਾਸ ਦੀ ਆਪਣੇ ਵਿਸ਼ੇਸ਼ ਨਜ਼ਰੀਏ ਤੋਂ ਦੁਬਾਰਾ ਇਤਿਹਾਸਕਾਰੀ ਅਤੇ ਵਿਆਖਿਆ ਕਰਨ ਦਾ ਬੀੜਾ ਚੁੱਕਿਆ ਹੋਇਆ ਹੈ ਅਤੇ ਇਸ ਵਿਚ ਉਹ ਪੂਰੀ ਤਨਦੇਹੀ ਨਾਲ ਜੁੱਟੇ ਹੋਏ ਹਨ। ਉਪਰੋਕਤ ਸੈਮੀਨਾਰ 'ਚ ਪੜ੍ਹੇ ਗਏ ਪਰਚੇ ਦਾ ਨਿਚੋੜ ਉਨ੍ਹਾਂ ਨੇ ਇਨ੍ਹਾਂ ਲਫ਼ਜ਼ਾਂ 'ਚ ਕੱਢਿਆ ਸੀ, "ਅੱਜ ਦੇ ਪ੍ਰਸੰਗ ਵਿਚ ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਸਿਰਫ਼ ਅਪ੍ਰਸੰਗਿਕ ਹੀ ਨਹੀਂ ਕਹੀ ਜਾ ਸਕਦੀ, ਇਸ ਵਿਚ ਵਿਨਾਸ਼ਕਾਰੀ ਨਤੀਜਿਆਂ ਨੂੰ ਜਨਮ ਦੇਣ ਦੀਆਂ ਸੰਭਾਵਨਾਵਾਂ ਲੁਪਤ ਹਨ।" ਕਹਿਣ ਦੀ ਲੋੜ ਨਹੀਂ ਹੈ ਕਿ ਮਾਮਲਾ ਮਹਿਜ਼ ਸ਼ਹੀਦ ਭਗਤ ਸਿੰਘ ਨੂੰ ਸ਼ਹੀਦ-ਏ-ਆਜ਼ਮ ਮੰਨਣ ਜਾਂ ਨਾ ਮੰਨਣ ਦਾ ਨਹੀਂ ਹੈ ਸਗੋਂ ਸ. ਅਜਮੇਰ ਸਿੰਘ ਹੋਰਾਂ ਦੀ ਸੋਚ ਅਨੁਸਾਰ ਜੇ ਸਾਡੇ ਮੁਲਕ ਦੇ ਲੋਕ ਸ਼ਹੀਦ-ਏ-ਆਜ਼ਮ ਦੀ ਵਿਚਾਰਧਾਰਾ 'ਤੇ ਚੱਲਣਗੇ ਤਾਂ ਉਹ ਸਮਾਜ ਨੂੰ ਵਿਨਾਸ਼ ਦੇ ਮੂੰਹ ਧੱਕ ਰਹੇ ਹੋਣਗੇ। ਹਾਲਾਂਕਿ ਉਨ੍ਹਾਂ ਨੇ ਇਹ ਸਪਸ਼ਟ ਨਹੀਂ ਕੀਤਾ ਕਿ ਇਸ ਦੇ ਵਿਨਾਸ਼ਕਾਰੀ ਨਤੀਜੇ ਕਿਵੇਂ ਹੋ ਸਕਦੇ ਹਨ। ਉਨ੍ਹਾਂ ਨੇ ਸ਼ਹੀਦ-ਏ-ਆਜ਼ਮ ਦੀ ਵਿਚਾਰਧਾਰਾ ਦਾ ਸਾਰ-ਤੱਤ ਬਿਆਨ ਕਰਦਿਆਂ ਕਿਹਾ ਹੈ: "ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਦੇ ਤਿੰਨ ਉਘੜਵੇਂ ਅੰਗ (ਚੋਮਪੋ-ਨੲਨਟਸ) ਇਹ ਸਨ: (1) ਨੈਸ਼ਨਲਿਜ਼ਮ (2) ਸੈਕੂਲਰਿਜ਼ਮ (3) ਸੋਸ਼ਲਿਜ਼ਮ। ਇਨ੍ਹਾਂ ਵਿਚੋਂ ਸਭ ਨਾਲੋਂ ਬੁਨਿਆਦੀ ਪੱਖ ਛਾਂਟਣਾ ਹੋਵੇ ਤਾਂ ਉਹ ਨਿਰਸੰਦੇਹ ਨੈਸ਼ਨਲਿਜ਼ਮ ਹੈ।" ਉਨ੍ਹਾਂ ਦੀ ਸਮਝ ਅਨੁਸਾਰ ਬਸਤੀਵਾਦ ਦਾ ਜੂਲਾ ਲਾਹੁਣ ਲਈ ਅਪਣਾਈ ਜਾਣ ਵਾਲੀ ਅਮਲੀ ਰਣਨੀਤੀ ਅਤੇ ਸੱਤਾ ਹਾਸਲ ਕਰ ਲੈਣ ਤੋਂ ਬਾਅਦ ਸਮਾਜ ਦੀ ਕਾਇਆ-ਕਲਪ ਕਰਨ ਬਾਰੇ ਗਾਂਧੀ ਅਤੇ ਭਗਤ ਸਿੰਘ ਦੀ ਸਮਝ ਭਾਵੇਂ ਬਹੁਤ ਹੀ ਅਲੱਗ ਅਲੱਗ ਸੀ "ਪਰ ਜੇਕਰ ਸਾਰੇ ਮਾਮਲੇ ਦੀ ਤਹਿ ਤਕ ਜਾਇਆ ਜਾਵੇ ਤਾਂ ਇਹ ਤੱਥ ਉਘੜ ਕੇ ਸਾਹਮਣੇ ਆਉਂਦਾ ਹੈ ਕਿ ਇਨ੍ਹਾਂ ਮਹੱਤਵਪੂਰਨ ਮੱਤ-ਵਖਰੇਵਿਆਂ ਦੇ ਬਾਵਜੂਦ ਰਾਸ਼ਟਰਵਾਦ (ਨੈਸ਼ਨਲਿਜ਼ਮ) ਦੀ ਬੁਨਿਆਦੀ ਵਿਚਾਰਧਾਰਾ ਬਾਰੇ ਦੋਵਾਂ ਦੀ ਸਮਝ ਪੂਰੀ ਤਰ੍ਹਾਂ ਮਿਲਦੀ-ਜੁਲਦੀ ਸੀ।" ਦੋਵੇਂ "ਇਕੋ ਜਿੰਨੀ ਸ਼ਿੱਦਤ ਨਾਲ ਰਾਸ਼ਟਰਵਾਦ ਦੀ ਵਿਚਾਰਧਾਰਾ ਨੂੰ ਪ੍ਰਣਾਏ ਹੋਏ ਸਨ। ਭਾਰਤੀ ਸਮਾਜ ਅੰਦਰ ਮੌਜੂਦ ਸਭਿਆਚਾਰਕ ਤੇ ਧਾਰਮਿਕ ਭਿੰਨਤਾਵਾਂ ਬਾਰੇ ਅਤੇ ਸਮੁੱਚੇ ਭਾਰਤ ਦੇ ਲੋਕਾਂ ਨੂੰ ਇਕੋ-ਇਕਹਿਰੇ ਕੌਮੀ ਭਾਈਚਾਰੇ ਦਾ ਰੂਪ ਦੇਣ ਬਾਰੇ ਦੋਵਾਂ ਦਾ ਮੂਲ ਨਜ਼ਰੀਆ ਇਕੋ ਜਿਹਾ ਸੀ।" ਇਕ ਹੋਰ ਤਕਰੀਰ 'ਚ (ਜਿਸ ਦਾ ਸਾਰਅੰਸ਼ ਪੰਜਾਬ ਟਾਈਮਜ਼ 20 ਅਕਤੂਬਰ 2012 ਅੰਕ 'ਚ ਛਪਿਆ ਹੈ) ਉਨ੍ਹਾਂ ਦਾ ਕਹਿਣਾ ਸੀ ਕਿ ਭਗਤ ਸਿੰਘ ਨੇ ਤਾਂ ਸ਼ਹੀਦੀ ਦੇਸ਼ ਦੀ ਆਜ਼ਾਦੀ ਲਈ ਦਿੱਤੀ ਸੀ ਨਾ ਕਿ ਸਰਬੱਤ ਦੇ ਭਲੇ ਵਾਸਤੇ, ਫਿਰ ਉਸ ਨੂੰ ਸ਼ਹੀਦ-ਏ-ਆਜ਼ਮ ਕਿਵੇਂ ਮੰਨ ਲਈਏ। ਉਹ ਕਹਿੰਦੇ ਹਨ ਕਿ ਸ਼ਹੀਦ-ਏ-ਆਜ਼ਮ ਸਰਵ-ਉੱਚ ਸ਼ਹੀਦੀ ਦਾ ਲਖਾਇਕ ਹੈ ਅਤੇ ਜੇ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਸਰਵ-ਉੱਚ ਹੈ ਤਾਂ ਕਿਸੇ ਦੂਜੇ ਦੀ ਕਿਵੇਂ ਹੋ ਸਕਦੀ ਹੈ? ਇਹ ਹੈ ਸ਼ਹੀਦ-ਏ-ਆਜ਼ਮ ਦੀ ਸੋਚ ਅਤੇ ਸ਼ਹਾਦਤ ਬਾਰੇ ਸ. ਅਜਮੇਰ ਸਿੰਘ ਦੀ ਸਮਝ ਦਾ ਨਿਚੋੜ।



ਜਿੱਥੋਂ ਤੱਕ ਸ਼ਹਾਦਤ ਦਾ ਸਬੰਧ ਹੈ, ਹਰ ਸ਼ਹਾਦਤ ਖ਼ਾਸ ਇਤਿਹਾਸਕ ਹਾਲਾਤ ਵਿਚੋਂ ਉਪਜ ਕੇ ਖ਼ਾਸ ਮਹੱਤਤਾ ਅਖ਼ਤਿਆਰ ਕਰਦੀ ਹੈ ਅਤੇ ਸਰਵ-ਉੱਚਤਾ ਵੀ। ਇਹ ਗੁਰੂ ਅਰਜਨ ਦੇਵ, ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਬਾਰੇ ਵੀ ਸੱਚ ਹੈ ਅਤੇ ਭਗਤ ਸਿੰਘ ਦੀ ਸ਼ਹਾਦਤ ਬਾਰੇ ਵੀ। ਇਕ ਖ਼ਾਸ ਹਾਲਾਤ ਵਿਚ ਹੋਈ ਸ਼ਹਾਦਤ ਨੂੰ ਦੂਜੇ ਖ਼ਾਸ ਹਾਲਾਤ 'ਚ ਹੋਈ ਸ਼ਹਾਦਤ ਨੂੰ ਛੁਟਿਆਉਣ/ਉਚਿਆਉਣ ਲਈ ਨਹੀਂ ਵਰਤਿਆ ਜਾ ਸਕਦਾ ਪਰ ਸ. ਅਜਮੇਰ ਸਿੰਘ ਭਗਤ ਸਿੰਘ ਦੇ ਸ਼ਹੀਦ-ਏ-ਆਜ਼ਮ ਦੇ ਬਿੰਬ ਨੂੰ ਸੱਟ ਮਾਰਨ ਲਈ ਬਹੁਤ ਹੀ ਚਲਾਕੀ ਨਾਲ ਹਮਲਾ ਕਰਦੇ ਹਨ ਅਤੇ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦੇ ਇਕ ਖ਼ਾਸ ਇਤਿਹਾਸਕ ਹਾਲਾਤ 'ਚ ਉੱਭਰੇ 'ਸ਼ਹੀਦਾਂ ਦਾ ਸਿਰਤਾਜ' ਵਾਲੇ ਬਿੰਬ ਨੂੰ ਢਾਲ ਬਣਾ ਕੇ ਵਰਤਦੇ ਹਨ। ਅਜਿਹਾ ਕਰਨਾ ਉਨ੍ਹਾਂ ਦੀ ਅਣਸਰਦੀ ਲੋੜ ਹੈ ਕਿਉਂਕਿ ਭਗਤ ਸਿੰਘ ਦਾ ਮਜ਼੍ਹਬੀ ਵੰਡੀਆਂ ਤੋਂ ਉੱਪਰ ਸੈਕੂਲਰ ਸਮਾਜਵਾਦੀ ਇਨਕਲਾਬੀ ਚਿੰਤਕ ਦਾ ਬਿੰਬ ਉਸ 'ਸਿੱਖ' ਏਜੰਡੇ ਦੇ ਰਾਹ 'ਚ ਵੱਡਾ ਅੜਿੱਕਾ ਬਣਦਾ ਹੈ ਜੋ ਅੱਜ ਉਨ੍ਹਾਂ ਨੂੰ 'ਇਕੋ ਇਕ ਦਰੁਸਤ' ਏਜੰਡਾ ਜਾਪਦਾ ਹੈ। ਇਸ ਲਈ ਸਾਡੇ ਲਈ 'ਸਰਬਤ ਦਾ ਭਲਾ' ਅਤੇ 'ਰਾਸ਼ਟਰਵਾਦ' ਬਾਰੇ ਸ. ਅਜਮੇਰ ਸਿੰਘ ਦੀ ਦਲੀਲਬਾਜ਼ੀ ਨੂੰ ਸਮਝਣਾ ਜ਼ਰੂਰੀ ਹੈ।

ਇਹ ਤਾਂ ਹੋ ਨਹੀਂ ਸਕਦਾ ਕਿ ਸ. ਅਜਮੇਰ ਸਿੰਘ ਨੇ ਸ਼ਹੀਦ-ਏ-ਆਜ਼ਮ ਤੇ ਉਨ੍ਹਾਂ ਦੇ ਸਾਥੀਆਂ ਦੀਆਂ ਲਿਖਤਾਂ ਨੂੰ ਗ਼ੌਰ ਨਾਲ ਪੜ੍ਹਿਆ ਨਾ ਹੋਵੇ; ਕਿਉਂਕਿ ਇਸੇ ਪਰਚੇ ਵਿਚ ਉਨ੍ਹਾਂ ਨੇ ਸ਼ਹੀਦ-ਏ-ਆਜ਼ਮ ਨੂੰ 'ਰਾਸ਼ਟਰਵਾਦ' ਦੀ ਨਾਮੁਰਾਦ ਮਰਜ਼ ਦਾ ਸ਼ਿਕਾਰ ਇਨਕਲਾਬੀ ਦਰਸਾਉਣ ਲਈ ਉਨ੍ਹਾਂ ਦੀਆਂ ਲਿਖਤਾਂ ਦੇ ਸੰਗ੍ਰਹਿ ਵਿਚੋਂ 'ਇਕ ਦੇਸ਼, ਇਕ ਕੌਮ, ਇਕ ਭਾਸ਼ਾ, ਇਕ ਲਿਪੀ ਤੇ ਇਕੋ-ਸਾਂਝੇ ਸਭਿਆਚਾਰ' ਬਾਰੇ (ਭਗਤ ਸਿੰਘ ਦੇ ਲੇਖ ਵਿਚੋਂ) ਇਕ ਟੂਕ ਖ਼ੁਦ ਹੀ ਦਿੱਤੀ ਹੈ। ਇੱਥੇ ਇਹ ਮੁੱਖ ਨੁਕਤੇ ਸਾਡੇ ਧਿਆਨ ਦੀ ਮੰਗ ਕਰਦੇ ਹਨ। ਪਹਿਲਾ, ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦਾ ਨਿਸ਼ਾਨਾ ਸਿਰਫ਼ ਅੰਗਰੇਜ਼ ਬਸਤੀਵਾਦੀਆਂ ਨੂੰ ਮੁਲਕ ਵਿਚੋਂ ਕੱਢਣਾ ਹੀ ਨਹੀਂ ਸੀ ਸਗੋਂ ਮਨੁੱਖ ਹੱਥੋਂ ਮਨੁੱਖ ਦੀ ਲੁੱਟ-ਖਸੁੱਟ ਦਾ ਮੁਕੰਮਲ ਖ਼ਾਤਮਾ ਕਰਨਾ ਸੀ। ਉਹ ਹਰ ਤਰ੍ਹਾਂ ਦੇ ਧੱਕੇ, ਵਿਤਕਰੇ ਅਤੇ ਹਰ ਤਰ੍ਹਾਂ ਦੇ ਦਾਬੇ ਨੂੰ ਜੜ੍ਹੋਂ ਖ਼ਤਮ ਕਰ ਕੇ ਇਕ ਸੱਚੀ ਬਰਾਬਰੀ ਵਾਲਾ ਸਮਾਜ ਸਿਰਜਣਾ ਚਾਹੁੰਦੇ ਸਨ। ਆਪਣੇ ਲੇਖਾਂ, ਬਿਆਨਾਂ ਅਤੇ ਟਿੱਪਣੀਆਂ ਵਿਚ ਉਹ ਇਸ ਬਾਰੇ ਆਪਣੀ ਸੋਚ ਵਾਰ-ਵਾਰ ਸਪਸ਼ਟ ਕਰਦੇ ਰਹੇ। ਅਸੰਬਲੀ ਬੰਬ ਮੁਕੱਦਮੇ ਦੌਰਾਨ 6 ਜੂਨ 1929 ਨੂੰ ਭਗਤ ਸਿੰਘ ਅਤੇ ਬੀ.ਕੇ. ਦੱਤ ਵਲੋਂ ਅਦਾਲਤ 'ਚ ਦਿੱਤੇ ਗਏ ਲਿਖਤੀ ਬਿਆਨ ਵਿਚ ਅੰਗਰੇਜ਼ ਸਾਮਰਾਜ ਦਾ ਜੂਲਾ ਲਾਹੁਣ ਤੋਂ ਬਾਅਦ ਉਸਾਰੇ ਜਾਣ ਵਾਲੇ ਰਾਜ ਪ੍ਰਬੰਧ ਅਤੇ ਸਮਾਜ ਬਾਰੇ ਆਪਣੇ ਇਨਕਲਾਬੀ ਆਦਰਸ਼ਾਂ ਨੂੰ ਵਿਸਤਾਰ 'ਚ ਬਿਆਨ ਕੀਤਾ ਗਿਆ ਸੀ। ਇਸੇ ਤਰ੍ਹਾਂ "ਅਦਾਲਤ ਇਕ ਢਕੌਂਜ ਹੈ...ਛੇ ਸਾਥੀਆਂ ਦਾ ਬਿਆਨ" (5 ਮਈ 1930) ਵਿਚ ਉਨ੍ਹਾਂ ਵਲੋਂ ਆਪਣਾ ਇਨਕਲਾਬੀ ਆਦਰਸ਼ ਬਾਖ਼ੂਬੀ ਬਿਆਨ ਕੀਤਾ ਗਿਆ: "ਅਸੀਂ ਵਰਤਮਾਨ ਢਾਂਚੇ ਦੇ ਸਮਾਜਕ, ਆਰਥਿਕ ਅਤੇ ਰਾਜਨੀਤਕ ਪੱਖਾਂ ਵਿਚ ਇਨਕਲਾਬੀ ਤਬਦੀਲੀਆਂ ਲਿਆਉਣ ਦੇ ਹੱਕ ਵਿਚ ਹਾਂ। ਚਾਹੁੰਦੇ ਹਾਂ ਕਿ ਵਰਤਮਾਨ ਸਮਾਜ ਨੂੰ ਪੂਰੀ ਤਰ੍ਹਾਂ ਨਵੇਂ ਨਰੋਏ ਸਮਾਜ ਵਿਚ ਬਦਲਿਆ ਜਾਵੇ। ਇਸ ਤਰ੍ਹਾਂ ਮਨੁੱਖ ਦੇ ਹੱਥੋਂ ਮਨੁੱਖ ਦੀ ਲੁੱਟ ਅਸੰਭਵ ਬਣਾ ਕੇ ਸਾਰੇ ਲੋਕਾਂ ਲਈ ਸਭ ਖੇਤਰਾਂ ਵਿਚ ਪੂਰੀ ਆਜ਼ਾਦੀ ਯਕੀਨੀ ਬਣਾਈ ਜਾਵੇ...।" (ਸ਼ਹੀਦ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦੀਆਂ ਲਿਖਤਾਂ, ਪੰਨਾ 288, ਜ਼ੋਰ ਸਾਡੇ ਵਲੋਂ)। ਉਨ੍ਹਾਂ ਵਲੋਂ ਨੰਗੇ ਅਨਿਆਂ 'ਤੇ ਟਿਕੇ ਪ੍ਰਬੰਧ ਨੂੰ ਖ਼ਤਮ ਕਰ ਕੇ ਕਿਰਤ ਦੀ ਸਰਦਾਰੀ ਵਾਲਾ ਪ੍ਰਬੰਧ ਉਸਾਰਨ ਬਾਰੇ ਆਪਣੀ ਸੋਚ ਪੂਰੀ ਬੇਬਾਕੀ ਅਤੇ ਸਪਸ਼ਟਤਾ ਨਾਲ ਅਦਾਲਤ 'ਚ ਪੇਸ਼ ਕੀਤੀ। ਉਨ੍ਹਾਂ ਦੇ ਬਿਆਨ ਤੋਂ ਸਪਸ਼ਟ ਹੈ ਕਿ ਉਹ ਮਨੁੱਖਤਾ ਨੂੰ ਗ਼ੁਲਾਮੀ, ਦਾਬੇ, ਧੱਕੇ-ਵਿਤਕਰੇ, ਅਨਿਆਂ ਅਤੇ ਲੁੱਟ ਦੀਆਂ ਜ਼ੰਜੀਰਾਂ 'ਚ ਜਕੜੀ ਬੈਠੇ ਜਾਬਰ-ਜਰਵਾਣੇ ਵਰਗ ਦੀ ਜਕੜ ਖ਼ਤਮ ਕਰਕੇ ਸਮੁੱਚੀ ਮਨੁੱਖਤਾ ਨੂੰ ਮੁਕਤ ਕਰਾਉਣ ਦੇ ਸਰਵ-ਉੱਚ ਉਦੇਸ਼ ਨੂੰ ਪ੍ਰਣਾਏ ਹੋਏ ਇਨਕਲਾਬੀ ਸਨ। ਉਨ੍ਹਾਂ ਨੇ ਆਪਣੇ ਪ੍ਰੋਗਰਾਮ ਦੀ ਵਿਆਖਿਆ ਕਰਨ ਸਮੇਂ 'ਸਰਬਤ ਦਾ ਭਲਾ' ਵਰਗੇ ਰਵਾਇਤੀ ਧਾਰਮਿਕ ਲਕਬ ਨਹੀਂ ਵਰਤੇ; ਪਰ ਕੀ "ਸਾਰੇ ਲੋਕਾਂ ਲਈ ਸਭ ਖੇਤਰਾਂ ਵਿਚ ਪੂਰੀ ਆਜ਼ਾਦੀ" ਸਰਬਤ ਦੇ ਭਲੇ ਤੋਂ ਕੋਈ ਵੱਖਰੀ ਚੀਜ਼ ਹੈ? ਇਹ ਤਾਂ ਸ. ਅਜਮੇਰ ਸਿੰਘ ਹੀ ਦੱਸ ਸਕਦੇ ਹਨ।

ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਉਹ ਮਨੁੱਖਤਾ ਉੱਪਰੋਂ ਮਲਕ ਭਾਗੋਆਂ ਦੀ ਜਮਾਤ ਦਾ ਗ਼ਲਬਾ ਖ਼ਤਮ ਕਰ ਕੇ ਭਾਈ ਲਾਲੋਆਂ ਦੀ ਜਮਾਤ ਦੀ ਬੰਦ-ਖ਼ਲਾਸੀ ਕਰਾਉਣ ਦਾ ਪ੍ਰੋਗਰਾਮ ਲੈ ਕੇ ਚੱਲ ਰਹੇ ਸਨ। ਉਨ੍ਹਾਂ ਦੀ ਅਜੋਕੇ ਮਲਕ ਭਾਗੋਆਂ ਦੀ ਜਮਾਤ ਨਾਲ ਕੋਈ ਹਮਦਰਦੀ ਨਹੀਂ ਸੀ। ਜੇ ਸਰਬੱਤ ਦੇ ਭਲੇ ਵਿਚ ਮਲਕ ਭਾਗੋਆਂ ਦੇ ਬੋਲਬਾਲੇ ਵਾਲੀ ਹੈਸੀਅਤ ਦਾ ਬਰਕਰਾਰ ਰਹਿਣਾ ਵੀ ਸ਼ਾਮਲ ਹੈ, ਫਿਰ ਭਾਈ ਲਾਲੋਆਂ ਦੀ ਕਿਰਤੀ ਜਮਾਤ ਦੀ ਮੁਕਤੀ ਕਿਵੇਂ ਵੀ ਸੰਭਵ ਨਹੀਂ ਹੈ। ਸ਼ਹੀਦ ਭਗਤ ਸਿੰਘ ਹੋਰੀਂ ਇਸ ਬਾਰੇ ਕਿਸੇ ਭਰਮ-ਭੁਲੇਖੇ ਦਾ ਸ਼ਿਕਾਰ ਨਹੀਂ ਸਨ। ਉਨ੍ਹਾਂ ਦੀ ਸਪਸ਼ਟ ਸਮਝ ਸੀ ਕਿ ਮਹਿਜ਼ 'ਸਰਬੱਤ ਦਾ ਭਲਾ' ਵਰਗੇ ਲਫ਼ਜ਼ਾਂ ਦਾ ਜਾਪ ਕਰ ਕੇ ਹੀ ਇਹ ਨਿਸ਼ਾਨਾ ਪੂਰਾ ਨਹੀਂ ਕੀਤਾ ਜਾ ਸਕਦਾ। ਸਮੇਂ ਦੇ ਮਲਕ ਭਾਗੋਆਂ ਦੀ ਜਮਾਤ ਵਿਰੁੱਧ ਇਨਕਲਾਬੀ ਲੋਕ ਜੱਦੋਜਹਿਦ ਲੜਕੇ ਉਨ੍ਹਾਂ ਤੋਂ ਰਾਜ-ਭਾਗ ਖੋਹਣਾ ਹੋਵੇਗਾ ਪਰ ਸ. ਅਜਮੇਰ ਸਿੰਘ ਜੀ ਦੀ 'ਸਰਬਤ ਦਾ ਭਲਾ' ਦੀ ਧਾਰਨਾ ਕੀ ਹੈ, ਉਨ੍ਹਾਂ ਦਾ ਮਲਕ ਭਾਗੋਆਂ ਦੀ ਜਮਾਤ, ਖ਼ਾਸ ਕਰ ਕੇ ਜਿਨ੍ਹਾਂ ਨੇ ਸਿੱਖੀ ਭੇਖ ਧਾਰਨ ਕਰ ਰੱਖਿਆ ਹੈ, ਪ੍ਰਤੀ ਕੀ ਵਤੀਰਾ ਹੈ। ਉਨ੍ਹਾਂ ਦੇ ਪਰਚੇ ਅਤੇ ਵਖਿਆਨਾਂ ਵਿਚੋਂ ਇਸ ਦਾ ਕੋਈ ਖ਼ਾਕਾ ਨਹੀਂ ਉੱਭਰਦਾ ਪਰ ਉਹ ਭਗਤ ਸਿੰਘ ਨੂੰ ਸਰਬਤ ਦੇ ਭਲੇ ਦੀ ਸੋਚ ਅਤੇ ਭਾਵਨਾ ਤੋਂ ਸੱਖਣਾ ਦਰਸਾਉਣ ਲਈ ਪੂਰਾ ਤਾਣ ਲਾ ਰਹੇ ਹਨ। ਕੀ ਇਹ ਤੱਥਾਂ ਨਾਲ ਮੇਲ ਖਾਂਦਾ ਹੈ?

ਦੂਜਾ, ਸ਼ਹੀਦ-ਏ-ਆਜ਼ਮ ਤੇ ਸਾਥੀਆਂ ਨੂੰ ਸ. ਅਜਮੇਰ ਸਿੰਘ ਜੀ ਵਾਂਗ ਲੰਮੀ ਉਮਰ ਭੋਗਣ ਤੇ ਵਿਸ਼ਾਲ ਵਸੀਲਿਆਂ ਦੀ ਮਦਦ ਨਾਲ ਲੰਮਾ ਸਮਾਂ ਅਧਿਐਨ ਕਰਨ ਦਾ ਮੌਕਾ ਨਹੀਂ ਮਿਲਿਆ। ਜੇ ਉਨ੍ਹਾਂ ਨੂੰ ਅਜਿਹਾ ਮੌਕਾ ਹਾਸਲ ਹੋ ਜਾਂਦਾ ਤਾਂ ਉਨ੍ਹਾਂ ਨੇ ਧਾਰਮਿਕ, ਭਾਸ਼ਾਈ ਤੇ ਸਭਿਆਚਾਰਕ ਵੰਨ-ਸੁਵੰਨਤਾ ਆਦਿ ਬਾਰੇ ਡੂੰਘਾ ਮੁਤਾਲਿਆ ਜ਼ਰੂਰ ਕਰਨਾ ਸੀ ਅਤੇ ਫਿਰ ਇਸ ਬਾਰੇ ਠੋਸ ਤਜਵੀਜ਼ ਵੀ ਜ਼ਰੂਰ ਪੇਸ਼ ਕਰਨੀ ਸੀ। 23 ਕੁ ਸਾਲ ਦੀ ਉਮਰ 'ਚ ਉਹ ਸ਼ਹੀਦ ਹੋ ਗਏ। ਫਿਰ ਵੀ ਉਨ੍ਹਾਂ ਨੇ ਹਾਸਲ ਸੀਮਤ ਵਸੀਲਿਆਂ ਅਤੇ ਮੌਕਿਆਂ ਨੂੰ ਵੱਧ ਤੋਂ ਵੱਧ ਅਧਿਐਨ ਕਰਨ ਅਤੇ ਪੁਰਾਣੇ ਗ਼ਲਤ ਵਿਚਾਰਾਂ (ਜਿਵੇਂ ਇਨਕਲਾਬੀ ਦਹਿਸ਼ਤਵਾਦ) ਤੋਂ ਖਹਿੜਾ ਛੁਡਾ ਕੇ ਦਰੁਸਤ ਵਿਚਾਰਾਂ ਨੂੰ ਗ੍ਰਹਿਣ ਕਰਨ ਲਈ ਵਰਤਿਆ। ਬਹੁਤ ਸਾਰੇ ਮਾਮਲਿਆਂ ਬਾਰੇ ਉਨ੍ਹਾਂ ਦੇ ਵਿਚਾਰ ਹਾਲੇ ਮੁੱਢਲੀ ਅਵਸਥਾ 'ਚ ਹੀ ਸਨ। 'ਪੰਜਾਬ ਦੀ ਭਾਸ਼ਾ ਅਤੇ ਲਿੱਪੀ ਦੇ ਮਜ਼ਮੂਨ ਸਬੰਧੀ ਮਸਲਾ' ਲੇਖ ਇਸ ਦੀ ਮਿਸਾਲ ਹੈ। ਇਹ ਲੇਖ ਸ਼ਹੀਦ-ਏ-ਆਜ਼ਮ ਵਲੋਂ ਨੈਸ਼ਨਲ ਕਾਲਜ ਦੇ ਵਿਦਿਆਰਥੀ ਹੋਣ ਸਮੇਂ 1923-24 ਵਿਚ ਸਾਹਿਤ ਸੰਮੇਲਨ ਲਈ ਲਿਖਿਆ ਗਿਆ ਸੀ। ਇਸ ਵਿਚ ਉਨ੍ਹਾਂ ਨੇ ਭਾਰਤ ਦੀ ਬਹੁ-ਭਾਸ਼ਾਈ ਵਸੋਂ ਦੇ ਵੱਖ-ਵੱਖ ਹਿੱਸਿਆਂ ਦਰਮਿਆਨ ਆਦਾਨ-ਪ੍ਰਦਾਨ ਲਈ ਇਕ ਸੰਚਾਰ ਭਾਸ਼ਾ ਦੀ ਅਹਿਮੀਅਤ ਬਾਰੇ ਆਪਣੇ ਮੁੱਢਲੇ ਵਿਚਾਰ ਪੇਸ਼ ਕੀਤੇ ਹਨ। ਸ. ਅਜਮੇਰ ਸਿੰਘ ਜੀ ਇਸ ਵਿਚੋਂ "ਸਾਡੇ ਸਾਹਮਣੇ ਇਸ ਵੇਲੇ ਮੁੱਖ ਸਵਾਲ ਭਾਰਤ ਨੂੰ ਇਕ ਰਾਸ਼ਟਰ ਬਣਾਉਣਾ ਹੈ।..." ਟੂਕ ਦੇ ਕੇ ਇਹ ਪ੍ਰਭਾਵ ਸਿਰਜਦੇ ਹਨ ਕਿ ਹਿੰਦੂ ਰਾਸ਼ਟਰਵਾਦੀਆਂ ਵਾਂਗ ਸ਼ਹੀਦ ਭਗਤ ਸਿੰਘ ਹੋਰਾਂ ਦਾ ਭਵਿੱਖ-ਨਕਸ਼ਾ ਭਾਰਤ ਦੀ ਧਾਰਮਿਕ, ਭਾਸ਼ਾਈ ਤੇ ਸਭਿਆਚਾਰਕ ਵੰਨ-ਸੁਵੰਨਤਾ ਨੂੰ ਕਾਇਮ ਰੱਖਦੇ ਹੋਏ, ਕੌਮੀ ਏਕਤਾ ਦਾ ਖੁੱਲ੍ਹਾ-ਡੁੱਲ੍ਹਾ ਢਾਂਚਾ ਉਸਾਰਨ ਦਾ ਬਹੁ-ਵਾਦੀ ਨਹੀਂ ਸੀ, ਸਗੋਂ 'ਇਕ ਦੇਸ਼, ਇਕ ਕੌਮ, ਇਕ ਭਾਸ਼ਾ, ਇਕ ਲਿਪੀ ਤੇ ਇਕ ਸਭਿਆਚਾਰ' ਪੈਦਾ ਕਰਨ ਦਾ ਇੱਕਵਾਦੀ ਹਿੰਦੂ ਰਾਸ਼ਟਰਵਾਦੀ ਭਵਿੱਖ-ਨਕਸ਼ਾ ਸੀ। "ਮੰਦੇ ਭਾਗਾਂ ਨੂੰ ਭਾਰਤ ਦੀ ਆਜ਼ਾਦੀ ਦੇ ਸੰਗਰਾਮ ਅੰਦਰ ਮਗਰਲੇ ਭਵਿੱਖ-ਨਕਸ਼ੇ ਨੇ ਮੁਕੰਮਲ ਸਰਦਾਰੀ ਹਾਸਲ ਕਰ ਲਈ ਸੀ।" ਸ. ਅਜਮੇਰ ਸਿੰਘ ਜੀ ਸ਼ਹੀਦ-ਏ-ਆਜ਼ਮ ਦੇ ਮਹਿਜ਼ 16 ਕੁ ਸਾਲ ਦੀ ਹਯਾਤੀ 'ਚ ਲਿਖੇ ਸੰਮੇਲਨਮੁਖੀ ਲੇਖ ਨੂੰ ਉਨ੍ਹਾਂ ਦਾ ਪ੍ਰੋਗਰਾਮੀਆ ਭਵਿੱਖ-ਨਕਸ਼ਾ ਬਣਾ ਧਰਦੇ ਹਨ ਅਤੇ ਨਤੀਜਾ ਕੱਢਦੇ ਹਨ ਕਿ ਗਾਂਧੀ ਅਤੇ ਭਗਤ ਸਿੰਘ ਦੇ ਹੋਰ "ਮਹੱਤਵਪੂਰਨ ਮੱਤ-ਵਖਰੇਵਿਆਂ ਦੇ ਬਾਵਜੂਦ ਰਾਸ਼ਟਰਵਾਦ (ਨੈਸ਼ਨਲਿਜ਼ਮ) ਦੀ ਬੁਨਿਆਦੀ ਵਿਚਾਰਧਾਰਾ ਬਾਰੇ ਦੋਵਾਂ ਦੀ ਸਮਝ ਪੂਰੀ ਤਰ੍ਹਾਂ ਮਿਲਦੀ-ਜੁਲਦੀ ਸੀ।"

ਸ. ਅਜਮੇਰ ਸਿੰਘ ਜੀ ਦੇ ਅੱਜ ਸਮਾਜਵਾਦ ਅਤੇ ਇਸ ਦੇ ਅਸਫ਼ਲ ਤਜਰਬਿਆਂ ਬਾਰੇ ਕੀ ਵਿਚਾਰ ਹਨ, ਇਹ ਵੱਖਰੀ ਬਹਿਸ ਦਾ ਵਿਸ਼ਾ ਹੈ ਪਰ ਇੱਥੇ ਇਹ ਪ੍ਰਸੰਗਕ ਸਵਾਲ ਜ਼ਰੂਰ ਹੈ ਕਿ 'ਸਰਬੱਤ ਦਾ ਭਲਾ' ਵਾਲੀ ਵਿਚਾਰਧਾਰਾ ਛੇ ਸਦੀਆਂ ਲੰਮਾ ਮੌਕਾ ਮਿਲਣ ਤੋਂ ਬਾਅਦ ਵੀ ਇਸ ਧਰਤੀ ਉੱਪਰੋਂ ਮਲਕ ਭਾਗੋਆਂ ਦੀ ਜਮਾਤ ਦਾ ਗ਼ਲਬਾ ਨਹੀਂ ਤੋੜ ਸਕੀ, ਇਹ ਇਤਿਹਾਸਕ ਤੱਥ ਹੈ। ਕਿਉਂ? ਕਿਉਂਕਿ 'ਸਰਬੱਤ' ਦਾ ਆਦਰਸ਼ ਇਕ ਗੱਲ ਹੈ, ਪਰ ਇਸ ਨੂੰ ਅਮਲ 'ਚ ਸਾਕਾਰ ਕਰਨਾ ਪੂਰੀ ਤਰ੍ਹਾਂ ਵੱਖਰੀ ਗੱਲ ਹੈ। 'ਸ਼ਹਾਦਤ ਤੇ ਕੁਰਬਾਨੀ ਤੋਂ ਪ੍ਰੇਰਨਾ ਲੈਣ' ਅਤੇ 'ਅੱਜ ਦੇ ਪ੍ਰਸੰਗ ਵਿਚ' ਕਿਸੇ 'ਵਿਚਾਰਧਾਰਾ ਨੂੰ ਅਪਣਾਉਣ ਤੇ ਲਾਗੂ ਕਰਨ' ਦਾ 'ਬਿਲਕੁਲ ਵੱਖਰਾ' ਸਵਾਲ ਸਿਰਫ਼ ਭਗਤ ਸਿੰਘ ਹੋਰਾਂ ਦੀ ਵਿਚਾਰਧਾਰਾ 'ਤੇ ਹੀ ਲਾਗੂ ਨਹੀਂ ਹੁੰਦਾ, ਇਹ ਹਰ ਉਸ ਵਿਚਾਰਧਾਰਾ 'ਤੇ ਲਾਗੂ ਹੁੰਦਾ ਹੈ ਜੋ ਸਮਾਜ ਨੂੰ ਜਿਉਣ ਦੇ ਕਾਬਲ ਬਣਾਉਣ ਅਤੇ ਮਨੁੱਖ ਦੇ ਸਵੈ-ਮਾਣ ਲਈ ਸਾਜ਼ਗਰ ਮਾਹੌਲ ਸਿਰਜਣ ਦੀ ਖਾਹਸ਼ਮੰਦ ਹੈ।

ਜੇ 'ਭਾਰਤੀ ਰਾਜ ਵੱਲੋਂ ਆਪਣੇ ਖੋਟੇ ਮੰਤਵਾਂ' ਤਹਿਤ 'ਭਗਤ ਸਿੰਘ ਦੇ ਰਾਸ਼ਟਰਵਾਦੀ ਬਿੰਬ ਉੱਪਰ ਵਧਵਾਂ ਜ਼ੋਰ' ਦਿੱਤਾ ਜਾ ਰਿਹਾ ਹੈ ਅਤੇ 'ਬਾਗ਼ੀ ਬਿੰਬ ਨੂੰ ਧੁੰਦਲਾ ਪਾਉਣ ਦੇ ਸੁਚੇਤ ਉਪਰਾਲੇ ਕੀਤੇ ਜਾ ਰਹੇ ਹਨ' ਅਤੇ 'ਪੰਜਾਬ ਦੀਆਂ ਖੱਬੇ ਪੱਖੀ ਤਾਕਤਾਂ ਮੂਲ ਰੂਪ ਵਿਚ ਭਾਰਤੀ ਸਟੇਟ ਦੀ ਸਿਧਾਂਤਕ ਸੇਧ ਨਾਲ ਇਕਸੁਰ ਹੋ ਕੇ ਚੱਲ ਰਹੀਆਂ ਹਨ' ਅਤੇ ਉਨ੍ਹਾਂ ਦਾ ਸ਼ਹੀਦ ਭਗਤ ਸਿੰਘ ਦੀ ਸੂਰਮਗਤੀ ਤੋਂ ਪ੍ਰੇਰਨਾ ਲੈਣ ਦਾ ਇਨਕਲਾਬੀ ਜਜ਼ਬਾ ਬੁਰੀ ਤਰ੍ਹਾਂ ਕੁਮਲਾ ਗਿਆ ਹੈ ਤਾਂ ਇਸ ਲਈ ਜ਼ਿੰਮੇਵਾਰ ਸ਼ਹੀਦ-ਏ-ਆਜ਼ਮ ਦੀ ਵਿਚਾਰਧਾਰਾ ਨਹੀਂ ਹੈ, ਸਗੋਂ ਇਨ੍ਹਾਂ ਖੱਬੇਪੱਖੀਆਂ ਦੇ ਘੜੇ ਹੋਏ ਗ਼ਲਤ ਸਿਧਾਂਤਕ-ਰਾਜਸੀ ਪ੍ਰੋਗਰਾਮ ਹਨ। ਇਹ ਭਾਣਾ ਕਿਸੇ ਵੀ ਵਿਚਾਰਧਾਰਾ ਨਾਲ ਵਾਪਰ ਸਕਦਾ ਹੈ! ਫਿਰ ਭਗਤ ਸਿੰਘ ਦੀ ਵਿਚਾਰਧਾਰਾ ਨੂੰ ਅਪ੍ਰਸੰਗਿਕ ਬਣਾ ਕੇ ਪੇਸ਼ ਕਰਨਾ ਕਿਵੇਂ ਠੀਕ ਹੈ?

ਹੁਣ ਸਵਾਲ ਇਹ ਹੈ ਕਿ 1947 ਤੋਂ ਪਹਿਲਾਂ ਦੇ ਇਤਿਹਾਸਕ ਅਮਲ ਅੰਦਰ ਰਾਸ਼ਟਰਵਾਦ ਨੂੰ ਕਿਵੇਂ ਲਿਆ ਜਾਵੇ? ਅੰਗਰੇਜ਼ਾਂ ਵਲੋਂ ਵੱਖ-ਵੱਖ ਪੜਾਵਾਂ 'ਚ ਬਸਤੀ ਬਣਾਏ ਇਸ ਪੂਰੇ ਖਿੱਤੇ ਨੂੰ ਇਕ ਬਸਤੀ ਦੇ ਰੂਪ 'ਚ ਇਕਜੁੱਟ ਰਾਜਨੀਤਕ ਇਕਾਈ ਵਜੋਂ ਜਥੇਬੰਦ ਕੀਤਾ ਗਿਆ ਸੀ। ਇਸ ਇਤਿਹਾਸਕ ਅਮਲ ਅੰਦਰ ਬਸਤੀਵਾਦ ਦਾ ਜੂਲਾ ਲਾਹੁਣ ਲਈ ਇਸ ਖਿੱਤੇ ਦੇ ਲੋਕਾਂ ਦਰਮਿਆਨ ਸਾਂਝੇ ਦੁਸ਼ਮਣ ਵਿਰੁੱਧ ਆਪਣੇ ਮੁਲਕ ਨੂੰ ਆਜ਼ਾਦ ਕਰਾਉਣ ਦੇ ਉਦੇਸ਼ ਦੀ ਸਾਂਝ ਦਾ ਬਾਹਰਮੁਖੀ ਆਧਾਰ ਵਿਕਸਤ ਹੋਇਆ ਅਤੇ ਇਸ ਠੋਸ ਆਧਾਰ 'ਤੇ ਕੌਮਵਾਦ ਦਾ ਭਰੂਣੀ ਅੰਸ਼ ਵਿਗਸਣਾ ਸ਼ੁਰੂ ਹੋਇਆ ਪਰ ਇਸ ਨੂੰ ਸਾਜ਼ਗਾਰ ਵਿਚਾਰਧਾਰਕ-ਰਾਜਸੀ ਮਾਹੌਲ ਨਾ ਮਿਲ ਸਕਿਆ ਜਿਸ ਵਿਚ ਇਸ ਦੀ ਧਾਰਮਿਕ, ਭਾਸ਼ਾਈ ਤੇ ਸਭਿਆਚਾਰਕ ਵੰਨ-ਸੁਵੰਨਤਾ ਇਕ ਮੋਕਲੇ ਬਹੁਵਾਦੀ ਕੌਮੀ ਢਾਂਚੇ ਵਜੋਂ ਮੌਲ ਸਕਦੀ। ਐਪਰ, ਕਾਂਗਰਸ-ਮੁਸਲਿਮ ਲੀਗ ਵਰਗੀਆਂ ਪਿਛਾਂਹਖਿੱਚੂ

*(ਬਾਕੀ ਸਫਾ 25 'ਤੇ)*

# ਤਬਾਹ ਹੋ ਰਹੇ ਮੁਲਕ ਵਿਚ ਜਮਹੂਰੀਅਤ ਅਤੇ ਭਾਰਤ ਮਾਂ

ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

***ਇਥੇ ਰਾਜ ਕਰਦੇ ਲੋਕਾਂ ਵਿਚ ਬੇਈਮਾਨਾਂ ਦੀ ਧਾੜ ਹੈ, ਵਿਰੋਧੀ ਧਿਰ ਵੀ ਸਾਫ ਨਹੀਂ, ਰਾਜਾਂ ਵਿਚ ਵੀ ਹੁਣ ਲੜਾਈ ਇੱਕ ਦੂਸਰੇ ਨੂੰ ਬੇਈਮਾਨ ਸਾਬਤ ਕਰਨ ਦੀ ਨਹੀਂ, ਸਗੋਂ ਇਹ ਸਾਬਤ ਕਰਨ ਦੀ ਹੈ ਕਿ 'ਮੈਂ ਹਾਲੇ ਵੀ ਆਪਣੇ ਵਿਰੋਧੀ ਜਿੰਨਾ ਮਾੜਾ ਨਹੀਂ ਜਾਪਦਾ।' ਜੇ ਏਨੇ ਮਾੜੇ ਨਹੀਂ ਜਾਪਦੇ ਤਾਂ ਇਸ ਲਈ ਕਿ ਸਾਰੇ ਪਰਦੇ ਹਾਲੇ ਤੱਕ ਨਹੀਂ ਚੁੱਕੇ ਗਏ, ਵਰਨਾ ਪਛੜ ਜਾਣ ਵਾਲਾ ਕੋਈ ਵੀ ਨਹੀਂ ਲੱਭਣਾ। ਕਮਾਲ ਦੀ ਗੱਲ ਇਹ ਕਿ ਦੇਸ਼ ਅਜੇ ਵੀ ਚੱਲੀ ਜਾ ਰਿਹਾ ਹੈ। ਨਾ ਸਿਰਫ ਚੱਲੀ ਜਾ ਰਿਹਾ ਹੈ, ਸਗੋਂ ਦੁਨੀਆ ਦੇ ਕੁਝ ਅਦਾਰੇ ਇਹ ਕਹਿੰਦੇ ਹਨ ਕਿ ਅੱਗੋਂ ਵੀ ਚੱਲੀ ਜਾਣਾ ਹੈ, ਇਸ ਨੂੰ ਉਨ੍ਹਾਂ ਮੁਲਕਾਂ ਵਿਚ ਸ਼ਾਮਲ ਨਹੀਂ ਕੀਤਾ ਜਾ ਸਕਦਾ, ਜਿਹੜੇ ਭਵਿੱਖ ਵਿਚ ਗਰਕ ਹੋ ਸਕਦੇ ਹਨ।***

ਜਿਵੇਂ ਕੋਈ ਬੰਦਾ ਭਰੇ ਮੇਲੇ ਵਿਚ ਜੇਬ-ਕਤਰਿਆਂ ਦੀ ਢਾਣੀ ਦੇ ਵਿਚਾਲੇ ਘਿਰ ਗਿਆ ਹੋਵੇ, ਉਸ ਨੂੰ ਪਤਾ ਵੀ ਹੋਵੇ ਕਿ ਇਹ ਸਾਰੇ ਚੋਰ ਹਨ, ਤੇ ਸਾਰੇ ਜਣੇ ਉਸ ਨੂੰ ਇਹ ਕਹੀ ਜਾਣ ਕਿ ਤੂੰ ਮੇਰੇ ਤੋਂ ਬਿਨਾਂ ਬਾਕੀ ਇਨ੍ਹਾਂ ਸਭਨਾਂ ਤੋਂ ਬਚ ਕੇ ਰਹੀਂ, ਜਿਹੜੀ ਹਾਲਤ ਉਸ ਬੰਦੇ ਦੀ ਹੋ ਸਕਦੀ ਹੈ, ਉਹ ਇਸ ਵਕਤ ਭਾਰਤ ਦੇ ਆਮ ਆਦਮੀ ਦੀ ਬਣੀ ਪਈ ਹੈ। ਲੋਕ ਸਭਾ ਲਈ ਪਿਛਲੀ ਵਾਰੀ ਹੋਈਆਂ ਚੋਣਾਂ ਵਿਚ ਕਾਂਗਰਸ ਪਾਰਟੀ ਨੇ 'ਕਾਂਗਰਸ ਕਾ ਹਾਥ, ਆਮ ਆਦਮੀ ਕੇ ਸਾਥ' ਵਾਲਾ ਨਾਅਰਾ ਦਿੱਤਾ ਸੀ ਤੇ ਉਸ ਨੂੰ ਚਿਰਾਂ ਤੋਂ ਲੋਕ ਬਾਕੀ ਸਭ ਤੋਂ ਵੱਧ ਬੇਈਮਾਨ ਪਾਰਟੀ ਮੰਨਦੇ ਆਏ ਹਨ। ਅੱਜ ਹਾਲਾਤ ਇਹ ਹਨ ਕਿ ਜਿਸ ਨਵੀਂ ਪਾਰਟੀ ਦੀ ਹਾਲੇ ਮੋੜ੍ਹੀ ਗੱਡੀ ਗਈ ਹੈ, ਪਿੰਡ ਵੀ ਨਹੀਂ ਬੱਝ ਸਕਿਆ, ਉਸ ਦੇ ਲੀਡਰ ਸਿਰਾਂ ਉਤੇ 'ਮੈਂ ਹੂੰ ਆਮ ਆਦਮੀ' ਦੀਆਂ ਟੋਪੀਆਂ ਪਾ ਕੇ ਤੁਰੇ ਸਨ, ਉਸ ਦੇ ਬਾਰੇ ਵੀ ਅਸਲੀ ਆਮ ਆਦਮੀ ਦੇ ਮਨ ਵਿਚ ਕਈ ਸ਼ੰਕੇ ਪੈਦਾ ਹੋਣ ਲੱਗੇ ਹਨ। ਆਮ ਆਦਮੀ ਇਸ ਵੇਲੇ ਭੰਬਲਭੂਸੇ ਵਿਚ ਹੈ। ਉਸ ਦੀ ਹਾਲਤ ਹੁਣ ਉਸ ਜਵਾਕ ਵਰਗੀ ਬਣ ਗਈ ਹੈ, ਜਿਸ ਨੂੰ ਰਾਹ ਵਿਚ ਮਿਲੇ ਚਾਰ ਠੱਗਾਂ ਨੇ ਆਪੋ ਵਿਚ ਅੱਖ ਮਿਲਾ ਕੇ ਕਿਹਾ ਸੀ ਕਿ 'ਤੂੰ ਤਾਂ ਕੁੱਤਾ ਚੁੱਕੀ ਜਾ ਰਿਹਾ ਹੈਂ', ਤੇ ਮੁੜ-ਮੁੜ ਕਹੇ ਜਾਣ ਉਤੇ ਉਹ ਕੁੱਛੜ ਚੁੱਕੇ ਮੇਮਣੇ ਨੂੰ ਕੁੱਤਾ ਮੰਨ ਕੇ ਸੁੱਟ ਗਿਆ ਸੀ। ਇਸ ਵਕਤ ਜੋ ਕੁਝ ਸਾਨੂੰ ਰੋਜ਼ ਨਵੇਂ ਸੂਰਜ ਦੇ ਚੜ੍ਹਨ ਤੋਂ ਪਹਿਲਾਂ ਸੁਣਨਾ ਪੈ ਜਾਂਦਾ ਹੈ, ਉਸ ਪਿੱਛੋਂ ਤਾਂ ਨਾਲ ਤੁਰੇ ਜਾਂਦੇ ਚਿਰਾਂ ਦੇ ਜਾਣੂੰ ਬੰਦਿਆਂ ਬਾਰੇ ਵੀ ਸੋਚਣ ਲੱਗ ਪਈਦਾ ਹੈ ਕਿ ਇਹ ਕਿੱਦਾਂ ਦੇ ਹੋਣਗੇ?

ਬੇਯਕੀਨੀ ਦਾ ਇਹ ਮਾਹੌਲ ਆਮ ਆਦਮੀ ਨੇ ਨਹੀਂ ਸਿਰਜਿਆ। ਉਸ ਨੂੰ ਤਾਂ ਸ਼ਾਇਦ ਇਹ ਵੀ ਅਹਿਸਾਸ ਨਹੀਂ ਹੋਣਾ ਕਿ ਇਹੋ ਜਿਹਾ ਮਾਹੌਲ ਬਣ ਚੁੱਕਾ ਹੈ। ਇਹ ਮਾਹੌਲ ਆਮ ਆਦਮੀ ਦੇ ਨਾਂ ਉਤੇ ਰਾਜਨੀਤੀ ਦਾ ਕਾਰੋਬਾਰ ਕਰਨ ਵਾਲੇ ਉਨ੍ਹਾਂ ਲੀਡਰਾਂ ਨੇ ਸਿਰਜਿਆ ਹੈ, ਜਿਨ੍ਹਾਂ ਦੇ ਘਰ ਜਵਾਕ ਜੰਮਣ ਤੋਂ ਪਹਿਲਾਂ 'ਪਾਰਟੀ ਦਾ ਵਾਰਸ' ਆ ਰਿਹਾ ਹੋਣ ਦੇ ਜੈਕਾਰੇ ਛੱਡੇ ਜਾਣ ਲੱਗਦੇ ਹਨ। ਅਸੀਂ ਰਾਜਾਂ ਵਿਚ ਹਰ ਨੀਵਾਣ ਛੂਹ ਰਹੀਆਂ ਰਾਜਸੀ ਪਾਰਟੀਆਂ ਨੂੰ ਦੋਸ਼ਾਂ ਤੋਂ ਮੁਕਤ ਨਹੀਂ ਕਰ ਸਕਦੇ, ਪਰ ਇਨ੍ਹਾਂ ਤੋਂ ਪਹਿਲਾਂ ਕੌਮੀ ਪੱਧਰ ਉਤੇ ਰਾਜਸੀ ਲੜਾਈਆਂ ਲੜਨ ਵਾਲੇ ਦੋਸ਼ੀ ਹਨ, ਕਿਉਂਕਿ ਜੇ ਕੇਂਦਰ ਬਚਿਆ ਹੁੰਦਾ ਤਾਂ ਰਾਜਾਂ ਵਾਲਿਆਂ ਦੀ ਏਨੀ ਜੁਰਅੱਤ ਨਹੀਂ ਸੀ ਪੈਣੀ।

ਇਸ ਵਕਤ ਸਾਡੇ ਸਾਹਮਣੇ ਦੇਸ਼ ਦੀ ਕਮਾਨ ਸਾਂਭ ਰਹੀ ਸਭ ਤੋਂ ਵੱਡੀ ਕਾਂਗਰਸ ਪਾਰਟੀ ਦੀ ਲੀਡਰਸ਼ਿਪ ਹੈ, ਜਿਸ ਦੀ ਪ੍ਰਧਾਨ ਸੋਨੀਆ ਗਾਂਧੀ ਨੂੰ ਪਹਿਲਾਂ ਆਪਣੇ ਜਵਾਈ ਰਾਬਰਟ ਵਾਡਰਾ ਬਾਰੇ ਸਫਾਈਆਂ ਦੇਣ ਲਈ ਆਪਣੀ ਸਾਰੀ ਟੀਮ ਮੈਦਾਨ ਵਿਚ ਉਤਾਰਨੀ ਪਈ। ਉਹ ਟੀਮ ਇਸ ਕੰਮ ਨੂੰ ਲੱਗੀ ਤਾਂ ਕਹੀ ਜਾਵੇ ਕਿ ਰਾਬਰਟ ਵਾਡਰਾ ਦੇ ਕੋਲ ਕੋਈ ਸਰਕਾਰੀ ਅਹੁਦਾ ਨਾ ਹੋਣ ਕਾਰਨ ਉਸ ਦੇ ਜ਼ਮੀਨਾਂ-ਜਾਇਦਾਦਾਂ ਦੀ ਖਰੀਦ ਦੇ ਸੌਦੇ ਚਰਚਾ ਵਿਚ ਹੀ ਨਹੀਂ ਆਉਣੇ ਚਾਹੀਦੇ। ਜੇ ਉਹ ਸਰਕਾਰੀ ਜਾਂ ਪਾਰਟੀ ਅਹੁਦੇ ਤੋਂ ਪਰ੍ਹੇ ਹੋਣ ਕਰ ਕੇ ਚਰਚਾ ਵਿਚ ਨਹੀਂ ਆਉਣਾ ਚਾਹੀਦਾ ਤਾਂ ਇਸ ਦਾ ਜਵਾਬ ਵੀ ਉਹ ਆਪ ਦੇ ਲਵੇਗਾ, ਪਾਰਟੀ ਨੂੰ ਉਸ ਦੀ ਥਾਂ ਸਪੱਸ਼ਟੀਕਰਨ ਦੇਣ ਲਈ ਉਸ ਦੇ ਵਕੀਲ ਬਣਨ ਦੀ ਕੋਈ ਲੋੜ ਨਹੀਂ ਸੀ ਹੋਣੀ ਚਾਹੀਦੀ। ਪਾਰਟੀ ਇਹ ਉਨ੍ਹਾਂ ਲੋਕਾਂ ਦੀ ਹੈ, ਜਿਹੜੇ ਸੋਨੀਆ ਗਾਂਧੀ ਦੀ ਧੀ ਪ੍ਰਿਅੰਕਾ ਦੇ ਘਰ ਪੁੱਤਰ ਦੇ ਜਨਮ ਤੋਂ ਬਾਅਦ ਕਾਂਗਰਸ ਪ੍ਰਧਾਨ ਦੇ ਘਰ ਅੱਗੇ ਢੋਲ ਵਜਾ ਕੇ ਨੱਚਦੇ ਹੋਏ ਇਹ ਗਾਉਂਦੇ ਫਿਰਦੇ ਸਨ, 'ਆਹਾ, ਮੈਂ ਤੋ ਮਾਮਾ ਬਨ ਗਇਆ।' ਹਾਲੇ ਸੋਨੀਆ ਗਾਂਧੀ ਅਤੇ ਉਸ ਦੀ ਟੀਮ ਜਵਾਈ-ਭਾਈ ਦੇ ਮਾਮਲੇ ਤੋਂ ਵਿਹਲੀ ਨਹੀਂ ਸੀ ਹੋਈ ਕਿ ਪੁੱਤਰ ਰਾਹੁਲ ਗਾਂਧੀ ਦੀ ਜ਼ਮੀਨ ਦਾ ਕਿੱਸਾ ਸਾਹਮਣੇ ਆ ਗਿਆ। ਜਵਾਬ ਹੀ ਦੇਣਾ ਹੋਵੇ ਤਾਂ ਸਲਮਾਨ ਖੁਰਸ਼ੀਦ ਵੀ ਦੇਈ ਜਾਂਦਾ ਹੈ ਤੇ ਸਿਰਹਾਣਿਆਂ ਵਿਚ ਨੋਟ ਭਰ ਕੇ ਰੱਖਣ ਵਾਲਾ ਸੁਖਰਾਮ ਵੀ ਦਿੰਦਾ ਰਿਹਾ ਸੀ, ਗੱਲ ਜਵਾਬ ਦੀ ਨਹੀਂ, ਲੋਕਾਂ ਦੇ ਭਰੋਸੇ ਦੀ ਹੈ ਤੇ ਉਹ ਇਸ ਲੀਡਰਸ਼ਿਪ ਉਤੇ ਹੁਣ ਭਰੋਸਾ ਪ੍ਰਗਟ ਕਰਨ ਜੋਗੇ ਨਹੀਂ ਰਹੇ।

ਦੂਸਰਾ ਪਾਸਾ ਭਾਰਤੀ ਜਨਤਾ ਪਾਰਟੀ ਦਾ ਹੈ, ਜਿਸ ਦੀ ਲੀਡਰਸ਼ਿਪ ਵਿਚ ਕੁਝ ਲੀਡਰ ਇਸ ਗੱਲੋਂ ਅੰਦਰ-ਖਾਤੇ ਹੁਣ ਬਹੁਤ ਖੁਸ਼ ਹਨ ਕਿ ਪ੍ਰਧਾਨ ਮੰਤਰੀ ਦੀ ਕੁਰਸੀ ਦਾ ਇੱਕ ਦਾਅਵੇਦਾਰ ਕੂੜੇਦਾਨ ਵਿਚ ਡਿੱਗਣ ਲੱਗਾ ਹੈ, ਪਰ ਬਾਹਰੋਂ ਆਪਣੇ ਪ੍ਰਧਾਨ ਉਤੇ ਲੱਗੇ ਦੋਸ਼ਾਂ ਦਾ ਖੰਡਨ ਕਰਨ ਲਈ ਸਿਰ ਪਰਨੇ ਹੋ ਗਏ ਹਨ। ਪ੍ਰਧਾਨ ਨਿਤਿਨ ਗਡਕਰੀ ਦੇ ਖਿਲਾਫ ਦੋਸ਼ਾਂ ਦੀ ਕਹਾਣੀ ਇੱਕ ਬੀਬੀ ਅੰਜਲੀ ਦਾਮਣੀਆ ਨੇ ਸ਼ੁਰੂ ਕੀਤੀ ਸੀ, ਜਿਸ ਨੇ ਕਿਹਾ ਸੀ ਕਿ ਮਹਾਰਾਸ਼ਟਰ ਵਿਚ ਵਾਪਰੇ 58 ਹਜ਼ਾਰ ਕਰੋੜ ਰੁਪਏ ਦੇ ਸਿੰਜਾਈ ਘੋਟਾਲੇ ਵਿਚ ਕੇਂਦਰੀ ਮੰਤਰੀ ਸ਼ਰਦ ਪਵਾਰ ਦੇ ਭਤੀਜੇ ਅਤੇ ਰਾਜ ਦੇ ਡਿਪਟੀ ਮੁੱਖ ਮੰਤਰੀ ਅਜੀਤ ਪਵਾਰ ਦੇ ਫਸਣ ਦੇ ਬਾਵਜੂਦ ਨਿਤਿਨ ਗਡਕਰੀ ਨੇ ਗੱਲ ਚੁੱਕਣ ਤੋਂ ਇਸ ਲਈ ਇਨਕਾਰ ਕਰ ਦਿੱਤਾ ਕਿ ਦੋਵਾਂ ਦੇ ਹਿੱਤ ਇੱਕ ਦੂਸਰੇ ਨਾਲ ਜੁੜਦੇ ਸਨ। ਇਸ ਗੱਲ ਨੂੰ ਭਾਜਪਾ ਪ੍ਰਧਾਨ ਰੱਦ ਕਰਦਾ ਰਿਹਾ ਸੀ, ਪਰ ਹੁਣ ਤਾਜ਼ਾ ਫਾਇਰ ਅਰਵਿੰਦ ਕੇਜਰੀਵਾਲ ਨੇ ਸਬੂਤਾਂ ਸਮੇਤ ਖੋਲ੍ਹਿਆ ਹੈ। ਉਸ ਨੇ ਕਿਹਾ ਕਿ ਇੱਕ ਡੈਮ ਬਣਾਉਣ ਦੇ ਬਹਾਨੇ ਹੇਠ ਕਿਸਾਨਾਂ ਦੀ ਕਾਫੀ ਸਾਰੀ ਜ਼ਮੀਨ ਗ੍ਰਹਿਣ ਕਰ ਲਈ ਗਈ, ਪਰ ਜਦੋਂ ਉਹ ਡੈਮ ਬਣ ਚੁੱਕਾ ਤਾਂ ਸੌ ਏਕੜ ਤੋਂ ਵੱਧ ਜ਼ਮੀਨ ਬੇਲੋੜੀ ਇੱਕ ਪਾਸੇ ਰਹਿ ਗਈ ਵੇਖ ਕੇ ਉਨ੍ਹਾਂ ਹੀ ਕਿਸਾਨਾਂ ਨੇ ਵਾਪਸ ਲੈਣ ਲਈ ਅਰਜ਼ੀ ਦੇ ਦਿੱਤੀ ਸੀ। ਕਿਸਾਨਾਂ ਨੇ ਇਹ ਵੀ ਕਿਹਾ ਸੀ ਕਿ ਜੇ ਜ਼ਮੀਨ ਵਾਪਸ ਦੇ ਦਿੱਤੀ ਜਾਵੇ ਤਾਂ ਉਹ ਸਰਕਾਰ ਤੋਂ ਜ਼ਮੀਨ ਦੇ ਬਦਲੇ ਲਏ ਹੋਏ ਸਾਰੇ ਪੈਸੇ ਵਾਪਸ ਕਰਨ ਨੂੰ ਤਿਆਰ ਸਨ, ਪਰ ਸਰਕਾਰ ਨੇ ਚਾਰ ਸਾਲ ਤੋਂ ਵੱਧ ਸਮਾਂ ਅਰਜ਼ੀ ਇੱਕ ਤੋਂ ਦੂਸਰੇ ਦਫਤਰ ਘੁੰਮਾ ਕੇ ਫਿਰ ਇਨਕਾਰ ਕਰ ਦਿੱਤਾ ਸੀ।

ਜਦੋਂ ਸ਼ਰਦ ਪਵਾਰ ਦੇ ਭਤੀਜੇ ਅਜੀਤ ਪਵਾਰ ਨੂੰ ਡਿਪਟੀ ਮੁੱਖ ਮੰਤਰੀ ਬਣਾ ਦਿੱਤਾ ਗਿਆ ਤਾਂ ਕਿਸੇ ਗੂੜ੍ਹੀ ਸਾਂਝ ਦੇ ਕਾਰਨ ਭਾਜਪਾ ਦੇ ਪ੍ਰਧਾਨ ਨਿਤਿਨ ਗਡਕਰੀ ਨੇ ਉਹ ਸੌ ਏਕੜ ਜ਼ਮੀਨ ਲੈਣ ਲਈ ਅਰਜ਼ੀ ਦੇ ਦਿੱਤੀ ਤੇ ਜਿਹੜੀ ਮਹਾਰਾਸ਼ਟਰ ਸਰਕਾਰ ਨੇ ਕਿਸਾਨਾਂ ਦੀ ਅਰਜ਼ੀ ਵਿਚਾਰਨ ਉਤੇ ਚਾਰ ਸਾਲ ਤੋਂ ਵੱਧ ਲਾ ਦਿੱਤੇ ਸਨ, ਉਸ ਨੇ ਤਿੰਨ ਦਿਨਾਂ ਵਿਚ ਅਰਜ਼ੀ ਉਤੇ ਵਿਚਾਰ ਕਰ ਕੇ ਜ਼ਮੀਨ ਨਿਤਿਨ ਗਡਕਰੀ ਨੂੰ ਸੌਂਪ ਦਿੱਤੀ। ਕਿਸਾਨਾਂ ਦੇ ਹਿੱਤਾਂ ਨਾਲ ਵੀ ਇਹ ਖਿਲਵਾੜ ਸੀ, ਉਸ ਰਾਜ ਦੇ ਖਜ਼ਾਨੇ ਨਾਲ ਵੀ ਤੇ ਜਿਸ ਭਾਰਤੀ ਜਨਤਾ ਪਾਰਟੀ ਦਾ ਉਹ ਪ੍ਰਧਾਨ ਹੈ, ਉਸ ਦੇ ਲੀਡਰ ਇਹ ਕਹਿੰਦੇ ਹਨ ਕਿ ਇਹ ਨਿਤਿਨ ਗਡਕਰੀ ਦਾ 'ਸਾਫ-ਸੁਥਰਾ' ਕਾਰੋਬਾਰ ਹੈ, ਜਿਸ ਵਿਚ ਭ੍ਰਿਸ਼ਟਾਚਾਰ ਦੀ ਕੋਈ ਬਦਬੂ ਹੀ ਨਹੀਂ ਆਈ। ਬਦਬੂ ਸਿਰਫ਼ ਦੂਸਰਿਆਂ ਦੀ ਆਉਂਦੀ ਹੈ, ਆਪਣਿਆਂ ਦਾ ਮਾਮਲਾ ਹੋਵੇ ਤਾਂ ਨਾ ਕਦੇ ਕਿਸੇ ਨੇ ਇਸ ਬਦਬੂ ਨੂੰ ਮੰਨਿਆ ਹੈ ਤੇ ਨਾ ਮੰਨਣ ਦੀ ਆਸ ਕਰਨੀ ਚਾਹੀਦੀ ਹੈ।

ਇਨ੍ਹਾਂ ਦੋ ਮੁੱਖ ਧਿਰਾਂ ਅਤੇ ਇਨ੍ਹਾਂ ਵਰਗੀਆਂ ਕਈ ਹੋਰ ਧਿਰਾਂ ਨੂੰ ਜਨਤਾ ਦੇ ਕਟਹਿਰੇ ਵਿਚ ਖੜਾ ਕਰਨ ਦਾ ਹੌਸਲਾ ਵਿਖਾਉਣ ਵਾਲੇ ਲੋਕਾਂ ਦੀ ਟੀਮ ਪਹਿਲਾਂ 'ਟੀਮ ਅੰਨਾ' ਵਜੋਂ ਜਾਣੀ ਜਾਂਦੀ ਸੀ ਤੇ ਹੁਣ ਉਹ 'ਟੀਮ ਕੇਜਰੀਵਾਲ' ਵਜੋਂ ਜਾਣੀ ਜਾਂਦੀ ਹੈ। ਜਦੋਂ ਪਿਛਲੇ ਸਾਲ ਇਸ ਦੀ ਸ਼ੁਰੂਆਤ ਹੋਈ ਸੀ, ਉਦੋਂ ਵੀ ਟੀਮ ਅੰਨਾ ਦੇ ਬਾਰੇ ਕੁਝ ਗੱਲਾਂ ਸੁਣ ਕੇ ਲੋਕਾਂ ਨੂੰ ਹੈਰਾਨੀ ਹੋਈ ਸੀ ਤੇ ਹੁਣ ਵੀ ਹੋ ਰਹੀ ਹੈ। ਹਰ ਗੱਲ ਨੂੰ ਇੱਕ ਦਮ ਸੱਚੀ ਮੰਨ ਲੈਣ ਦੇ ਪੱਖ ਵਿਚ ਅਸੀਂ ਵੀ ਨਹੀਂ ਹਾਂ, ਪਰ ਹਰ ਗੱਲ ਨੂੰ ਐਵੇਂ ਚਿੱਕੜ ਸੁੱਟਣ ਦੀ ਕੋਸ਼ਿਸ਼ ਕਹਿ ਛੱਡਣ ਨਾਲ ਵੀ ਇਹ ਟੀਮ ਅਮਲ ਵਿਚ ਉਨ੍ਹਾਂ ਦੋਵਾਂ ਪਾਰਟੀਆਂ ਵਰਗੀ ਬਣ ਜਾਵੇਗੀ, ਜਿਨ੍ਹਾਂ ਦੇ ਪਰਦੇ ਲਾਹੁਣ ਕਰ ਕੇ ਇਸ ਨੂੰ ਲੋਕਾਂ ਵੱਲੋਂ ਬਣਦਾ ਹੁੰਗਾਰਾ ਦਿੱਤਾ ਗਿਆ ਹੈ। ਅਰਵਿੰਦ ਕੇਜਰੀਵਾਲ ਨੇ ਇੱਕ ਆਪਣੀ ਜਾਂਚ ਕਮੇਟੀ ਬਣਾਈ ਹੈ, ਜਿਸ ਵੱਲੋਂ 'ਆਪਣੇ' ਲੋਕਾਂ ਦੇ ਖਿਲਾਫ ਲੱਗਦੇ ਦੋਸ਼ਾਂ ਦੀ ਪੜਤਾਲ ਕਰਵਾਈ ਜਾਵੇਗੀ, ਪਰ ਜਦੋਂ ਉਹ 'ਆਪਣੇ' ਹਨ ਤਾਂ ਲੋਕਾਂ ਨੂੰ ਜਾਂਚ ਦੇ ਨਿਰਪੱਖ ਹੋਣ ਬਾਰੇ ਸ਼ੱਕ ਹੁੰਦਾ ਰਹੇਗਾ। ਜੇ ਸਚਮੁੱਚ ਜਾਂਚ ਕਰਵਾਉਣੀ ਹੈ ਤਾਂ ਅਰਵਿੰਦ ਕੇਜਰੀਵਾਲ ਦੀ ਟੀਮ ਨੂੰ ਵੀ ਇਹ ਮਾਮਲੇ ਕਿਸੇ ਤੀਸਰੀ ਜਾਂ ਚੌਥੀ ਨਿਰਪੱਖ ਜਾਪਦੀ ਧਿਰ ਨੂੰ ਸੌਂਪਣੇ ਚਾਹੀਦੇ ਹਨ।

ਜਿਹੜੇ ਦੋਸ਼ ਲਾਏ ਗਏ ਹਨ, ਉਨ੍ਹਾਂ ਵਿਚੋਂ ਪਹਿਲਾ ਤੇ ਸਭਨਾਂ ਤੋਂ ਵੱਡਾ ਤਾਂ ਪਿਛਲੇ ਸਾਲ ਬੀਬੀ ਕਿਰਨ ਬੇਦੀ ਦੇ ਵਿਰੁਧ ਲੱਗਾ ਸੀ ਕਿ ਉਸ ਨੇ ਕੁਝ ਥਾਂਵਾਂ ਤੋਂ ਹਵਾਈ ਕਿਰਾਇਆ ਲੈਣ ਵਿਚ ਜਾਅਲੀ ਬਿੱਲ ਬਣਾਏ ਤੇ ਪੈਸੇ ਵਸੂਲੇ ਹਨ। ਦੂਸਰਾ ਵੀ ਉਸੇ ਦੇ ਖਿਲਾਫ ਲੱਗਾ ਸੀ ਕਿ ਉਸ ਨੇ ਅਰਧ ਫੌਜੀ ਫੋਰਸਾਂ ਦੇ ਜਵਾਨਾਂ ਅਤੇ ਪਰਿਵਾਰਾਂ ਨੂੰ ਗਿਆਨ ਵੰਡਣ ਲਈ ਇੱਕ ਸੰਸਥਾ ਬਣਾ ਕੇ ਕੰਮ ਕੀਤਾ ਅਤੇ ਜਿਹੜੇ ਕਮਰੇ ਉਨ੍ਹਾਂ ਫੋਰਸਾਂ ਤੋਂ ਮੁਫਤ ਵਿਚ ਲੈ ਕੇ ਵਰਤੇ, ਕਿਰਨ ਬੇਦੀ ਦੀ ਸੰਸਥਾ ਉਨ੍ਹਾਂ ਦੇ ਕਿਰਾਏ ਦੇ ਬਿੱਲ ਵੀ ਪਾਈ ਜਾਂਦੀ ਰਹੀ ਸੀ। ਇਲਜ਼ਾਮ ਇਹ ਵੀ ਸੀ ਕਿ ਇਸ ਕੰਮ ਲਈ ਪੈਸੇ ਉਸ ਵਿਦੇਸ਼ੀ ਮੂਲ ਦੀ ਵੇਦਾਂਤਾ ਕਾਰਪੋਰੇਸ਼ਨ ਤੋਂ ਲਏ ਸਨ, ਜਿਸ ਦੇ ਖਿਲਾਫ ਉਸ ਦੀ ਆਪਣੀ ਟੀਮ ਦੇ ਮੈਂਬਰ ਆਪਣੇ ਦੇਸ਼ ਦੀ ਕੁਦਰਤੀ ਦੌਲਤ ਲੁੱਟਣ ਦਾ ਦੋਸ਼ ਲਾ ਰਹੇ ਸਨ। ਹੁਣ ਕਿਰਨ ਬੇਦੀ ਸਰਗਰਮ ਨਹੀਂ, ਇਸ ਟੀਮ ਤੋਂ ਫਾਸਲਾ ਪਾ ਕੇ ਘਰ ਬੈਠ ਜਾਣ ਦੇ ਹਾਲ ਵਿਚ ਹੈ, ਪਰ ਉਸ ਉਤੇ ਲੱਗੇ ਦੋਸ਼ਾਂ ਦੀ ਸਫਾਈ ਅਜੇ ਵੀ ਨਹੀਂ ਮਿਲ ਸਕੀ।

ਦੂਸਰਾ ਹਮਲਾ ਇਸ ਟੀਮ ਨਾਲ ਜੁੜੇ ਹੋਏ ਵਕੀਲ ਪਿਤਾ-ਪੁੱਤਰ ਸ਼ਾਂਤੀ ਭੂਸ਼ਣ ਤੇ ਪ੍ਰਸ਼ਾਂਤ ਭੂਸ਼ਣ ਦੇ ਬਾਰੇ ਸੀ। ਉਨ੍ਹਾਂ ਵਿਰੁਧ ਪਹਿਲਾ ਦੋਸ਼ ਇਹ ਲੱਗਾ ਕਿ ਉਨ੍ਹਾਂ ਨੇ ਆਪਣੇ ਇੱਕ ਘਰ ਦੀ ਖਰੀਦ ਵਿਚ ਰਜਿਸਟਰੀ ਫੀਸ ਭਰਨ ਵਿਚ ਕੰਜੂਸੀ ਕੀਤੀ ਤੇ ਸਰਕਾਰੀ ਖਜ਼ਾਨੇ ਨੂੰ ਕੁੰਡੀ ਲਾਈ ਹੈ। ਦੂਸਰਾ ਇਹ ਲੱਗਾ ਕਿ ਜਦੋਂ ਉਹ ਉਤਰ ਪ੍ਰਦੇਸ਼ ਦੀ ਮੁੱਖ ਮੰਤਰੀ ਮਾਇਆਵਤੀ ਦੇ ਖਿਲਾਫ ਕੇਸ ਲੜ ਰਹੇ ਸਨ, ਉਦੋਂ ਹੀ ਉਨ੍ਹਾਂ ਨੇ ਮੁੱਖ ਮੰਤਰੀ ਦੇ ਅਖਤਿਆਰੀ ਕੋਟੇ ਵਿਚੋਂ ਸਸਤੇ ਭਾਅ ਪਲਾਟ ਲੈ ਲਿਆ, ਜਿਸ ਨਾਲ ਕਰੋੜਾਂ ਰੁਪਏ ਦਾ ਲਾਭ ਕਮਾ ਗਏ, ਜਦ ਕਿ ਆਪ ਉਹ ਇਸ ਤਰ੍ਹਾਂ ਦੇ ਅਖਤਿਆਰੀ ਕੋਟੇ ਦੇ ਪਲਾਟ ਦੇਣ ਦੇ ਖਿਲਾਫ ਝੰਡਾ ਚੁੱਕੀ ਖੜੇ ਸਨ। ਹੁਣ ਤੀਸਰਾ ਦੋਸ਼ ਲੱਗ ਗਿਆ ਹੈ। ਅਰਵਿੰਦ ਕੇਜਰੀਵਾਲ ਦੀ ਟੀਮ ਨੇ ਸੋਨੀਆ ਗਾਂਧੀ ਦੇ ਦਾਮਾਦ ਦਾ ਮੁੱਦਾ ਚੁੱਕਿਆ ਤਾਂ ਇੱਕ ਰੀਅਲ ਅਸਟੇਟ ਕੰਪਨੀ ਡੀ ਐਲ ਐਫ ਨੂੰ ਹਰਿਆਣੇ ਵਿਚ ਜ਼ਮੀਨਾਂ ਮਿਲਣ ਦੀ ਗੱਲ ਅੱਗੋਂ ਹਿਮਾਚਲ ਪ੍ਰਦੇਸ਼ ਤੱਕ ਜਾ ਪਹੁੰਚੀ ਸੀ। ਹੁਣ ਹਿਮਾਚਲ ਪ੍ਰਦੇਸ਼ ਵਿਚੋਂ ਭੂਸ਼ਣ ਪਿਤਾ-ਪੁੱਤਰ ਉਤੇ ਇਹ ਦੋਸ਼ ਲੱਗ ਗਿਆ ਹੈ ਕਿ ਉਨ੍ਹਾਂ ਨੇ ਉਥੇ ਜਾ ਕੇ ਜ਼ਮੀਨ ਅਲਾਟ ਕਰਵਾਈ ਕਿ ਸਕੂਲ ਖੋਲ੍ਹਣਾ ਹੈ, ਪਰ ਖੋਲ੍ਹਿਆ ਨਹੀਂ ਸੀ। ਜਿਹੜੀ ਜ਼ਮੀਨ ਖਰੀਦੀ ਗਈ, ਉਹ ਚਾਹ ਦਾ ਬਾਗ ਸੀ ਤੇ ਨਿਯਮਾਂ ਮੁਤਾਬਕ ਚਾਹ ਦਾ ਬਾਗ ਕਿਸੇ ਹੋਰ ਕੰਮ ਲਈ ਵਰਤਿਆ ਹੀ ਨਹੀਂ ਜਾ ਸਕਦਾ। ਇਸ ਤਰ੍ਹਾਂ ਉਸ ਰਾਜ ਵਿਚ ਬਾਹਰ ਦੇ ਬੰਦੇ ਨੂੰ ਜ਼ਮੀਨ ਖਰੀਦਣ ਦੀ ਮਨਾਹੀ ਕਰਦੇ ਕਾਨੂੰਨ ਦੀ ਉਲੰਘਣਾ ਵੀ ਕੀਤੀ, ਸਸਤੇ ਭਾਅ ਮਹਿੰਗੀ ਜ਼ਮੀਨ ਵੀ ਹੜੱਪ ਲਈ ਤੇ ਲੋਕਾਂ ਦੇ ਭਲੇ ਵਾਸਤੇ ਜਿਹੜਾ ਸਕੂਲ ਖੋਲ੍ਹਣ ਦਾ ਵਾਅਦਾ ਕੀਤਾ ਸੀ, ਉਹ ਪੂਰਾ ਨਾ ਕਰ ਕੇ ਲੋਕਾਂ ਨਾਲ ਵੀ ਧੋਖਾ ਕੀਤਾ ਹੈ।

ਤੀਸਰਾ ਹਮਲਾ ਹੁਣ ਉਸ ਬੀਬੀ ਅੰਜਲੀ ਦਾਮਣੀਆ ਦੇ ਖਿਲਾਫ ਹੋ ਗਿਆ ਹੈ, ਜਿਸ ਨੇ ਭਾਜਪਾ ਦੇ ਪ੍ਰਧਾਨ ਨਿਤਿਨ ਗਡਕਰੀ ਨੂੰ ਵੱਟੋ-ਵੱਟ ਪਾ ਦਿੱਤਾ ਸੀ। ਪਤਾ ਲੱਗਾ ਹੈ ਕਿ ਉਸ ਨੇ ਕਿਸਾਨ ਬਣ ਕੇ ਤੀਹ ਕੁ ਏਕੜ ਜ਼ਮੀਨ ਖਰੀਦੀ ਤੇ ਫਿਰ ਉਸ ਦਾ 'ਚੇਂਜ ਆਫ ਲੈਂਡ ਯੂਜ਼' (ਜ਼ਮੀਨ ਦੀ ਵਰਤੋਂ ਦਾ ਢੰਗ ਬਦਲਣ ਦਾ ਕਾਨੂੰਨ) ਰਾਹੀਂ ਖੇਤੀ ਦੀ ਥਾਂ ਕਾਲੋਨੀ ਕੱਟ ਕੇ ਪੈਸੇ ਕਮਾ ਲਏ। ਗੱਲ ਇਹ ਵੀ ਸੱਚੀ ਜਾਪਦੀ ਹੈ। ਬੀਬੀ ਇਸ ਦਾ ਜਿੰਨਾ ਕੁ ਜਵਾਬ ਦਿੰਦੀ ਹੈ, ਉਸ ਤੋਂ ਇਹ ਬਿਲਕੁਲ ਨਹੀਂ ਜਾਪਦਾ ਕਿ ਇਹ ਕੰਮ ਉਸ ਨੇ ਨਹੀਂ ਕੀਤਾ, ਸਗੋਂ ਇਹ ਜਾਪਦਾ ਹੈ ਕਿ 'ਹੋਰ ਵੀ ਕਰਦੇ ਸਨ, ਮੈਂ ਵੀ ਕਰ ਲਿਆ'। 'ਦੂਸਰੇ ਗਲਤ ਕਰਦੇ ਸਨ, ਮੈਂ ਵੀ ਕਰ ਲਿਆ' ਦਾ ਫਾਰਮੂਲਾ ਵਰਤਣ ਦੀ ਨੀਤੀ ਹੋਵੇ ਤਾਂ ਘਰ ਬੈਠ ਕੇ ਭ੍ਰਿਸ਼ਟਾਚਾਰ ਦੀ ਚਰਚਾ ਕਰ ਲੈਣਾ ਬਥੇਰਾ ਹੁੰਦਾ ਹੈ, ਭ੍ਰਿਸ਼ਟਾਚਾਰ ਦੇ ਵਿਰੁਧ ਮੈਦਾਨ ਵਿਚ ਨਿਕਲਣ ਵਾਲੇ ਇਹੋ ਜਿਹੀ ਦਲੀਲ ਵਰਤ ਕੇ ਪਿੱਛਾ ਨਹੀਂ ਛੁਡਾ ਸਕਦੇ।

ਇਥੇ ਰਾਜ ਕਰਦੇ ਲੋਕਾਂ ਵਿਚ ਬੇਈਮਾਨਾਂ ਦੀ ਧਾੜ ਹੈ, ਵਿਰੋਧੀ ਧਿਰ ਵੀ ਸਾਫ ਨਹੀਂ, ਰਾਜਾਂ ਵਿਚ ਵੀ ਹੁਣ ਲੜਾਈ ਇੱਕ ਦੂਸਰੇ ਨੂੰ ਬੇਈਮਾਨ ਸਾਬਤ ਕਰਨ ਦੀ ਨਹੀਂ, ਸਗੋਂ ਇਹ ਸਾਬਤ ਕਰਨ ਦੀ ਹੈ ਕਿ 'ਮੈਂ ਹਾਲੇ ਵੀ ਆਪਣੇ ਵਿਰੋਧੀ ਜਿੰਨਾ ਮਾੜਾ ਨਹੀਂ ਜਾਪਦਾ।' ਜੇ ਏਨੇ ਮਾੜੇ ਨਹੀਂ ਜਾਪਦੇ ਤਾਂ ਇਸ ਲਈ ਕਿ ਸਾਰੇ ਪਰਦੇ ਹਾਲੇ ਤੱਕ ਨਹੀਂ ਚੁੱਕੇ ਗਏ, ਵਰਨਾ ਪਛੜ ਜਾਣ ਵਾਲਾ ਕੋਈ ਵੀ ਨਹੀਂ ਲੱਭਣਾ। ਕਮਾਲ ਦੀ ਗੱਲ ਇਹ ਕਿ ਦੇਸ਼ ਅਜੇ ਵੀ ਚੱਲੀ ਜਾ ਰਿਹਾ ਹੈ। ਨਾ ਸਿਰਫ ਚੱਲੀ ਜਾ ਰਿਹਾ ਹੈ, ਸਗੋਂ ਦੁਨੀਆ ਦੇ ਕੁਝ ਅਦਾਰੇ ਇਹ ਕਹਿੰਦੇ ਹਨ ਕਿ ਅੱਗੋਂ ਵੀ ਚੱਲੀ ਜਾਣਾ ਹੈ, ਇਸ ਨੂੰ ਉਨ੍ਹਾਂ ਮੁਲਕਾਂ ਵਿਚ ਸ਼ਾਮਲ ਨਹੀਂ ਕੀਤਾ ਜਾ ਸਕਦਾ, ਜਿਹੜੇ ਭਵਿੱਖ ਵਿਚ ਗਰਕ ਹੋ ਸਕਦੇ ਹਨ।

ਇੱਕ ਪੁਰਾਣੀ ਲੋਕ-ਕਥਾ ਹੈ। ਕਿਸੇ ਥਾਂ ਰਾਹ ਜਾਂਦੇ ਲੋਕ ਤੂਫਾਨ ਵਿਚ ਘਿਰ ਗਏ ਸਨ। ਉਹ ਆਸਰਾ ਲੈਣ ਲਈ ਇੱਕ ਪੁਰਾਣੇ ਉਜਾੜ ਪਏ ਗੋਦਾਮ ਵਿਚ ਜਾ ਵੜੇ। ਬੱਦਲ ਗੱਜਦੇ ਸਨ ਤੇ ਬਿਜਲੀ ਮੁੜ-ਮੁੜ ਕੇ ਉਸ ਗੋਦਾਮ ਉਤੇ ਆਣ ਕੇ ਕੜਕ ਕੇ ਪਰਤ ਜਾਵੇ। ਇੱਕ ਤਜਰਬੇਕਾਰ ਬੰਦੇ ਨੇ ਸਮਝਾਇਆ ਕਿ ਇਸ ਗੋਦਾਮ ਦੇ ਅੰਦਰ ਸਾਡੇ ਵਿਚਾਲੇ ਕੋਈ ਪਾਪੀ ਜੀਵੜਾ ਹੈ, ਜਿਸ ਉਤੇ ਕੁਦਰਤ ਕਹਿਰਵਾਨ ਹੋਈ ਹੈ ਤੇ ਉਸ ਦੇ ਕਾਰਨ ਸਾਰੇ ਜਣੇ ਮਾਰੇ ਜਾ ਸਕਦੇ ਹਨ। ਰਾਹ ਇਹ ਕੱਢਿਆ ਗਿਆ ਕਿ ਸਾਰੇ ਜਣੇ ਵਾਰੀ-ਵਾਰੀ ਬਾਹਰ ਨਿਕਲ ਕੇ ਕਹਿਰ ਦਾ ਸਾਹਮਣਾ ਕਰਨ, ਜਿਹੜਾ ਕੋਈ ਏਦਾਂ ਦਾ ਹੋਵੇਗਾ, ਮਾਰਿਆ ਜਾਣ ਨਾਲ ਬਾਕੀ ਸਾਰੇ ਤਾਂ ਬਚ ਜਾਣਗੇ। ਫਿਰ ਉਹ ਇੱਕ-ਇੱਕ ਕਰ ਕੇ ਜਾਂਦੇ ਰਹੇ ਤੇ ਬਿਜਲੀ ਕੜਕ ਕੇ ਮੁੜ ਜਾਂਦੀ ਰਹੀ। ਅਖੀਰ ਵਿਚ ਵਾਰੀ ਆਈ ਇੱਕ ਮੁਟਿਆਰ ਦੀ, ਜਿਸ ਦੀ ਗੋਦੀ ਵਿਚ ਬੱਚਾ ਸੀ। ਉਹ ਤਰਲੇ ਕੱਢਦੀ ਰਹੀ ਕਿ ਸਾਨੂੰ ਦੋਵਾਂ ਨੂੰ ਬਾਹਰ ਨਾ ਕੱਢੋ, ਪਰ ਕਿਸੇ ਨੇ ਨਹੀਂ ਸੀ ਮੰਨੀ। ਮਾਂ ਤੇ ਬੱਚਾ ਜਦੋਂ ਧੱਕ ਕੇ ਬਾਹਰ ਕੱਢੇ ਗਏ, ਬਿਜਲੀ ਇੱਕ ਦਮ ਕੜਕ ਕੇ ਪਈ ਤੇ ਉਨ੍ਹਾਂ ਦੋਵਾਂ ਵੱਲ ਨਹੀਂ ਸੀ ਗਈ, ਉਸ ਗੋਦਾਮ ਉਤੇ ਕੜਕੀ ਤੇ ਸਾਰੀ ਧਾੜ ਨੂੰ ਸਾੜ ਕੇ ਸਵਾਹ ਕਰ ਗਈ ਸੀ। ਲੋਕ-ਕਥਾ ਦਾ ਅਰਥ ਇਹ ਹੈ ਕਿ ਉਹ ਸਾਰੇ ਜਣੇ ਉਦੋਂ ਤੱਕ ਇਸ ਕਰ ਕੇ ਬਚੇ ਹੋਏ ਸਨ, ਬਿਜਲੀ ਇਸ ਕਰ ਕੇ ਕੜਕ ਕੇ ਵਾਪਸ ਮੁੜ ਜਾਂਦੀ ਸੀ ਕਿ ਉਨ੍ਹਾਂ ਦੇ ਵਿਚਾਲੇ ਦੋ ਬੇਗੁਨਾਹ-ਮਾਂ ਤੇ ਬੱਚਾ ਸਨ, ਜਿਨ੍ਹਾਂ ਉਤੇ ਕੁਦਰਤ ਤਰਸ ਕਰ ਰਹੀ ਸੀ। ਜੋ ਕੁਝ ਅੱਜ ਸਾਡੇ ਸਾਹਮਣੇ ਹੈ, ਜੇ ਉਸ ਦੇ ਬਾਵਜੂਦ ਇਹ ਮੁਲਕ ਬਚਿਆ ਪਿਆ ਹੈ ਤਾਂ ਉਹ ਇਸ ਲਈ ਕਿ ਉਸ ਭਾਰਤ ਮਾਂ ਦਾ ਆਪਣਾ ਕੋਈ ਕਸੂਰ ਨਹੀਂ, ਜਿਹੜੀ ਜਮਹੂਰੀਅਤ ਦਾ ਜਵਾਕ ਚੁੱਕੀ ਖੜੀ ਹੈ, ਜਮਹੂਰੀਅਤ ਦੇ ਲੰਬੜਦਾਰਾਂ ਨੇ ਤਾਂ ਕੋਈ ਕਸਰ ਨਹੀਂ ਛੱਡੀ।

CK RADIO CHARDI KALA

ਦੁਨੀਆਂ ਭਰ ਵਿਚ ਸੁਣਿਆ ਜਾ ਰਿਹਾ

ਰੇਡੀਓ ਚੜ੍ਹਦੀ ਕਲਾ

ਡਾਇਲ ਕਰੋ ਤੇ ਸੁਣੋ

832-551-5038 ਰੇਡੀਓ ਚੜ੍ਹਦੀ ਕਲਾ 24/7
www.radiock.com
702-489-0222 ਖਾਲਸਾ ਰੇਡੀਓ 24/7
(ਗੁਰਬਾਣੀ)
www.khalsaradio.org
702-489-0228 ਆਪਣਾ ਪੰਜਾਬ 24/7
(ਭੰਗੜਾ ਮਿਊਜ਼ਿਕ)
www.apnapunjabradio.com
702-489-0229 ਦੇਸੀ ਬਾਈਟ ਰੇਡੀਓ 24/7
(ਬਾਲੀਵੁਡ ਮਿਊਜ਼ਿਕ)
www.desibiteradio.com

ਧਾਰਮਿਕ, ਸਭਿਆਚਾਰਕ ਪ੍ਰੋਗਰਾਮ, ਤਾਜ਼ਾ ਖਬਰਾਂ, ਟਾਕ ਸ਼ੋਅ, ਗੁਰਦੁਆਰਾ ਸੈਨ ਹੋਜ਼ੇ ਤੇ ਫਰੀਮਾਂਟ ਤੋਂ ਗੁਰਬਾਣੀ ਦਾ ਸਿੱਧਾ ਪ੍ਰਸਾਰਣ

Wifi Radio ਖਰੀਦਣ ਅਤੇ ਜਾਣਕਾਰੀ ਲਈ
ਫੋਨ: 510-900-3600

*Radio CK, PO Box 296, Fremont, CA 94537*

# ਘੁਗਿਆਣਵੀ ਦਾ ਤਰਕਸ਼

## ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

ਵੱਖ-ਵੱਖ ਵੰਨਗੀਆਂ ਵਿਚ ਬੜਾ ਸਾਹਿਤ ਰਚਿਆ ਜਾ ਰਿਹਾ ਹੈ। ਨਾਵਲ, ਕਹਾਣੀਆਂ, ਨਾਟਕ, ਗੀਤ, ਗਜ਼ਲਾਂ ਅਤੇ ਕਵਿਤਾਵਾਂ ਆਦਿਕ ਦੇ ਰੂਪ ਵਿਚ ਮਾਂ ਬੋਲੀ ਪੰਜਾਬੀ ਦਾ ਸਾਹਿਤਕ ਖਜ਼ਾਨਾ ਮਾਲਾ-ਮਾਲ ਕੀਤਾ ਜਾ ਰਿਹਾ ਹੈ। ਵੈਸੇ ਤਾਂ ਸਾਹਿਤ ਦੇ ਇਨ੍ਹਾਂ ਰੂਪਾਂ ਨੂੰ ਆਪੋ-ਆਪਣੀ ਪਸੰਦ ਮੁਤਾਬਕ ਪੜ੍ਹਿਆ ਜਾਂਦਾ ਹੈ ਲੇਕਿਨ ਕਿਸੇ ਆਲੋਚਕ ਨੇ ਰਚੀ ਜਾ ਰਹੀ ਸਾਹਿਤਕ ਸਮੱਗਰੀ ਦੀ ਸਾਦ-ਮੁਰਾਦੀ ਭਾਸ਼ਾ ਵਿਚ ਵੰਡ ਕਰਦਿਆਂ ਆਖਿਆ ਹੈ ਕਿ ਕੁਝ ਲਿਖਤਾਂ ਪੰਜੀਰੀ ਜਾਂ ਦੇਸੀ ਘਿਉ ਦੀ ਬਣਾਈ ਗਜਾ ਵਰਗੀਆਂ ਹੁੰਦੀਆਂ ਨੇ। ਜਿਵੇਂ ਗਜਾ ਦੇ ਕੌਲੇ ਭਰ-ਭਰ ਕੇ ਨਹੀਂ ਖਾਧੇ ਜਾਂਦੇ, ਉਹ ਥੋੜ੍ਹੀ-ਥੋੜ੍ਹੀ ਮਾਤਰਾ ਵਿਚ ਨਿਰਨੇ ਪੇਟ ਖਾਈਦੀ ਹੈ; ਇੰਜ ਕੁਝ ਲਿਖਤਾਂ ਇੰਨੀਆਂ ਸੰਜ਼ੀਦਾ ਤੇ ਗੁਹਜ ਭਰਪੂਰ ਹੁੰਦੀਆਂ ਨੇ, ਉਨ੍ਹਾਂ ਨੂੰ ਚਿੱਥ-ਚਿੱਥ ਕੇ ਪੜ੍ਹਨਾ ਪੈਂਦਾ ਹੈ।

ਕੁਝ ਰਚਨਾਵਾਂ ਚਾਂਦੀ ਦੇ ਵਰਕ ਨਾਲ ਮੜ੍ਹੀਆਂ ਮਠਿਆਈਆਂ ਵਰਗੀਆਂ ਹੁੰਦੀਆਂ ਹਨ ਜਿਹੜੀਆਂ ਪਾਠਕਾਂ ਨੂੰ ਦੂਰੋਂ ਹੀ ਖਿੱਚ ਪਾਉਂਦੀਆਂ ਹਨ। ਕਈ ਲਿਖਤਾਂ ਰੇਲ ਗੱਡੀ ਜਾਂ ਬੱਸ ਵਿਚ ਸਫ਼ਰ ਦੌਰਾਨ ਮੂੰਗਫਲੀ ਜਾਂ ਕੋਈ ਨਮਕੀਨ ਚੱਬਣ ਜੈਸੀਆਂ ਹੁੰਦੀਆਂ ਹਨ। ਇਨ੍ਹਾਂ ਨਾਲ ਟਾਈਮ ਪਾਸ ਵੀ ਸੋਹਣਾ ਹੋ ਜਾਂਦਾ ਹੈ ਤੇ ਮੂੰਹ ਦਾ ਸਵਾਦ ਵੀ ਚਟਪਟਾ ਜਿਹਾ ਹੋਇਆ ਰਹਿੰਦਾ ਹੈ। ਨਾਲੋ-ਨਾਲ ਮਨੋਰੰਜਨ ਵੀ ਹੋਈ ਜਾਂਦਾ ਹੈ।




ਚਿੱਥ-ਚਿੱਥ ਕੇ ਗਜਾਵਾਂ ਖਾਣ ਵਾਲੇ ਸਮੇਂ ਤਾਂ ਹੁਣ ਲੱਦ ਗਏ ਜਾਪਦੇ ਹਨ। ਜ਼ਮਾਨੇ ਦੀ ਤੇਜ਼ ਰਫ਼ਤਾਰੀ ਦਾ ਝੰਬਿਆ ਅੱਜ ਦਾ ਪਾਠਕ ਤਾਂ 'ਫੋਰ-ਇਨ-ਵੰਨ' ਦੀ ਤਰਜ਼ 'ਤੇ ਉਕਤ ਸਾਰੇ ਗੁਣ ਇੱਕੋ ਹੀ ਲਿਖਤ ਵਿਚ ਦੇਖਣਾ ਚਾਹੁੰਦਾ ਹੈ। ਮੁਸ਼ਕਿਲ ਇਹ ਹੈ ਕਿ ਪਾਠਕਾਂ ਦੀ ਇਸ ਨਵੀਨ ਮੰਗ 'ਤੇ ਬਹੁਤ ਵਿਰਲੇ ਲੇਖਕ ਪੂਰੇ ਉਤਰਦੇ ਹਨ। ਮੇਰੀ ਜਾਚੇ ਪ੍ਰਿੰਸੀਪਲ ਨਵਰਾਹੀ ਘੁਗਿਆਣਵੀ ਲੇਖਕਾਂ ਦੀ ਇਸੇ ਸ਼੍ਰੇਣੀ ਵਿਚ ਸ਼ੁਮਾਰ ਕੀਤੇ ਜਾ ਸਕਦੇ ਹਨ ਜਿਨ੍ਹਾਂ ਦੀ ਲਿਖੀ ਗਿਆਰਵੀਂ ਪੁਸਤਕ 'ਤਰਕਸ਼' ਬਾਰੇ ਕੁਝ ਸਤਰਾਂ ਲਿਖ ਰਿਹਾ ਹਾਂ।

ਲਗਭਗ ਅੱਧੀ ਸਦੀ ਅਧਿਆਪਨ ਕਿੱਤੇ ਨਾਲ ਜੁੜੇ ਰਹੇ ਸ. ਫੌਜਾ ਸਿੰਘ ਬਰਾੜ ਉਰਫ ਨਵਰਾਹੀ ਘੁਗਿਆਣੀ ਨੇ ਕਲਮ ਰਾਹੀਂ ਪੰਜਾਬੀ ਬੋਲੀ, ਸਾਹਿਤ ਅਤੇ ਸੱਭਿਆਚਾਰ ਦੀ ਨਿਰੰਤਰ ਸੇਵਾ ਕੀਤੀ ਹੈ। ਉਨ੍ਹਾਂ ਗੀਤ-ਕਾਵਿ, ਰੁਬਾਈ, ਛੰਦ-ਮੁਕਤ ਕਾਵਿ, ਗਜ਼ਲ ਦੇ ਨਾਲ-ਨਾਲ ਬਾਲ ਸਾਹਿਤ ਦੇ ਖੇਤਰ ਵਿਚ ਵੀ ਕਾਵਿ ਰਚਨਾ ਦਾ ਬਹੁਮੁੱਲਾ ਯੋਗਦਾਨ ਪਾਇਆ ਹੈ। ਉਨ੍ਹਾਂ ਦੀ ਹਰ ਲਿਖਤ ਵਿਚ ਜ਼ਿੰਦਗੀ ਦੀ ਸਮਝ ਅਤੇ ਮਨੁੱਖੀ ਯਥਾਰਥ ਅੰਦਰ ਡੂੰਘਾ ਲਹਿ ਜਾਣ ਦੀ ਸ਼ਕਤੀ ਹੈ। ਉਨ੍ਹਾਂ ਨੂੰ ਪੜ੍ਹਨ ਵਾਲਾ ਪਾਠਕ ਸੁੱਤੇ ਹੀ ਆਪਣੇ ਸਮਾਜ, ਇਤਿਹਾਸ, ਦਰਸ਼ਨ, ਸ਼ਬਦ ਨਾਲ ਜੁੜ ਜਾਂਦਾ ਹੈ।

'ਘਾਲਣਾ', 'ਥਲਾਂ ਦੀ ਰੇਤ', 'ਲਗਰਾਂ', 'ਸੀਰਤਨਾਮਾ' ਅਤੇ 'ਮਹਿਤਾਬਨਾਮਾ' ਜੈਸੀਆਂ ਦਸ ਕਿਤਾਬਾਂ ਤੋਂ ਬਾਅਦ ਉਨ੍ਹਾਂ ਦੀ ਨਵੀਂ ਛਪੀ ਪੁਸਤਕ 'ਤਰਕਸ਼' ਵਿਚ ਇਕ ਸੌ ਦੇ ਕਰੀਬ ਕਾਵਿ-ਟੋਟਕੇ ਹਨ ਜਿਨ੍ਹਾਂ ਨੂੰ ਪੜ੍ਹਨ ਉਪਰੰਤ ਭੂਸ਼ਣ ਧਿਆਨਪੁਰੀ, ਗੁਲਸ਼ਨ ਭੁਟਾਨੀ, ਦਿਆਲ ਸਿੰਘ ਚਮਾਨ, ਤਾਰਾ ਸਿੰਘ ਖੋਜੇਪੁਰੀ, ਪੈਂਦਲ ਧਿਆਨਪੁਰੀ ਅਤੇ ਬਲਦੇਵ ਸਿੰਘ ਆਜ਼ਾਦ ਜਿਹੇ ਸ਼ਾਇਰਾਂ ਦੀ ਯਾਦ ਤਾਜ਼ਾ ਹੋ ਜਾਂਦੀ ਹੈ। ਇਹ ਕਾਵਿ-ਟੋਟਕੇ ਲਿਖਦਿਆਂ ਲੇਖਕ ਨੇ ਐਵੇਂ ਹਲਕੀ ਵਿਅਕਤੀਗਤ, ਨਿੰਦਾ ਚੁਗਲੀ ਜਾਂ ਖਿੱਲੀ ਉਡਾਉਣ ਦੀ ਕੋਸ਼ਿਸ਼ ਨਹੀਂ ਕੀਤੀ, ਸਗੋਂ ਆਪਣੇ ਆਲੇ-ਦੁਆਲੇ ਫੈਲੇ ਹੋਏ ਰਾਜਨੀਤਕ, ਸਮਾਜਕ, ਆਰਥਿਕ ਅਤੇ ਸੱਭਿਆਚਾਰਕ ਭ੍ਰਿਸ਼ਟਾਚਾਰ ਜਾਂ ਨੈਤਿਕਤਾ ਦੀ ਨਿੱਘਰਦੀ ਜਾਂਦੀ ਹਾਲਤ ਉਤੇ ਖਿੱਚ-ਖਿੱਚ ਬਾਣ ਚਲਾਏ ਹਨ। ਆਪਣੇ ਤਰਕਸ਼ ਵਿਚੋਂ ਸ਼ਾਇਰ ਘੁਗਿਆਣਵੀ ਨੇ ਦਾ ਛੱਡਿਆ ਪਹਿਲਾ ਤੀਰ ਤੱਕੋ,


ਸਸਤੇ ਬੋਲ ਕੁਚੱਜੀਆਂ ਹਰਕਤਾਂ ਨੂੰ,
ਅਸੀਂ ਗੀਤ-ਸੰਗੀਤ ਨਹੀਂ ਕਹਿ ਸਕਦੇ।
ਦੱਸੋ ਉਸ ਮਨੋਰੰਜਨ ਦਾ ਕੀ ਫਾਇਦਾ,
ਭੈਣ-ਭਾਈ ਇੱਕ ਜਗ੍ਹਾ ਨਹੀਂ ਬਹਿ ਸਕਦੇ।
ਹੱਦ ਹੁੰਦੀ ਏ ਹਰ ਇਕ ਗੱਲ ਦੀ ਹੀ,
ਹੱਦ ਲੰਘੀਏ ਲੋਕ ਨਹੀਂ ਸਹਿ ਸਕਦੇ।

ਇਸ ਟੋਟਕੇ ਦੀਆਂ ਆਖਰੀ ਸਤਰਾਂ ਗੀਤ-ਸੰਗੀਤ ਦੇ ਨਾਂ ਹੇਠ ਹੁੰਦਾ ਲੁੱਚਪੁਣਾ ਦੇਖ ਕੇ ਖਾਮੋਸ਼ ਰਹਿਣ ਵਾਲਿਆਂ ਦੇ ਸੀਨੇ 'ਚ ਮਾਰੀਆਂ ਗਈਆਂ ਹਨ,

ਕੋਈ ਕਹੇ ਤੁਹਾਨੂੰ ਨਾ ਕਹੇ ਬੇਸ਼ੱਕ,
ਅਸੀਂ ਆਖੇ ਬਗੈਰ ਨਹੀਂ ਰਹਿ ਸਕਦੇ।

'ਸਮਾਜ ਸੇਵਾ' ਦੇ ਫੱਟੇ ਲਾ ਕੇ ਲੋਕਾਂ ਦੀ ਕਮਾਈ ਛਕਣ ਵਾਲੇ ਸਟੰਟਬਾਜ਼ਾਂ ਉਤੇ ਵਿਅੰਗ ਕਸਦਿਆਂ ਕਵੀ ਨੇ ਲਿਖਿਆ ਹੈ,

ਲੁੱਟ ਮਾਰ ਦਾ ਮਾਲ ਜੇ ਹਜ਼ਮ ਕਰਨੈ,
ਵਿਚੋਂ ਰੱਬ ਦੇ ਨਾਂ 'ਤੇ ਲਾਉ ਕੁਝ ਕੁਝ।
ਚੌਧਰ ਧਰਮ ਅਸਥਾਨ ਦੀ ਮੱਲ ਬੈਠੋ,
ਸੋਹਲੇ ਪਰਵਦਗਾਰ ਦੇ ਗਾਉ ਕੁਝ ਕੁਝ।



*ਨਵਰਾਹੀ ਘੁਗਿਆਣਵੀ*

ਗਊਸ਼ਾਲਾ ਦੇ ਨਾਮ 'ਤੇ ਫੰਡ ਰੋਲੋ,
ਵਿਚੋਂ ਗਊ ਦੇ ਮੂੰਹ ਵਿਚ ਪਾਉ ਕੁਝ ਕੁਝ।
ਸੱਚੇ ਪਾਤਸ਼ਾਹ ਰੱਖ ਲੈ 'ਲਾਜ' ਸਾਡੀ,
ਭਾਗੀਦਾਰ 'ਭਗਵਾਨ' ਬਣਾਉ ਕੁਝ ਕੁਝ।

ਪੰਜਾਬ ਨਾਲ ਵੈਰ ਕਮਾਉਣ ਡਹੀਆਂ ਹੋਈਆਂ ਦ੍ਰਿਸ਼ਟ ਤੇ ਅਦ੍ਰਿਸ਼ਟ ਤਾਕਤਾਂ ਅੱਗੇ, ਉਸ ਜਰਖੇਜ਼ ਧਰਤੀ ਦੀ ਰੂਹ ਵਿਚ 'ਹਾੜ੍ਹਾ' ਕੱਢਦੀ ਹੈ ਜਿਸ ਨੂੰ ਛੰਦਬੱਧ ਕਰਦਿਆਂ ਸ਼ਬਦੀ ਰੂਪ ਦਿੱਤਾ ਗਿਆ ਹੈ ਕਿ ਭਾਵੇਂ ਢਾਈ ਆਬ ਹੀ ਰਹਿ ਗਏ ਨੇ, ਪਰ ਤਾਂ ਵੀ ਮੇਰਾ ਨਾਂ ਪੰਜਾਬ ਹੀ ਰਹੇਗਾ!

ਅੰਦਰੋਂ ਕਿੰਨੀ ਹੀ ਈਰਖਾ ਕਰੀ ਜਾਵਣ,
ਉਤੋਂ ਉਤੋਂ ਤਾਂ ਕਹਿਣ ਜਨਾਬ ਮੈਨੂੰ।
ਸੇਵਾ ਅਤੇ ਕੁਰਬਾਨੀ ਦਾ ਅੰਤ ਕੋਈ ਨਾ,
ਐਪਰ ਆਂਵਦਾ ਨਹੀਂ ਹਿਸਾਬ ਮੈਨੂੰ।
ਕਦੇ ਕਿਸੇ ਦਾ ਬੁਰਾ ਮੈਂ ਚਿਤਵਦਾ ਨਹੀਂ,
ਫਿਰ ਵੀ ਕਰਨ ਇਹ ਕਿਉਂ ਖਰਾਬ ਮੈਨੂੰ?

'ਕਸੁੰਭੜਾ' ਸਿਰਲੇਖ ਵਾਲੇ ਕਾਵਿ ਟੋਟੇ ਵਿਚ ਧਨ, ਪਦਾਰਥ, ਜਾਇਦਾਦ ਦੀ ਹਉਮੈ ਦਾ ਤਿਆਗ ਕਰ ਕੇ ਜ਼ਿੰਦਗੀ ਨੂੰ 'ਮਜੀਠ ਰੰਗ' ਚਾੜ੍ਹਨ ਦੀ ਅਰਜੋਈ ਕੀਤੀ ਗਈ ਹੈ,

ਕਲਾ ਅਮਨ ਦੇ ਵਿਚ ਵਿਕਾਸ ਕਰਦੀ
ਸਰਵਨਾਸ਼ ਵੱਲ ਤੋਰਦੀ ਜੰਗ ਬੇਲੀ।
ਹੈਂਕੜ, ਕੂੜ, ਕੁਸੱਤ ਤੋਂ ਵੱਟ ਪਾਸਾ
ਸਿੱਖ ਜ਼ਿੰਦਗੀ ਜੀਣ ਦਾ ਢੰਗ ਬੇਲੀ।
ਕੱਚਾ ਰੰਗ ਕਸੁੰਭੜਾ ਲੱਥ ਜਾਸੀ,
ਜੀਵਨ ਰੰਗ ਮਜੀਠ ਵਿਚ ਰੰਗ ਬੇਲੀ।

ਲਾਚਾਰ, ਨਿਤਾਣੇ ਅਤੇ ਗਰੀਬੀ ਦੇ ਭਾਰ ਥੱਲੇ ਦੱਬੇ ਹੋਏ ਕਰਮਾਂ ਮਾਰਿਆਂ ਲਈ ਰੱਬ ਅੱਗੇ ਵਾਸਤਾ ਪਾਇਆ ਹੈ,

ਬਖਤਾਵਰਾਂ ਦੀ ਨਿਗਾਹ ਆਕਾਸ਼ ਉਤੇ,
ਕੋਈ ਲੈਂਦਾ ਨਾ ਉਤਰ ਕੇ ਸਾਰ ਹੇਠਾਂ।
ਰੱਬਾ ਡਾਢਿਆ ਦੇਖ ਲੋਕਾਈ ਤੇਰੀ,
ਹੋਈ ਪਈ ਹੈ ਕਿਵੇਂ ਲਾਚਾਰ ਹੇਠਾਂ।

ਇਕ ਬੂਬਣੇ ਸਾਧ ਵੱਲੋਂ ਆਪਣੀ ਕਿਸੇ ਸ਼ਰਧਾਲੂ ਜਨਾਨੀ ਨੂੰ ਕੀਤੇ ਗਏ ਕਮੀਨਗੀ ਭਰੇ ਇਸ਼ਾਰੇ ਦਾ ਕਾਵਿ ਰੂਪ ਦੇਖੋ,

ਸੇਵਾ ਨਾਲ ਨਿਆਮਤਾਂ ਮਿਲਦੀਆਂ ਨੇ,
ਦਿੰਦੀ ਡੁੱਬਦਿਆਂ ਨੂੰ ਸੇਵਾ ਤਾਰ ਬੀਬੀ।
ਸੇਵਾ ਨਾਲ ਹੰਕਾਰ ਦਾ ਲੱਕ ਟੁੱਟੇ,
'ਸੱਚੀ ਸੇਵਾ' ਹੀ ਪਰਉਪਕਾਰ ਬੀਬੀ।
ਸੇਵਾ 'ਵੇਲੇ-ਕੁਵੇਲੇ' ਦੀ ਸਫ਼ਲ ਹੋਵੇ,
'ਖੁੱਲ੍ਹੀ ਸੇਵਾ' ਨਾ ਜ਼ਰੇ ਸੰਸਾਰ ਬੀਬੀ।

ਮੋਬਾਈਲ ਫੋਨ ਦੀ ਬੇਲੋੜੀ ਵਰਤੋਂ ਉਤੇ ਇਹ ਵਿਅੰਗ ਕੱਸਿਆ ਗਿਆ ਹੈ,

ਦੋ ਡੰਗ ਦੀ ਰੋਟੀ ਨਾ ਜੁੜੇ ਭਾਵੇਂ,
ਹਰ ਇਕ ਕੰਨ ਦੇ ਨਾਲ ਹੈ ਫੋਨ ਲੱਗਾ।
ਮੋਟਰਸਾਈਕਲ 'ਤੇ ਹੋ ਅਸਵਾਰ ਕਾਕਾ,
ਆਈ 'ਕਾਲ' ਤੁਰੰਤ ਖਲ੍ਹੋਣ ਲੱਗਾ।
ਦੇਸ਼ ਮੇਰਾ ਤਰੱਕੀ ਦੀ ਰਾਹ ਉਤੇ,
ਵੇਖੋ ਕਿਵੇਂ ਅਸਮਾਨ ਨੂੰ ਛੋਹਣ ਲੱਗਾ।

ਪਿੰਡਾਂ ਦੀਆਂ ਸੱਥਾਂ ਵਿਚ ਬੋਲੇ ਜਾਂਦੇ ਠੁੱਕਦਾਰ ਮਨਮੋਹਣੇ ਸ਼ਬਦਾਂ ਦਾ ਅਲੰਕਾਰਕ ਚਿੱਤਰਨ ਕੈਸਾ ਬਾ-ਕਮਾਲ ਹੈ,

ਕਦ ਤੱਕ ਨਿਭੇਗੀ ਦੋਸਤਾ ਸੋਚ ਲੈ ਤੂੰ,
ਸਿਰ 'ਤੇ ਛਾਂ ਭਰਿੰਡਾਂ ਦੇ ਛੱਤਿਆਂ ਦੀ।
ਭਲਿਆ ਮਾਣਸਾ ਅੱਗ ਦੇ ਨਾਲ ਖੇਡੇਂ,
ਸਿਰ 'ਤੇ ਟੋਕਰੀ ਸੁੱਕਿਆਂ ਪੱਤਿਆਂ ਦੀ।

ਪੰਜਾਬ ਦੇ ਤਨ 'ਤੇ ਨਾਸੂਰ ਬਣ ਚੁੱਕੇ ਵਿਹਲੜ ਸਾਧਾਂ ਦੇ ਵੱਗ ਤੋਂ ਆਪਣਾ ਬਚਾਅ ਕਰਨ ਲਈ ਪੰਜਾਬੀਆਂ ਨੂੰ ਅਪੀਲ ਕੀਤੀ ਗਈ ਹੈ,

ਹੋਸ਼ ਕਰੋ ਪੰਜਾਬੀਉ ਕਰੋ ਨਿਰਣਾ,
ਲੱਭੋ ਕੋਇਲ ਨੂੰ ਕਾਂਵਾਂ ਦੀ ਡਾਰ ਵਿਚੋਂ।
ਵਾਸਾ ਰੱਬ ਦਾ ਦਿਲਾਂ ਦੇ ਅੰਦਰਾਂ ਵਿਚ,
ਰੱਬ ਲੱਭਦਾ ਨਹੀਂ ਬਾਜ਼ਾਰ ਵਿਚੋਂ।

ਹਾਜ਼ਮਾ, ਆਪਾ ਧਾਪੀ, ਵੱਕਾਰ, ਇਲਤਜ਼ਾ, ਸਹੀ ਇਲਾਜ, ਔਕਾਤ, ਫਿਰੌਤੀ, ਜ਼ਮਾਨੇ ਦੀ ਤੋਰ, ਇਸ਼ਕ ਦਾ ਜਿੰਨ, ਚੌਰੇ ਅਤੇ ਹੋਛੇ ਆਦਿਕ ਸਿਰਲੇਖ ਵਾਲੇ ਕਾਵਿ ਵਿਅੰਗ ਹਸਾਉਂਦੇ ਵੀ ਹਨ, ਸੋਚੀਂ ਵੀ ਪਾਉਂਦੇ ਹਨ ਅਤੇ ਕੁਝ ਕਰਨ ਲਈ ਪ੍ਰੇਰਨਾ ਵੀ ਦਿੰਦੇ ਹਨ। ਸਾਰੀ ਕਿਤਾਬ ਇਕੋ ਹੀ ਬੈਠਕ ਵਿਚ ਪੜ੍ਹੀ ਜਾ ਸਕਣ ਵਾਲੀ ਹੈ। ਵਿਸ਼ਿਆਂ ਦੀ ਵੰਨ-ਸੁਵੰਨਤਾ, ਠੇਠ ਸ਼ਬਦਾਵਲੀ ਅਤੇ ਵਿਅੰਗ ਭਰਪੂਰ ਹੋਣ ਕਰ ਕੇ ਉਮੀਦ ਹੈ ਕਿ ਇਹ ਸਭ ਦਾ ਧਿਆਨ ਖਿੱਚੇਗੀ। ਵੈਸੇ ਤਾਂ ਕਿਤਾਬ ਦੀ ਦਿੱਖ ਵਿਚ ਕੋਈ ਕਾਣ ਨਹੀਂ ਹੈ, ਪਰ ਮੈਨੂੰ ਲਗਦਾ ਹੈ ਕਿ ਇਸ ਦਾ 'ਸਰਵਰਕ' ਬਣਾਉਣ ਵੇਲੇ ਪ੍ਰਕਾਸ਼ਕ ਆਪਣੀ ਮਰਜ਼ੀ ਕਰ ਗਿਆ ਹੋਣੈ। ਕਿੰਨਾ ਚੰਗਾ ਹੁੰਦਾ ਜੇ ਕਿਸੇ ਘੁਣਤਰੀ ਜਿਹੀ ਦਿੱਖ ਵਾਲੇ ਜਾਪਦੇ ਬੰਦੇ ਹੱਥ 'ਤਰਕਸ਼' ਫੜਾਇਆ ਹੁੰਦਾ। ਫਿਰ ਵੀ 'ਵਿਸ਼ਵ ਭਾਰਤੀ ਪ੍ਰਕਾਸ਼ਨ ਬਰਨਾਲਾ' ਵਾਲਿਆਂ ਨੇ ਰੀਝ ਲਾ ਕੇ ਕਿਤਾਬ ਛਾਪੀ ਹੈ।

**ਨੋਟ:** ਲੇਖਕ ਇਨ੍ਹੀਂ ਦਿਨੀਂ ਅਮਰੀਕਾ ਪਹੁੰਚਿਆ ਹੋਇਆ ਹੈ।

## ਨਵਰਾਹੀ ਘੁਗਿਆਣਵੀ ਦੀਆਂ ਕੁਝ ਰੁਬਾਈਆਂ

ਮੇਰੇ ਘਰ ਤੋਂ ਤੇਰੇ ਘਰ ਤੱਕ
ਪੰਜ ਮਿੰਟਾਂ ਦਾ ਰਸਤਾ।
ਐਪਰ ਮੈਨੂੰ ਆਉਣਾ ਪੈਂਦਾ
ਆਹਿਸਤਾ ਆਹਿਸਤਾ।
ਕਿਉਂਕਿ ਰਾਹ ਵਿਚ ਬੜੀਆਂ ਰੋਕਾਂ
ਟੋਏ, ਟਿੱਬੇ, ਸਹਿਰਾਅ,
'ਨਵਰਾਹੀ' ਕੰਡਿਆਲੀਆਂ ਵਾੜਾਂ,
ਵਿਚ ਸੁੰਦਰ ਗੁਲਦਸਤਾ।

---

ਰੂਹ ਦੀਆਂ ਰਾਹਾਂ ਰਹੇ ਟੋਲਦੇ,
ਕਰਦੇ ਰਹੇ ਉਪਰਾਲੇ।
ਕੋਸ਼ਿਸ਼ ਕਰਦੇ ਰਹੇ ਮੁਸਾਫਿਰ
ਕੀਕਣ ਹੋਣ ਉਜਾਲੇ।

ਅਜੇ ਹਨੇਰਾ ਹਾਰ ਨਾ ਮੰਨੇ,
ਅਜੇ ਰਾਤ ਹੈ ਬਾਕੀ।
ਸੱਚ ਦਾ ਦੀਪ ਜਗਾ 'ਨਵਰਾਹੀ'
ਪਾਵਨ ਕਰਮ-ਸ਼ਿਵਾਲੇ।

---

ਚੜ੍ਹਦਾ ਸੂਰਜ, ਉਡਦੇ ਪੰਛੀ,
ਟਿਮਟਿਮ ਕਰਦੇ ਤਾਰੇ।
ਵਾਤਾਵਰਣ ਹੁਸੀਨ ਬਣਾਉਂਦੇ,
ਅਦਭੁਤ ਮਸਤ ਨਜ਼ਾਰੇ।
ਮੈਂ ਇਨ੍ਹਾਂ ਦੀ ਸੰਗਤ ਵਿਚੋਂ,
ਸੁਖ ਪਾਵਾਂ, ਰਸ ਮਾਣਾਂ,
'ਨਵਰਾਹੀ' ਮਿੱਤਰ ਹਨ ਮੇਰੇ,
ਇਹ ਸਾਰੇ ਦੇ ਸਾਰੇ।

# ਕਾਵਿ-ਕਿਆਰੀ

## ਕੀ ਹਾਲ ਹੋ ਗਿਆ

ਅੱਜ-ਕਲ੍ਹ ਦੇਖੋ! ਹੈ ਕੀ ਹਾਲ ਹੋ ਗਿਆ,
ਥੋੜ੍ਹੇ ਸਾਲਾਂ ਵਿਚ ਹੀ ਕਮਾਲ ਹੋ ਗਿਆ।
ਰਹੇ ਕੋਲ਼ ਨਾ ਮਕਾਨ ਸਿਰ ਦੇ ਲੁਕਾਣ ਨੂੰ,
ਕੰਮ ਮਿਲਦਾ ਨਾ ਕੋਈ ਦੋ ਟੁੱਕ ਖਾਣ ਨੂੰ।

ਜੁੱਲੀ ਚੁੱਕ ਅਸੀਂ, ਅਮਰੀਕਾ ਆ ਗਏ,
ਛੱਡ ਕੇ ਜੋ ਆਏ, ਪਿੱਛੇ ਲੋਕੀਂ ਖਾ ਗਏ।
ਬਣਿਆਂ ਨਾ ਘਰ ਸਾਡਾ ਇਥੇ ਰਹਿਣ ਨੂੰ,
ਬਚਿਆ ਨਾ ਪਿੱਛੇ ਕੋਈ ਜਾ ਕੇ ਬਹਿਣ ਨੂੰ।

ਜੋ ਵੀ ਸਾਥੋਂ ਬਣਿਆ, ਬਣਾਉਂਦੇ ਰਹੇ ਆਂ,
ਸਾਡੇ ਸੀ ਜੋ ਫਰਜ਼, ਨਿਭਾਉਂਦੇ ਰਹੇ ਆਂ।
ਲੋਕੀ ਭਾਂਤ-ਭਾਂਤ ਦੀਆਂ, ਖਾਣ ਬੋਟੀਆਂ,
ਸਾਡੇ ਤਾਂ ਨੇ ਕਰਮਾਂ 'ਚ ਉਹੀ ਰੋਟੀਆਂ।

ਇਥੇ ਕਰਨ ਕਮਾਈ ਆਪਾਂ ਆਏ ਮਿੱਤਰੋ,
ਪਰ ਝਾੜੀ ਵਿਚ, ਸਿੰਗ ਲੈ ਫ਼ਸਾਏ ਮਿੱਤਰੋ।
ਹੁਣ ਹੋਣਾ ਨਹੀਂ ਕਦੇ, ਛੁਟਕਾਰਾ ਹਾਣੀਓਂ,
ਔਖੇ-ਸੌਖੇ ਕਰੀ ਜਾਓ, ਗੁਜ਼ਾਰਾ ਹਾਣੀਓਂ।

ਜਿਸ ਵਾਸਤੇ ਅਸਾਂ ਨੇ ਘਰ-ਬਾਰ ਛੱਡਿਆ,
ਵਿਰਸਾ ਜੋ ਆਪਣਾ, ਹੈ ਵਿਸਾਰ ਛੱਡਿਆ।
ਮਿਲਿਆ ਨਾ ਕਦੀ ਚੈਨ ਤੇ ਸਕੂਨ ਮਨ ਨੂੰ,
ਛੱਤੀ ਰੋਗ ਲਾਈ ਬੈਠਾ, 'ਰਾਠੀ' ਤਨ ਨੂੰ।

***-ਰਾਠੇਸ਼ਵਰ ਸਿੰਘ ਸੂਰਾਪੁਰੀ***
***ਫੋਨ: 916-969-9337***

---

## ਯਾਦਾਂ ਬਣ ਰਹਿ ਗਏ

ਯਾਦਾਂ ਬਣ ਰਹਿ ਗਏ
ਬੀਤੇ ਦਿਨ ਉਹ ਪੁਰਾਣੇ।
ਆਪਣਾ ਉਹ ਪਿੰਡ
ਯਾਰ, ਬੇਲੀ ਲੋਕ ਸਾਰੇ।
ਆਪਣਾ ਉਹ ਘਰ
ਜਿੱਥੇ ਜੰਮੇ ਪਲੇ ਖੇਡੇ-ਕੁੱਦੇ,
ਭੁੱਲਦੇ ਨਾ ਗਲੀਆਂ
ਬਾਜ਼ਾਰ ਤੇ ਚੁਬਾਰੇ।
ਮੰਡੀ ਤੇ ਬਾਜ਼ਾਰ
ਤਾਸ਼ ਹਰ ਪਾਸੇ ਰੌਣਕਾਂ
ਬਾਪੂ ਵੀ ਬਾਜ਼ਾਰ-ਮੰਡੀ
ਰੋਜ਼ ਗੇੜੇ ਮਾਰੇ।
ਯਾਦਾਂ ਬਣ ਰਹਿ ਗਏ
ਬੀਤੇ ਦਿਨ ਉਹ ਪੁਰਾਣੇ।

ਮਸਤ ਮਲੰਗ,
ਫਿਕਰ ਨਾ ਫਾਕਾ।
ਬਾਪੂ ਦੀ ਜੇਬ ਉਤੇ
ਰੱਜ ਮੌਜਾਂ ਮਾਣੀਆਂ।
ਕਦੇ ਵੀ ਭੁਲਾਈਆਂ
ਨਹੀਂਓ ਜਾਣੀਆ।
ਦਿਲ ਨੂੰ ਹਲੂਣ ਜਾਣ
ਯਾਦਾਂ ਉਹ ਪੁਰਾਣੀਆ।
ਹੁੰਦੇ ਈ ਸਕੂਲੋਂ ਛੁੱਟੀ
ਲਾਉਂਦੇ ਛੱਪੜਾਂ 'ਚ ਤਾਰੀਆਂ,
ਪਿੱਪਲਾਂ ਦੇ ਟਾਹਣਿਆਂ 'ਤੇ
ਪਾਉਂਦੇ ਬੰਦ ਬਾਜ਼ੀਆਂ।
ਯਾਦਾਂ ਬਣ ਰਹਿ ਗਏ
ਬੀਤੇ ਦਿਨ ਉਹ ਪਰਾਣੇ।

ਕਾਲਜ ਦੇ ਦਿਨ ਵੀ
ਭੁਲਾਇਆਂ ਨਹੀਂ ਭੁੱਲਦੇ।
ਮੌਜ, ਮਸਤੀ 'ਚ ਰਹਿਣਾ
ਕਲਾਸਾਂ ਘੱਟ ਲਾਈਏ।
ਕੈਨਟੀਨ ਤੇ ਗਰਾਊਂਡ 'ਚ
ਸਮਾਂ ਜਾਂਦੇ ਬਿਤਾਈਏ।
ਕਿਉਂ ਨਾ ਕਲਾਸਾਂ ਲਾਈਆਂ
ਬਾਹਰ ਆਣ ਪਛਤਾਈਏ।
ਯਾਦਾਂ ਬਣ ਰਹਿ ਗਏ
ਬੀਤੇ ਦਿਨ ਉਹ ਪੁਰਾਣੇ।

ਦਿਨ ਉਹ ਮੱਸਿਆਂ
ਮੇਲੇ ਤਿਓਹਾਰਾਂ ਵਾਲੇ।
ਗੁੱਸੇ ਗਿਲੇ, ਪਿਆਰ
ਤੇ ਕਰਾਰਾਂ ਵਾਲੇ।
ਬੜੀਆਂ ਸੀ ਰੌਣਕਾਂ
ਸਾਂਝੇ ਵੱਡੇ ਪਰਿਵਾਰ ਵਾਲੇ।
ਨਾਨੀ ਦਾਦੀ ਦੇ ਲਾਡ
ਤੇ ਮਲਾਰਾਂ ਵਾਲੇ।
ਯਾਦਾਂ ਬਣ ਰਹਿ ਗਏ
ਬੀਤੇ ਦਿਨ ਉਹ ਪੁਰਾਣੇ।

***-ਰਾਣਾ ਸੰਘੇੜਾ, ਤਲਵਣ***
***ਫੋਨ: 360-823-6927***

---

## ਪੈਸੇ ਦੀ ਖੇਡ

ਇਹ ਪੈਸੇ ਦੀ ਖੇਡ ਦੋਸਤੋ,
ਸਭ ਪੈਸੇ ਦੀ ਖੇਡ।
ਥਾਂ-ਥਾਂ ਡੇਰੇ ਖੋਲ੍ਹੀ ਬੈਠੇ,
ਜੋ ਨੇ ਬੰਦੇ ਭੇਡ।
ਇਹ ਪੈਸੇ ਦੀ ਖੇਡ ਦੋਸਤੋ...।

ਗੁਰੂ ਗ੍ਰੰਥ ਨੂੰ ਛੱਡ ਕੇ ਪਿੱਛੇ,
ਪੰਥ ਬਣਾ ਲਏ ਝੂਠੇ।
ਰੱਬ ਦੇ ਨਾਂ 'ਤੇ ਮੰਗਦੇ ਫਿਰਦੇ,
ਹੱਥ ਵਿਚ ਫੜ ਕੇ ਠੂਠੇ।
ਕੋਈ ਰਾਮ ਕੋਈ ਰਹੀਮ ਕਹਾਵੇ,
ਜੋ ਦੁਨੀਆ ਦੇ ਢੇਡ।
ਇਹ ਪੈਸੇ ਦੀ ਖੇਡ ਦੋਸਤੋ...।

ਇੱਜ਼ਤਾਂ ਦੇ ਨਾਲ ਖੇਡੀ ਜਾਂਦੇ,
ਗੱਲਾਂ ਕਰਦੇ ਪੁੱਠੀਆਂ,
ਦੇਸ਼ ਸਾਡੇ ਦੀ ਫਿਕਰ ਨਾ ਕੋਈ,
ਰਲ ਗਈਆਂ ਚੋਰਾਂ ਨਾਲ ਕੁੱਤੀਆਂ।
ਵੋਟਾਂ ਖਾਤਰ ਪਾ ਲੈਂਦੇ ਨੇ,
ਗਲ ਵਿਚ ਵੱਡੀ ਤੇਗ।
ਇਹ ਪੈਸੇ ਦੀ ਖੇਡ ਦੋਸਤੋ...।

ਹੁਣ ਦੁਨੀਆਂ ਨੇ ਭੁੱਲ ਗੁਰਬਾਣੀ,
ਪੈਸਾ ਪੀਰ ਬਣਾਇਆ।
ਬਾਬਰ ਪਾਪੀ ਇਸ ਦੁਨੀਆਂ 'ਤੇ,
ਮੁੜ ਕੇ ਡੇਰਾ ਲਾਇਆ।
ਨੀਟੇ ਪਿੰਡ ਮਾਛੀਕਿਆਂ ਵਾਲੇ,
ਇਹ ਗੱਲ ਨਾ ਸਮਝੀ ਝੇਡ।
ਇਹ ਪੈਸੇ ਦੀ ਖੇਡ ਦੋਸਤੋ,
ਇਹ ਪੈਸੇ ਦੀ ਖੇਡ।

***-ਨੀਟਾ ਮਾਛੀਕੇ, ਫਰਿਜਨੋ***
***ਫੋਨ: 559-333-5776***

# ਉਸਤਾਦ ਯਮਲਾ ਜੱਟ ਦੀ ਯਾਦ 'ਚ ਭਰਵਾਂ ਰਿਹਾ ਸਾਲਾਨਾ ਮੇਲਾ

**ਫਰਿਜ਼ਨੋ (ਬਿਊਰੋ):** ਪੰਜਾਬੀ ਗਾਇਕੀ ਦੇ ਬਾਬਾ ਬੋਹੜ ਤੇ ਤੂੰਬੀ ਦੇ ਬਾਦਸ਼ਾਹ ਗਾਇਕ ਉਸਤਾਦ ਲਾਲ ਚੰਦ ਯਮਲਾ ਜੱਟ ਦੀ ਯਾਦ ਵਿਚ ਕਰਮਨ ਸ਼ਹਿਰ ਵਿਚ ਕਰਵਾਏ ਗਏ 12ਵੇਂ ਸਾਲਾਨਾ ਮੇਲੇ ਦੌਰਾਨ ਵੱਖ ਵੱਖ ਗਾਇਕਾਂ ਨੇ ਆਪਣੀ ਗਾਇਕੀ ਦੇ ਨਮੂਨੇ ਪੇਸ਼ ਕਰਕੇ ਮਰਹੂਮ ਗਾਇਕ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਇਹ ਮੇਲਾ 'ਉਸਤਾਦ ਲਾਲ ਚੰਦ ਯਮਲਾ ਜੱਟ ਯਾਦਗਾਰੀ ਕਮੇਟੀ' ਅਤੇ ਯਮਲਾ ਜੱਟ ਦੇ ਸ਼ਾਗਿਰਦ ਰਾਜ ਬਰਾੜ (ਪ੍ਰਧਾਨ) ਦੇ ਉਦਮ ਨਾਲ ਕਰਵਾਇਆ ਗਿਆ।


ਪ੍ਰੋਗਰਾਮ ਦੇ ਸ਼ੁਰੂ ਵਿਚ ਮਰਹੂਮ ਗਾਇਕ ਯਮਲਾ ਜੱਟ ਦੀ ਤਸਵੀਰ 'ਤੇ ਫੁਲਾਂ ਦੇ ਹਾਰ ਪਾ ਕੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਉਨ੍ਹਾਂ ਦੇ ਨਾਲ ਮਰਹੂਮ ਗਾਇਕਾਂ ਨਰਿੰਦਰ ਬੀਬਾ, ਜਗਤ ਸਿੰਘ ਜੱਗਾ, ਹਰਭਜਨ ਹੀਰ ਅਤੇ ਅਮਰਜੀਤ ਗੁਰਦਾਸਪੁਰੀ ਨੂੰ ਵੀ ਯਾਦ ਕੀਤਾ ਗਿਆ। ਯਮਲਾ ਜੱਟ ਦੇ ਮਕਬੂਲ ਗੀਤਾਂ ਦੀਆਂ ਧੁਨਾਂ ਵਜਾ ਕੇ ਉਨ੍ਹਾਂ ਨੂੰ ਚੇਤੇ ਕੀਤਾ ਗਿਆ। ਕੁੜਤੇ, ਚਾਦਰੇ ਅਤੇ ਤੁਰਲੇ ਵਾਲੀ ਪੱਗ ਬੰਨੀਂ ਤੂੰਬੀ ਟਣਕਾਉਂਦੇ ਰਾਜ ਬਰਾੜ ਨੇ ਆਪਣੇ ਉਸਤਾਦ ਯਮਲਾ ਜੱਟ ਦੇ ਕਈ ਮਕਬੂਲ ਗੀਤ ਗਾ ਕੇ ਆਪਣੀ ਸ਼ਰਧਾ ਦੇ ਫੁੱਲ ਭੇਟ ਕੀਤੇ।

ਯਮਲਾ ਜੱਟ ਨੂੰ ਆਪਣਾ ਆਦਰਸ਼ ਮੰਨਣ ਵਾਲੇ ਨੌਜਵਾਨ ਗਾਇਕ ਪਵਨਜੋਤ ਯਮਲਾ ਨੇ ਯਮਲਾ ਜੱਟ ਦੀ ਸ਼ੈਲੀ ਵਿਚ ਨਵੇਂ-ਪੁਰਾਣੇ ਗੀਤਾਂ ਦੀ ਝੜੀ ਲਾ ਦਿਤੀ ਅਤੇ ਸਰੋਤਿਆਂ ਕੋਲੋਂ ਵੀ ਆਪਣੀਆਂ ਜੇਬਾਂ 'ਚੋਂ ਡਾਲਰ ਕੱਢਣੋਂ ਰਿਹਾ ਨਾ ਗਿਆ। ਪਵਨਜੋਤ ਖਾਸ ਤੌਰ 'ਤੇ ਟੋਰਾਂਟੋ, ਕੈਨੇਡਾ ਤੋਂ ਮੇਲੇ ਵਿਚ ਸ਼ਿਰਕਤ ਕਰਨ ਲਈ ਪਹੁੰਚਿਆ ਸੀ। ਲੋਕਾ ਨੇ ਵਾਰ ਵਾਰ ਫਰਮਾਇਸ਼ ਕਰਕੇ ਯਮਲੇ ਜੱਟ ਦੇ ਗੀਤ 'ਪਵਨ' ਤੋਂ ਸੁਣੇ। ਦਿਲਵੀਰ ਯਮਲਾ ਨੇ ਵੀ ਦੋ ਗੀਤਾਂ ਰਾਹੀਂ ਆਪਣੀ ਹਾਜ਼ਰੀ ਲਵਾ ਕੇ ਵਾਹ ਵਾਹ ਖੱਟੀ। ਪੰਜਾਬੀ ਗਾਇਕੀ ਦੇ ਉਭਰ ਰਹੇ ਨਵੇਂ ਸਿਤਾਰੇ ਗਗਨਦੀਪ ਸਿੱਧੂ ਨੇ ਵੀ ਆਪਣੀ ਨਵੀਂ ਐਲਬਮ 'ਜੰਨਤ' ਦੇ ਗੀਤਾਂ ਰਾਹੀਂ ਸਭ ਦਾ ਮੰਨੋਰੰਜਨ ਕੀਤਾ।

ਮੇਲੇ ਨੂੰ ਗਾਇਕੀ ਤੋਂ ਜ਼ਰਾ ਕੁ ਮੋੜ ਦਿੰਦਿਆਂ ਜੀ. ਐਚ. ਜੀ. ਡਾਂਸ ਐਂਡ ਸੰਗੀਤ ਅਕੈਡਮੀ ਦੇ ਬੱਚਿਆਂ ਨੇ ਗਿੱਧੇ ਅਤੇ ਭੰਗੜੇ ਦੇ ਜੌਹਰ ਵਿਖਾ ਕੇ ਮੇਲੇ ਨੂੰ ਇਕ ਵੱਖਰਾ ਰੰਗ ਦੇ ਦਿੱਤਾ। ਇਹ ਗਿੱਧੇ-ਭੰਗੜੇ ਦੀਆਂ ਆਈਟਮਾਂ ਪਰਮਜੀਤ ਧਾਲੀਵਾਲ (ਭੰਗੜਾ ਕੋਚ), ਉਦੈਦੀਪ ਬੱਧਨੀ ਕਲਾਂ ਅਤੇ ਇੰਟਰਨੈਸ਼ਨਲ ਭੰਗੜਾ ਕੋਚ ਸਗਨਦੀਪ ਕੌਰ ਧਾਲੀਵਾਲ ਵਲੋਂ ਤਿਆਰ ਕਰਵਾਈਆਂ ਗਈਆਂ ਸਨ। ਜੀ ਐਚ ਜੀ ਦੇ ਗੱਭਰੂਆਂ ਨੇ ਮਲਵੱਈ ਗਿੱਧੇ ਦੀ ਇਕ ਖੂਬਸੂਰਤ ਆਈਟਮ ਪੇਸ਼ ਕੀਤੀ।ਕਰਮਨ ਸ਼ਹਿਰ ਦੇ ਸਮਾਜ ਸੇਵੀ ਗੈਰੀ ਢੇਸੀ ਨੇ ਭੰਗੜਾ ਅਤੇ ਗਿੱਧਾ ਟੀਮਾਂ ਵਿਚ ਹਿੱਸਾ ਲੈਣ ਵਾਲੇ ਬੱਚਿਆਂ ਨੂੰ ਆਪਣੇ ਪਿਤਾ ਸਵਰਗੀ ਸਾਧੂ ਸਿੰਘ ਢੇਸੀ ਦੀ ਯਾਦ ਵਿਚ ਮੈਡਲ ਦੇ ਕੇ ਨਿਵਾਜਿਆ।

ਬੁਲੰਦ ਅਵਾਜ਼ ਦੇ ਮਾਲਕ ਅਮਨ ਸਿੱਧੂ ਨੇ ਆਪਣੇ ਦੋ ਗੀਤਾਂ ਰਾਹੀਂ ਲਾਲ ਚੰਦ ਯਮਲਾ ਜੱਟ ਨੂੰ ਸ਼ਰਧਾਂਜਲੀ ਭੇਟ ਕੀਤੀ। ਗਾਇਕ ਐਚ. ਐਸ. ਭਜਨ ਨੇ ਵੀ ਆਪਣੀ ਉਮਦਾ ਗਾਇਕੀ ਰਾਹੀਂ ਚੰਗਾ ਸਮਾਂ ਬੰਨਿਆ ਅਤੇ ਸਰੋਤਿਆਂ ਨੂੰ ਬੇਨਤੀ ਕੀਤੀ ਕਿ ਜੇ ਲੋਕ ਲੱਚਰ ਗੀਤ ਸੁਣਨੇ ਬੰਦ ਕਰ ਦੇਣ ਤਾਂ ਲੱਚਰ ਗਾਇਕਾਂ ਨੂੰ ਆਪੇ ਨੱਥ ਪੈ ਜਾਵੇਗੀ। ਪ੍ਰਬੰਧਕਾਂ ਨੇ ਉਸ ਦਾ ਵਿਸ਼ੇਸ਼ ਸਨਮਾਨ ਕੀਤਾ।

ਫੇਰ ਵਾਰੀ ਆਈ ਕਿਸੇ ਸਮੇਂ ਪੰਜਾਬੀ ਗਾਇਕੀ ਦੇ ਸੁਪਰ ਸਟਾਰ ਰਹੇ ਦਿਲਦਾਰ ਗਰੁਪ ਵਾਲੇ ਰਾਣੀ ਗਿੱਲ, ਅਵਤਾਰ ਗਰੇਵਾਲ, ਕਾਂਤਾ ਸਹੋਤਾ ਅਤੇ ਕਾਰਾ ਗਿੱਲ ਦੀ। ਗੇਰੂ ਰੰਗ ਵਿਚ ਰੰਗੇ ਕੁੜਤੇ ਚਾਦਰੇ ਪਹਿਨੀ ਗੱਭਰੂਆਂ ਨੇ ਮੇਲੇ ਵਿਚ ਗਾਇਕੀ ਦੇ ਐਸੇ ਰੰਗ ਬਿਖੇਰੇ ਕਿ ਲੋਕ ਅਸ਼ ਅਸ਼ ਕਰ ਉਠੇ। ਉਨ੍ਹਾਂ ਆਪਣੇ ਨਵੇਂ ਪੁਰਾਣੇ ਗੀਤਾਂ ਦੀ ਛਹਿਬਰ ਹੀ ਲਾਈ ਰੱਖੀ। ਅੰਤ ਵਿਚ ਬੋਲੀਆਂ ਪਾਉਂਦਿਆਂ ਲੋਕ ਕਲਾਕਾਰਾਂ ਨੇ ਗਾਇਕੀ ਦੇ ਇਸ ਖੁਲ੍ਹੇ ਅਖਾੜੇ ਨੂੰ ਸਿਖਰ 'ਤੇ ਪਹੁੰਚਾ ਦਿੱਤਾ।




ਇਸ ਮੌਕੇ ਪੰਜਾਬੀ ਲੇਖਕ ਸ. ਜਗਤਾਰ ਸਿੰਘ ਗਿੱਲ (ਪੁਰਾਣੇਵਾਲ) ਦੀ ਪੰਜਾਬੀ ਗਾਇਕਾਂ ਬਾਰੇ ਪੁਸਤਕ 'ਗਗਨ ਦੇ ਤਾਰੇ' ਦੀ ਘੁੰਡ ਚੁਕਾਈ ਵੀ ਮੇਲੇ 'ਤੇ ਕੀਤੀ ਗਈ। ਉਨ੍ਹਾਂ ਪ੍ਰਬੰਧਕਾਂ ਨੂੰ ਮੇਲੇ ਲਈ ਵਧਾਈਆਂ ਦਿੰਦਿਆਂ ਮਿਆਰੀ ਤੇ ਸਾਫ ਸੁਥਰੀ ਗਾਇਕੀ ਨੂੰ ਉਤਸ਼ਾਹਤ ਕਰਨ ਦੀ ਸਲਾਹ ਦਿੱਤੀ ਤਾਂ ਜੋ ਲੱਚਰ ਗਾਇਕੀ ਨੂੰ ਨਿਰਉਤਸ਼ਾਹਤ ਕੀਤਾ ਜਾ ਸਕੇ। ਪ੍ਰਬੰਧਕਾਂ ਵੱਲੋਂ ਉਨ੍ਹਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਗਿੱਲ ਇੰਸ਼ੋਰੈਂਸ ਵਾਲੇ ਹੈਰੀ ਗਿੱਲ, ਪੰਜਾਬ ਐਂਟਰਟੇਨਮੈਂਟ ਕਲਚਰ ਐਂਡ ਸਪੋਰਟਸ ਕਲੱਬ ਦੇ ਮੈਂਬਰਾਂ, ਸ਼੍ਰੋਮਣੀ ਅਕਾਲੀ ਦਲ ਦੇ ਕੁਝ ਆਗੂਆਂ ਅਤੇ ਸਾਹਿਤਕ ਸ਼ਖਸੀਅਤ ਸੰਤੋਖ ਮਿਨਹਾਸ ਨੇ ਵੀ ਮਰਹੂਮ ਗਾਇਕ ਲਾਲ ਚੰਦ ਯਮਲਾ ਜੱਟ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਰੇਡੀਓ ਹੋਸਟ ਗੁਰਦੀਪ ਸ਼ੇਰਗਿੱਲ ਨੇ ਪ੍ਰਬੰਧਕਾਂ ਨੂੰ ਮੇਲੇ ਦੀ ਸਫਲਤਾ 'ਤੇ ਵਧਾਈ ਦਿੱਤੀ। ਮੰਚ ਸੰਚਾਲਨ ਕੁਲਵੰਤ ਧਾਲੀਆਂ ਅਤੇ ਨੀਟਾ ਮਾਛੀਕੇ ਨੇ ਕੀਤਾ। ਉਨ੍ਹਾਂ ਦਾ ਸਾਥ ਉੱਘੇ ਲੇਖਕ ਜਗਤਾਰ ਗਿੱਲ ਨੇ ਵੀ ਦਿੱਤਾ।

ਇਸ ਮੇਲੇ ਦੀ ਆਰਥਿਕ ਮੱਦਦ ਕਰਨ ਵਾਲਿਆਂ ਵਿਚ ਚਰਨਜੀਤ ਸਿੰਘ ਬਾਠ, ਹੈਰੀ ਗਿੱਲ (ਚੇਅਰਮੈਨ ਅਕਾਲੀ ਦਲ ਬਾਦਲ), ਪੰਜਾਬ ਐਂਟਰਟੇਨਮੈਂਟ ਅਤੇ ਕਲਚਰਲ ਕਲੱਬ (ਯੂਥ ਅਕਾਲੀ ਦਲ ਬਾਦਲ), ਸ. ਨਾਜਰ ਸਿੰਘ ਸਹੋਤਾ, ਹਾਕਮ ਸਿੰਘ ਢਿਲੋਂ (ਫਾਰਮਰਜ਼ ਇੰਸ਼ੋਰੈਂਸ), ਡਾ. ਪਿਆਰਾ ਸਿੰਘ ਪੰਨੂ, ਦਿਲਬਾਗ ਸਿੰਘ ਪੰਨੂ, ਬਲਵੰਤ ਸਿੰਘ (ਸਟੈਂਡਰਡ ਸਵੀਟ), ਕੁਲਦੀਪ ਸਿੰਘ ਖਹਿਰਾ, ਨੀਟਾ ਮਾਛੀਕੇ, ਤਰਲੋਚਨ ਸਿੰਘ (ਸਟਾਪ ਐਂਡ ਕੁਇਕ), ਟੁੱਟ ਬ੍ਰਦਰਜ਼, ਇੰਦਰਜੀਤ ਸਿੰਘ, ਜੋਸਨ ਐਂਡ ਜੋਸਨ ਕਾਰਪੋਰੇਸ਼ਨ, ਹਰਜਿੰਦਰ ਸੀਨਾ, ਦੀਪਾ ਚੌਹਾਨ (ਬੁਲਡੋਗ ਟਰੱਕਿੰਗ), ਟੋਨੀ ਥਾਂਦੀ (ਟਰਾਈਅਸ ਟਰੱਕਿੰਗ), ਬੀ ਜੇ ਐਂਡ ਫੂਡ, ਨਿਊ ਇੰਡੀਆ ਸਵੀਟਸ, ਨੇਕੀ ਸੰਘੇੜਾ, ਰਾਜ ਬਰਾੜ ਵੈਰੋਕੇ, ਰਾਜਪਾਲ ਸੰਧੂ, ਗੁਰਪਾਲ ਨਾਗਰਾ, ਕਰੀ ਹਾਊਸ, ਗੁਰਵਿੰਦਰ ਭੱਟੀ, ਹਰਜੀਤ ਸਿੰਘ, ਜਗਜੀਤ ਜੱਸੀ, ਕਰਮ ਬੰਗੜ, ਬਲਵਿੰਦਰ ਸੰਧੂ, ਸੁਖੀ ਚਾਹਲ, ਸਰਬਜੀਤ ਸਿੰਘ, ਗੁਰਦੀਪ ਸਿੰਘ, ਕੋਰ ਬਰਾੜ, ਸੰਤੋਖ ਢਿੱਲੋਂ, ਹਿੰਮਤ ਸਿੰਘ, ਰਾਣਾ ਪ੍ਰਾਪਰਟੀਜ਼, ਬੈਰਿਗ ਕਾਰਪੋਰੇਸ਼ਨ, ਕਮਲਜੀਤ ਸਿੰਘ, ਪਾਲ ਸਹੋਤਾ (ਇੰਡੀਅਨ ਓਵਰਸੀਜ਼ ਕਾਂਗਰਸ ਦੇ ਪ੍ਰਧਾਨ), ਗੁਰਭੈਅ ਬਰਾੜ, ਹਰਜਿੰਦਰ ਢਿੱਲੋਂ, ਇੰਦਰਪਾਲ ਗਿੱਲ, ਮਨਜੀਤ ਮਕੈਨਿਕ, ਸੀਤਲ ਰਾਜਸਥਾਨੀ, ਸਕੱਤਰ ਸਮਰਾ, ਅਮਨਦੀਪ ਸਿੰਘ, ਨੀਟੂ ਬਡਿਆਲ, ਸੁਖਦੇਵ ਸਿੰਘ (ਸ਼ਾਨੇ ਪੰਜਾਬ), ਸੰਧੂ (ਅਸ਼ੋਕਾ ਰੈਸਟੋਰੈਂਟ), ਜਸਪਾਲ ਸਿੰਘ ਬਿਲਾਸਪੁਰ, ਗੁਰਬਖਸ਼ ਢਿੱਲੋ, ਇਕਬਾਲ ਬਰਾੜ, ਦਰਸ਼ਨ ਬਰਾੜ, ਦੇਵ ਗਰੇਵਾਲ, ਬੰਸੀ ਲਾਲ ਬੰਗੜ, ਰਾਣਾ ਗਿੱਲ, ਅਜੀਤ ਬਦੇਸਾ, ਗਿਆਨ ਸਿੰਘ ਰੱਕੜ ਅਤੇ ਤੇਜ ਸੰਧੂ ਸ਼ਾਮਲ ਸਨ।

ਕੁਝ ਸ਼ਖਸੀਅਤਾਂ-ਸੁੱਖੀ ਹੇਅਰ, ਬਲਰਾਜ ਬਰਾੜ, ਗੁੱਡੀ ਸਿੱਧੂ, ਜਸਵੰਤ ਮਹਿਮੀ, ਸੰਤੋਖ ਮਿਨਹਾਸ, ਦਿਲਬਾਗ ਬੰਗੜ, ਹਰਜਿੰਦਰ ਕੰਗ, ਦਲਵੀਰ ਸਿੰਘ ਢਿੱਲੋਂ, ਕੇਵਲ ਸਿੰਘ ਬਾਸੀ, ਡਾ. ਜੋਸਨ, ਡਾ. ਗੁਰਦਾਵਰ ਸਿੰਘ ਧਾਲੀਵਾਲ, ਗੁਰਦੀਪ ਸ਼ੇਰਗਿੱਲ ਅਤੇ ਕੇ. ਵੀ. ਬਰਾੜ ਤੋਂ ਇਲਾਵਾ ਪੱਤਰਕਾਰ ਜਗਜੀਤ ਸਿੰਘ ਖਿੰਦ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ। ਮੇਲੇ ਦੀ ਫੋਟੋਗ੍ਰਾਫੀ ਅਤੇ ਵੀਡੀਉ ਸੇਵਾ ਓਮਨੀ ਵੀਡੀਓ ਬੇਕਰਜ਼ਫੀਲਡ ਦੇ ਸ. ਸ਼ਿਆਰਾ ਸਿੰਘ ਢੀਂਡਸਾ ਨੇ ਕੀਤੀ। ਮੇਲੇ ਦੌਰਾਨ ਮੁਫਤ ਚਾਹ-ਪਾਣੀ, ਪਕੌੜੇ, ਤਾਜ਼ਾ ਜਲੇਬੀਆਂ ਤੇ ਹੋਰ ਲੰਗਰ ਲਗਾਤਾਰ ਵਰਤੀਂਦੇ ਰਹੇ।

*(ਤਸਵੀਰਾਂ ਅਗਲੇ ਸਫੇ 'ਤੇ ਦੇਖੋ)*



ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25 3,000 Minutes
$50 • $100 Available
✓ ਵਧੀਆ, ਸਾਫ਼ ਆਵਾਜ਼
✓ ਘਰੋਂ, ਸੈਲ ਫੋਨ ਤੋਂ ਵਰਤੋ
✓ ਇਕ ਮਿੰਟ ਗੱਲ, ਇਕ ਮਿੰਟ ਦੇ ਪੈਸੇ
✓ ਮਿੰਟ ਤੁਹਾਡੇ ਵਰਤਿਆਂ ਹੀ ਖਤਮ ਹੋਣਗੇ
ਸਾਨੂੰ ਗਾਹਕ ਭੇਜੋ ਤੇ ਫਰੀ ਮਿੰਟ ਲਵੋ!
ਇਕੋ ਡੀਲ ਤੇ ਦੋ ਨੰਬਰ ਕੱਠੇ ਚੱਲ ਸਕਦੇ ਹਨ।
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
Limited Time Offer. Restrictions & Fees Apply.
800-914-1013 • 408-726-6103

**Noble Dental Care**
Family and Cosmetic Dentistry

Shital Shah, DDS
ਸਪੈਸ਼ਲ ਆਫਰ Special Offer
$50 Dental X-Rays, Examination Consultation and Cleaning (Cash Patients Only)* *Conditions Apply
Up to 50% off Cash Patients. Senior and Student Discounts
*Tooth Colored Fillings
*Gum Treatment
*Teeth Whitening
*Crowns and Bridges
*Full and Partial Dentures
*Porcelain Veneers
*Extraction
*Root Canals
*Night Guards
*Dentistry for Children
*ਸੀਨੀਅਰ ਅਤੇ ਸਟੂਡੈਂਟ ਡਿਸਕਾਊਂਟ
*ਦੰਦਾਂ ਦੇ ਰੰਗ ਨਾਲ ਮਿਲਦੀ ਫਿਲਿੰਗ
*ਮਸੂੜਿਆਂ ਦਾ ਇਲਾਜ
*ਦੰਦ ਚਿੱਟੇ ਕਰਨਾ
*ਕਰਾਊਨ ਤੇ ਬ੍ਰਿਜ
ਵਿਆਜ ਰਹਿਤ ਪੇਮੈਂਟ ਪਲੈਨ
Invisalign

Starting at $2,950*
*Limitided time offer may end without notice. Restrictions apply. Not valid with any other offer.
Emergency Patients Welcome
Evening/Saturday Appointments Available
*State of the Art Dental Technology*
*Most Dental PPO Plans Accepted*
*Interest Free Payment Plans Available*
Ph:510-493-2130
www.1nobledentalcare.com
34603 Alvarado Niles Rd., Union City, CA (Alvarado Niles & Decoto Rd., Behind Taco Bell)

**The Anu Attorney Immigration Law Firm**
**Law offices of Anu Peshawaria**
*Green Card *Family Immigration *Employment/Investor Visa *Citizenship *Litigation & Deportation *Defense *Appeals *BIA & Ninth Circuit Court
*Bankruptcy Consultation and Filing

Visa: Students, Athletes, Musicians, Journalists, Nurses, Teachers, Cooks, Religious & other professionals
*Woman of the year award 1991 – India*
*US acclaimed extraordinary ability*
*Awarded for outstanding community service*
*Anu Peshawaria*
*Attorney at Law*
*Licensed to practice Immigration & Bankruptcy in all 50 states.*
More than 20 year experience in US immigration & Indian law
ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ
Weekends & Evening Appointments Available
Call:1-866-586-6297, 510-353-0102
46560 Fremont Blvd., STE#205, Fremont, CA 94538
anu@anuattorney.com www.anuattorney.com

# ਕਰਮਨ 'ਚ 12ਵਾਂ ਲਾਲ ਚੰਦ ਯਮਲਾ ਜੱਟ ਮੇਲਾ


## ਤਸਵੀਰਾਂ ਦੀ ਜ਼ੁਬਾਨੀ



ਫੋਟੋ ਅਤੇ ਵੀਡੀਓ: ਉਮਨੀ ਵੀਡੀਓ, ਬੇਕਰਸ਼ਫੀਲਡ। ਪ੍ਰਧਾਨ: ਰਾਜਿੰਦਰ ਸਿੰਘ ਬਰਾੜ ਯਮਲਾ ਡਿਜ਼ਾਇਨ: ਧਾਲੀਆਂ ਅਤੇ ਮਾਛੀਕੇ ਮੀਡੀਆਂ ਫਰਿਜ਼ਨੋ।

# ਇੰਡੋ-ਅਮਰੀਕਨ ਕਲਚਰਲ ਆਰਗੇਨਾਈਜੇਸ਼ਨ ਨੇ ਲਾਇਆ ਗਦਰੀ ਮੇਲਾ

## ਇਤਿਹਾਸ ਦੇ ਸਹੀ ਪ੍ਰਸੰਗਾਂ ਬਾਰੇ ਤੁਰੀਆਂ ਗੱਲਾਂ





**ਸੈਕਰਾਮੈਂਟੋ (ਬਿਊਰੋ):** ਇੰਡੋ-ਅਮਰੀਕਨ ਕਲਚਰਲ ਆਰਗੇਨਾਈਜੇਸ਼ਨ, ਸੈਕਰਾਮੈਂਟੋ ਵੱਲੋਂ ਕਰਵਾਏ ਗਏ ਗਦਰੀ ਬਾਬਿਆਂ ਦੇ ਮੇਲੇ ਵਿਚ ਲੋਕਾਂ ਨੇ ਭਰਵੀਂ ਸ਼ਿਰਕਤ ਕਰ ਕੇ ਗਦਰੀ ਬਾਬਿਆਂ ਨੂੰ ਸ਼ਰਧਾਂਜਲੀ ਭੇਟ ਕੀਤੀ। ਮੇਲਾ ਅਰੰਭ ਹੋਣ ਤੋਂ ਪਹਿਲਾਂ ਇਥੇ ਡਾਊਨ ਟਾਊਨ ਦੇ ਕਬਰਿਸਤਾਨ ਵਿਚ ਭਾਰਤ ਦੀ ਆਜ਼ਾਦੀ ਦੇ ਮਹਾਨ ਘੁਲਾਟੀਏ ਮੌਲਵੀ ਮੁਹੰਮਦ ਬਰਕਤ ਉਲਾ (ਜੋ ਕਾਬਲ ਵਿਚ ਬਣੀ ਪਹਿਲੀ ਜਲਾਵਤਨ ਸਰਕਾਰ ਦੇ ਉਪ ਪ੍ਰਧਾਨ ਸਨ) ਦੀ ਮਜ਼ਾਰ 'ਤੇ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ।









ਇਸ ਮੌਕੇ ਲੋਕਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਕਰਮਜੀਤ ਸਿੰਘ ਕੰਗ, ਜਗਦੀਸ਼ ਖੰਘੂੜਾ ਅਤੇ ਕਸ਼ਮੀਰ ਸਿੰਘ ਕਾਂਗਣਾ ਨੇ ਮੌਲਵੀ ਮੁਹੰਮਦ ਬਰਕਤ ਉਲਾ ਦੇ ਜੀਵਨ ਅਤੇ ਦੇਸ਼ ਦੀ ਆਜ਼ਾਦੀ ਵਿਚ ਪਾਏ ਯੋਗਦਾਨ 'ਤੇ ਚਾਨਣਾ ਪਾਇਆ। ਉਨ੍ਹਾਂ ਕੁਝ ਫਿਰਕਾਪ੍ਰਸਤ ਬੁੱਧੀਜੀਵੀਆਂ ਵੱਲੋਂ ਗਦਰ ਬਾਰੇ ਪਾਏ ਜਾ ਰਹੇ ਭੁਲੇਖਿਆਂ ਨੂੰ ਝੁਠਲਾਉਣ ਲਈ ਲਿਖਤੀ ਸਬੂਤਾਂ ਦੀਆਂ ਕਾਪੀਆਂ ਵੀ ਦਿਖਾਈਆਂ।

ਮੇਲੇ ਦਾ ਮੁੱਖ ਸਮਾਗਮ ਇਥੇ ਐਸ. ਈ. ਐਸ. ਹਾਲ ਵਿਚ ਹੋਇਆ ਜਿਥੇ ਗਦਰੀ ਬਾਬਿਆਂ ਦੇ ਦੋ ਕਾਟਵੀਆਂ ਤਲਵਾਰਾਂ ਵਾਲਾ ਝੰਡਾ ਗਦਰੀ ਬਾਬਾ ਕਰਤਾਰ ਸਿੰਘ ਦੁੱਕੀ ਲਤਾਲਾ ਦੇ ਪੋਤੇ ਜਗਦੀਸ਼ ਖੰਗੂੜਾ ਨੇ ਲਹਿਰਾਇਆ। ਆਜ਼ਾਦੀ ਸੰਗਰਾਮੀਏ ਦੇਵਾ ਸਿੰਘ ਧੂਤ ਦੇ ਪੁੱਤਰ ਦਲਵਿੰਦਰ ਸਿੰਘ ਧੂਤ ਨੇ ਹਵਾ ਵਿਚ ਰੰਗ-ਬਰੰਗੇ ਗੁਬਾਰੇ ਛੱਡ ਕੇ ਮੇਲੇ ਦਾ ਰਸਮੀ ਅਰੰਭ ਕੀਤਾ। ਆਪਣੇ ਸੰਖੇਪ ਭਾਸ਼ਣ ਵਿਚ ਉਨ੍ਹਾਂ ਝੰਡੇ ਦੀ ਮਹਾਨਤਾ ਬਾਰੇ ਦੱਸਿਆ ਅਤੇ ਦੇਸ਼ ਦੇ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਕੌਡੀਆਂ ਘੱਟੇ ਰਲਾਉਣ ਬਾਰੇ ਕੁਝ ਬੁੱਧੀਜੀਵੀਆਂ ਵੱਲੋਂ ਕੀਤੇ ਜਾ ਰਹੇ ਯਤਨਾਂ ਦਾ ਨੋਟਿਸ ਲੈਂਦਿਆਂ ਉਨ੍ਹਾਂ ਦੇ 'ਕੁਚਾਲਿਆਂ' ਦੀ ਨਿੰਦਾ ਕੀਤੀ। ਕਸ਼ਮੀਰ ਸਿੰਘ ਕਾਂਗਣਾ ਨੇ ਗਦਰੀ ਬਾਬਿਆਂ ਦੀ ਮੁੱਢਲੀ ਜਥੇਬੰਦੀ ਦੇ ਨਿਯਮਾਂ ਤੇ ਉਪ-ਨਿਯਮਾਂ ਦੀਆਂ ਫੋਟੋ ਕਾਪੀਆਂ ਦਿਖਾਈਆਂ। ਉਨ੍ਹਾਂ ਅਗਲੇ ਸਾਲ ਗਦਰ ਲਹਿਰ ਦੀ ਮਨਾਈ ਜਾ ਰਹੀ ਸ਼ਤਾਬਦੀ ਦੇ ਜਸ਼ਨਾਂ ਵਿਚ ਸਭ ਲੋਕਾਂ ਨੂੰ ਸ਼ਮੂਲੀਅਤ ਦਾ ਸੱਦਾ ਦਿੰਦਿਆਂ ਆਖਿਆ ਕਿ ਸਾਨੂੰ ਇਹ ਸ਼ਤਾਬਦੀ ਰਲ ਮਿਲ ਕੇ ਮਨਾਉਣੀ ਚਾਹੀਦੀ ਹੈ। ਇਸ ਤੋਂ ਬਾਅਦ ਮੇਲੇ ਦੀ ਕਾਰਵਾਈ ਅੱਗੇ ਤੋਰਨ ਲਈ ਜਥੇਬੰਦੀ ਦੇ ਪ੍ਰਧਾਨ ਸੁਰਿੰਦਰ ਬਿੰਦਰਾ ਨੇ ਸਕੱਤਰ ਨੂੰ ਸੱਦਾ ਦਿੱਤਾ।

ਮੇਲੇ ਨੂੰ ਸੰਗੀਤਕ ਰੁਖ ਦਿੰਦਿਆਂ ਗੁਰਨਾਮ ਸਿੰਘ ਭੰਡਾਲ ਦੇ ਢਾਡੀ ਜਥੇ ਨੇ ਗਦਰੀ ਬਾਬਿਆਂ ਦੀਆਂ ਵਾਰਾਂ ਗਾ ਕੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਜਥੇਬੰਦੀ ਦੇ ਮੈਂਬਰ ਸੁਰਿੰਦਰ ਸਿੰਘ ਨੇ 'ਗਦਰ ਦੀਆਂ ਗੂੰਜਾਂ' ਵਿਚੋਂ ਇਕ ਕਵਿਤਾ ਤਰੰਨੁਮ 'ਚ ਗਾਈ। ਬੇਅ-ਏਰੀਆ ਤੋਂ ਜਥਾ ਬੰਨ੍ਹ ਕੇ ਆਈ ਨਾਮਧਾਰੀ ਸੰਗਤ ਨੂੰ ਸਟੇਜ 'ਤੇ ਸੱਦ ਕੇ ਜਥੇਬੰਦੀ ਦੇ ਆਗੂਆਂ, ਸਕੱਤਰ ਬਲਜਿੰਦਰ ਭੱਟੀ ਤੇ ਜਰਨੈਲ ਸਿੰਘ ਸਰਪੰਚ ਨੇ ਉਨ੍ਹਾਂ ਦਾ ਸਨਮਾਨ ਕੀਤਾ। ਦਲਵਿੰਦਰ ਸਿੰਘ ਨੇ ਕੂਕਾ ਲਹਿਰ ਤੇ ਮਲੇਰਕੋਟਲੇ ਦੇ ਸ਼ਹੀਦਾਂ ਬਾਰੇ ਕਵਿਤਾ ਸੁਣਾਈ। ਬੀਬੀ ਮਹਿੰਦਰ ਕੌਰ ਤੇ ਬਲਬਿੰਦਰ ਸਿੰਘ ਯੂ.ਕੇ. ਨਿਵਾਸੀ ਨੇ ਵਿਚਾਰ ਪੇਸ਼ ਕੀਤੇ। ਨਾਮਧਾਰੀ ਸੰਗਤ ਨੇ ਜਥੇਬੰਦੀ ਦੀ ਮਾਇਕ ਸਹਾਇਤਾ ਵੀ ਕੀਤੀ।

ਗਦਰੀ ਕਰਤਾਰ ਸਿੰਘ ਦੁੱਕੀ ਦੇ ਪੋਤਰੇ ਜਗਦੀਸ਼ ਸਿੰਘ ਖੰਘੂੜਾ ਦਾ ਸਨਮਾਨ ਦਲਵਿੰਦਰ ਸਿੰਘ ਧੂਤ ਤੇ ਜਥੇਬੰਦੀ ਦੀ ਸਮੁੱਚੀ ਟੀਮ ਨੇ ਕੀਤਾ ਅਤੇ ਉਨ੍ਹਾਂ ਨੂੰ ਸਨਮਾਨ ਚਿੰਨ੍ਹ ਭੇਟ ਕੀਤਾ। ਡਾ. ਯਾਦਵਿੰਦਰ ਸਿੰਘ ਕੰਗ (ਪੁੱਤਰ ਕਰਮਜੀਤ ਸਿੰਘ ਕੰਗ ਜੋ ਜਗਜੀਤ ਸਿੰਘ ਬਾਗੀ ਦਾ ਪੁੱਤਰ ਹੈ) ਦਾ ਵੀ ਸਨਮਾਨ ਕੀਤਾ ਗਿਆ। ਪ੍ਰਸਿੱਧ ਗਦਰੀ ਸੂਰਮੇ ਸੰਤ ਵਿਸਾਖਾ ਸਿੰਘ (ਸੰਸਥਾਪਕ ਗੁਰੂਘਰ ਸਟਾਕਟਨ) ਦੇ ਪਰਿਵਾਰ ਵਿਚੋਂ ਭਰਪੂਰ ਸਿੰਘ ਫਰਿਜ਼ਨੋ, ਸ. ਅਮਰੀਕ ਸਿੰਘ ਬੇਕਰਜ਼ਫੀਲਡ ਅਤੇ ਉਨ੍ਹਾਂ ਦੇ ਪਰਿਵਾਰ ਦਾ ਵੀ ਕਮੇਟੀ ਨੇ ਸਨਮਾਨ ਕੀਤਾ।



ਜ਼ਿਕਰਯੋਗ ਕਿ ਜਥੇਬੰਦੀ ਨੇ 12 ਸਾਲ ਤੋਂ ਸ਼ਹੀਦਾਂ ਦੇ ਪਰਿਵਾਰਾਂ ਦਾ ਸਨਮਾਨ ਕਰਨ ਦਾ ਕਾਰਜ ਅਰੰਭਿਆ ਹੋਇਆ ਹੈ ਜੋ ਹਰ ਸਾਲ ਕੀਤਾ ਜਾਂਦਾ ਹੈ। ਦੂਜੇ ਲਾਹੌਰ ਸਾਜ਼ਿਸ਼ ਕੇਸ ਦੇ ਸੂਰਮੇ ਭਾਈ ਕਪੂਰ ਸਿੰਘ ਕੌਂਕੇ ਦੇ ਪੁੱਤਰ ਅਰਜੀਤ ਸਿੰਘ ਅਤੇ ਉਨ੍ਹਾਂ ਦੀਆਂ ਬੇਟੀਆਂ ਵੀ ਸਟੇਜ 'ਤੇ ਹਾਜ਼ਰ ਸਨ। ਡਾ. ਓਂਕਾਰ ਸਿੰਘ ਬਿੰਦਰਾ, ਜਿਨ੍ਹਾਂ ਦੀ ਕਈ ਸਾਲਾਂ ਦੀ ਘਾਲਣਾ ਪਿੱਛੋਂ ਕੈਲੀਫੋਰਨੀਆ ਵਿਚ ਉਹ ਬਿੱਲ ਪਾਸ ਹੋਇਆ ਜਿਸ ਤਹਿਤ ਸਟੇਟ ਵਿਚ ਹੋਰ ਧਰਮਾਂ ਵਾਂਗ ਸਿੱਖ ਧਰਮ ਬਾਰੇ ਜਾਣਕਾਰੀ, ਸਕੂਲੀ ਸਿਲੇਬਸ ਵਿਚ ਦਿੱਤੀ ਜਾਵੇਗੀ, ਦਾ ਇਸ ਉਦਮ ਲਈ ਸਨਮਾਨ ਕੀਤਾ ਗਿਆ।

ਗਿਆਨ ਸਿੰਘ ਬਿਲਗਾ ਨੇ ਕੂਕਾ ਲਹਿਰ ਅਤੇ ਬਾਬਾ ਵਿਸਾਖਾ ਸਿੰਘ ਦੇ ਜੀਵਨ 'ਤੇ ਚਾਨਣਾ ਪਾਉਂਦਿਆਂ ਬੁੱਧੀਜੀਵੀਆਂ ਨੂੰ ਸੱਦਾ ਦਿੱਤਾ ਕਿ ਉਹ ਗਦਰ ਲਹਿਰ ਦੇ ਇਤਿਹਾਸ ਨੂੰ ਸਹੀ ਪ੍ਰਸੰਗ ਵਿਚ ਵਿਚਾਰਨ। ਇਸ ਲਹਿਰ ਦੀ ਧਰਮਨਿਰਪੱਖ ਦਿੱਖ ਵਿਗਾੜਨ ਤੋਂ ਸੰਕੋਚ ਕੀਤਾ ਜਾਵੇ। ਸਮਿਤਰ ਸਿੰਘ ਉਪਲ ਨੇ ਵੀ ਜਥੇਬੰਦੀ ਦੇ ਕਾਰਜਾਂ ਨੂੰ ਹੋਰ ਸਚਾਰੂ ਰੂਪ ਵਿਚ ਚਾਲੂ ਰੱਖਣ ਦਾ ਸੁਨੇਹਾ ਦਿੱਤਾ ਅਤੇ ਬਾਬਾ ਨਜ਼ਮੀ ਦੀ ਕਵਿਤਾ ਦੀਆਂ ਇਨ੍ਹਾਂ ਸਤਰਾਂ ਨਾਲ ਗਦਰ ਲਹਿਰ ਦੇ ਇਤਿਹਾਸ ਨੂੰ ਗਲਤ ਰੰਗ ਵਿਚ ਪੇਸ਼ ਕਰਨ ਵਾਲੇ ਬੁੱਧੀਜੀਵੀਆਂ ਉਤੇ ਟਕੋਰ ਕੀਤੀ,

ਸ਼ੀਸ਼ੇ ਉਤੇ ਧੂੜਾਂ ਜੰਮੀਆਂ<br>
ਕੰਧਾਂ ਝਾੜੀ ਜਾਂਦੇ ਨੇ,<br>
ਜਿਲਦਾਂ ਸਾਂਭ ਰਹੇ ਨੇ ਝੱਲੇ,<br>
ਵਰਕੇ ਪਾੜੀ ਜਾਂਦੇ ਨੇ...।

ਸ਼ੰਗਾਰਾ ਸਿੰਘ ਬੋਪਾਰਾਏ ਨੇ ਪੰਜਾਬ ਦੇ ਹਾਲਾਤ ਬਾਰੇ ਚਾਨਣਾ ਪਾਉਂਦਿਆਂ ਗਦਰੀਆਂ ਦੇ ਸੁਪਨਿਆਂ ਦਾ ਜ਼ਿਕਰ ਕੀਤਾ। ਨਾਪਾ ਦੇ ਪ੍ਰਧਾਨ ਦਲਵਿੰਦਰ ਸਿੰਘ ਧੂਤ ਨੇ ਲੋਕਾਂ ਨੂੰ ਦੇਸ਼ ਭਗਤੀ ਦਾ ਸੁਨੇਹਾ ਦਿੰਦਿਆਂ ਅਜਿਹੇ ਮੇਲਿਆਂ ਵਿਚ ਹਾਜ਼ਰੀ ਭਰਨ ਲਈ ਕਿਹਾ। ਜਥੇਬੰਦੀ ਦੇ ਪ੍ਰਧਾਨ ਸੁਰਿੰਦਰ ਬਿੰਦਰਾ ਨੇ ਜਥੇਬੰਦੀ ਵੱਲੋਂ ਕੀਤੇ ਕਾਰਜਾਂ ਬਾਰੇ ਦੱਸਿਆ ਅਤੇ ਇਤਿਹਾਸ ਦੀ ਸੰਭਾਲ ਲਈ ਹਰ ਕੁਰਬਾਨੀ ਕਰਨ ਦਾ ਵਾਅਦਾ ਕੀਤਾ। ਉਨ੍ਹਾਂ ਕਿਹਾ ਕਿ ਇੰਡੋ-ਅਮਰੀਕਨ ਕਲਚਰਲ ਆਰਗੇਨਾਈਜੇਸ਼ਨ ਹੀ ਅਜਿਹੀ ਜਥੇਬੰਦੀ ਹੈ ਜਿਸ ਨੇ ਕੈਲੀਫੋਰਨੀਆ ਦੀ ਧਰਤੀ 'ਤੇ ਗਦਰੀ ਬਾਬਿਆਂ ਦੇ ਇਤਿਹਾਸ ਨੂੰ ਸਹੀ ਸੇਧ ਵਿਚ ਸੰਭਾਲਣ ਦੇ ਯਤਨ ਕੀਤੇ ਹਨ।

ਗੀਤ-ਸੰਗੀਤ ਦੇ ਪ੍ਰੋਗਰਾਮ ਦੌਰਾਨ ਜੀਵਨ ਰੱਤੂ, ਦਲਵੀਰ ਸਿੰਘ ਬੇਕਰਜ਼ਫੀਲਡ ਅਤੇ ਜੀਤਾ ਗਿੱਲ ਨੇ ਦੇਸ਼ ਭਗਤੀ ਦੇ ਗੀਤਾਂ ਨਾਲ ਸਰੋਤਿਆਂ ਨੂੰ ਕੀਲੀ ਰੱਖਿਆ। ਪੂਨਮ ਮਲਹੋਤਰਾ ਨੇ ਸੁਰੀਲੀ ਆਵਾਜ਼ ਵਿਚ ਪੰਜਾਬ ਦੇ ਅਮੀਰ ਸੱਭਿਆਚਾਰ ਦਾ ਗੀਤ ਪੇਸ਼ ਕੀਤਾ। ਸੈਕਰਾਮੈਂਟੋ ਯੂਨੀਵਰਸਿਟੀ

*(ਬਾਕੀ ਅਗਲੇ ਸਫੇ 'ਤੇ)*

## ਗਦਰ ਲਹਿਰ ਬਾਰੇ ਵਿਵਾਦ ਖੜ੍ਹੇ ਕਰਨ ਵਾਲੇ ਬੁੱਧੀਜੀਵੀਆਂ ਨੂੰ ਚਿਤਾਵਨੀ

**ਸੈਕਰਾਮੈਂਟੋ (ਬਿਊਰੋ):** ਮੇਲੇ ਦੌਰਾਨ ਕੁਝ ਬੁਲਾਰਿਆਂ ਨੇ ਬੁੱਧੀਜੀਵੀਆਂ ਨੂੰ ਬੇਨਤੀ ਕੀਤੀ ਕਿ ਉਹ ਸਿਰਫ ਵਿਵਾਦ ਖੜ੍ਹਾ ਕਰ ਕੇ ਚਰਚਾ ਵਿਚ ਰਹਿਣ ਦੇ ਮਨੋਰਥ ਨਾਲ ਗਦਰ ਲਹਿਰ ਦੇ ਯੋਧਿਆਂ ਬਾਰੇ ਵਿਵਾਦਪੂਰਨ ਗੱਲਾਂ ਕਰਨ ਤੋਂ ਸੰਕੋਚ ਕਰਨ ਕਿਉਂਕਿ ਇਸ ਤਰ੍ਹਾਂ ਕਰਨ ਨਾਲ ਕਿਸੇ ਦਾ ਕੁਝ ਸੌਰਦਾ ਬਿਲਕੁਲ ਨਹੀਂ ਹੈ ਪ੍ਰੰਤੂ ਉਨ੍ਹਾਂ ਮਹਾਨ ਯੋਧਿਆਂ ਪ੍ਰਤੀ ਨਿਰਾਦਰ ਦੀ ਭਾਵਨਾ ਜ਼ਰੂਰ ਜਾਹਰ ਹੁੰਦੀ ਹੈ।

ਮੰਚ ਤੋਂ ਬੋਲਦਿਆਂ ਸ੍ਰੀ ਗਿਆਨ ਸਿੰਘ ਬਿਲਗਾ ਨੇ ਕਿਹਾ ਕਿ ਲਾਲਾ ਹਰਦਿਆਲ ਬਾਰੇ ਬਿਨਾ ਵਜ੍ਹਾ ਵਿਵਾਦ ਛੇੜਨਾ ਕਿਸੇ ਵੀ ਤਰ੍ਹਾਂ ਦਰੁਸਤ ਨਹੀਂ ਆਖਿਆ ਜਾ ਸਕਦਾ। ਇਸ ਵਿਚ ਕੋਈ ਸ਼ੱਕ ਨਹੀਂ ਕਿ ਲਾਲਾ ਹਰਦਿਆਲ ਗਦਰ ਲਹਿਰ ਦੇ ਮੋਢੀਆਂ ਵਿਚੋਂ ਸਨ। ਪਿਛੋਂ ਜੇ ਉਨ੍ਹਾਂ ਦੇ ਵਿਚਾਰਾਂ ਵਿਚ ਕੋਈ ਤਬਦੀਲੀ ਆਈ ਵੀ ਤਾਂ ਇਸ ਨਾਲ ਉਨ੍ਹਾਂ ਦੀ ਗਦਰ ਲਹਿਰ ਨੂੰ ਦੇਣ ਕੁਝ ਘਟ ਨਹੀਂ ਜਾਂਦੀ। ਵਿਚਾਰਾਂ ਵਿਚ ਅਜਿਹੀ ਤਬਦੀਲੀ ਆ ਜਾਣੀ ਕਿਸੇ ਵੀ ਸ਼ਖਸ ਦੇ ਮਾਮਲੇ ਵਿਚ ਸੰਭਵ ਹੈ। ਗਦਰੀ ਬਾਬਿਆਂ ਨੇ ਦੇਸ਼ ਦੀ ਆਜ਼ਾਦੀ ਲਈ ਕੁਰਬਾਨੀਆਂ ਕੀਤੀਆਂ, ਸਾਨੂੰ ਇਹ ਗੱਲ ਭੁੱਲਣੀ ਨਹੀਂ ਚਾਹੀਦੀ। ਉਨ੍ਹਾਂ ਨੂੰ ਧਰਮਾਂ ਦੇ ਵਲਗਣ ਵਿਚ ਬੰਨ੍ਹਣਾ, ਉਨ੍ਹਾਂ ਪ੍ਰਤੀ ਨਿਰਾਦਰ ਵਾਲੀ ਗੱਲ ਹੋਵੇਗੀ। ਅਜਿਹੇ ਹੀ ਵਿਚਾਰ ਪੇਸ਼ ਕਰਦਿਆਂ ਇੰਡੋ-ਅਮਰੀਕਨ ਕਲਚਰਲ ਆਰਗੇਨਾਈਜੇਸ਼ਨ ਦੇ ਆਗੂ ਕਸ਼ਮੀਰ ਸਿੰਘ ਕਾਂਗਣਾ ਨੇ ਖਾਹਮਖਾਹ ਵਿਵਾਦ ਖੜ੍ਹਾ ਕਰਨ ਵਾਲੇ ਬੁੱਧੀਜੀਵੀਆਂ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜੇ ਵਿਵਾਦ ਹੀ ਖੜ੍ਹੇ ਕਰਨੇ ਹਨ ਤਾਂ ਅਜਿਹੇ ਬੁੱਧੀਜੀਵੀਆਂ ਦੇ ਖਿਲਾਫ ਵੀ ਬਥੇਰੇ ਵਿਵਾਦ ਖੜ੍ਹੇ ਕੀਤੇ ਜਾ ਸਕਦੇ ਹਨ।





# ਗਦਰੀ ਮੇਲਾ

*(ਪਿਛਲੇ ਸਫੇ ਤੋਂ ਜਾਰੀ)*

ਦੀ ਭੰਗੜਾ ਟੀਮ ਨੇ ਭੰਗੜੇ ਨਾਲ ਧਮਾਲਾਂ ਪਾਈਆਂ। ਮੇਲੇ ਦੇ ਆਖਰੀ ਇਕ ਘੰਟੇ ਦੌਰਾਨ ਨਾਮੀ ਲੋਕ ਗਾਇਕ ਬਲਜੀਤ ਮਾਲਵਾ ਨੇ ਆਪਣੇ ਦੇਸ਼ ਭਗਤੀ ਤੇ ਸੱਭਿਆਚਾਰਕ ਗੀਤਾਂ ਨਾਲ ਸਰੋਤਿਆਂ ਨੂੰ ਮੰਤਰ-ਮੁਗਧ ਕਰੀ ਰੱਖਿਆ।

ਕੈਲੀਫੋਰਨੀਆ ਦੇ ਸੈਕਰਾਮੈਂਟੋ ਤੋਂ ਅਸੈਂਬਲੀਮੈਨ ਰੌਜਰ ਡਿਕਸਨ ਅਤੇ ਐਲਕ ਗਰੂਵ ਦੀ ਕੌਂਸਲ ਮੈਂਬਰ ਸ੍ਰੀਮਤੀ ਸੋਫੀਆ ਸ਼ਰਮਨ ਨੇ ਜਥੇਬੰਦੀ ਦੇ ਕੀਤੇ ਕਾਰਜਾਂ ਦੀ ਸ਼ਲਾਘਾ ਕੀਤੀ ਅਤੇ ਹਰ ਤਰ੍ਹਾਂ ਦਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਇਨ੍ਹਾਂ ਦੋਹਾਂ ਦੀ ਜਾਣ-ਪਛਾਣ ਜਥੇਬੰਦੀ ਦੇ ਨੌਜਵਾਨ ਮੈਂਬਰ ਪਰਮਪ੍ਰੀਤ ਬਿੰਦਰਾ (ਜੋ ਲਾਅ ਦਾ ਵਿਦਿਆਰਥੀ ਹੈ) ਅਤੇ ਇੰਡਸ ਵੈਲੀ ਚੈਂਬਰ ਆਫ ਕਮਰਸ ਦੇ ਸਕੱਤਰ ਸੁਖਚੈਨ ਨੇ ਕਰਵਾਈ। ਉਨ੍ਹਾਂ ਦਾ ਸਨਮਾਨ ਵੀ ਕੀਤਾ ਗਿਆ। ਸੈਕਰਾਮੈਂਟੋ ਦੇ ਵਿਰਸਾ ਸੰਭਾਲ ਸੁਸਾਇਟੀ ਦੇ ਆਗੂ ਅਤੇ ਪੱਤਰਕਾਰ ਨਰਿੰਦਰਪਾਲ ਸਿੰਘ ਹੁੰਦਲ ਨੇ ਵੀ ਸੂਰਮਿਆਂ ਦੀ ਕੁਰਬਾਨੀ ਅੱਗੇ ਸਿਰ ਝੁਕਾਉਂਦਿਆਂ ਸ਼ਰਧਾ ਦੇ ਫੁੱਲ ਭੇਟ ਕੀਤੇ। ਜਥੇਬੰਦੀ ਦੇ ਪ੍ਰਧਾਨ ਸੁਰਿੰਦਰ ਬਿੰਦਰਾ ਅਤੇ ਸਕੱਤਰ ਬਲਜਿੰਦਰ ਭੱਟੀ ਨੇ ਮੇਲੇ ਨੂੰ ਸਪਾਂਸਰ ਕਰਨ ਵਾਲੇ ਸੱਜਣਾਂ ਦਾ ਸਨਮਾਨ ਚਿੰਨ੍ਹ ਦੇ ਕੇ ਸਨਮਾਨ ਕੀਤਾ।

ਬੇਅ-ਏਰੀਆ ਤੋਂ ਅਮਰੀਕ ਸਿੰਘ ਖੰਡਾਲੀਆ ਅਤੇ ਅੰਮ੍ਰਿਤਪਾਲ ਪਠਲਾਵਾ ਵੱਲੋਂ ਗਦਰੀ ਬਾਬਿਆਂ ਦੀਆਂ ਤਸਵੀਰਾਂ ਤੇ ਦੁਰਲੱਭ ਵਸਤਾਂ ਦੀ ਲਾਈ ਗਈ ਨੁਮਾਇਸ਼ ਦਰਸ਼ਕਾਂ ਦੀ ਖਿੱਚ ਦਾ ਕੇਂਦਰ ਰਹੀ। ਲੰਗਰ ਦੀ ਸੇਵਾ ਫਰਿਜ਼ਨੋ ਤੋਂ ਆਈ ਟੀਮ ਨੇ ਬੜੇ ਸੁਯੋਗ ਢੰਗ ਨਾਲ ਕੀਤੀ। ਸਟੇਜ ਸਕੱਤਰ ਦੀ ਸੇਵਾ ਕਸ਼ਮੀਰ ਸਿੰਘ ਕਾਂਗਣਾ ਅਤੇ ਜਸਵੰਤ ਸਿੰਘ ਸ਼ਾਦ ਨੇ ਰਲ ਕੇ ਨਿਭਾਈ। ਅਖੀਰ ਵਿਚ ਜਥੇਬੰਦੀ ਦੇ ਪ੍ਰਧਾਨ ਸੁਰਿੰਦਰ ਬਿੰਦਰਾ ਤੇ ਸਕੱਤਰ ਬਲਜਿੰਦਰ ਭੱਟੀ ਨੇ ਸਰੋਤਿਆਂ ਦਾ ਧੰਨਵਾਦ ਕੀਤਾ। ਨਾਲ ਹੀ ਆਪਣੀ ਟੀਮ ਦੇ ਮੈਂਬਰਾਂ ਜਗਜੀਤ ਸਿੰਘ ਗਿੱਲ, ਸੁਰਿੰਦਰ ਸਿੰਘ, ਜਸਵਿੰਦਰ ਸੰਧੂ, ਹਰਪਾਲ ਸੰਘਾ, ਬਲਵੰਤ ਬਾਂਕਾ, ਰਾਕੇਸ਼, ਅਮਰਜੀਤ ਰਾਏ, ਕਰਮਜੀਤ ਕੰਗ ਤੇ ਹੋਰਨਾਂ ਦਾ ਮੇਲੇ ਦੇ ਪ੍ਰਬੰਧ ਲਈ ਦਿਨ ਰਾਤ ਇਕ ਕਰੀ ਰੱਖਣ ਵਾਸਤੇ ਧੰਨਵਾਦ ਕੀਤਾ।

ਫੋਟੋਗ੍ਰਾਫੀ ਅਤੇ ਵੀਡੀਓਗ੍ਰਾਫੀ ਦੀ ਸੇਵਾ ਇਸ ਸਾਲ ਵੀ ਓਮਨੀ ਵੀਡੀਓ ਵਾਲੇ ਸ਼ਿਆਰਾ ਸਿੰਘ ਢੀਂਡਸਾ ਨੇ ਨਿਭਾਈ। ਪ੍ਰੋਗਰਾਮ ਦੀਆਂ ਫੋਟੋਆਂ ਓਮਨੀ ਵੀਡੀਓ ਦੀ ਵੈਬ ਸਾਈਟ www.omnivideousa.com 'ਤੇ ਦੇਖੀਆਂ ਜਾ ਸਕਦੀਆਂ ਹਨ।









*ਸੈਕਰਾਮੈਂਟੋ 'ਚ ਗਦਰੀ ਬਾਬਿਆਂ ਦੇ ਮੇਲੇ ਦਾ ਅਨੰਦ ਮਾਣਦੇ ਹੋਏ ਦਰਸ਼ਕ*








ੴ

# 2012 NATIONAL SIKH CONVENTION

**World Sikh Council - America Region**

**November 9 -11, 2012**

**Sikh Gurdwara - San Jose**

3636 Murillo Avenue San Jose, CA 95148

**HIGHLIGHTS**

**Friday, November 9, 2012, 8:00 AM-8:00 PM**

Input from Gurdwaras, Delegates and Attendees
WSC-AR Accomplishments
Joint Meeting with Sikh Organizations from USA
Structure of Global Sikh Organization
Saturday, November 10, 2012, 8:00AM-5:30 PM
General Body Meeting
Gurdwara Conflict Resolution Service - Salient Features
Improving Sikh Religious Services for the Youth
Future of Sikh Education: (Including Charter Schools)
Sikh Networks for social and other needs
Sunday, November 11, 2012, 8:00 AM-1:00 PM

**Final Reflection &Resolutions**
Wisconsin Tragedy: Representative
Honoring the Sewadars and Friends of the Sikh Panth
You are invited to attend and contribute

FOR MORE INFORMATION CONTACT

Kavneet Singh: 856-816-0788 Gurinder Pal Singh: 408-679-9302 Satpal Singh: 917-592-7297
Narinderpal Singh: 408-623-4977 Bhupindar Singh: 408-568-0034 Manohar Singh: 802-345-1354

The World Sikh Council - America Region (WSC-AR) is the umbrella organization representative of Sikhs in the United States. It is an elected body of Sikh Gurdwaras and institutions. Currently 47 Gurdwaras and other Sikh institutions across the nation are members of WSC-AR. The major governing purpose of the organization is to represent the collective view of Sikhs in the United States. WSC-AR works to promote Sikh interests at the national and international level focusing on issues of advocacy, education, and well-being of humankind.

**Member Gurdwaras of WSC-AR:**

1. Pacific Coast Khalsa Diwan Society, Stockton, CA
2. Gurdwara Sahib Fremont, Fremont, CA
3. Guru Nanak Sikh Mission, Livingston, CA
4. Sikh Gurdwara of LA, North Hollywood, CA
5. Sikh Gurdwara Riverside, Riverside, CA
6. Gurdwara Guru Angad Darbar, Bakersfield, CA
7. Colorado Singh Sabha, Denver, CO
8. Guru Singh Sabha of Augusta, Augusta, GA
9. Sikh Study Circle of Atlanta, Atlanta, GA
10. Sikh Religious Society of Chicago, Palatine, IL
11. Sikh Society of South, New Orleans, LA
12. New England Sikh Study Circle, Boston, MA
13. Singh Sabha of Michigan, Canton, MI
14. Sikh Gurdwara of Michigan, Rochester Hills, MI
15. Sikh Society of Michigan, Madison Heights, MI
16. Downriver Gurdwara Sahib, Brownstown, MI
17. Guru Nanak Foundation of Jackson, MS
18. Sikh Gurdwara of North Carolina, Durham, NC
19. Sikh Sabha of Upper Valley, Hanover, NH
20. Garden State Sikh Association, Bridgewater, NJ
21. Guru Nanak Sikh Society of Delaware Valley, Sewell, NJ
22. Siri Guru Singh Sabha, Glenrock, NJ
23. Sikh Sabha of New Jersey, Lawrenceville, NJ
24. Gurdwara Baba Deep Singh, Las Vegas, NV
25. Sikh Cultural Society Inc., Richmond Hills, NY
26. Sikh Cultural &Edu. Society of Western NY, Buffalo, NY
27. Sikh Foundation of Syracuse, Liverpool, NY
28. Guru Nanak Found. of Greater Cleveland, Richfield, OH
29. Guru Gobind Singh Sikh Society, Bedford, OH
30. Guru Nanak Religious Society of Central Ohio, Columbus, OH
31. Sikh Sadh Sangat, Easton, PA
32. Philadelphia Sikh Society, Millbourne, PA
33. Tristate Sikh Cultural Society, Monroeville, PA
34. Mid South Sikh Sabha, Memphis, TN
35. Sikh Center of Gulf Coast, Houston, TX
36. Siri Guru Singh Sabha, Richardson, TX
37. Sikh Gurdwara of North Texas, Garland, TX
38. Singh Sabha Gurdwara, Fairfax, VA
39. Sikh Association of Central Virginia, VA
40. Sikh Religious Society of Wisconsin, Brookfield, WI

**Other Sikh Institution Members of WSC-AR:**

1. Siri Guru Granth Sahib Found., Anaheim, CA
2. Sikhs Serving America, Topeka, KS
3. Sikh Youth Federation of North America, White Plains, NY
4. Sikh Heritage Foundation, Long Island, NY
5. Sikh Educational &Religious Foundation, Dublin, OH
6. Sikh Youth Federation of USA, Toledo, OH
7. Academy of Guru Granth Studies, Arlington, TX

**P.O. Box 3635, Columbus, Ohio 43210, USA**

Phone: 888-340-1702
Fax: 888-398-1875
E-mail: contact@worldsikhcouncil.org
Web: www.worldsikhcouncil.org

# ਬੱਬੂ ਗੁਰਪਾਲ ਦੀ ਨਵੀਂ ਐਲਬਮ 'ਮੈਂ ਬੋਲੀ ਪੰਜਾਬ ਦੀ' ਰਿਲੀਜ਼



**ਫਰਿਜ਼ਨੋ (ਬਿਊਰੋ):** ਆਪਣੀ ਸਾਫ ਸੁਥਰੀ ਤੇ ਮਿਆਰੀ ਗਾਇਕੀ ਕਰਕੇ ਪੰਜਾਬੀ ਭਾਈਚਾਰੇ ਵਿਚ ਇਕ ਨਿਵੇਕਲੀ ਪਛਾਣ ਬਣਾ ਚੁਕੇ ਲੋਕ ਗਾਇਕ ਬੱਬੂ ਗੁਰਪਾਲ ਦੀ ਦੂਜੀ ਐਲਬਮ 'ਮੈਂ ਬੋਲੀ ਪੰਜਾਬ ਦੀ' ਲੰਘੇ ਹਫਤੇ ਕੈਲੀਫੋਰਨੀਆ ਦੇ ਵੱਖ ਵੱਖ ਸ਼ਹਿਰਾਂ ਵਿਚ ਰਿਲੀਜ਼ ਕੀਤੀ ਗਈ ਅਤੇ ਇੰਜ ਪੰਜਾਬੀਆਂ ਦੀ ਸਾਫ ਸੁਥਰੀ ਗਾਇਕੀ ਵਾਲੀ ਕਿਸੇ ਐਲਬਮ ਦੀ ਉਡੀਕ ਖਤਮ ਹੋਈ। ਇਸ ਤੋਂ ਪਹਿਲਾਂ ਬੱਬੂ ਦੀ ਪਲੇਠੀ ਐਲਬਮ 'ਯਾਦਾਂ ਦੇਸ਼ ਪੰਜਾਬ ਦੀਆਂ' 2006 'ਚ ਆਈ ਸੀ।

ਇਸ ਐਲਬਮ ਨੂੰ ਰਿਲੀਜ਼ ਕਰਨ ਲਈ 17 ਅਕਤੂਬਰ ਨੂੰ ਬੇ-ਏਰੀਏ, 18 ਅਕਤੂਬਰ ਨੂੰ ਬੇਕਰਜ਼ਫੀਲਡ ਅਤੇ 19 ਅਕਤੂਬਰ ਨੂੰ ਇਥੇ ਫਰਿਜ਼ਨੋ ਵਿਚ ਵਿਸ਼ੇਸ਼ ਸਮਾਗਮ ਹੋਏ। ਇਥੇ ਜ਼ਿਕਰਯੋਗ ਹੈ ਕਿ ਬੱਬੂ ਦੀ ਇਹ ਐਲਬਮ ਰਸਮੀ ਤੌਰ 'ਤੇ ਜੁਲਾਈ-ਅਗਸਤ ਮਹੀਨੇ ਅਮਰੀਕਾ, ਕੈਨੇਡਾ ਦੇ ਟੂਰ 'ਤੇ ਆਏ ਗਾਇਕ ਗੁਰਦਾਸ ਮਾਨ ਵਲੋਂ ਬੇਕਰਜ਼ਫੀਲਡ ਵਿਚ 28 ਜੁਲਾਈ ਨੂੰ ਆਪਣੇ ਸੋਅ ਦੌਰਾਨ ਰਿਲੀਜ਼ ਕੀਤੀ ਜਾ ਚੁਕੀ ਹੈ।

ਬੁਧਵਾਰ 18 ਅਕਤੂਬਰ ਨੂੰ ਬੇਕਰਜ਼ਫੀਲਡ ਦੇ ਅਮੈਰੀਕਨ ਸਾਊਂਡ ਰਿਕਾਰਡਿੰਗ ਸਟੂਡੀਓ (ਜਿਥੇ ਐਲਬਮ ਦੀ ਰਿਕਾਰਡਿੰਗ ਹੋਈ ਸੀ) ਵਿਚ ਹੋਏ ਰਿਲੀਜ਼ ਸਮਾਗਮ ਵਿਚ ਇਲਾਕੇ ਦੇ ਪਤਵੰਤੇ ਸੱਜਣਾਂ ਨੇ ਸ਼ਿਰਕਤ ਕਰਕੇ ਪ੍ਰੋਗਰਾਮ ਨੂੰ ਯਾਦਗਾਰੀ ਬਣਾਇਆ। ਇਸ ਮੌਕੇ ਵੱਖ ਵੱਖ ਬੁਲਾਰਿਆਂ ਨੇ ਪੰਜਾਬੀ ਗਾਇਕੀ ਵਿਚ ਵਧ ਰਹੀ ਲੱਚਰਤਾ 'ਤੇ ਚਿੰਤਾ ਪ੍ਰਗਟਾਉਂਦਿਆਂ ਬੱਬੂ ਗੁਰਪਾਲ ਦੀ ਇਸ ਐਲਬਮ ਨੂੰ ਇਕ ਸ਼ੁਭ ਸ਼ਗਨ ਕਰਾਰ ਦਿੱਤਾ। ਸਾਊਂਡ ਇੰਜੀਨੀਅਰ ਪਰਿਸ਼ੀ, ਪਰਮਜੀਤ ਸਿੰਘ ਦੁਸਾਂਝ, ਅਜੀਤ ਸਿੰਘ ਭੱਠਲ, ਜਤਿੰਦਰ ਸਿੰਘ ਗਿੱਲ, ਦਵਿੰਦਰ ਸਿੰਘ ਬੈਂਸ, ਗੁਰਦੇਵ ਸਿੰਘ ਢਿੱਲੋਂ, ਗਿਆਨ ਸਿੰਘ ਬਿਲਗਾ, ਗੁਰਚਰਨ ਸਿੰਘ ਢਿੱਲੋਂ, ਭੁਪਿੰਦਰ ਸਿੰਘ ਬਰਾੜ ਅਤੇ ਹਰੀ ਸਿੰਘ ਨੇ ਪੰਜਾਬੀ ਸਰੋਤਿਆਂ ਨੂੰ ਸੱਦਾ ਦਿੱਤਾ ਕਿ ਬੱਬੂ ਦੀ ਇਸ ਐਲਬਮ ਨੂੰ ਭਰਪੂਰ ਹੁੰਗਾਰਾ ਦੇ ਕੇ ਉਮਦਾ ਗਾਇਕੀ ਨੂੰ ਹੁਲਾਰਾ ਦੇਣ।

ਬੱਬੂ ਗੁਰਪਾਲ ਨੇ ਆਏ ਸੱਜਣਾਂ ਦਾ ਧੰਨਵਾਦ ਕਰਦਿਆਂ ਆਪਣੀ ਇਸ ਨਵੀਂ ਐਲਬਮ ਦੇ ਗੀਤਕਾਰਾਂ ਅਤੇ ਸੰਗੀਤਕਾਰਾਂ ਸਬੰਧੀ ਜਾਣਕਾਰੀ ਦਿੱਤੀ। ਬੱਬੂ ਨੇ ਕਿਹਾ ਕਿ ਮੇਰੀ ਦਿਲੀ ਇੱਛਾ ਹੈ ਕਿ ਇਸ ਐਲਬਮ ਰਾਹੀਂ ਪੰਜਾਬੀ ਮਾਂ ਬੋਲੀ ਦਾ ਦਰਦ ਭਰਿਆ ਪੈਗਾਮ ਘਰ ਘਰ ਪਹੁੰਚੇ। ਭਾਵੁਕ ਹੁੰਦਿਆਂ ਉਸ ਕਿਹਾ, 'ਮੈਨੇ ਅਪਨਾ ਵਾਇਦਾ ਪੂਰਾ ਕੀਆ, ਅਗਰ ਖੁਦ ਖੁਦਾ ਭੂਲ ਜਾਏ ਤੋ ਮੈਂ ਕਿਆ ਕਰੂੰ।' ਬੱਬੂ ਨੇ ਆਸ ਪ੍ਰਗਟਾਈ ਕਿ ਇਸ ਸਾਫ ਸੁਥਰੀ ਐਲਬਮ ਨੂੰ ਲੋਕਾਂ ਤੋਂ ਰੱਜਵਾਂ ਪਿਆਰ ਮਿਲੇਗਾ। 24/7 ਟਰੈਵਲ ਪਲਾਜੇ ਵਾਲਿਆਂ ਨੇ ਵਧੀਆ ਤੇ ਸਵਾਦੀ ਖਾਣਾ ਪਰੋਸ ਕੇ ਆਏ ਮਹਿਮਾਨਾਂ ਨੂੰ ਖੁਸ਼ ਕੀਤਾ।

ਵੀਰਵਾਰ ਨੂੰ ਫਰਿਜ਼ਨੋ 'ਚ ਲਾਖ ਬਰਾੜ ਦੇ ਮੋਟਲ ਹੌਲੀਡੇ ਇਨ 'ਚ ਮਿੱਕੀ ਸਰਾਂ ਦੇ ਸਹਿਯੋਗ ਨਾਲ ਬੱਬੂ ਗੁਰਪਾਲ ਦੀ ਇਸ ਐਲਬਮ ਸਬੰਧੀ ਬਹੁਤ ਹੀ ਨਿਵੇਕਲਾ ਰਿਲੀਜ਼ ਸਮਾਗਮ ਹੋਇਆ ਜਿਥੇ ਇਲਾਕੇ ਦੀਆਂ ਸਾਹਿਤਕ ਸ਼ਖਸੀਅਤ ਅਤੇ ਨਾਮਵਰ ਸੱਜਣਾਂ ਨੇ ਸ਼ਿਰਕਤ ਕਰਕੇ ਬੱਬੂ ਗੁਰਪਾਲ ਨੂੰ ਪੰਜਾਬੀ ਮਾਂ ਬੋਲੀ ਦਾ ਸਾਫ ਸੁਥਰਾ, ਉਚ ਕੋਟੀ ਦਾ ਗਾਇਕ ਕਰਾਰ ਦਿੱਤਾ। ਇਸ ਮੌਕੇ ਬੱਬੂ ਦੇ ਨਵੇਂ ਗੀਤਾਂ ਦੀਆਂ ਧੁਨਾਂ ਵਜਾ ਕੇ ਸਰੋਤਿਆਂ ਨੂੰ ਉਸ ਦੀ ਗਾਇਕੀ ਦਾ ਸਵਾਦ ਚਖਾਇਆ ਗਿਆ। ਉਸ ਦੀ ਐਲਬਮ ਦੇ ਟਾਈਟਲ ਗੀਤ 'ਮੈਂ ਬੋਲੀ ਪੰਜਾਬ ਦੀ' ਦੀ ਵੀਡੀਓ ਵੀ ਵਿਖਾਈ ਗਈ ਜਿਸ ਨੂੰ ਲੋਕਾਂ ਨੇ ਖਾਸ ਪਸੰਦ ਕੀਤਾ।

ਵੱਖ ਵੱਖ ਬੁਲਾਰਿਆਂ-ਉਘੇ ਸ਼ਾਇਰ ਹਰਜਿੰਦਰ ਕੰਗ, ਰਾਜਵਿੰਦਰ ਸਿੰਘ ਧਾਲੀਵਾਲ, ਦਲਜੀਤ ਸਿੰਘ ਰਿਆੜ (ਗੀਤਕਾਰ), ਕੁਲਵੰਤ ਉੱਭੀ ਧਾਲੀਆਂ, ਮਿੱਕੀ ਸਰਾਂ (ਗਾਇਕ ਤੇ ਭੰਗੜਾ ਕੋਚ), ਗੁਰਪ੍ਰੀਤ ਧਾਲੀਵਾਲ, ਰਾਜ ਬਰਾੜ (ਯਮਲਾ ਜੱਟ ਕਮੇਟੀ), ਡਾ. ਅਰਜਨ ਜੋਸਨ, ਮਹਿੰਦਰ ਸਿੰਘ ਸੰਧਾਵਾਲੀਆ, ਗੁਰਪ੍ਰੀਤ ਸ਼ੇਰਗਿੱਲ, ਰੂਬੀ ਧਾਲੀਵਾਲ (ਮੇਅਰ ਸਿਟੀ ਆਫ ਸੈਨਵਾਕੀਨ), ਪਾਲ ਸਹੋਤਾ (ਇੰਡੀਅਨ ਓਵਰਸੀਜ਼ ਕਾਂਗਰਸ), ਨਾਜਰ ਸਿੰਘ ਸਹੋਤਾ (ਕਬੱਡੀ ਪ੍ਰਮੋਟਰ), ਕੇਵਲ ਸਿੰਘ ਬਾਸੀ, ਬਿਜਨਸਮੈਨ ਅਤੇ ਸਮਾਜ ਸੇਵੀ ਚਰਨਜੀਤ ਸਿੰਘ ਬਾਠ, ਕੇਵੀ ਬਰਾੜ, ਲੇਖਕ ਅਤੇ 'ਮੈਂ ਬੋਲੀ ਪੰਜਾਬ ਦੀ' ਐਲਬਮ ਦੀਆਂ ਧੁਨਾਂ ਤਿਆਰ ਕਰਨ ਵਿਚ ਸਹਿਯੋਗੀ ਪੱਪੀ ਭਦੌੜ, ਦਿਲਬਾਗ ਬੰਗੜ ਅਤੇ ਸੰਤੋਖ ਸਿੰਘ ਮਿਨਹਾਸ ਨੇ ਇਸ ਐਲਬਮ ਦਾ ਸਵਾਗਤ ਕੀਤਾ ਤੇ ਆਸ ਪ੍ਰਗਟਾਈ ਕਿ ਇਹ ਪੰਜਾਬੀ ਗਾਇਕੀ ਨੂੰ ਇਕ ਨਵਾਂ ਮੋੜ ਦੇਵੇਗੀ।

ਪ੍ਰੋਗਰਾਮ ਦੇ ਅਖੀਰ ਵਿਚ ਬੱਬੂ ਗੁਰਪਾਲ ਨੇ ਆਏ ਸੱਜਣਾਂ ਦਾ ਸਹਿਯੋਗ ਲਈ ਸ਼ੁਕਰੀਆ ਅਦਾ ਕੀਤਾ ਅਤੇ ਕਿਹਾ ਕਿ ਉਹ ਆਪਣੀ ਸਾਫ ਸੁਥਰੀ ਗਾਇਕੀ ਨਾਲ ਪੰਜਾਬੀ ਮਾਂ ਬੋਲੀ ਦੀ ਸੇਵਾ ਜਾਰੀ ਰੱਖੇਗਾ। ਉਸ ਗੁਜਾਰਿਸ਼ ਕੀਤੀ ਕਿ ਇਸ ਐਲਬਮ ਨੂੰ ਇਕ ਵਾਰ ਜ਼ਰੂਰ ਸੁਣਿਆ ਜਾਵੇ।




ਇਸ ਮੌਕੇ ਹਾਜ਼ਰ ਸੱਜਣਾਂ ਵਿਚ ਹੋਰਨਾਂ ਤੋਂ ਇਲਾਵਾ ਡਾ. ਸਿਮਰਜੀਤ ਸਿੰਘ ਧਾਲੀਵਾਲ, ਮਾਸਟਰ ਦਲਬਾਰਾ ਸਿੰਘ ਧਾਲੀਵਾਲ, ਬਲਰਾਜ ਬਰਾੜ, ਹਰਜਿੰਦਰ ਢੇਸੀ, ਕੁਲਵੀਰ ਹੇਅਰ, ਪਾਲ ਧਾਲੀਵਾਲ, ਅੰਮ੍ਰਿਤ ਧਾਲੀਵਾਲ, ਬਿੰਦਰ ਸਰਾਭਾ, ਚਰਨਜੀਤ ਚੀਮਾ, ਸੁਰਜੀਤ ਘੋਲੀਆ ਅਤੇ ਸੁਖਦੀਪ ਸਿੱਧੂ ਸ਼ਾਮਲ ਸਨ।

ਦੋਹਾਂ ਹੀ ਸਮਾਗਮਾਂ ਵਿਚ ਮੰਚ ਸੰਚਾਲਨ ਪੱਤਰਕਾਰ ਨੀਟਾ ਮਾਛੀਕੇ ਨੇ ਬਾਖੂਬੀ ਕੀਤਾ। ਦੋਹਾਂ ਸਮਾਗਮਾਂ ਦੀ ਫੋਟੋਗ੍ਰਾਫੀ ਤੇ ਵੀਡੀਓਗ੍ਰਾਫੀ ਓਮਨੀ ਵੀਡੀਓ ਵਾਲੇ ਸ਼ਿਆਰਾ ਸਿੰਘ ਢੀਂਡਸਾ ਨੇ ਕੀਤੀ। ਹੋਰ ਜਾਣਕਾਰੀ ਲਈ ਯਾਦਵਿੰਦਰ ਸਿੰਘ ਸਰਾਂ ਨਾਲ ਫੋਨ (408) 203-3215 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਭਾਰਤ ਖਰੀਦੇਗਾ 8ਹਜ਼ਾਰ ਕਰੋੜ ਦੀਆਂ ਮਿਜ਼ਾਈਲਾਂ

**ਨਵੀਂ ਦਿੱਲੀ:** ਕੇਂਦਰੀ ਵਜ਼ਾਰਤ ਨੇ ਥਲ ਸੈਨਾ ਤੇ ਹਵਾਈ ਸੈਨਾ ਲਈ 8 ਹਜ਼ਾਰ ਕਰੋੜ ਰੁਪਏ ਦੀਆਂ ਮਿਜ਼ਾਈਲਾਂ ਖਰੀਦਣ ਦੀ ਤਜਵੀਜ਼ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਸ ਤਹਿਤ ਥਲ ਸੈਨਾ ਦੇ ਟੀ-90 ਟੈਂਕਾਂ ਲਈ ਰੂਸ ਤੋਂ 10,000 'ਇਨਵਾਰ' ਮਿਜ਼ਾਈਲਾਂ ਤੇ ਹਵਾਈ ਸੈਨਾ ਲਈ ਹਵਾ ਵਿਚੋਂ ਮਾਰ ਕਰਨ ਵਾਲੀਆਂ 200 ਬ੍ਰਹਮੋਸ ਸੁਪਰਸੌਨਿਕ ਮਿਜ਼ਾਈਲਾਂ ਖਰੀਦੀਆਂ ਜਾਣਗੀਆਂ।

ਇਸ ਫੈਸਲੇ ਮੁਤਾਬਕ ਛੇ ਹਜ਼ਾਰ ਕਰੋੜ ਰੁਪਏ ਬ੍ਰਹਮੋਸ ਮਿਜ਼ਾਈਲਾਂ ਖਰੀਦਣ ਤੇ ਇਨ੍ਹਾਂ ਦੀ ਅਜ਼ਮਾਇਸ਼ 'ਤੇ ਖਰਚੇ ਜਾਣਗੇ। ਇਹ ਭਾਰਤ ਤੇ ਰੂਸ ਵੱਲੋਂ ਸਾਂਝੇ ਤੌਰ 'ਤੇ ਵਿਕਸਤ ਕੀਤੀਆਂ ਜਾ ਰਹੀਆਂ ਹਨ ਜਿਨ੍ਹਾਂ ਦਾ ਪਹਿਲਾ ਤਜਰਬਾ ਦਸੰਬਰ ਦੇ ਅਖੀਰ ਵਿਚ ਕੀਤਾ ਜਾਵੇਗਾ।






## ਆਖ ਤਸਵੀਰਾਂ ਬੋਲਦੀਆਂ

'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਸ਼ੁਰੂ ਕੀਤੇ ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ ਵਿਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਵਧੀਆ ਲਿਖਤਾਂ ਪਰਚੇ ਵਿਚ ਛਾਪੀਆਂ ਜਾਣਗੀਆਂ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਕਾਵਿ ਟੋਟਾ ਤੁਹਾਡੀ ਆਪਣੀ ਜਾਂ ਕਿਸੇ ਹੋਰ ਦੀ ਰਚਨਾ ਵੀ ਹੋ ਸਕਦੀ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਜਾਂ ਕੋਈ ਹੋਰ ਵਿਕੋਲਿਤਰੀ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਸਾਡੇ ਪਾਸ ਪਹੁੰਚਣ ਲਈ ਆਖਰੀ ਤਾਰੀਖ 3 ਨਵੰਬਰ ਹੈ। -ਸੰਪਾਦਕ

### ਕੈਪਸ਼ਨ ਮੁਕਾਬਲਾ-36



*ਪਤਝੜ ਸਿਰ 'ਤੇ ਆ ਚੜ੍ਹੀ, ਫਿਰ ਵੀ ਹੱਸਣ ਰੁੱਖ,*
*ਐਵੇਂ ਬੰਦਾ ਤਨ ਨੂੰ ਲਾਈ ਫਿਰਦਾ ਦੁੱਖ।*
*ਕਿਧਰੇ ਚੱਲਦੀਆਂ ਗੋਲੀਆਂ ਤੇ ਕਿਧਰੇ ਫਟਦੇ ਬੰਬ,*
*ਫਿਰ ਵੀ ਕੁਦਰਤ ਵੇਖ ਲਓ ਕਿਵੇਂ ਬਖੇਰੇ ਰੰਗ।*

### ਕੈਪਸ਼ਨ ਮੁਕਾਬਲਾ-34



ਖੇਡਣ ਪੜ੍ਹਨ ਦੀ ਉਮਰ ਜਦ ਆਈ,
ਡਾਢੀ ਧੂ ਕਲੇਜੜੇ ਪਈ ਯਾਰੋ।
ਗਿਆ ਲੜਕਪਨ ਕਦੇ ਨਾ ਪਰਤਿਆ ਹੈ,
ਆਈ ਪੀਰੀ ਤੇ ਫੇਰ ਨਾ ਗਈ ਯਾਰੋ।

*-ਮਹਾਂ ਸਿੰਘ ਹਾਂਸ*
*ਫੋਨ: 408-956-1696*

---

ਖੇਤਾਂ ਦੇ ਅਸੀਂ ਪੁੱਤ ਕਹਾਈਏ,
ਖੇਤ ਹੀ ਸਾਡੇ ਖਾੜੇ।
ਮਿੱਟੀ ਉਤੇ ਖਿੱਚ ਲਕੀਰਾਂ,
ਬਣਾ ਲੈਂਦੇ ਹਾਂ ਪਾੜੇ।
ਛੋਟੇ ਵੱਡੇ, ਉਚ ਨੀਚ ਦੇ,
ਇਥੇ ਨਹੀਂ ਪੁਆੜੇ।

*-ਜਗਮੀਤ ਸਿੰਘ ਪੰਧੇਰ*
*ਪਿੰਡ: ਕਲਾਹੜ (ਲੁਧਿਆਣਾ)*
*ਫੋਨ:91-98783-37222*

---

ਮਿੱਟੀ ਨਾਲ ਮਿੱਟੀ ਹੋਣਾ
ਪਾਉਣੀਆਂ ਕਬੱਡੀਆਂ।
ਦੇਸ਼ ਜਾਂ ਵਿਦੇਸ਼ ਹੋਵੇ
ਮੱਲਾਂ ਮਾਰਨੀਆਂ ਵੱਡੀਆਂ।

*-ਪਰਸ਼ੋਤਮ ਸਿੰਘ, ਯੂਬਾ ਸਿਟੀ।*

---

ਸਰੀਰ ਭਾਵੇਂ ਮਾੜੇ ਐ,
ਪਰ ਇਰਾਦੇ ਸਾਡੇ ਪੱਕੇ।
ਸੁੱਕਾ ਅਸੀਂ ਜਾਣ ਨਹੀਂ ਦੇਣਾ,
ਚੜ੍ਹ ਗਿਆ ਜੋ ਸਾਡੇ ਧੱਕੇ।

*-ਗੋਰਾ ਪ੍ਰਜਾਪਤ, ਨਿਊ ਯਾਰਕ*
*ਫੋਨ:646-721-1964*

## ਸੱਤ ਸਾਲਾ ਬੱਚੀ ਨੇ ਪਾਈਆਂ ਸੰਗੀਤ 'ਚ ਧੁੰਮਾਂ

**ਲੰਡਨ:** ਬਰਤਾਨੀਆ ਵਿਚ ਸੱਤ ਸਾਲ ਦੀ ਬੱਚੀ ਸ਼ਾਸਤਰੀ ਸੰਗੀਤ ਦੀ ਪੱਛਮੀ ਵੰਨਗੀ ਓਪੇਰਾ ਦੀ ਆਪਣੀ ਧੁਨ ਸਿਰਜਣ ਸਦਕਾ ਅੱਜ-ਕੱਲ੍ਹ ਖਬਰਾਂ ਵਿਚ ਹੈ। ਆਲਮਾ ਡੱਚੇਸ਼ਰ ਨਾਮੀ ਇਹ ਬੱਚੀ ਇਕ ਵਧੀਆ ਸੰਗੀਤਕਾਰ ਹੈ ਜੋ ਵਾਇਲਨ ਤੇ ਪਿਆਨੋ ਵਜਾਉਣ ਦੀ ਮਾਹਰ ਹੈ। ਉਸ ਦੀ ਇਸ ਪਹਿਲੀ ਕੰਪੋਜ਼ੀਸ਼ਨ ਨੂੰ ਇੰਗਲਿਸ਼ ਨੈਸ਼ਨਲ ਓਪੇਰਾ ਨੇ ਵੀ ਖੂਬ ਸਲਾਹਿਆ ਹੈ।

ਡੱਚੇਸ਼ਰ ਨੇ ਪੰਜ ਸਾਲ ਦੀ ਉਮਰ ਵਿਚ ਹੀ ਸੰਗੀਤਕ ਧੁਨਾਂ ਬਣਾਉਣੀਆਂ ਸ਼ੁਰ ਕਰ ਦਿੱਤੀਆਂ ਸਨ। ਉਸ ਨੇ ਛੇ ਸਾਲ ਦੀ ਉਮਰ ਵਿਚ ਸੋਨਾਟਾ (ਪਿਆਨੋ ਦਾ ਇਕ ਰਾਗ) ਤਿਆਰ ਕੀਤਾ ਤੇ ਇਸ ਤੋਂ ਬਾਅਦ ਇਹ ਓਪੇਰਾ ਸਿਰਜਿਆ ਹੈ। ਰੋਜ਼ਨਾਮਾ 'ਡੇਲੀ ਮੇਲ' ਦੀ ਰਿਪੋਰਟ ਮੁਤਾਬਕ ਉਸ ਦੇ ਪਿਤਾ ਵੱਲੋਂ ਇਸ ਦੀ ਵੀਡੀਓ ਨੂੰ ਯੂਟਿਊਬ 'ਤੇ ਪਾਏ ਜਾਣ ਤੋਂ ਬਾਅਦ ਇਸ ਨੂੰ ਹੁਣ ਤੱਕ ਤਿੰਨ ਲੱਖ ਤੋਂ ਵੱਧ ਵਾਰ ਦੇਖਿਆ ਜਾ ਚੁੱਕਾ ਹੈ।

ਇਸ ਤਰ੍ਹਾਂ ਉਸ ਦੀ ਇਸ ਮੁਹਾਰਤ ਨੂੰ ਵੁਲਫਗੈਂਗ ਅਪੇਦਸ ਪੋਜ਼ਰਤ ਨਾਲ ਤੁਲਨਾਇਆ ਜਾਣ ਲੱਗਾ ਹੈ ਜਿਸ ਨੇ ਪੰਜ ਸਾਲ ਦੀ ਉਮਰ ਵਿਚ ਵਾਇਲਨ ਤੇ ਪਿਆਨੋ ਦੀ ਮੁਹਾਰਤ ਹਾਸਲ ਕਰਕੇ ਕੰਪੋਜ਼ਿੰਗ ਕਰਨੀ ਸ਼ੁਰੂ ਕਰ ਦਿੱਤੀ ਸੀ। ਆਲਮਾ ਨੇ ਆਪਣੇ ਓਪੇਰਾ ਨੂੰ 'ਸਵੀਪਰ ਆਫ ਡਰੀਮਜ਼' ਦਾ ਨਾਂ ਦਿੱਤਾ ਹੈ। ਉਸ ਦਾ ਕਹਿਣਾ ਹੈ ਕਿ ਉਸ ਦੇ ਮਨ ਵਿਚ ਸੰਗੀਤ ਉਦੋਂ ਫੁਰਦਾ ਹੈ ਜਦੋਂ ਉਹ ਆਰਾਮ ਦੀ ਮੁਦਰਾ ਵਿਚ ਹੁੰਦੀ ਹੈ।

# PANNU'S Legal Services



G.S. Pannu
Immigration Consultant - LDA

We provide services in

Bring US passport & proof of residence by 9:00 am at SF location we prepare your papers & get visa on sameday for $99 only. Call for details






IMMIGRATION CITIZENSHIP | DIVORCE CHILD SUPPORT | INDIAN PASSPORT | INDIAN VISA

OCI/PIO, Renunciation, Power of Attorney and related matters

**We also handle Property and Divorce cases in Punjab**

Serving you at Three Locations

**FREMONT**
4127 Bay St., Unit 7
Fremont, CA 94538
(Near Fremont Bharat Bazar)

**SAN FRANCISCO**
965 Mission St., Unit 102
San Francisco, CA 94103
(Near India Visa Center)

**MANTECA**
1381 E. Yosemite Ave
Manteca, CA 95336
(off 99 & 120 Hwy - beside Dollar Tree store)

Call (510) 677-5200
(209) 679-8025

E-mail: indiavisa123@yahoo.com • Fax: (510) 279-7624

# ooraa




## ਕਰੈਡਿਟ ਕਾਰਡ ਪੇਮੈਂਟਾਂ ਤੋਂ ਬੇਹੱਦ ਪ੍ਰੇਸ਼ਾਨ ਹੋ?

- ਹਜ਼ਾਰਾਂ ਡਾਲਰ ਬਚਾਓ, ਆਪਣੀ ਜਾਨ ਸੁਖਾਲੀ ਕਰੋ
- ਤੁਹਾਡੀ ਰਹਿੰਦੀ ਪੇਮੈਂਟ 60% ਤੱਕ ਘਟ ਸਕਦੀ ਹੈ
- ਆਪਣਾ ਕਰੈਡਿਟ ਬਹਾਲ ਕਰਾਓ
- Bankruptcy ਤੋਂ ਬਚੋ !
- ਸਾਰੇ ਕਾਰਡਾਂ ਦੀ ਇਕੋ Monthly Payment ਬਣਾਓ

- Achieve financial peace of mind
- Get the fast results
- 100% confidential
- Prevent wages garnishment and bank levies

We work in USA & Canada

**Resolve your IRS Tax Debt / Problems**

*100% SATISFACTION GUARANTEED*

ਅੱਜ ਹੀ ਸਾਨੂੰ ਕਾਲ ਕਰੋ

**(888) 888-9914**

www.ooraa.org

# United Sports Club of California

UNITED sports club CA

33272 Palomino Common, Fremont, CA, USA 94555, Ph: 510-468-9381
Website: http://usportsca.org/

ਨਸ਼ੇ ਛਡੋ। DRUGS **ਨਸ਼ਾ ਵਿਰੋਧੀ ਅਪੀਲ** DRUGS ਕੋਹੜ ਵਢੋ।

ਉਠੋ ਬੱਬਰ ਸ਼ੇਰ ਪੰਜਾਬੀਓ, ਮਾਂ ਧਰਤੀ ਰਹੀ ਪੁਕਾਰ। ਬੰਨ ਬੰਨੋ ਹੁਣ ਜੋਰ ਦੀ, ਦਰਿਆ ਛੇਵਾਂ ਚੜਿਆ ਠਾਠਾਂ ਮਾਰ।
ਜੇ ਹੜ੍ਹ ਗਈ ਫਸਲ ਪੰਜਾਬ ਦੀ, ਤਾਹਨੇ ਮਾਰੂ ਮੁਹੰਮਦਾਂ ਦਾ ਕਿਰਦਾਰ। ਨਾ ਜਾਗੇ ਮਾਣ ਪੰਜਾਬ ਦੇ, ਤੇ ਰਹੀ ਸੁੱਤੀ ਸਰਕਾਰ।






ਗੈਰ ਕਾਨੂੰਨੀ ਵਿੱਕ ਰਹੇ ਨਸ਼ਿਆਂ ਕਾਰਨ 73% ਤੋਂ ਵੱਧ ਨਸ਼ਿਆਂ ਦੇ ਆਦੀ ਅਤੇ 25% ਤੋਂ ਵਧ ਨਿਪੁੰਸਕ -Dr. Harshinder Kaur
ਵਿਦੇਸ਼ੀ ਧਰਤੀ ਉਤੇ ਧੜਾ ਧੜ ਫਿਰ ਰਹੇ ਬਾਬਿਆਂ ਅਤੇ ਲੀਡਰਾ ਨੂੰ ਪੰਜਾਬ ਵਿਚ ਰਹਿ ਕੇ ਸਮਾਜਿਕ ਬੁਰਾਈਆਂ ਖਿਲਾਫ ਕੰਮ ਕਰਨ ਦੀ ਅਪੀਲ।
ਨਸ਼ਾ ਵਿਰੋਧੀ ਮੁਹਿੰਮ ਵਿਚ ਸ਼ਾਮਲ ਹੋਣ ਲਈ Every Sunday 8:15pm-10:00pm CA Time (832-551-5038)

ਅਮੋਲਕ ਸਿੰਘ ਗਾਖ਼ਲ (ਚੇਅਰਮੈਨ) 831-247-4637
ਬਲਵੀਰ ਸਿੰਘ ਭਾਟੀਆ (ਪ੍ਰਧਾਨ) 510-677-6248
ਗੁਰਦਾਵਰ ਸਿੰਘ ਮਹੇੜੂ 2gsmann@gmail.com
ਜੁਗਰਾਜ ਸਿੰਘ ਸਹੋਤਾ 510-673-0825

Makhan S. Bains | Narinder S. Sahota | Palwinder S. Gakhal | Kuldip S. Mann
Iqbal S. Gakhal | Parmjit S. Sandhu | Dalvinder S. Padda | Sadhu S. Khalour

Radio Chardi Kala
Listen Live 24/7
www.radiock.com
Dial To Listen
832-551-5038

www.punjabtimesusa.com

*Promotes Healthy Enviornment*

ਮਾਂ-ਬਾਪ, ਸਮਾਜ ਸੇਵੀ ਸੰਸਥਾਵਾਂ, ਪ੍ਰਸ਼ਾਸਨ, ਖੇਡ ਪ੍ਰੋਮੋਟਰਾਂ ਅਤੇ ਰਾਜਨੀਤੀਵਾਨਾਂ ਨੂੰ ਨਸ਼ਿਆਂ ਖਿਲਾਫ ਡਟਣ ਦਾ ਹੋਕਾ

Ad sponsored by: Amolak Singh Gakhal, Iqbal Singh Gakhal, Palwinder Singh Gakhal (A&I Trucking Inc.)

# ਕਸ਼ਮੀਰ 'ਚ ਸਿੱਖਾਂ ਨੂੰ ਮਿਲੇਗੀ ਘੱਟ ਗਿਣਤੀ ਵਜੋਂ ਮਾਨਤਾ

## ਆਨੰਦ ਕਾਰਜ ਐਕਟ ਵੀ ਨਹੀਂ ਹੋਇਆ ਲਾਗੂ



**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਜੰਮੂ-ਕਸ਼ਮੀਰ ਵਿਚ ਰਹਿ ਰਹੇ ਸਿੱਖਾਂ ਨੂੰ ਘੱਟ ਗਿਣਤੀਆਂ ਵਜੋਂ ਕਾਨੂੰਨੀ ਮਾਨਤਾ ਮਿਲਣ ਦੀ ਆਸ ਬੱਝੀ ਹੈ। ਕੇਂਦਰੀ ਕਾਨੂੰਨ ਤੇ ਘੱਟ ਗਿਣਤੀ ਮਾਮਲਿਆਂ ਬਾਰੇ ਮੰਤਰੀ ਸਲਮਾਨ ਖ਼ੁਰਸ਼ੀਦ ਨੇ ਭਰੋਸਾ ਦਿੱਤਾ ਹੈ ਕਿ ਜੰਮੂ-ਕਸ਼ਮੀਰ ਸਰਕਾਰ ਨੇ ਸੂਬੇ ਵਿਚ ਘੱਟਗਿਣਤੀ ਕਮਿਸ਼ਨ ਬਣਾਉਣ ਲਈ ਇਕ ਬਿੱਲ ਤਿਆਰ ਕਰ ਲਿਆ ਹੈ ਤੇ ਇਸ ਮਾਮਲੇ ਉੱਤੇ ਗ਼ੌਰ ਜਾਰੀ ਹੈ।

ਉਨ੍ਹਾਂ ਇਹ ਗੱਲ ਸਾਬਕਾ ਐਮ.ਪੀ. ਤੇ ਕੌਮੀ ਘੱਟ ਗਿਣਤੀ ਕਮਿਸ਼ਨ (ਐਨ.ਸੀ.ਐਮ.) ਦੇ ਸਾਬਕਾ ਚੇਅਰਮੈਨ ਤਰਲੋਚਨ ਸਿੰਘ ਨੂੰ ਦਿੱਤੇ ਇਕ ਜਵਾਬ ਵਿਚ ਕਹੀ ਹੈ। ਤਰਲੋਚਨ ਸਿੰਘ ਨੂੰ 18 ਅਕਤੂਬਰ ਨੂੰ ਭੇਜੀ ਚਿੱਠੀ ਵਿਚ ਉਨ੍ਹਾਂ ਕਿਹਾ "ਕਿ ਜੰਮੂ-ਕਸ਼ਮੀਰ ਵਿਚ ਘੱਟ ਗਿਣਤੀ ਕਮਿਸ਼ਨ ਬਣਾਉਣ ਬਾਰੇ ਮਾਮਲੇ ਦੀ ਘੋਖ ਕੀਤੀ ਹੈ ਤੇ ਉਨ੍ਹਾਂ ਨੂੰ ਦੱਸਿਆ ਗਿਆ ਹੈ ਕਿ ਰਾਜ ਸਰਕਾਰ ਨੇ ਇਸ ਬਾਰੇ ਬਿੱਲ ਤਿਆਰ ਕਰ ਲਿਆ ਹੈ ਤੇ ਮਾਮਲਾ ਜ਼ੇਰੇ-ਗ਼ੌਰ ਹੈ।

ਸੂਬੇ ਵਿਚ ਕਰੀਬ 15 ਲੱਖ ਵੋਟਰ ਹਨ ਤੇ ਵਾਦੀ ਵਿਚ ਹੀ ਕਰੀਬ 60 ਹਜ਼ਾਰ ਸਿੱਖ ਹਨ ਤੇ ਉੱਥੇ ਕਰੀਬ 3700 ਪਰਿਵਾਰ ਕਸ਼ਮੀਰੀ ਪੰਡਤਾਂ ਦੇ ਹਨ। ਇਹ ਲਗਾਤਾਰ ਮੁਸਲਿਮ ਬਹੁਗਿਣਤੀ ਵਾਲੇ ਇਸ ਸੂਬੇ ਵਿਚ ਘੱਟ ਗਿਣਤੀ ਦਰਜਾ ਮੰਗ ਰਹੇ ਹਨ। ਇਨ੍ਹਾਂ ਦੀ ਸਭ ਤੋਂ ਵੱਡੀ ਸਮੱਸਿਆ ਹੈ ਕਿ ਇਨ੍ਹਾਂ ਨੂੰ ਕੇਂਦਰੀ ਘੱਟ ਗਿਣਤੀ ਸਕੀਮਾਂ ਦਾ ਲਾਭ ਨਹੀਂ ਮਿਲਦਾ। ਇਸ ਦੀ ਥਾਂ ਇਨ੍ਹਾਂ ਸਕੀਮਾਂ ਦਾ ਲਾਭ ਮੁਸਲਿਮ ਭਾਈਚਾਰੇ ਨੂੰ ਹੀ ਮਿਲ ਰਿਹਾ ਹੈ ਕਿਉਂਕਿ ਉਹ ਕੌਮੀ ਘੱਟਗਿਣਤੀ ਐਕਟ, 1992 ਤਹਿਤ ਮਾਨਤਾ ਪ੍ਰਾਪਤ ਪੰਜ ਘੱਟ ਗਿਣਤੀਆਂ ਮੁਸਲਿਮ, ਈਸਾਈ, ਸਿੱਖ, ਬੋਧੀ ਤੇ ਪਾਰਸੀ ਵਿਚ ਸ਼ਾਮਲ ਹਨ।

ਐਨ.ਸੀ.ਐਮ. ਦੇ ਚੇਅਰਮੈਨ ਵਜਾਹਤ ਹਬੀਬਉੱਲ੍ਹਾ ਨੇ ਕਿਹਾ ਕਿ ਕੌਮੀ ਘੱਟ ਗਿਣਤੀ ਐਕਟ, 1992 ਬਾਕੀ ਸਾਰੇ ਦੇਸ਼ ਵਿਚ ਤਾਂ ਲਾਗੂ ਹੁੰਦਾ ਹੈ ਪਰ ਜੰਮੂ-ਕਸ਼ਮੀਰ ਵਿਚ ਨਹੀਂ। ਉਨ੍ਹਾਂ ਨੇ ਰਾਜ ਦੇ ਕਾਨੂੰਨ ਮੰਤਰੀ ਨੂੰ ਲਿਖਿਆ ਹੈ ਕਿ ਉਹ ਰਾਸ਼ਟਰਪਤੀ ਨੂੰ ਸਿਫ਼ਾਰਸ਼ ਕਰਨ ਕਿ ਇਹ ਐਕਟ ਸੂਬੇ 'ਤੇ ਵੀ ਲਾਗੂ ਹੋਵੇ। ਉਂਜ, ਸਿੱਖ ਭਾਈਚਾਰੇ ਦੀ ਇਸ ਸਬੰਧੀ ਤਸੱਲੀ ਨਹੀਂ ਹੋਈ। ਨੈਸ਼ਨਲ ਸਿੱਖ ਫਰੰਟ, ਜੰਮੂ-ਕਸ਼ਮੀਰ ਦੇ ਪ੍ਰਧਾਨ ਵਰਿੰਦਰਜੀਤ ਸਿੰਘ ਨੇ ਇਸ ਬਾਰੇ ਕਿਹਾ, "ਅਨੇਕਾਂ ਸਰਕਾਰਾਂ ਇਹ ਵਾਅਦਾ ਕਰ ਚੁੱਕੀਆਂ ਹਨ ਪਰ ਧਾਰਾ 370 ਤੇ ਵਿਸ਼ੇਸ਼ ਰੁਤਬੇ ਕਾਰਨ ਘੱਟ ਗਿਣਤੀ ਕਮਿਸ਼ਨ ਨਹੀਂ ਬਣ ਰਿਹਾ। ਇਸ ਦਾ ਬੱਚਿਆਂ ਨੂੰ ਨੁਕਸਾਨ ਹੋ ਰਿਹਾ ਹੈ।

ਜੰਮੂ ਕਸ਼ਮੀਰ ਦੇ ਸਿੱਖਾਂ ਨੇ ਇਹ ਮੰਗ ਵੀ ਉਭਾਰੀ ਹੈ ਕਿ ਸੰਸਦ ਵੱਲੋਂ ਹਾਲ ਹੀ ਵਿਚ ਕੀਤੀ ਗਈ ਆਨੰਦ ਕਾਰਜ ਐਕਟ ਦੀ ਸੋਧ ਵੀ ਜੰਮੂ-ਕਸ਼ਮੀਰ ਵਿਚ ਲਾਗੂ ਨਹੀਂ ਹੁੰਦੀ। ਇਸ ਕਾਰਨ ਰਿਆਸਤ ਦੇ ਸਿੱਖਾਂ ਨੂੰ ਹਾਲੇ ਵੀ ਆਪਣੇ ਵਿਆਹ ਪੁਰਾਣੇ ਪ੍ਰਬੰਧ (ਹਿੰਦੂ ਮੈਰਿਜ ਐਕਟ) ਤਹਿਤ ਹੀ ਰਜਿਸਟਰ ਕਰਵਾਉਣੇ ਪੈ ਰਹੇ ਹਨ। ਇਸ ਲਈ ਜੰਮੂ-ਕਸ਼ਮੀਰ ਵਿਧਾਨ ਸਭਾ ਨੂੰ ਇਸ ਸੋਧ ਨੂੰ ਮਾਨਤਾ ਦੇਣੀ ਪਵੇਗੀ। ਸ. ਤਰਲੋਚਨ ਸਿੰਘ ਨੇ ਕਿਹਾ ਹੈ ਕਿ ਸੂਬਾਈ ਵਿਧਾਨ ਸਭਾ ਨੂੰ ਸਿੱਖਾਂ ਦੀ ਪੁਰਾਣੀ ਚਲੀ ਆ ਰਹੀ ਮੰਗ ਦਾ ਸਨਮਾਨ ਕਰਦਿਆਂ ਸੋਧੇ ਹੋਏ ਆਨੰਦ ਕਾਰਜ ਐਕਟ ਨੂੰ ਪਾਸ ਕਰਨਾ ਚਾਹੀਦਾ ਹੈ।

# ਸਾਕਾ ਨੀਲਾ ਤਾਰਾ ਯਾਦਗਾਰੀ ਬਾਰੇ ਵਿਵਾਦ ਬੇਲੋੜਾ: ਜਥੇਦਾਰ ਗੁਰਬਚਨ ਸਿੰਘ



**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਖੇ ਬਣ ਰਹੇ ਸਾਕਾ ਨੀਲਾ ਤਾਰਾ ਸ਼ਹੀਦੀ ਯਾਦਗਾਰ ਬਾਰੇ ਚੱਲ ਰਹੇ ਵਿਵਾਦ ਦੌਰਾਨ ਇਥੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਆਖਿਆ ਕਿ ਇਹ ਯਾਦਗਾਰ ਸਿਰਫ ਗੁਰਦੁਆਰੇ ਦੇ ਰੂਪ ਵਿਚ ਹੈ ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਵੇਗਾ ਤੇ ਗੁਰਬਾਣੀ ਦਾ ਪ੍ਰਵਾਹ ਚੱਲੇਗਾ।

ਯਾਤਰਾ ਤੋਂ ਪਰਤੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਆਖਿਆ ਕਿ ਸ਼ਹੀਦੀ ਯਾਦਗਾਰ ਬਾਰੇ ਬੇਲੋੜਾ ਵਿਵਾਦ ਖੜ੍ਹਾ ਕੀਤਾ ਜਾ ਰਿਹਾ ਹੈ। ਇਹ ਯਾਦਗਾਰ ਦੀ ਉਸਾਰੀ ਸਿੱਖ ਕੌਮ ਦਾ ਅੰਦਰੂਨੀ ਮਾਮਲਾ ਹੈ ਤੇ ਇਸ ਵਿਚ ਕਿਸੇ ਨੂੰ ਦਖਲਅੰਦਾਜ਼ੀ ਕਰਨ ਦੀ ਲੋੜ ਨਹੀਂ। ਉਨ੍ਹਾਂ ਇਸ ਦਾ ਵਿਰੋਧ ਕਰਨ ਵਾਲੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਵੀ ਕਰੜੇ ਹੱਥੀਂ ਲਿਆ। ਉਨ੍ਹਾਂ ਆਖਿਆ ਕਿ ਇਸ ਯਾਦਗਾਰ ਦੀ ਰੂਪ ਰੇਖਾ ਬਾਰੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ, ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਤੇ ਹੋਰ ਸਪੱਸ਼ਟ ਕਰ ਚੁੱਕੇ ਹਨ ਕਿ ਇਹ ਯਾਦਗਾਰ ਸਿਰਫ ਗੁਰਦੁਆਰਾ ਹੈ ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਵੇਗਾ ਅਤੇ ਗੁਰਬਾਣੀ ਦਾ ਪ੍ਰਵਾਹ ਚਲਦਾ ਰਹੇਗਾ।

ਉਨ੍ਹਾਂ ਆਖਿਆ ਕਿ ਪਹਿਲਾਂ ਵੀ ਸਿੱਖ ਕੌਮ ਵੱਲੋਂ ਬਾਬਾ ਦੀਪ ਸਿੰਘ ਸ਼ਹੀਦ ਅਤੇ ਬਾਬਾ ਗੁਰਬਖ਼ਸ਼ ਸਿੰਘ ਦੀਆਂ ਯਾਦਗਾਰਾਂ ਦੇ ਰੂਪ ਵਿਚ ਗੁਰਦੁਆਰੇ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚ ਉਸਾਰੇ ਹੋਏ ਹਨ ਤੇ ਇਨ੍ਹਾਂ ਯਾਦਗਾਰਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਜਾਂਦਾ ਹੈ। ਇਸੇ ਤਰ੍ਹਾਂ ਸਾਕਾ ਨੀਲਾ ਤਾਰਾ ਸ਼ਹੀਦੀ ਯਾਦਗਾਰ ਵਿਚ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਵੇਗਾ ਜਿਥੇ ਸ਼ਰਧਾਲੂ ਮੱਥਾ ਟੇਕ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨਗੇ। ਕੇਂਦਰੀ ਸਿੱਖ ਅਜਾਇਬਘਰ ਵਿਚ ਖਾੜਕੂ ਸਿੰਘਾਂ ਦੀਆਂ ਲੱਗੀਆਂ ਤਸਵੀਰਾਂ ਦੇ ਕੀਤੇ ਜਾ ਰਹੇ ਵਿਰੋਧ ਬਾਰੇ ਉਨ੍ਹਾਂ ਆਖਿਆ ਕਿ ਅਜਾਇਬਘਰ ਵਿਚ ਤਸਵੀਰਾਂ ਲਾਉਣ ਦਾ ਫੈਸਲਾ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਵੱਲੋਂ ਕੀਤਾ ਜਾਂਦਾ ਹੈ। ਇਸ ਬਾਰੇ ਆਈਆਂ ਦਰਖ਼ਾਸਤਾਂ ਨੂੰ ਹਰ ਪੱਖੋਂ ਵਿਚਾਰਨ ਮਗਰੋਂ ਅੰਤ੍ਰਿੰਗ ਕਮੇਟੀ ਵੱਲੋਂ ਫੈਸਲਾ ਲਿਆ ਜਾਂਦਾ ਹੈ।

# ਮਹਾਨ ਸਿੱਖ ਬੀਬੀਆਂ ਦੇ ਚਰਿੱਤਰ ਦੀ ਰੰਗਾਂ ਰਾਹੀਂ ਪੇਸ਼ਕਾਰੀ

**ਚੰਡੀਗੜ੍ਹ:** ਚੰਡੀਗੜ੍ਹ ਦੇ ਸੈਕਟਰ 16 ਸਥਿਤ ਪੰਜਾਬ ਕਲਾ ਭਵਨ ਵਿਚ ਲੰਘੇ ਦਿਨੀਂ ਪ੍ਰਸਿੱਧ ਅਦਾਕਾਰਾ ਤੇ ਚਿੱਤਰਕਾਰ ਨੀਤਾ ਮੋਹਿੰਦਰਾ ਵੱਲੋਂ ਕੀਤੇ ਨਿਵੇਕਲੇ ਉਪਰਾਲੇ ਦੀ ਪ੍ਰਦਰਸ਼ਨੀ ਦਰਸ਼ਕਾਂ ਦੀ ਖਿੱਚ ਦਾ ਕੇਂਦਰ ਬਣੀ ਰਹੀ। ਨੀਤਾ ਮੋਹਿੰਦਰਾ ਨੇ ਸਿੱਖ ਇਤਿਹਾਸ ਵਿਚਲੀਆਂ ਮਹਾਨ ਬੀਬੀਆਂ ਦੇ ਚਰਿੱਤਰ ਨੂੰ ਰੰਗਾਂ ਰਾਹੀਂ ਪੇਸ਼ ਕਰਨ ਦੀ ਲਾਮਿਸਾਲ ਕੋਸ਼ਿਸ਼ ਕੀਤੀ ਹੈ ਤੇ ਤਸਵੀਰਾਂ ਦੀ ਪ੍ਰਦਰਸ਼ਨੀ ਲਾਈ ਹੈ।



ਆਪਣੀ ਇਸ ਕੋਸ਼ਿਸ਼ ਬਾਰੇ ਨੀਤਾ ਮੋਹਿੰਦਰਾ ਦਾ ਕਹਿਣਾ ਹੈ ਕਿ ਕੁਝ ਸਾਲ ਪਹਿਲਾਂ ਉਹ ਦੂਰਦਰਸ਼ਨ 'ਤੇ ਰਾਜ ਬੱਬਰ ਵੱਲੋਂ ਪੇਸ਼ ਸੀਰੀਅਲ ਮਹਾਰਾਜਾ ਰਣਜੀਤ ਸਿੰਘ ਵਿਚ ਰਾਣੀ ਸਦਾ ਕੌਰ ਦੀ ਭੂਮਿਕਾ ਨਿਭਾਅ ਰਹੀ ਸੀ। ਆਪਣੀ ਭੂਮਿਕਾ ਦੀ ਤਿਆਰੀ ਕਰਦਿਆਂ ਉਹ ਇਹ ਜਾਣ ਕੇ ਬਹੁਤ ਹੈਰਾਨ ਹੋਈ ਕਿ ਸਿੱਖ ਪੰਥ ਨਾਲ ਸਬੰਧਿਤ ਬੀਬੀਆਂ ਵਿਚਾਰਕ ਪੱਖੋਂ ਅੱਜ ਦੀਆਂ ਔਰਤਾਂ ਤੋਂ ਵੀ 200 ਸਾਲ ਅਗਾਂਹ ਸਨ।

ਉਨ੍ਹਾਂ ਦੱਸਿਆ ਕਿ ਇਸ ਹੈਰਾਨਗੀ ਨੇ ਹੀ ਉਨ੍ਹਾਂ ਨੂੰ ਉਤਸ਼ਾਹਿਤ ਕੀਤਾ ਤੇ ਉਹ ਇਨ੍ਹਾਂ ਮਹਾਨ ਔਰਤਾਂ ਬਾਰੇ ਜਾਣਕਾਰੀ ਇਕੱਤਰ ਕਰਨ ਵਿਚ ਜੁਟ ਗਈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਮਹਾਨ ਔਰਤਾਂ ਦੀਆਂ ਤਸਵੀਰਾਂ ਨੂੰ ਤਿਆਰ ਕਰਨ ਲਈ ਜਿੱਥੇ ਉਸ ਨੇ ਵੱਡੇ ਪੱਧਰ 'ਤੇ ਖੋਜ ਕੀਤੀ ਹੈ, ਉੱਥੇ ਹੀ ਇਤਿਹਾਸਕ ਦਸਤਵੇਜ਼ਾਂ ਨੂੰ ਆਧਾਰ ਵੀ ਬਣਾਇਆ ਹੈ। ਨੀਤਾ ਮੋਹਿੰਦਰਾ ਦੀ ਇਸ ਅਨੋਖੀ ਕਲਾਕਾਰੀ ਦੀ ਪ੍ਰਦਰਸ਼ਨੀ ਇਸ ਤੋਂ ਪਹਿਲਾਂ ਪੰਜਾਬ ਕਲਾ ਭਵਨ ਦਿੱਲੀ ਵਿਚ ਵੀ ਲੱਗ ਚੁੱਕੀ ਹੈ। ਨੀਤਾ ਮੋਹਿੰਦਰਾ ਹੁਣ ਤੱਕ ਅੱਠ ਪੰਜਾਬੀ ਫਿਲਮਾਂ ਵਿਚ ਕੰਮ ਕਰਨ ਤੋਂ ਇਲਾਵਾ 17 ਟੀ.ਵੀ ਸੀਰੀਅਲਾਂ ਤੇ 34 ਸਟੇਜ ਨਾਟਕਾਂ ਵਿਚ ਭੂਮਿਕਾ ਨਿਭਾਅ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਸਿੱਖ ਪੰਥ ਦੇ ਪਹਿਲੇ ਪਾਤਿਸ਼ਾਹ ਸ੍ਰੀ ਗੁਰੂ ਨਾਨਕ ਦੇਵ ਦੀ ਮਾਤਾ ਤ੍ਰਿਪਤਾ ਜੀ, ਭੈਣ ਬੇਬੇ ਨਾਨਕੀ, ਦੂਜੇ ਪਾਤਿਸ਼ਾਹ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਪਤਨੀ ਮਾਤਾ ਖੀਵੀ, ਗੁਰੂ ਅਮਰਦਾਸ ਦੀ ਬੇਟੀ ਤੇ ਗੁਰੂ ਰਾਮਦਾਸ ਜੀ ਦੀ ਪਤਨੀ ਬੀਬੀ ਭਾਨੀ, ਗੁਰੂ ਤੇਗ ਬਹਾਦਰ ਦੀ ਪਤਨੀ ਮਾਤਾ ਗੁਜਰੀ, ਗੁਰੂ ਗੋਬਿੰਦ ਸਿੰਘ ਨੂੰ ਬੇਦਾਵਾ ਲਿਖਣ ਵਾਲੇ ਸਿੰਘਾਂ ਨੂੰ ਭੁੱਲ ਬਖਸ਼ਾਉਣ ਲਈ ਤਿਆਰ ਕਰਨ ਵਾਲੀ ਮਾਈ ਭਾਗੋ ਤੇ ਅੰਮ੍ਰਿਤ ਤਿਆਰ ਕਰਨ ਵਾਲੀ ਮਾਤਾ ਸਾਹਿਬ ਕੌਰ ਬਾਰੇ ਬੇਮਿਸਾਲ ਜਾਣਕਾਰੀ ਹਾਸਲ ਕਰਕੇ ਉਪਰੋਕਤ ਬੀਬੀਆਂ ਦੇ ਚਿੱਤਰ ਬਣਾਏ ਤੇ ਉਨ੍ਹਾਂ ਚਿੱਤਰਾਂ ਨੂੰ ਆਪਣੀ ਪ੍ਰਦਰਸ਼ਨੀ ਦਾ ਹਿੱਸਾ ਬਣਾਇਆ।

# ਨਾਟਕ 'ਸਰਦਲ ਦੇ ਆਰ-ਪਾਰ' ਦੀ ਕਮਾਲ ਪੇਸ਼ਕਾਰੀ

**ਫਰਿਜ਼ਨੋ (ਐਸ. ਅਸ਼ੋਕ ਭੌਰਾ):** ਸਥਾਨਕ ਵੈਟਰਨ ਮੈਮੋਰੀਅਲ ਥੀਏਟਰ 'ਚ ਸ਼ਹੀਦ ਊਧਮ ਸਿੰਘ ਕਲੱਬ ਵੱਲੋਂ ਸੁਰਿੰਦਰ ਧਨੋਆ ਦੇ ਨਿਰਦੇਸ਼ਨ ਹੇਠ ਨਾਟਕ 'ਸਰਦਲ ਦੇ ਆਰ-ਪਾਰ' ਖੇਡਿਆ ਗਿਆ। ਹਰਪ੍ਰੀਤ ਸਿੰਘ, ਸੁੱਚਾ ਸਿੰਘ ਵਾਇਸੇਲੀਆ, ਤਰਲੋਚਨ ਸਿੰਘ ਅਤੇ ਜਸਵੀਰ ਸਿੰਘ ਮਹਿਰੋਕ ਦੇ ਯਤਨਾਂ ਸਦਕਾ ਅਤੇ ਪੰਜਾਬੀ ਲੋਕ ਰੰਗ ਦੀ ਅਗਵਾਈ ਵਿਚ ਖੇਡੇ ਗਏ ਇਸ ਨਾਟਕ ਨੂੰ ਵੱਡੀ ਗਿਣਤੀ ਦਰਸ਼ਕਾਂ ਨੇ ਸਾਹ ਰੋਕ ਕੇ ਵੇਖਿਆ।

ਡਾ. ਜਤਿੰਦਰ ਔਲਖ ਦਾ ਲਿਖਿਆ ਇਹ ਨਾਟਕ ਇਕ ਅਜਿਹੀ ਔਰਤ ਦੀ ਦਰਦਮਈ ਕਹਾਣੀ ਹੈ ਜੋ ਪਿਆਰ ਖਾਤਰ ਘਰੋਂ ਬਾਹਰ ਤਾਂ ਪੈਰ ਪੁੱਟ ਲੈਂਦੀ ਹੈ ਪਰ ਪ੍ਰੇਮੀ ਵੱਲੋਂ ਰਾਹ ਵਿਚ ਹੀ ਛੱਡੇ ਜਾਣ ਕਾਰਨ ਸਾਰੀ ਉਮਰ ਭਟਕਦੀ ਹੈ ਤੇ ਦੁੱਖਾਂ ਨਾਲ ਜੂਝਦੀ ਹੈ। ਨਾਟਕ ਦੀ ਕਹਾਣੀ ਮੁਤਾਬਕ ਇਕ ਔਰਤ ਅਮਲੀ ਨਾਲ ਵਿਆਹੀ ਜਾਂਦੀ ਹੈ ਜੋ ਇਕ ਬੱਚੀ ਦੇ ਜਨਮ ਪਿਛੋਂ ਮੌਤ ਦੇ ਮੂੰਹ 'ਚ ਡਿੱਗ ਪੈਂਦਾ ਹੈ। ਇਹੋ ਬੱਚੀ ਜਦੋਂ ਵੱਡੀ ਹੋ ਕੇ ਪਿਆਰ ਲਈ ਘਰੋਂ ਪੈਰ ਪੁੱਟਣ ਲੱਗਦੀ ਹੈ ਤਾਂ ਸਾਰੀ ਉਮਰ ਪਰਦਾ ਰੱਖਣ ਵਾਲੀ ਮਾਂ ਧੀ ਨੂੰ ਵੀ ਆਪਣੀ ਅਜਿਹੀ ਗਲਤੀ ਦਾ ਵਾਸਤਾ ਪਾ ਕੇ ਰੋਕਣ ਵਿਚ ਸਫ਼ਲ ਹੋ ਜਾਂਦੀ ਹੈ। ਇਹ ਨਾਟਕ ਜਿਥੇ ਧੀਆਂ ਵੱਲੋਂ ਮਾਪਿਆਂ ਤੋਂ ਬਾਗੀ ਹੋ ਕੇ ਪਿਆਰ 'ਚ ਬਰਬਾਦ ਹੋਣ ਵਾਲੀਆਂ ਕੁੜੀਆਂ ਲਈ ਸੰਦੇਸ਼ ਦਿੰਦਾ ਹੈ, ਉਥੇ ਨਸ਼ਿਆਂ ਦੀ ਦਲਦਲ 'ਚ ਫਸ ਰਹੀ ਨੌਜਵਾਨੀ 'ਤੇ ਵੀ ਕਰਾਰੀ ਚੋਟ ਹੈ।

ਨਾਟਕ ਵਿਚ ਨਿਰਦੇਸ਼ਕ ਸੁਰਿੰਦਰ ਧਨੋਆ (ਲੰਬੜਦਾਰ), ਬੀਬੀ ਜਸਵਿੰਦਰ ਧਨੋਆ (ਦਿੱਤੀ), ਬਲਜੀਵਨ (ਸਰਪੰਚ), ਮਨਪ੍ਰੀਤ (ਛੋਟੀ ਜੀਤੋ), ਹਰਪ੍ਰੀਤ ਕੌਰ ਸੇਖੋਂ (ਕਿਰਨਾ), ਕੁਲਵਿੰਦਰ ਕੌਰ (ਵੱਡੀ ਜੀਤੋ), ਦਿਲਾਵਰ ਚਾਹਲ, ਦਿਲਬਾਗ, ਦਰਸ਼ਨ ਔਜਲਾ, ਜਤਿੰਦਰ ਜਰਗੀਆਂ (ਫਕੀਰ) ਦੀ ਭੂਮਿਕਾ ਵਿਚ ਖ਼ੂਬ ਜਚੇ ਹਨ। ਦਰਸ਼ਨ ਲਹਿਲ ਦਾ ਮੱਦੀ ਅਤੇ ਸੋਨੂੰ ਰਾਣਾ ਦਾ ਨਾਜ਼ਰ ਵਾਲਾ ਰੋਲ ਦਰਸ਼ਕਾਂ ਨੂੰ ਚਿਰਾਂ ਤੱਕ ਚੇਤੇ ਰਹੇਗਾ। ਸ਼ਾਨ ਸੇਖੋਂ ਤੇ ਕੁਲਜੀਤ ਜੀਤੀ, ਸੇਵਾ ਸਿੰਘ ਕੀਰਤੀ, ਜਸਲੀਨ ਦੀ ਸਫ਼ਲ ਪੇਸ਼ਕਾਰੀ ਸਲਾਹੁਣਯੋਗ ਸੀ। ਜੱਸੀ ਸਰਾਂ ਅਤੇ ਮੋਨਿਕਾ ਉਪਲ ਨੇ ਇਸ ਨਾਟਕ ਨੂੰ ਵੱਖਰੀ ਰੂਹ ਦਿੱਤੀ।

ਸੁੱਚਾ ਸਿੰਘ ਵਾਇਸੇਲੀਆ ਤੇ ਹਰਪ੍ਰੀਤ ਸਿੰਘ ਅਨੁਸਾਰ ਫਰਿਜ਼ਨੋ ਵਾਸੀਆਂ ਲਈ ਪਹਿਲਾਂ ਵੀ ਉਨ੍ਹਾਂ ਨੇ ਸੁਰਿੰਦਰ ਧਨੋਆ ਦੇ ਨਿਰਦੇਸ਼ਨ ਹੇਠ ਕੁਝ ਮਹੀਨੇ ਪਹਿਲਾਂ 'ਪੱਤਣਾਂ 'ਤੇ ਰੋਣ ਖੜ੍ਹੀਆਂ' ਨਾਟਕ ਦਾ ਸਫ਼ਲ ਮੰਚਨ ਕਰਵਾਇਆ ਸੀ। ਤੜਕ-ਫੜਕ ਵਾਲੇ ਇਸ ਯੁੱਗ 'ਚ ਅਜਿਹੇ ਨਾਟਕ ਪੰਜਾਬੀ ਭਾਈਚਾਰੇ ਲਈ ਸਹੀ ਉਦਮ ਤੇ ਪ੍ਰਸ਼ੰਸਾਯੋਗ ਕਦਮ ਹੈ। ਸੁਰਿੰਦਰ ਧਨੋਆ ਅਨੁਸਾਰ ਇਹੋ ਨਾਟਕ ਜਲਦੀ ਹੀ ਯੂਨੀਅਨ ਸਿਟੀ ਵਿਚ ਵੀ ਖੇਡਿਆ ਜਾ ਰਿਹਾ ਹੈ।





# ਚੀਨ ਦੇ ਰੱਖਿਆ ਖ਼ਰਚੇ ਨੇ ਤੋੜੇ ਰਿਕਾਰਡ

**ਵਾਸ਼ਿੰਗਟਨ:** ਰੱਖਿਆ ਖ਼ਰਚੇ ਵਿਚ ਚੀਨ ਸਾਰੇ ਏਸ਼ੀਆਈ ਦੇਸ਼ਾਂ ਤੋਂ ਅੱਗੇ ਹੈ। ਇਕ ਅਮਰੀਕੀ ਸੈਨਿਕ ਮਾਹਰ ਅਨੁਸਾਰ ਚੀਨ ਨੇ ਪਿਛਲੇ ਇਕ ਦਹਾਕੇ ਵਿਚ ਅਪਣੇ ਰੱਖਿਆ ਬਜਟ 'ਚ ਚਾਰ ਗੁਣਾ ਵਾਧਾ ਕਰਦਿਆਂ ਫ਼ੌਜੀ ਖ਼ਰਚੇ ਦੇ ਮਾਮਲੇ 'ਚ ਏਸ਼ੀਆ ਦੀਆਂ ਚਾਰ ਪ੍ਰਮੁੱਖ ਫ਼ੌਜੀ ਸ਼ਕਤੀਆਂ ਭਾਰਤ, ਜਾਪਾਨ, ਦੱਖਣੀ ਕੋਰੀਆ ਤੇ ਤਾਈਵਾਨ ਨੂੰ ਪਿੱਛੇ ਛੱਡ ਦਿਤਾ ਹੈ।

ਵਾਸ਼ਿੰਗਟਨ ਸਥਿਤ ਰਣਨੀਤਕ ਖੋਜ ਤੇ ਅੰਤਰਰਾਸ਼ਟਰੀ ਅਧਿਐਨ ਕੇਂਦਰ ਨੇ ਅਪਣੀ ਇਕ ਰਿਪੋਰਟ ਵਿਚ ਕਿਹਾ ਹੈ ਕਿ ਪਿਛਲੇ 10 ਸਾਲਾਂ ਭਾਵ ਸਾਲ 2000 ਤੋਂ ਬਾਅਦ ਇਨਖ਼ਾਂ ਪੰਜਾਂ ਦੇਸ਼ਾਂ ਦਾ ਰੱਖਿਆ ਖ਼ਰਚਾ ਦੁਗਣਾ ਹੋ ਗਿਆ ਹੈ। ਸਾਲ 2011 ਵਿਚ ਇਨਖ਼ਾਂ ਦੇਸ਼ਾਂ ਨੇ ਰੱਖਿਆ 'ਤੇ ਕੁਲ ਮਿਲਾ ਕੇ ਤਕਰੀਬਨ 224 ਅਰਬ ਅਮਰੀਕੀ ਡਾਲਰ ਖ਼ਰਚ ਕੀਤੇ ਹਨ। 2005 ਤੋਂ ਪਹਿਲਾਂ ਜਾਪਾਨ ਦਾ ਰੱਖਿਆ ਬਜਟ ਏਸ਼ੀਆ 'ਚ ਸਭ ਤੋਂ ਜ਼ਿਆਦਾ ਹੁੰਦਾ ਸੀ ਪਰ 2005 ਤੋਂ ਬਾਅਦ ਚੀਨ ਰਖਿਆ 'ਤੇ ਸਭ ਤੋਂ ਜ਼ਿਆਦਾ ਖ਼ਰਚ ਕਰਨ ਵਾਲਾ ਦੇਸ਼ ਬਣਿਆ ਹੋਇਆ ਹੈ। ਰਿਪੋਰਟ ਅਨੁਸਾਰ 2011 ਵਿਚ ਇਨਖ਼ਾਂ ਸਾਰੇ ਦੇਸ਼ਾਂ ਦੇ ਕੁਲ ਰੱਖਿਆ ਖ਼ਰਚੇ ਵਿਚ ਚੀਨ ਦਾ ਹਿੱਸਾ 40.2 ਫੀਸਦੀ ਸੀ।

# ਕੀ ਭਗਤ ਸਿੰਘ ਸੱਚੀਓਂ ਹੀ ਸ਼ਹੀਦ-ਏ-ਆਜ਼ਮ ਨਹੀਂ ਹਨ?

*(ਸਫਾ 15 ਦੀ ਬਾਕੀ)*


ਤਾਕਤਾਂ ਦੀ ਨਾਂਹਪੱਖੀ ਭੂਮਿਕਾ ਦੇ ਬਾਵਜੂਦ ਖ਼ਰੀਆਂ ਸਾਮਰਾਜ ਵਿਰੋਧੀ ਤਾਕਤਾਂ ਵਲੋਂ ਦੇਸ਼ ਭਗਤੀ ਦੇ ਜਜ਼ਬੇ ਤਹਿਤ ਅੰਗਰੇਜ਼ ਸਾਮਰਾਜ ਵਿਰੁੱਧ ਪੂਰੀ ਸ਼ਿੱਦਤ ਨਾਲ ਲੜਾਈ ਲੜੀ ਗਈ। ਇੱਥੇ ਰਾਸ਼ਟਰਵਾਦ ਉਪਰੋਕਤ ਵੰਨ-ਸੁਵੰਨਤਾ 'ਚ ਸਾਂਝ ਦੀਆਂ ਤੰਦਾਂ ਬੁਣਦਾ ਸਾਫ਼ ਨਜ਼ਰ ਆਉਂਦਾ ਪਰ ਸ. ਅਜਮੇਰ ਸਿੰਘ ਦੀ ਨਜ਼ਰ 'ਚ ਇਹ ਫਿਰਕਾਪ੍ਰਸਤੀ ਦੀ ਜੰਮਣ ਭੋਂਇ ਹੈ।

ਨਿਰਸੰਦੇਹ, 1947 ਦੀ ਰਸਮੀ ਆਜ਼ਾਦੀ ਤੋਂ ਬਾਅਦ ਰਾਸ਼ਟਰਵਾਦ ਦੀ ਭੂਮਿਕਾ ਬੁਨਿਆਦੀ ਤੌਰ 'ਤੇ ਬਦਲ ਗਈ। ਹੁਣ ਇਹ ਹੁਕਮਰਾਨ ਜਮਾਤ ਦੇ ਹੱਥ 'ਚ ਆਪਣੀ ਲੋਕ-ਧ੍ਰੋਹੀ ਅਤੇ ਮੱਕਾਰ ਭੂਮਿਕਾ 'ਤੇ ਪਰਦਾਪੋਸ਼ੀ ਕਰਨ ਅਤੇ ਸਥਾਪਤੀ ਵਿਰੋਧੀ ਜਾਇਜ਼ ਵਿਦਰੋਹਾਂ ਨੂੰ ਕੁਚਲਣ ਦਾ ਸਾਧਨ ਹੈ। ਮਾਰਕਸੀ ਵਿਦਵਾਨ ਪ੍ਰੋ. ਰਣਧੀਰ ਸਿੰਘ ਨੇ ਇਸ ਦਾ ਬਾਖ਼ੂਬੀ ਵਿਸ਼ਲੇਸ਼ਣ ਇਨ੍ਹਾਂ ਸ਼ਬਦਾਂ 'ਚ ਕੀਤਾ ਹੈ: "ਇੰਜ, ਇਤਿਹਾਸਕ ਪੱਖੋਂ ਦੇਖਿਆਂ ਰਾਸ਼ਟਰਵਾਦ ਖ਼ੁਦ-ਬ-ਖ਼ੁਦ ਹੀ ਅਗਾਂਹਵਧੂ ਜਾਂ ਪਿਛਾਂਹਖਿੱਚੂ, ਧਰਮਨਿਰਪੱਖ ਜਾਂ ਫਿਰਕਾਪ੍ਰਸਤ, ਜਮਹੂਰੀ ਜਾਂ ਆਪਾਸ਼ਾਹ, ਕੋਈ ਬਿਹਤਰ ਜਾਂ ਬਦਤਰ ਚੀਜ਼ ਨਹੀਂ ਹੈ। ਇਹ ਸਭ ਇਸ ਦੇ ਖ਼ਾਸ ਕਿਰਦਾਰ, ਇਸ ਦੇ ਪ੍ਰੋਗਰਾਮ ਅਤੇ ਲੀਡਰਸ਼ਿਪ ਅਤੇ ਸਭ ਤੋਂ ਵੱਧ ਠੋਸ ਇਤਿਹਾਸਕ ਪ੍ਰਸੰਗ ਜਾਂ ਮੌਕਾਮੇਲ ਉੱਪਰ ਮੁਨੱਸਰ ਕਰਦਾ ਹੈ। ਇਨ੍ਹਾਂ ਕਾਰਕਾਂ ਤੋਂ ਇਸ ਦਾ ਅਸਲ ਸੁਭਾਅ ਅਤੇ ਇਤਿਹਾਸਕ ਭੂਮਿਕਾ ਤੈਅ ਹੁੰਦੇ ਹਨ। 1947 ਤੋਂ ਪਹਿਲਾਂ ਭਾਰਤ ਵਿਚ ਰਾਸ਼ਟਰਵਾਦ ਸੱਚੀਓਂ ਹੀ ਅਗਾਂਹਵਧੂ ਸੀ; ਇਕ ਵੱਖਰੀ, ਵੱਧ ਤਰੱਕੀਪਸੰਦ ਜਮਾਤੀ ਅਗਵਾਈ ਅਤੇ ਪ੍ਰੋਗਰਾਮ ਤਹਿਤ ਇਹ ਰੈਡੀਕਲ, ਇੱਥੋਂ ਤੱਕ ਕਿ ਇਨਕਲਾਬੀ ਵੀ ਹੋ ਸਕਦਾ ਸੀ। ਇਹ ਅਗਾਂਹਵਧੂ ਸੀ ਕਿਉਂਕਿ ਇਸ ਦਾ ਨਿਸ਼ਾਨਾ ਸਮਾਜ ਦੀਆਂ ਬੁਨਿਆਦੀ ਢਾਂਚਾਗਤ ਵਿਰੋਧਤਾਈਆਂ ਨੂੰ ਹੱਲ ਕਰਨਾ ਸੀ ਜਿਸ ਨੂੰ ਸਾਮਰਾਜਵਾਦ ਨੇ ਜੂੜ ਪਾਇਆ ਹੋਇਆ ਸੀ। ਸਾਮਰਾਜਵਾਦ ਦੀ ਖ਼ਿਲਾਫ਼ਤ ਰਾਹੀਂ ਇਨ੍ਹਾਂ ਦਾ ਹੱਲ ਹੀ ਬਿਹਤਰ ਭਵਿੱਖ ਲਈ ਲਗਾਤਾਰ ਜਾਰੀ ਭਾਰਤੀ ਲੋਕਾਂ ਦੇ ਸੰਘਰਸ਼ ਦਾ ਰਾਹ ਪੱਧਰਾ ਕਰ ਸਕਦਾ ਸੀ ਪਰ ਰਾਸ਼ਟਰਵਾਦ ਦਾ 1947 ਤੋਂ ਬਾਅਦ ਦੇ ਸਮੇਂ 'ਚ ਲਾਜ਼ਮੀ ਤੌਰ 'ਤੇ ਜਾਂ ਪੂਰੀ ਤਰ੍ਹਾਂ ਇੰਜ ਬਣੇ ਰਹਿਣਾ ਜ਼ਰੂਰੀ ਨਹੀਂ ਹੈ।" ("1914-15 ਦੇ ਪੰਜਾਬ ਦੇ ਇਨਕਲਾਬੀਆਂ ਦੀ ਯਾਦ 'ਚ", 1992 'ਚ ਕੀਤੀ ਤਕਰੀਰ) ਪਰ ਸ. ਅਜਮੇਰ ਸਿੰਘ ਜੀ ਦੀ ਨਜ਼ਰ 'ਚ 1947 ਤੋਂ ਬਾਅਦ ਦੀ ਹਰ ਬਿਮਾਰੀ ਦੀ ਜੜ੍ਹ 1947 ਤੋਂ ਪਹਿਲਾਂ ਉੱਭਰਿਆ ਕੌਮਵਾਦੀ ਜਜ਼ਬਾ ਹੀ ਹੈ। ਉਹ ਜ਼ੋਰ ਦਿੰਦੇ ਹਨ ਕਿ ਭਗਤ ਸਿੰਘ ਦੇ ਦੇਸ਼ ਭਗਤ ਇਨਕਲਾਬੀ ਵਾਲੇ ਸਥਾਪਤ ਬਿੰਬ ਵਿਚੋਂ ਰਾਸ਼ਟਰਵਾਦ ਝਲਕਦਾ ਹੈ, ਇਸ ਲਈ ਉਸ ਦੀ ਵਿਚਾਰਧਾਰਾ ਦੇ ਗੁਣਾਂ-ਔਗੁਣਾਂ ਨੂੰ ਪਛਾਣਨ ਅਤੇ ਸਵੀਕਾਰ ਕਰਨ ਦਾ ਸੰਵਾਦ ਸੰਜੀਦਗੀ ਅਤੇ ਠੰਢੇ ਮਨ ਨਾਲ ਚਲਾਉਣਾ ਚਾਹੀਦਾ ਹੈ, ਉਸ ਦੇ ਬਿੰਬ ਨੂੰ ਗੁਣਾਂ-ਔਗੁਣਾਂ ਦੇ ਟੁਕੜਿਆਂ 'ਚ ਵੰਡ ਕੇ ਦੇਖਣਾ ਚਾਹੀਦਾ ਹੈ ਅਤੇ ਉਸ ਨੂੰ ਐਵੇਂ ਹੀ ਸ਼ਹੀਦ-ਏ-ਆਜ਼ਮ ਨਹੀਂ ਮੰਨਦੇ ਰਹਿਣਾ ਚਾਹੀਦਾ; ਪਰ ਉਪਰੋਕਤ ਦੀ ਰੋਸ਼ਨੀ 'ਚ ਅਸੀਂ ਸਹਿਜੇ ਹੀ ਦੇਖ ਸਕਦੇ ਹਾਂ ਕਿ ਸ. ਅਜਮੇਰ ਸਿੰਘ ਦਾ ਦਾਅਵਾ ਤੱਥਾਂ ਤੇ ਦਲੀਲਾਂ 'ਤੇ ਖ਼ਰਾ ਨਹੀਂ ਉੱਤਰਦਾ ਅਤੇ ਇਸ ਨੂੰ ਉਨ੍ਹਾਂ ਦੀ ਮੌਜੂਦਾ 'ਗਿਆਨ-ਚੇਤਨਾ' ਦਾ ਕ੍ਰਿਸ਼ਮਾ ਹੀ ਕਿਹਾ ਜਾ ਸਕਦਾ ਹੈ।

## ਬਰਤਾਨੀਆ ਸਰਕਾਰ ਮੋਦੀ ਪ੍ਰਤੀ ਨਰਮ

**ਗਾਂਧੀਨਗਰ:** ਬਰਤਾਨੀਆ ਨੇ ਕਿਹਾ ਹੈ ਕਿ ਇਸ ਦੇ ਗੁਜਰਾਤ ਨਾਲ ਮੁੜ ਭਿਆਲੀ ਦੇ ਫੈਸਲੇ ਨੂੰ ਮੁੱਖ ਮੰਤਰੀ ਨਰਿੰਦਰ ਮੋਦੀ ਦੇ ਸਮਰਥਨ ਵਜੋਂ ਨਹੀਂ ਦੇਖਿਆ ਜਾਣਾ ਚਾਹੀਦਾ। ਰਾਜ ਵਿਚ 2002 ਦੇ ਦੰਗਿਆਂ ਦੇ ਮਾਮਲੇ 'ਤੇ ਲਾਇਆ ਦਹਾਕਾ ਲੰਮਾ ਬਾਈਕਾਟ ਖਤਮ ਕਰਦਿਆਂ ਬਰਤਾਨੀਆ ਸਰਕਾਰ ਵੱਲੋਂ ਇਹ ਰਾਏ ਪੇਸ਼ ਕੀਤੀ ਗਈ ਹੈ।

ਗੁਜਰਾਤ ਨਾਲ ਕਾਰੋਬਾਰ ਤੇ ਵਪਾਰ ਦੇ ਮੌਕੇ ਵਧਾਉਣ ਦੀ ਤਾਂਘ ਦਾ ਵਿਖਾਲਾ ਕਰਦਿਆਂ ਭਾਰਤ ਵਿਚ ਬਰਤਾਨਵੀ ਹਾਈ ਕਮਿਸ਼ਨਰ ਜੇਮਜ਼ ਬੇਵਨ ਨੇ ਮੋਦੀ ਨਾਲ ਮੁਲਾਕਾਤ ਕੀਤੀ। 50 ਮਿੰਟ ਦੀ ਮੁਲਾਕਾਤ ਮਗਰੋਂ ਹੀ ਬਰਤਾਨੀਆ ਏਲਚੀ ਨੇ ਕਿਹਾ ਕਿ ਇਹ ਫੈਸਲਾ ਬਰਤਾਨੀਆ ਦੇ ਕੌਮੀ ਹਿੱਤਾਂ ਵਿਚ ਹੈ। ਉਨ੍ਹਾਂ ਕਿਹਾ ਕਿ ਇਹ ਸਬੰਧ ਸਮੁੱਚੇ ਗੁਜਰਾਤ ਨਾਲ ਬਣਾਏ ਜਾ ਰਹੇ ਹਨ ਨਾ ਕਿ ਕਿਸੇ ਇਕੱਲੇ ਵਿਅਕਤੀ ਵਿਸ਼ੇਸ਼ ਨਾਲ ਹਨ। ਉਨ੍ਹਾਂ ਕਿਹਾ ਕਿ ਉਹ ਇਸ ਧਾਰਨਾ ਨਾਲ ਸਹਿਮਤ ਨਹੀਂ ਕਿ ਬਰਤਾਨੀਆ ਦੇ ਇਸ ਫੈਸਲੇ ਨਾਲ ਮੋਦੀ ਪੱਕੇ ਪੈਰੀਂ ਹੋਏਗਾ।

Reliable and Experienced Real Estate Professional
ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ, ਫੋਨ: 209-815-1869
*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay

Gurbans Singh Gill
Realtor
15 Years Experiance in Real Estate
e-mail: gurbans@gotracy.com
Fax: 209-836-0706
www.gotracy.com
We Specialize in Bankowned, Foreclosure and Short Sale Homes
For Sale & Purchase of Residential, Commercial Property and AG-Land
ਘਰ ਖਰੀਦਣ ਦੇ ਚਾਹਵਾਨਾਂ ਲਈ ਖੁਸ਼ਖਬਰੀ
ਹੁਣ ਵਿਆਜ ਦਰਾਂ ਬਹੁਤ ਹੀ ਘੱਟ ਹਨ
ਬਦਾਮਾਂ ਦੇ ਖੇਤ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ
ਗੁਰਬੰਸ ਗਿੱਲ, ਫੋਨ: 209-815-1869
Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ
REALTY WORLD Millennium
Gurbans Gill 209-815-1869

Quik Signs
Signs * Graphics * Wraps

ਅਸੀਂ ਹਰ ਸਾਈਜ਼ ਦੇ ਸਾਈਨ
ਹਰ ਸਟੇਟ ਵਿੱਚ ਮੇਲ ਵੀ ਕਰਦੇ ਹਾਂ

ਬੈਨਰ, ਬਿਜ਼ਨਸ ਕਾਰਡ, ਵਿਆਹ ਦੇ ਕਾਰਡ,
ਲੋਗੋ ਡਿਜ਼ਾਇਨ, ਫੁੱਲ ਕਲਰ ਪ੍ਰਿੰਟਿੰਗ, ਮੈਗਨੈਟਿਕ ਸਾਈਨ,
ਸਟੋਰਾਂ ਦਾ ਸਾਈਨ, ਕਲਰ ਪੋਸਟਰ ਅਤੇ ਹਰ ਤਰ੍ਹਾਂ ਦੀ ਪ੍ਰਿੰਟਿੰਗ ਲਈ ਮਿਲੋ।
ਅਸੀਂ ਹਰ ਤਰ੍ਹਾਂ ਦੇ ਸਾਈਨ ਬਣਾਉਂਦੇ ਹਾਂ ਅਤੇ ਪੁਰਾਣੇ ਸਾਈਨਾਂ ਦੀ ਰਿਪੇਅਰ ਵੀ ਕਰਦੇ ਹਾਂ
Specialized in English, Spanish, Hindi & Punjabi



Global Multi Services
ਕੈਲੀਫੋਰਨੀਆ ਰਹਿੰਦੇ ਟਰੱਕਰ ਭਰਾਵਾਂ ਲਈ ਖੁਸ਼ਖਬਰੀ
ਟਰੱਕਾਂ ਦੀਆਂ ਪਲੇਟਾਂ ਤੁਸੀਂ ਗਲੋਬਲ ਮਲਟੀ ਸਰਵਿਸ ਦੇ ਦਫਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ
ਟਰੱਕਿੰਗ ਦੀ ਦੁਨੀਆਂ ਵਿਚ ਨਵਾਂ ਕਦਮ
> ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਦੀ ਲੋੜ ਨਹੀਂ
> ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ
ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ
ਉਪਲਬਧ ਸੇਵਾਵਾਂ
*License Plates
*IFTA *Fuel tax Return
*DOT, ICC-MC Registration Services
*New Mexico & Kentucky Permit
*Corporation and LLC Formation,
*Highway Use Tax (2290)
*UCR Permit, Oregon Permits, CA #,
*MCP, New York Permits etc.
High Five Plaza #207
16925 S. Harlan Rd.
Lathrop CA 95330
Exactly on I-5 and Louise Exit
Opposite Dennys Restaurant

ਰਾਜਿੰਦਰ ਸਿੰਘ ਜਾਂ ਮਨੀਤ ਪਾਲ ਸਿੰਘ
ਫੋਨ 209-982-9996
ਫੈਕਸ:209-982-9997
DMV Lic No. 62822

# ਅਕਾਲ ਪੁਰਖ ਦਾ ਸੱਦਾ

ਪੰਜਾਬ ਵਿਚ ਦਹਿਸ਼ਤ ਦੇ ਦਿਨ ਸਨ। ਪੁਲਿਸ ਨੌਜੁਆਨ ਮੁੰਡੇ ਚੁੱਕ ਰਹੀ ਸੀ ਤੇ ਦਹਿਸ਼ਤੀ ਫਿਰੌਤੀ ਦੀਆਂ ਚਿੱਠੀਆਂ ਲਿਖ ਰਹੇ ਸਨ। ਠਾਣੇਦਾਰ ਸੁਨੇਹਾ ਭੇਜਦਾ ਸੀ, "ਮੁੰਡਾ ਤੁਹਾਡਾ ਕਤਲ ਮੰਨੀ ਬੈਠੈ। ਐਨੇ ਪੈਸੇ ਲੈ ਆਓ, ਨਹੀਂ ਤਾਂ ਮੁਕਾਬਲਾ ਤਿਆਰ ਈ ਐ।" ਦਹਿਸ਼ਤੀਆਂ ਦਾ ਲਿਖਿਆ ਹੁੰਦਾ ਸੀ, "ਸਾਨੂੰ ਹਥਿਆਰਾਂ ਦੀ ਲੋੜ ਐ। ਐਨੇ ਪੈਸੇ ਫਲਾਣੀ ਥਾਂ ਧਰ ਦਿਓ, ਨਹੀਂ ਤਾਂ ਅਕਾਲ ਪੁਰਖ ਦਾ ਸੱਦਾ ਆਇਆ ਸਮਝੋ।"



**ਪ੍ਰਿੰ. ਸਰਵਣ ਸਿੰਘ**
ਫੋਨ: 905-799-1661

ਮੈਨੂੰ ਜਰਨੈਲ ਸਿੰਘ ਹਲਵਾਰਾ ਦੇ ਦਸਤਖਤਾਂ ਵਾਲੀ ਚਿੱਠੀ ਮਿਲੀ ਕਿ ਸਾਢੇ 39 ਹਜ਼ਾਰ ਰੁਪਏ ਗੁਰਦੁਆਰਾ ਨਾਨਕਸਰ ਕਲੇਰਾਂ ਦੇ ਚੜ੍ਹਦੇ ਪਾਸੇ ਰੱਖੋ। ਉਥੇ ਜਗਰਾਓਂ ਨੂੰ ਜਾਣ ਵਾਲੇ ਬਾਬਾ ਨੰਦ ਸਿੰਘ ਮਾਰਗ ਦਾ ਬੋਰਡ ਲੱਗਾ ਹੈ। ਉਹਦੇ ਹੇਠੋਂ ਤਿੰਨ ਇੱਟਾਂ ਪੁੱਟਣੀਆਂ ਤੇ ਰੁਪਏ ਰੱਖ ਕੇ ਇੱਟਾਂ ਚਿਣ ਦੇਣੀਆਂ। ਬੋਰਡ 'ਤੇ ਖਾਲਿਸਤਾਨ ਜ਼ਿੰਦਾਬਾਦ ਲਿਖ ਦੇਣਾ। ਜੇ ਕਿਸੇ ਨੂੰ ਦੱਸਿਆ ਤਾਂ ਸਾਰੇ ਪਰਿਵਾਰ ਨੂੰ ਸੋਧ ਦਿੱਤਾ ਜਾਊ। ਚਿੱਠੀ ਉਤੇ ਨਕਸ਼ਾ ਬਣਾ ਕੇ ਸਮਝਾਇਆ ਹੋਇਆ ਸੀ ਕਿ ਪੈਸੇ ਇਸ ਜਗ੍ਹਾ ਰੱਖਣੇ ਹਨ। ਚਿੱਠੀ ਬਰੰਗ ਸੀ ਜੋ ਘਰ ਦਿਆਂ ਨੇ ਦੂਣੇ ਪੈਸੇ ਦੇ ਕੇ ਛੁਡਾਈ ਸੀ।

ਪੱਕੀ ਤਾਰੀਖ ਤਾਂ ਯਾਦ ਨਹੀਂ ਪਰ ਮਹੀਨਾ ਮਈ 1986 ਦਾ ਸੀ। ਉਸ ਸਾਲ ਮੈਂ ਨਵਾਂ ਸਕੂਟਰ ਲਿਆ ਸੀ। ਮੈਂ ਮਸਾਂ ਸਾਈਕਲ ਤੋਂ ਸਕੂਟਰ ਉਤੇ ਪੁੱਜਾ ਸਾਂ। ਅਸੀਂ ਟਰੈਕਟਰ ਨਾਲ ਚੱਲਣ ਵਾਲੀ ਕੰਬਾਈਨ ਲੈ ਰੱਖੀ ਸੀ। ਜਦੋਂ ਕੰਬਾਈਨ ਦੀ ਵਾਢੀ ਆਈ ਤਾਂ ਮੇਰਾ ਭਰਾ ਅਰਜਨ ਮੈਥੋਂ ਸਕੂਟਰ ਲੈ ਗਿਆ ਤਾਂ ਜੋ ਕੰਬਾਈਨ ਦੇ ਨਾਲ ਰੱਖਿਆ ਜਾ ਸਕੇ। ਕੰਬਾਈਨ ਚਲਾਉਂਦਿਆਂ ਤੁਰਤ-ਫੁਰਤ ਦੇ ਕੰਮ ਪੈਣੇ ਸਨ ਜੋ ਸਕੂਟਰ ਨਾਲ ਛੇਤੀ ਹੋ ਜਾਣੇ ਸਨ। ਪਰ ਸਕੂਟਰ ਏਡੀ ਵੱਡੀ ਬਿਪਤਾ ਖੜ੍ਹੀ ਕਰ ਦੇਵੇਗਾ ਇਹਦਾ ਕਿਸੇ ਨੂੰ ਚਿਤ ਚੇਤਾ ਹੀ ਨਹੀਂ ਸੀ।

ਇਕ ਦਿਨ ਸਾਡੀ ਕੰਬਾਈਨ ਮੱਲ੍ਹੇ ਦੇ ਖੇਤਾਂ ਵਿਚ ਚੱਲ ਰਹੀ ਸੀ ਕਿ ਘਰੋਂ ਕੋਈ ਚੀਜ਼ ਵਸਤ ਲਿਆਉਣ ਲਈ ਅਰਜਨ ਸਕੂਟਰ ਲੈ ਕੇ ਪਿੰਡ ਚਕਰ ਨੂੰ ਚੱਲ ਪਿਆ। ਜਿਥੇ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਗੁਰਦੁਆਰਾ ਸੰਤੋਖਸਰ ਬਣਵਾਇਆ ਹੈ, ਉਥੇ ਉਦੋਂ ਉਜਾੜ ਜਗ੍ਹਾ ਪਈ ਸੀ। ਉਧਰੋਂ ਦੋ ਬੰਦੇ ਆਏ ਤੇ ਚਕਰ ਵਾਲੇ ਰਾਹ ਉਤੇ ਆਣ ਖੜ੍ਹੇ ਹੋਏ। ਉਨ੍ਹਾਂ ਨੇ ਅਰਜਨ ਨੂੰ ਹੱਥ ਦੇ ਕੇ ਰੋਕਿਆ। ਅਰਜਨ ਨੇ ਸਮਝਿਆ ਸ਼ਾਇਦ ਢਿੱਲੇ ਮੱਠੇ ਅਮਲੀ ਹੋਣ ਤੇ ਸਕੂਟਰ 'ਤੇ ਚੜ੍ਹਨਾ ਚਾਹੁੰਦੇ ਹੋਣ। ਉਸ ਨੇ ਸਕੂਟਰ ਰੋਕ ਲਿਆ ਪਰ ਕਲੱਚ ਤੇ ਬਰੇਕ ਨੱਪੀ ਸਟਾਰਟ ਹੀ ਰੱਖਿਆ। ਉਸ ਨੇ ਆਪ ਹੀ ਕਿਹਾ, "ਮੈਂ ਚਕਰ ਤਕ ਚੱਲਿਆਂ, ਬਹਿਣਾ ਤਾਂ ਪਿੱਛੇ ਬਹਿ-ਜੋ।"

ਪਰ ਉਨ੍ਹਾਂ ਦਾ ਇਰਾਦਾ ਸਕੂਟਰ ਖੋਹਣ ਦਾ ਸੀ। ਇਕ ਜਣੇ ਨੇ ਝੋਲੇ 'ਚ ਹੱਥ ਪਾਇਆ ਤੇ ਦੂਜਾ ਸਕੂਟਰ ਨੂੰ ਹੱਥ ਪਾਉਣ ਲੱਗਾ ਤਾਂ ਅਰਜਨ ਉਨ੍ਹਾਂ ਕੋਲੋਂ ਸਕੂਟਰ ਦੌੜਾ ਲਿਆਇਆ। ਸੂਏ ਦੇ ਪੁਲ ਉਤੇ ਪਿੰਡ ਦੇ ਕੁਝ ਬੰਦੇ ਤਾਸ਼ ਖੇਡ ਰਹੇ ਸਨ। ਉਸ ਨੇ ਉਨ੍ਹਾਂ ਨੂੰ ਦੱਸਿਆ ਕਿ ਰਾਹ 'ਚ ਲੁਟੇਰੇ ਉਸ ਦਾ ਸਕੂਟਰ ਖੋਹਣ ਪੈ ਗਏ ਸਨ। ਉਸੇ ਵੇਲੇ ਕਈ ਬੰਦੇ 'ਕੱਠੇ ਹੋ ਗਏ ਤੇ ਜੀਪ ਲੈ ਕੇ ਲੁਟੇਰਿਆਂ ਨੂੰ ਲੱਭਣ ਲੱਗੇ। ਉਹ ਦੋ ਘੰਟੇ ਜੀਪ ਘੁਮਾਈ ਫਿਰੇ ਪਰ ਲੁਟੇਰੇ ਹੱਥ ਨਾ ਆਏ।

ਕੁਝ ਦਿਨ ਅਰਜਨ ਦੀ ਬਹਾਦਰੀ ਦੀਆਂ ਗੱਲਾਂ ਹੁੰਦੀਆਂ ਰਹੀਆਂ ਬਈ ਉਸ ਨੇ ਲੁਟੇਰਿਆਂ ਦਾ ਭੈਅ ਨਹੀਂ ਸੀ ਮੰਨਿਆ। ਕੋਈ ਡਰੂ ਬੰਦਾ ਹੁੰਦਾ ਤਾਂ ਚੁੱਪ ਕਰ ਕੇ ਸਕੂਟਰ ਫੜਾ ਦੇਣਾ ਸੀ ਬਈ ਅਗਲੇ ਖਾੜਕੂ ਹੋਣਗੇ। ਲੁਟੇਰਿਆਂ ਦਾ ਖਾੜਕੂਆਂ ਕਰਕੇ ਈ ਡਰ ਸੀ। ਉਹ ਝੋਲੇ 'ਚ ਹੱਥ ਪਾ ਕੇ ਪਿਸਤੌਲ ਦਾ ਡਰਾਵਾ ਦਿੰਦੇ ਤੇ ਮੋਟਰ ਸਾਈਕਲ ਖੋਹ ਕੇ ਤਿੱਤਰ ਹੋ ਜਾਂਦੇ। ਮੈਂ ਵੀ ਅਰਜਨ ਦੇ ਇਸ ਕਾਰਨਾਮੇ ਨੂੰ ਸਲਾਹ ਰਿਹਾ ਸਾਂ ਤੇ ਸੋਚ ਰਿਹਾ ਸਾਂ ਕਿ ਉਹਦੀ ਖ਼ਬਰ ਅਖ਼ਬਾਰਾਂ ਨੂੰ ਭੇਜਣੀ ਚਾਹੀਦੀ ਹੈ ਤਾਂ ਜੋ ਲੋਕ ਖਾੜਕੂਆਂ ਦੇ ਭੇਸ 'ਚ ਫਿਰਦੇ ਲੁਟੇਰਿਆਂ ਤੋਂ ਨਾ ਡਰਨ।

ਕੁਝ ਦਿਨਾਂ ਬਾਅਦ ਢੁੱਡੀਕੇ 'ਚ ਇਕ ਖ਼ਾਸ ਘਟਨਾ ਵਾਪਰ ਗਈ। ਮੇਰੀ ਡਿਊਟੀ ਸਾਇੰਸ ਕਾਲਜ ਜਗਰਾਓਂ ਦੇ ਪ੍ਰੀਖਿਆ ਸੈਂਟਰ ਵਿਚ ਸੀ। ਤਦ ਤਕ ਸਕੂਟਰ ਮੇਰੇ ਪਾਸ ਪੁੱਜ ਗਿਆ ਸੀ। ਛੇ ਕੁ ਵਜੇ ਮੈਂ ਚੂਹੜਚੱਕ ਵਿਚ ਦੀ ਢੁੱਡੀਕੇ ਆਇਆ। ਬਾਹਰ ਫਿਰਨੀ ਉਤੇ ਪੁਲਿਸ ਨੇ ਪਿੰਡ ਨੂੰ ਘੇਰਾ ਪਾਇਆ ਹੋਇਆ ਸੀ। ਦੋ ਸਿਪਾਹੀਆਂ ਨੇ ਮੇਰੇ ਸਕੂਟਰ ਦੀ ਤਲਾਸ਼ੀ ਲਈ ਤੇ ਪੂਰੀ ਪੁੱਛ ਗਿੱਛ ਕਰ ਕੇ ਪਿੰਡ 'ਚ ਜਾਣ ਦਿੱਤਾ।

ਘਰ ਪਹੁੰਚਿਆ ਤਾਂ ਪਤਨੀ ਨੇ ਦੱਸਿਆ ਕਿ ਦਿਨੇ ਇਕ ਮੁੰਡਾ ਆਪਣੇ ਘਰ ਆਇਆ ਸੀ। ਉਹ ਡਰਿਆ ਹੋਇਆ ਸੀ ਤੇ ਕਹਿੰਦਾ ਸੀ ਮੈਂ ਚਕਰੋਂ ਆਂ। ਘਰ ਉਦੋਂ ਮੇਰੀ ਭਤੀਜੀ ਤੇ ਦੋਵੇਂ ਪੁੱਤਰ ਹੀ ਸਨ। ਉਹ ਅੱਧੀ ਛੁੱਟੀ ਵੇਲੇ ਰੋਟੀ ਖਾਣ ਆਏ ਸਨ। ਪਰ ਪਤਨੀ ਅਜੇ ਸਕੂਲ ਵਿਚ ਹੀ ਸੀ। ਬੱਚਿਆਂ ਨੇ ਉਸ ਨੂੰ ਚਾਹ ਪਾਣੀ ਪੀਣ ਲਈ ਕਿਹਾ। ਉਸ ਮੁੰਡੇ ਨੇ ਬੱਚਿਆਂ ਤੋਂ ਲੋਪੋਂ ਜਾਣ ਵਾਲੀ ਬੱਸ ਦਾ ਟਾਈਮ ਪੁੱਛਿਆ ਤੇ ਵੱਡੇ ਪੁੱਤਰ ਜਗਵਿੰਦਰ ਨੂੰ ਬੱਸ ਅੱਡੇ ਤਕ ਨਾਲ ਈ ਤੋਰ ਲਿਆ। ਜਾਂਦਾ ਹੋਇਆ ਉਹ ਆਪਣੀ ਨਵੀਂ ਜੁੱਤੀ ਲਾਹ ਗਿਆ ਤੇ ਘਰ ਪਈਆਂ ਚਪਲਾਂ ਪਾ ਗਿਆ। ਕਹਿ ਗਿਆ ਕਿ ਜਦੋਂ ਚਕਰ ਗਏ ਤਾਂ ਜੁੱਤੀ ਸਾਡੇ ਘਰ ਪੁਚਾ ਦਿਓ ਤੇ ਚਪਲਾਂ ਲੈ ਆਇਓ। ਚਪਲਾਂ ਉਹਨੇ ਇਹ ਕਹਿੰਦਿਆਂ ਪਾਈਆਂ ਸਨ ਕਿ ਜੁੱਤੀ ਉਹਦੇ ਲੱਗਦੀ ਸੀ। ਪਰ ਮੈਂ ਨਵੀਂ ਜੁੱਤੀ ਵੇਖ ਕੇ ਸੋਚੀਂ ਪੈ ਗਿਆ ਕਿ ਵਿਚੋਂ ਕੋਈ ਹੋਰ ਗੱਲ ਨਾ ਹੋਵੇ?

ਗੱਲ ਸੱਚਮੁੱਚ ਹੀ ਹੋਰ ਸੀ। ਪਤਾ ਲੱਗਾ ਕਿ ਦੋ ਖਾੜਕੂਆਂ ਨੇ ਚਕਰ ਦੇ ਉਸ ਨੌਜੁਆਨ ਦਾ ਸਕੂਟਰ ਫੜ ਲਿਆ ਸੀ ਤੇ ਉਸ ਨੂੰ ਨਾਲ ਈ ਸਕੂਟਰ 'ਤੇ ਬਿਠਾ ਲਿਆ ਸੀ। ਢੁੱਡੀਕੇ ਦੀ ਫਿਰਨੀ 'ਤੇ ਸਕੂਟਰ ਗਰਮ ਹੋ ਕੇ ਬੰਦ ਹੋ ਗਿਆ। ਉਹ ਤਿੰਨੇ ਜਣੇ ਉਤਰੇ ਤੇ ਸਕੂਟਰ ਨੂੰ ਰੇੜ੍ਹਨ ਲੱਗੇ। ਸਕੂਟਰ ਦੀ ਟੋਕਰੀ 'ਚ ਉਨ੍ਹਾਂ ਦੇ ਹਥਿਆਰ ਲਕੋਏ ਸਨ। ਚੂਹੜਚੱਕ ਦੇ ਮੋੜ 'ਤੇ ਅੱਗੋਂ ਆਉਂਦੇ ਦੋ ਸਿਪਾਹੀ ਸਹਿਜ ਭਾਅ ਈ ਟੱਕਰ ਪਏ। ਉਹ ਵੈਸੇ ਹੀ ਪੁੱਛ ਬੈਠੇ ਕਿ ਤੁਸੀਂ ਤਿੰਨ ਜਣੇ ਸਕੂਟਰ ਨਾਲ ਕਿਵੇਂ? ਇਹ ਤਾਂ ਪਿੱਛੋਂ ਪਤਾ ਲੱਗਾ ਕਿ ਉਨ੍ਹਾਂ 'ਚ ਇਕ ਜਰਨੈਲ ਸਿੰਘ ਹਲਵਾਰਾ ਸੀ ਤੇ ਦੂਜਾ ਵੀ ਕੋਈ ਮਸ਼ਹੂਰ ਖਾੜਕੂ ਸੀ। ਉਨ੍ਹਾਂ ਦੋਵਾਂ ਨੇ ਹਥਿਆਰ ਚੁੱਕੇ ਤੇ ਹਵਾ 'ਚ ਫਾਇਰ ਕਰਦੇ ਉਡੰਤਰ ਹੋਏ। ਸਕੂਟਰ ਵਾਲਾ ਨੌਜੁਆਨ ਸਕੂਟਰ ਛੱਡ ਕੇ ਪਿੰਡ ਦੀਆਂ ਬੀਹੀਆਂ 'ਚ ਪੈ ਗਿਆ। ਉਹਦੇ ਮਗਰ ਸਿਪਾਹੀ ਲੱਗ ਗਏ।

ਢੁੱਡੀਕੇ ਦੀਆਂ ਬੀਹੀਆਂ ਤੋਂ ਅਣਜਾਣ ਉਹ ਨੌਜੁਆਨ ਇਕ ਬੀਹੀ 'ਚ ਜਾ ਘਿਰਿਆ ਜੋ ਅੱਗੋਂ ਬੰਦ ਸੀ। ਸਿਪਾਹੀ ਵੀ ਕਿਸੇ ਹੋਰ ਬੀਹੀ ਪੈ ਗਏ। ਉਥੇ ਉਸ ਨੌਜੁਆਨ ਨੇ ਇਕ ਬੰਦੇ ਨੂੰ ਦੱਸਿਆ ਕਿ ਉਹਦਾ ਸਕੂਟਰ ਖੋਹਿਆ ਗਿਆ ਸੀ। ਸਿਪਾਹੀ ਉਹਦੇ ਮਗਰ ਐਵੇਂ ਈ ਪਏ ਹੋਏ ਨੇ ਤੇ ਉਹਦੀ ਜਾਨ ਖ਼ਤਰੇ ਵਿਚ ਹੈ। ਉਸ ਨੇ ਆਪਣਾ ਪਿੰਡ ਚਕਰ ਦੱਸਿਆ। ਆਖਿਆ ਬਈ ਕੋਈ ਉਹਨੂੰ ਬਚਾ ਲਵੇ। ਉਹ ਬੰਦਾ ਪੁਰਾਣਾ ਫੌਜੀ ਸੀ। ਉਸ ਨੇ ਕਿਹਾ ਕਿ ਏਥੇ ਥੋੜੇ ਪਿੰਡ ਦਾ ਪ੍ਰੋਫੈਸਰ ਰਹਿੰਦੈ। ਚੱਲ ਮੈਂ ਤੈਨੂੰ ਉਨ੍ਹਾਂ ਦੇ ਘਰ ਛੱਡ ਆਉਨਾਂ।

ਉਹ ਮੇਰੀ ਤੇ ਪਤਨੀ ਦੀ ਗ਼ੈਰ ਹਾਜ਼ਰੀ ਵਿਚ ਸਾਡੇ ਘਰ ਆ ਗਿਆ। ਆਪਣੇ ਪਿੰਡ ਬਾਰੇ ਦੱਸ ਦਿੱਤਾ। ਭਤੀਜੀ ਨੇ ਪਿੰਡ ਦੇ ਮੁੰਡੇ ਲਈ ਚਾਹ ਬਣਾਈ ਪਰ ਡਰ ਦੇ ਮਾਰੇ ਉਸ ਤੋਂ ਚਾਹ ਪੀਤੀ ਨਾ ਗਈ। ਚੌਦਾਂ ਕੁ ਸਾਲਾਂ ਦੇ ਮੇਰੇ ਪੁੱਤਰ ਜਗਵਿੰਦਰ ਨੂੰ ਉਹਨੇ ਮੂਹਰੇ ਤੋਰ ਲਿਆ ਤੇ ਆਪ ਮਗਰ ਤੁਰ ਪਿਆ। ਅਜੀਤਵਾਲ ਵੱਲ ਦੇ ਬੱਸ ਅੱਡੇ 'ਤੇ ਨਾਕਾ ਲੱਗਾ ਹੋਇਆ ਸੀ। ਪੁਲਿਸ ਪਿੰਡ ਨੂੰ ਘੇਰਾ ਪਾ ਰਹੀ ਸੀ ਤੇ ਮੋਟਰ ਗੱਡੀਆਂ ਦੀ ਤਲਾਸ਼ੀ ਲਈ ਜਾ ਰਹੀ ਸੀ। ਲੋਪੋਂ ਵੱਲੋਂ ਮੋਗੇ ਨੂੰ ਜਾਣ ਵਾਲੀ ਬੱਸ, ਅੱਡੇ ਉਤੇ ਖੜ੍ਹੀ ਹੋਈ ਤਾਂ ਦੋ ਸਿਪਾਹੀ ਇਹ ਪੁੱਛਣ ਲਈ ਪਿਛਲੀ ਬਾਰੀ ਚੜ੍ਹੇ ਕਿ ਢੁੱਡੀਕੇ ਤੋਂ ਤਾਂ ਨੀ ਕੋਈ ਚੜ੍ਹਿਆ? ਸਿਪਾਹੀਆਂ ਦੇ ਮਗਰ ਹੀ ਉਹ ਨੌਜੁਆਨ ਬੱਸ 'ਤੇ ਚੜ੍ਹ ਗਿਆ ਤੇ ਅਛੋਪਲੇ ਜਿਹੇ ਮਗਰਲੀ ਸੀਟ 'ਤੇ ਬਹਿ ਗਿਆ। ਸਿਪਾਹੀਆਂ ਨੂੰ ਕੋਈ ਪਤਾ ਨਾ ਲੱਗਾ। ਇਓਂ ਉਹ ਵੀ ਬਚ ਕੇ ਨਿਕਲ ਗਿਆ। ਘੇਰਾ ਪਿੰਡ ਨੂੰ ਦਿਨ ਛਿਪਦੇ ਤਕ ਪਿਆ ਰਿਹਾ ਤੇ ਘਰਾਂ ਦੀਆਂ ਤਲਾਸ਼ੀਆਂ ਵੀ ਹੁੰਦੀਆਂ ਰਹੀਆਂ। ਸਾਡਾ ਘਰ ਤਲਾਸ਼ੀ ਤੋਂ ਬਚ ਗਿਆ ਨਹੀਂ ਤਾਂ ਸੰਭਵ ਸੀ ਬੱਚੇ ਨਵੀਂ ਜੁੱਤੀ ਬਾਰੇ ਦੱਸ ਬਹਿੰਦੇ।

ਸਾਡੇ ਪਿੰਡ ਦਾ ਉਹ ਨੌਜੁਆਨ ਉਸ ਦਿਨ ਤਾਂ ਪੁਲਿਸ ਦੇ ਹੱਥ ਆਉਣੋਂ ਬਚ ਗਿਆ ਪਰ ਬਾਅਦ ਵਿਚ ਫੜਿਆ ਗਿਆ ਤੇ ਜੁਆਨੀ ਦੇ ਕਈ ਵਰ੍ਹੇ ਜੇਲ੍ਹ ਵਿਚ ਗਾਲ ਕੇ ਰਿਹਾ ਹੋਇਆ। ਉਸ ਦੇ ਸਕੂਟਰ ਵਿਚੋਂ ਉਹਦੇ ਕਾਗਜ਼ ਪੱਤਰ ਨਿਕਲ ਆਏ ਸਨ ਜਿਨ੍ਹਾਂ ਤੋਂ ਉਸ ਦੇ ਸਿਰਨਾਵੇਂ ਦਾ ਪਤਾ ਲੱਗ ਗਿਆ ਸੀ। ਪੁਲਿਸ ਚਕਰ ਗਈ ਤਾਂ ਘਰ ਵਾਲੇ ਵੀ ਪ੍ਰੇਸ਼ਾਨ ਹੋ ਗਏ। ਉਹ ਆਪਣੇ ਲੜਕੇ ਬਾਰੇ ਪੁਲਿਸ ਤੋਂ ਪੁੱਛ ਰਹੇ ਸਨ ਤੇ ਪੁਲਿਸ ਘਰ ਦਿਆਂ ਤੋਂ ਲੜਕੇ ਬਾਰੇ ਪੁੱਛ ਰਹੀ ਸੀ। ਅਗਲੇ ਦਿਨ ਮੈਂ ਉਹਦੀ ਜੁੱਤੀ ਲੈ ਕੇ ਪਿੰਡ ਗਿਆ ਕਿ ਉਨ੍ਹਾਂ ਦੇ ਘਰ ਦੇ ਆਵਾਂ। ਪਰ ਪਿੰਡ 'ਚ ਤਾਂ ਉਸ ਨੌਜੁਆਨ ਬਾਰੇ ਡੌਂਡੀ ਪਿੱਟੀ ਪਈ ਸੀ। ਕੋਈ ਪਤਾ ਨੀ ਸੀ ਕਿ ਉਹ ਜਿਊਂਦਾ ਸੀ ਜਾਂ ਮਾਰ ਦਿੱਤਾ ਗਿਆ ਸੀ। ਕਹਾਣੀ ਹੋਰ ਹੀ ਬਣਦੀ ਵੇਖ ਕੇ ਮੈਂ ਜੁੱਤੀ ਸਕੂਟਰ ਦੀ ਡਿੱਕੀ 'ਚ ਪਾਈ ਤੇ ਵਾਪਸ ਮੋੜ ਲਿਆਇਆ। ਜੇ ਮੈਂ ਜੁੱਤੀ ਦੇਣ ਘਰ ਚਲਾ ਜਾਂਦਾ ਤਾਂ ਖੁਦ ਫਸ ਜਾਣਾ ਸੀ ਕਿ ਦੱਸ ਹੁਣ ਉਹ ਨੌਜੁਆਨ ਕਿਥੇ ਹੈ?

ਮੈਨੂੰ ਡਰ ਖਾਣ ਲੱਗਾ ਕਿ ਪੁਲਿਸ ਮੇਰੀ ਪੁੱਛ-ਗਿੱਛ ਕਰ ਸਕਦੀ ਹੈ ਕਿ ਉਹ ਨੌਜੁਆਨ ਤੁਹਾਡੇ ਘਰ ਕਿਵੇਂ ਆਇਆ ਸੀ? ਢੁੱਡੀਕੇ ਦੇ ਕਈ ਬੰਦਿਆਂ ਨੂੰ ਇਸ ਗੱਲ ਦਾ ਪਤਾ ਸੀ ਤੇ ਗੱਲ ਪੁਲਿਸ ਤਕ ਵੀ ਜਾ ਸਕਦੀ ਸੀ। ਮੈਂ ਸਾਰੀ ਗੱਲ ਜਸਵੰਤ ਸਿੰਘ ਕੰਵਲ ਨੂੰ ਜਾ ਦੱਸੀ ਤੇ ਪੁੱਛਿਆ, "ਹੁਣ ਕੀ ਕਰਾਂ?"

ਉਸ ਨੇ ਸੋਚ ਵਿਚਾਰ ਕੇ ਆਖਿਆ ਕਿ ਆਪਾਂ ਖੁਦ ਈ ਮਹਿਣੇ ਠਾਣੇ ਜਾ ਕੇ ਪੁਲਿਸ ਨੂੰ ਸਾਰੀ ਗੱਲ ਦਿੰਨੇ ਆਂ ਤੇ ਜੁੱਤੀ ਵੀ ਓਥੇ ਈ ਜਮ੍ਹਾਂ ਕਰਾ ਆਉਨੇ ਆਂ। ਚਕਰ ਦੇ ਮੁੰਡੇ ਦਾ ਪਤਾ ਤਾਂ ਪੁਲਿਸ ਨੂੰ ਲੱਗ ਈ ਗਿਐ। ਸ਼ਾਇਦ ਇਹਦੇ ਵਿਚ ਈ ਉਹਦਾ ਭਲਾ ਹੋਵੇ। ਅਸੀਂ ਜੁੱਤੀ ਡਿੱਕੀ 'ਚ ਪਾਈ ਤੇ ਸਕੂਟਰ ਉਤੇ ਮਹਿਣੇ ਚਲੇ ਗਏ। ਸਾਰੀ ਗੱਲ ਵਿਸਥਾਰ ਨਾਲ ਦੱਸੀ ਤੇ ਜੁੱਤੀ ਠਾਣੇ ਜਮ੍ਹਾਂ ਕਰਾ ਦਿੱਤੀ। ਕੰਵਲ ਦਾ ਰਿਵਾਲਵਰ ਵੈਬਲੇ ਸਕਾਟ ਵੀ ਠਾਣੇ ਜਮ੍ਹਾਂ ਕਰਾਇਆ ਹੋਇਆ ਸੀ। ਉਹ ਵੀ ਵੇਖ ਲਿਆ ਕਿ ਹੈਗਾ। ਤੁਰਨ ਲੱਗੇ ਤਾਂ ਠਾਣੇਦਾਰ ਨੇ ਕਿਹਾ, "ਮੈਂ ਹਨ੍ਹੇਰੇ ਪਏ ਢੁੱਡੀਕੇ ਆਵਾਂਗਾ। ਪ੍ਰੋਫੈਸਰ ਸਾਹਿਬ ਦੇ ਬੱਚਿਆਂ ਤੋਂ ਇਕ ਫੋਟੋ ਦੀ ਸ਼ਨਾਖ਼ਤ ਕਰਾਉਣੀ ਐਂ।" ਕੰਵਲ ਨੇ ਕਿਹਾ, "ਆ ਜਾਣਾ। ਪਰ ਪ੍ਰੋਫੈਸਰ ਸਾਹਿਬ ਵੱਲ ਜਾਣ ਦੀ ਥਾਂ ਮੇਰੇ ਵੱਲ ਆਉਣਾ।"

ਰਾਤ ਨੂੰ ਠਾਣੇਦਾਰ ਕੰਵਲ ਕੋਲ ਆਇਆ। ਕੰਵਲ ਨੇ ਉਸ ਕੋਲੋਂ ਫੋਟੋ ਲੈ ਕੇ ਸਾਡੇ ਘਰ ਦਾ ਬੂਹਾ ਆ ਖੜਕਾਇਆ। ਬੱਚੇ ਅਜੇ ਜਾਗਦੇ ਸਨ। ਫੋਟੋ ਵੇਖਣ ਸਾਰ ਬੱਚਿਆਂ ਨੇ ਦੱਸ ਦਿੱਤਾ ਕਿ ਏਹੋ ਨੌਜੁਆਨ ਸੀ ਜੋ ਉਸ ਦਿਨ ਘਰ ਆਇਆ ਸੀ। ਠਾਣੇਦਾਰ ਦੀ ਤਸੱਲੀ ਹੋ ਗਈ ਤੇ ਸਾਰੀ ਕਹਾਣੀ ਸਮਝ ਆ ਗਈ। ਸਾਡੇ ਪਿੰਡ ਦਾ ਉਹ ਨੌਜੁਆਨ ਬੇਕਸੂਰਾ ਸੀ ਪਰ ਪਤਾ ਨਹੀਂ ਸੀ ਲੱਗ ਰਿਹਾ ਕਿ ਹੁਣ ਹੈ ਕਿਥੇ? ਉਧਰ ਨੌਜੁਆਨ ਕੋਲ ਪੁਲਿਸ ਪਿਛੇ ਲੱਗੀ ਵੇਖ ਲੁਕੇ ਰਹਿਣ ਤੋਂ ਬਿਨਾਂ ਕੋਈ ਚਾਰਾ ਨਹੀਂ ਸੀ। ਪੁਲਿਸ ਦੇ ਹੱਥ ਆ ਜਾਂਦਾ ਤਾਂ ਪਤਾ ਨੀ ਕੀ ਕਰਦੇ? ਸਮਾਂ ਬੜਾ ਭੈੜਾ ਸੀ।

ਮੈਂ ਅਜੇ ਪਹਿਲੀ ਬਿਪਤਾ ਤੋਂ ਛੁਟਕਾਰਾ ਪਾਇਆ ਹੀ ਸੀ ਕਿ ਦੂਜੀ ਹੋਰ ਵੀ ਵੱਡੀ ਬਿਪਤਾ ਆ ਪਈ। ਇਹ ਇਕ ਤਰ੍ਹਾਂ ਮੌਤ ਦੇ ਵਰੰਟ ਸਨ। ਮੇਰੇ ਭਰਾ ਦਰਸ਼ਨ ਨੇ ਇਕ ਬਰੰਗ ਲਫਾਫ਼ੇ ਵਾਲੀ ਚਿੱਠੀ ਮੈਨੂੰ ਲਿਆ ਦਿੱਤੀ। ਕਹਿਣ ਲੱਗਾ, "ਬਹੁਤ ਮਾੜੀ ਖ਼ਬਰ ਐ, ਪੜ੍ਹ ਕੇ ਦੇਖ ਲੈ।" ਚਿੱਠੀ ਤਾਸ਼ ਦੀ ਡੱਬੀ ਕੁ ਜਿੱਡੇ ਪਕੌੜੀਆਂ ਪਾਉਣ ਵਰਗੇ ਲਫਾਫ਼ੇ ਵਿਚ ਬੰਦ ਸੀ। ਉਤੇ ਮੇਰੇ ਨਾਂ ਨਾਲ ਪ੍ਰੋਫੈਸਰ ਲਿਖ ਕੇ ਘਰ ਗੁਰਦੁਆਰੇ ਦੇ ਕੋਲ ਲਿਖਿਆ ਸੀ। ਪਿੰਡ ਤੇ ਡਾਕਖਾਨਾ ਖ਼ਾਸ ਚਕਰ ਸੀ। ਸਿਰਨਾਵੇਂ ਦਾ ਕੋਈ ਭੁਲੇਖਾ ਨਹੀਂ ਸੀ। ਡਾਕੀਏ ਨੇ ਬਰੰਗ ਲਫਾਫ਼ੇ ਦੇ ਪੈਸੇ ਲਏ ਸਨ। ਭਰਾ ਚਿੱਠੀ ਪੜ੍ਹਨ ਸਾਰ ਹੀ ਮੇਰੇ ਕੋਲ ਢੁੱਡੀਕੇ ਪਹੁੰਚ ਗਿਆ ਸੀ।

ਮੈਂ ਚਿੱਠੀ ਖੋਲ੍ਹੀ ਤਾਂ ਲਿਖਤੁਮ ਜਰਨੈਲ ਸਿੰਘ ਹਲਵਾਰਾ ਲਿਖਿਆ ਹੋਇਆ ਸੀ। ਲਿਖਿਆ ਸੀ ਕਿ ਤੁਹਾਡੇ ਭਰਾ ਨੇ ਸਾਨੂੰ ਸਕੂਟਰ ਨਹੀਂ ਸੀ ਦਿੱਤਾ ਤੇ ਉਲਟਾ ਜੀਪ ਸਾਡੇ ਮਗਰ ਲਾਈ ਸੀ। ਅਸੀਂ ਪਿੜਾਂ ਵਿਚ ਲੁਕ ਛਿਪ ਕੇ ਮਸਾਂ ਜਾਨ ਬਚਾਈ। ਲੁਕਦਿਆਂ ਛਿਪਦਿਆਂ ਸਾਡੇ ਤਿੰਨ ਹਥਿਆਰ ਪਿੜਾਂ 'ਚ ਰਹਿਗੇ ਜਿਨ੍ਹਾਂ ਦੀ ਕੀਮਤ ਸਾਢੇ 39 ਹਜ਼ਾਰ ਰੁਪਏ ਬਣਦੀ ਹੈ। ਸਜ਼ਾ ਤਾਂ ਤੁਹਾਨੂੰ ਵੱਡੀ ਦੇਣੀ ਸੀ ਪਰ ਗੁਰੂ ਰਾਖਾ। ਅਸੀਂ ਢੁੱਡੀਕੇ ਤੁਹਾਡੇ ਦੋਹਾਂ ਪੁੱਤਰਾਂ ਨੂੰ ਮਾਰਨ ਗਏ ਸੀ ਪਰ ਉਸ ਦਿਨ ਸਕੂਟਰ ਦਗ਼ਾ ਦੇ ਗਿਆ। ਅਕਾਲ ਪੁਰਖ ਨੇ ਈ ਤੁਹਾਡੇ ਬੱਚੇ ਬਚਾਏ ਐ। ਹੁਣ ਘੱਟ ਸਜ਼ਾ ਏਹੋ ਐ ਕਿ ਤਿੰਨ ਹਥਿਆਰ ਜਾਂ ਸਾਢੇ 39 ਹਜ਼ਾਰ ਰੁਪਏ ਨਾਨਕਸਰ ਦੇ ਗੁਰਦੁਆਰੇ ਕੋਲ ਬਾਬਾ ਨੰਦ ਸਿੰਘ ਮਾਰਗ ਦੇ ਬੋਰਡ ਹੇਠਾਂ ਰੱਖ ਦਿਓ ਨਹੀਂ ਤਾਂ ਅਕਾਲ ਪੁਰਖ ਦਾ ਸੱਦਾ ਆਇਆ ਸਮਝੋ। ਜੇ ਕੋਈ ਚੁਸਤੀ ਚਲਾਕੀ ਕੀਤੀ ਤਾਂ ਸਾਰੇ ਪਰਿਵਾਰ ਨੂੰ ਸੋਧ ਦਿੱਤਾ ਜਾਵੇਗਾ।

ਸੱਚਮੁੱਚ ਹੀ ਮੈਂ ਬਹੁਤ ਡਰ ਗਿਆ ਸਾਂ। ਖਾਣਾ ਪੀਣਾ ਵਿਸਰ ਗਿਆ ਸੀ। ਏਨਾ ਸ਼ੁਕਰ ਸੀ ਕਿ ਬੱਚੇ ਬਚ ਗਏ ਸਨ। ਜੇ ਉਸ ਦਿਨ ਸਕੂਟਰ ਨਾ ਵਿਗੜਦਾ ਤਾਂ...। ਮਨ 'ਚ ਬੜੇ ਬੁਰੇ ਖ਼ਿਆਲ ਆਉਣ ਲੱਗੇ। ਕੀ ਪਿੰਡ ਦਾ ਮੁੰਡਾ ਬੱਚਿਆਂ ਦੀ ਸ਼ਨਾਖਤ ਕਰਨ ਲਈ ਨਾਲ ਲਿਆਂਦਾ ਹੋਊ? ਪਰ ਬੱਚੇ ਤਾਂ ਸਗੋਂ ਉਸ ਨੂੰ ਬਚਾਉਣ ਵਿਚ ਸਹਾਈ ਹੋਏ। ਵਾਹ ਰੱਬਾ! ਕੀ ਨੇ ਤੇਰੀਆਂ ਕੁਦਰਤਾਂ!!

ਮੈਂ ਚਿੱਠੀ ਲੈ ਕੇ ਮਹਿਣੇ ਠਾਣੇ ਗਿਆ। ਠਾਣੇਦਾਰ ਨੇ ਚਿੱਠੀ ਪੜ੍ਹ ਕੇ ਉਪਰਲੇ ਅਫਸਰਾਂ ਨੂੰ ਮਿਲਣ ਨੂੰ ਕਿਹਾ ਤੇ ਰਾਖੀ ਲਈ ਠਾਣਿਓਂ ਹਥਿਆਰ ਦੇਣ ਦੀ ਪੇਸ਼ਕਸ਼ ਕੀਤੀ। ਫਿਰ ਮੈਂ ਫਰੀਦਕੋਟ ਦੇ ਐਸ. ਐਸ. ਪੀ. ਨੂੰ ਮਿਲਣ ਚਲਾ ਗਿਆ। ਉਹ ਉਥੇ ਹੈ ਨਹੀਂ ਸੀ ਪਰ ਮੈਨੂੰ ਜ਼ਿਲ੍ਹੇ ਦਾ ਡਿਪਟੀ ਕਮਿਸ਼ਨਰ ਭੁਪਿੰਦਰ ਸਿੰਘ ਮਿਲ ਗਿਆ। ਉਹ ਸਾਡੇ ਕਾਲਜ 'ਚ ਆਇਆ ਸੀ ਜਿਸ ਕਰਕੇ ਕੁਝ ਜਾਣ ਪਛਾਣ ਹੋ ਗਈ ਸੀ। ਮੇਰੀਆਂ ਗੱਲਾਂ ਸੁਣ ਕੇ ਤੇ ਚਿੱਠੀ ਪੜ੍ਹ ਕੇ ਉਸ ਨੇ ਇਕ ਹੋਰ ਗੱਲ ਦੱਸੀ। ਫਰੀਦਕੋਟ ਦੀ ਸੀ. ਆਈ. ਡੀ. ਇਸ ਸਿੱਟੇ 'ਤੇ ਪਹੁੰਚੀ ਸੀ ਕਿ ਜਿਹੜੇ ਖਾੜਕੂ ਢੁੱਡੀਕੇ ਤੋਂ ਭੱਜੇ ਸਨ ਉਹ ਅਸਲ ਵਿਚ ਉਸੇ ਦਿਨ ਲੋਪੋਂ ਦੇ ਇਕ ਸਮਾਗਮ ਵਿਚ ਜਾਣ ਵਾਲੇ ਮੰਤਰੀ ਮਲਕੀਤ ਸਿੰਘ ਸਿੱਧੂ ਤੇ ਮੰਡੀ ਬੋਰਡ ਦੇ ਚੇਅਰਮੈਨ ਜਥੇਦਾਰ ਤੋਤਾ ਸਿੰਘ 'ਤੇ ਹਮਲਾ ਕਰਨ ਚੱਲੇ ਸਨ। ਸਕੂਟਰ ਖਰਾਬ ਹੋ ਜਾਣ ਕਾਰਨ ਹਮਲਾ ਨਹੀਂ ਹੋ ਸਕਿਆ। ਚਿੱਠੀ ਨੂੰ ਨੀਝ ਨਾਲ ਵੇਖਦਿਆਂ ਉਸ ਨੇ ਕਿਹਾ ਇਹ ਜਾਅਲੀ ਲੱਗਦੀ ਐ।

ਮੈਂ ਵੀ ਚਿੱਠੀ ਨੀਝ ਨਾਲ ਵੇਖੀ ਪਰਖੀ। ਮੇਰੇ ਨਾਂ ਦਾ ਸੱਸਾ ਘੁੰਡੀ ਪਾ ਕੇ ਲਿਖਿਆ ਸੀ ਤੇ ਸਿੰਘ ਦਾ ਸੱਸਾ ਦੋ ਸਿੱਧੀਆਂ ਲਕੀਰਾਂ ਨੂੰ ਸਿੱਧੀ ਲਕੀਰ ਨਾਲ ਮਿਲਾ ਕੇ ਲਿਖਿਆ ਗਿਆ ਸੀ। ਜਰਨੈਲ ਦਾ ਲੱਲਾ ਹੋਰ ਤਰ੍ਹਾਂ ਪਾਇਆ ਹੋਇਆ ਸੀ ਤੇ ਹਲਵਾਰੇ ਦਾ ਹੋਰ ਤਰ੍ਹਾਂ। ਸਾਫ ਜ਼ਾਹਰ ਸੀ ਕਿ ਲਿਖਣ ਵਾਲੇ ਨੇ ਲਿਖਾਈ ਪਛਾਣੀ ਜਾਣ ਦੇ ਡਰੋਂ ਅਜਿਹਾ ਕੀਤਾ ਸੀ। ਹੋਰ ਵੀ ਕਈ ਅੱਖਰ ਕਿਤੇ ਕਿਵੇਂ ਲਿਖੇ ਸਨ ਤੇ ਕਿਤੇ ਕਿਵੇਂ। ਮੈਨੂੰ ਵੀ ਚਿੱਠੀ ਜਾਅਲੀ ਲੱਗਣ ਲੱਗ ਪਈ। ਮੇਰਾ ਡਰ ਭਉ ਚੁੱਕਿਆ ਗਿਆ। ਨਿਡਰ ਹੋਇਆ ਮੈਂ ਮਨ 'ਚ ਆਖਣ ਲੱਗਾ, "ਲਿਖਣ ਵਾਲੇ ਪਤੰਦਰ ਨੇ ਸਾਢੇ 39 ਹਜ਼ਾਰ ਇਓਂ ਲਿਖੇ ਐ ਜਿਵੇਂ ਬਾਟੇ ਦੇ ਬੂਟਾਂ ਵਾਲੇ ਰੁਪਈਆਂ ਨਾਲ 95 ਪੈਸੇ ਲਿਖਦੇ ਐ!"

ਚਿੱਠੀ ਨੇ ਹੋਰ ਕੁਛ ਤਾਂ ਨਾ ਕੀਤਾ ਪਰ ਮੇਰਾ ਰਿਵਾਲਵਰ ਦਾ ਲਸੰਸ ਬਣਵਾ ਦਿੱਤਾ। ਰਿਵਾਲਵਰ ਖਰੀਦਣ ਬਾਰੇ ਮੈਂ ਇਕ ਦਿਨ ਜਸਵੰਤ ਸਿੰਘ ਕੰਵਲ ਦੀ ਸਲਾਹ ਪੁੱਛ ਬੈਠਾ। ਉਹ ਕਹਿਣ ਲੱਗਾ, "ਮੇਰਾ ਵੈਬਲੇ ਸਕਾਟ ਵਿਕਾਊ ਐ। ਤੂੰ ਹੋਰਨਾਂ ਨਾਲੋਂ ਹਜ਼ਾਰ ਘੱਟ ਦੇ ਦੇਈਂ।" ਕੰਵਲ ਦੀ ਇਸ ਉੱਛਲ ਨਾਲ ਮੈਂ ਖੁਸ਼ ਹੋ ਗਿਆ ਪਰ ਦੇਰ ਰਾਤ ਤਕ ਸੋਚਦਾ ਰਿਹਾ ਕਿ ਜਿਸ ਬਲਾਅ ਤੋਂ ਕੰਵਲ ਵਰਗਾ ਲੇਖਕ ਖਹਿੜਾ ਛੁਡਾ ਰਿਹੈ, ਉਹਨੂੰ ਮੈਂ ਆਪਣੇ ਗਲ ਕਿਉਂ ਪੁਆਵਾਂ? ਸੋਚ ਵਿਚਾਰ ਕੇ ਮੈਂ ਆਪਣਾ ਲਸੰਸ ਹੀ ਰੱਦ ਕਰਵਾ ਦਿੱਤਾ। ਕੰਵਲ ਦਾ ਰਿਵਾਲਵਰ ਪਤਾ ਨਹੀਂ ਵਿਕ ਸਕਿਆ ਜਾਂ ਨਹੀਂ ਪਰ ਮੈਂ ਵੈਬਲੇ ਸਕਾਟ ਖਰੀਦ ਕੇ ਪਤਾ ਨਹੀਂ ਕਿੱਡੀ ਵੱਡੀ ਹੋਰ ਬਿਪਤਾ ਸਹੇੜਨੋਂ ਬਚ ਗਿਆ!

# ਪੰਜਾਬ ਦੀਆਂ ਜੇਲ੍ਹਾਂ 'ਚ ਸਮਰੱਥਾ ਤੋਂ ਦੁੱਗਣੇ ਕੈਦੀ ਤਾੜੇ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਸਰਕਾਰ ਦੇ ਜੇਲ੍ਹਾਂ ਵਿਚ ਸੁਧਾਰਾਂ ਦੇ ਦਾਅਵਿਆਂ ਵਿਚ ਭੋਰਾ ਵੀ ਸਚਾਈ ਨਜ਼ਰ ਨਹੀਂ ਆ ਰਹੀ ਤੇ ਅੱਜ ਵੀ ਜੇਲ੍ਹ ਦੀ ਸਮਰੱਥਾ ਤੋਂ ਕਿਤੇ ਵੱਧ ਕੈਦੀਆਂ ਨੂੰ ਰੱਖਿਆ ਜਾ ਰਿਹਾ ਹੈ। ਸੂਬੇ ਭਰ ਦੀਆਂ ਜੇਲ੍ਹਾਂ ਵਿਚ ਤਕਰੀਬਨ 20 ਹਜ਼ਾਰ ਕੈਦੀ ਵੱਖ-ਵੱਖ ਜੁਰਮਾਂ ਕਰਕੇ ਬੰਦ ਹਨ ਜਿਨ੍ਹਾਂ ਵਿਚੋਂ 11 ਹਜ਼ਾਰ ਕੈਦੀ ਉਹ ਹਨ ਜਿਨ੍ਹਾਂ ਨੂੰ ਅਜੇ ਅਦਾਲਤਾਂ ਵੱਲੋਂ ਸਜ਼ਾ ਸੁਣਾਈ ਜਾਣੀ ਹੈ। ਪੰਜਾਬ ਦੀਆਂ ਵੱਖ-ਵੱਖ ਜੇਲ੍ਹਾਂ ਅੰਦਰ ਸੱਤ ਹਜ਼ਾਰ ਦੇ ਕਰੀਬ ਪੁਰਸ਼ ਤੇ 400 ਦੇ ਕਰੀਬ ਔਰਤਾਂ ਹੀ ਸਜ਼ਾ ਯਾਫ਼ਤਾ ਕੈਦੀ ਹਨ।

ਸੂਬੇ ਦੀਆਂ 27 ਜੇਲ੍ਹਾਂ ਅੰਦਰ 17 ਹਜ਼ਾਰ ਦੇ ਨੇੜੇ ਪੁਰਸ਼ ਅਤੇ 1400 ਦੇ ਕਰੀਬ ਮਹਿਲਾ ਕੈਦੀ ਰੱਖਣ ਦੀ ਸਮਰੱਥਾ ਹੈ ਪਰ ਇਸ ਸਮੇਂ ਜੇਲ੍ਹਾਂ ਅੰਦਰ ਕੈਦੀਆਂ ਦੀ ਗਿਣਤੀ ਇਸ ਤੋਂ ਕਿਧਰੇ ਜ਼ਿਆਦਾ ਹੈ। ਪੰਜਾਬ ਅੰਦਰ ਅੰਮ੍ਰਿਤਸਰ ਜੇਲ੍ਹ 'ਚ ਸਮਰੱਥਾ ਤੋਂ ਵੱਧ ਕੈਦੀ ਰੱਖੇ ਹੋਏ ਹਨ ਜਿਨ੍ਹਾਂ ਦੀ ਗਿਣਤੀ 2500 ਤੋਂ ਵੱਧ ਦੱਸੀ ਜਾਂਦੀ ਹੈ ਜਦੋਂਕਿ ਸਮਰੱਥਾ ਸਿਰਫ਼ 1300 ਦੇ ਕਰੀਬ ਕੈਦੀ ਰੱਖਣ ਦੀ ਹੈ। ਇਨ੍ਹਾਂ ਕੈਦੀਆਂ ਵਿਚ ਕੌਮਾਂਤਰੀ, ਮੋਬਾਈਲ ਤੇ ਤਸਕਰੀ ਕਰਨ ਵਾਲੇ ਕਈ ਖ਼ਤਰਨਾਕ ਕੈਦੀ ਸ਼ਾਮਲ ਹਨ। ਸੰਗਰੂਰ ਜੇਲ੍ਹ ਦੀ ਸਮਰੱਥਾ 484 ਹੈ ਪਰ ਇਥੇ ਇਸ ਵੇਲੇ ਇਸ ਤੋਂ ਦੁੱਗਣੇ ਕੈਦੀ ਬੰਦ ਹਨ। ਪਟਿਆਲਾ ਜੇਲ੍ਹ ਦੀ ਸਮਰੱਥਾ 1300 ਦੇ ਕਰੀਬ ਹੈ ਤੇ ਇਥੇ ਵੀ 1700 ਦੇ ਕਰੀਬ ਕੈਦੀ ਰੱਖੇ ਹੋਏ ਹਨ। ਫ਼ਿਰੋਜ਼ਪੁਰ ਜੇਲ੍ਹ ਦੀ ਸਮਰੱਥਾ ਇਕ ਹਜ਼ਾਰ ਕੈਦੀ ਰੱਖਣ ਦੀ ਹੈ ਪਰ ਇਥੇ ਵੀ ਸਮਰੱਥਾ ਤੋਂ ਵੱਧ ਕੈਦੀ ਹਨ। ਗੁਰਦਾਸਪੁਰ ਜੇਲ੍ਹ ਦੀ ਸਮਰੱਥਾ 650 ਦੇ ਕਰੀਬ ਹੈ ਪਰ ਇਥੇ 900 ਤੋਂ ਵੱਧ ਕੈਦੀ ਜੇਲ੍ਹ ਵਿਚ ਬੰਦ ਹਨ। ਸਬ ਜੇਲ੍ਹ ਮੋਗਾ ਦੀ ਸਮਰੱਥਾ 46 ਹੈ ਪਰ ਕੈਦੀਆਂ ਦੀ ਗਿਣਤੀ 100 ਤੋਂ ਵੱਧ ਹੈ। ਸ੍ਰੀ ਮੁਕਤਸਰ ਸਾਹਿਬ ਜੇਲ੍ਹ ਦੀ ਸਮਰੱਥਾ 70 ਹੈ ਤੇ ਇਥੇ 200 ਤੋਂ ਵੱਧ ਕੈਦੀ ਹਨ। ਫ਼ਾਜ਼ਿਲਕਾ ਸਬ ਜੇਲ੍ਹ ਦੀ ਸਮਰੱਥਾ 48 ਕੈਦੀਆਂ ਦੀ ਹੈ ਪਰ ਇਥੇ 100 ਤੋਂ ਵੱਧ ਕੈਦੀ ਬੰਦ ਹਨ। ਫਗਵਾੜਾ ਸਬ ਜੇਲ੍ਹ ਦੀ ਸਮਰੱਥਾ 20 ਕੈਦੀਆਂ ਦੀ ਹੈ ਪਰ ਇਥੇ 50 ਤੋਂ ਵੱਧ ਕੈਦੀ ਹਨ। ਦਸੂਹਾ ਸਬ ਜੇਲ੍ਹ ਦੇ ਹਾਲਾਤ ਵੀ ਇਸੇ ਤਰ੍ਹਾਂ ਹਨ।

**OKKJI Transfer LLC.**
15238 Radiance Dr., Noblesville, IN, 46060
**ਓਨਰ ਅਪਰੇਟਰ ਚਾਹੀਦੇ ਹਨ**
*ਲੋਕਲ ਤੇ ਲੌਂਗ ਰੂਟ
*ਡਰਾਈ ਅਤੇ ਰੀਫਰ ਲੋਡ
ਕਾਗਜ਼ ਦਿਓ ਤੇ ਪੈਸੇ ਲਓ

ਸੰਪਰਕ ਕਰੋ:
**Toll Free: 1-855-966-5554**
Manny Sandhu: 317-603-1000, Sam Bhullar: 732-486-9045
Fax: 317-774-9665

# ਸ਼ਖਸੀਅਤ

**ਚਰਨ ਸਿੰਘ ਜੱਜ**
ਫੋਨ: 916-256-5367

ਵਿਅਕਤੀਵਾਦੀ, ਮੱਧਮਾਰਗੀ ਜਾਂ ਸੁਧਾਰਵਾਦੀ, ਕ੍ਰਾਂਤੀਕਾਰੀ ਜਾਂ ਜੁੱਗ-ਪਲਪਾਊ; ਇਨ੍ਹਾਂ ਵਿਚਾਰਾਂ ਨੂੰ ਜਨਮ ਦੇਣ ਵਾਲੇ, ਇਸ ਸੰਸਾਰ ਵਿਚ ਸਮੇਂ-ਸਮੇਂ ਵਿਚਰਦੇ ਰਹੇ ਹਨ। ਹਰ ਪ੍ਰਾਣੀ ਕੁਦਰਤ ਦਾ ਸਾਜਿਆ-ਨਵਾਜਿਆ ਰੂਪ ਹੈ ਤੇ ਉਹਦਾ ਆਪਣਾ ਧਰਮ ਤੇ ਕਰਮ ਹੈ। ਸ਼ਖਸੀਅਤ ਧਰਮ ਦੀ ਖੱਟੀ ਹੈ। ਮਨੁੱਖ ਦੀਆਂ ਉਨ੍ਹਾਂ ਅੰਦਰਲੀਆਂ ਸਿਫਤਾਂ ਦਾ ਬਾਹਰਲਾ ਪ੍ਰਕਾਸ਼ ਹੈ ਜਿਹੜਾ ਇਕ ਮਨੁੱਖ ਨੂੰ ਦੂਜੇ ਕੋਲੋਂ ਅੱਡ ਕਰ ਕੇ ਦਿਖਾਉਂਦਾ ਹੈ। ਇਹ ਮਨੁੱਖੀ ਆਤਮਾ ਦੇ ਪਰਛਾਵਿਆਂ ਅਤੇ ਤੇਜ਼ ਦੀ ਘੁਲੀ-ਮਿਲੀ ਮੂਰਤ ਹੈ ਜੋ ਲੁਕੋ ਕੇ ਨਹੀਂ ਰੱਖੀ ਜਾ ਸਕਦੀ। ਮਨੁੱਖ ਯਤਨ ਕਰ ਕੇ ਆਪਣੇ ਜਨਮ, ਵਿਦਵਤਾ ਜਾਂ ਦੌਲਤ ਦਾ ਦੂਜਿਆਂ ਨੂੰ ਭੁਲੇਖਾ ਪਾ ਸਕਦਾ ਹੈ, ਪਰ ਸ਼ਖਸੀਅਤ ਉਹ ਬੋਲਦੀ ਤਸਵੀਰ ਹੈ ਜੋ ਕਿਸੇ ਝੂਠ, ਫਰੇਬ, ਹਉਮੈ, ਗਰੀਬੀ ਜਾਂ ਅਮੀਰੀ ਨੂੰ ਛੁਪਾ ਕੇ ਨਹੀਂ ਰੱਖਦੀ।

ਕਿਸੇ ਦਾ ਧਨ ਜਾਂਚਣ ਲਈ ਉਸ ਦਾ ਬੈਂਕ-ਬੈਲੈਂਸ ਦੇਖਣ ਦੀ ਲੋੜ ਨਹੀਂ। ਉਸ ਦੇ ਘਰ-ਘਾਟ, ਰਹਿਣੀ-ਬਹਿਣੀ, ਸੁਹਬਤ ਤੇ ਮੂੰਹ ਦੀ ਰੂਹਾਨੀਅਤ ਤੋਂ ਠੀਕ ਪਤਾ ਮਿਲ ਜਾਂਦਾ ਹੈ। ਵਰਤੋਂ ਵਿਚ ਆਇਆ ਧਨ ਅਮੀਰੀ ਅਖਵਾਉਂਦਾ ਹੈ; ਅਣ-ਵਰਤਿਆ ਧਨ ਮਿੱਟੀ ਸਮਾਨ ਹੈ। ਉਸੇ ਤਰ੍ਹਾਂ ਅਣ-ਵਰਤਿਆ ਧਰਮ ਜਾਂ ਅਕਲ ਕੇਵਲ ਅਭਿਮਾਨ/ਹੰਕਾਰ ਹੈ, ਪਰ ਵਰਤੋਂ ਵਿਚ ਲਿਆਂਦਿਆਂ ਇਹ ਸ਼ਖਸੀਅਤ ਪੈਦਾ ਕਰਦੇ ਹਨ।

ਚਮਤਕਾਰੀ ਸ਼ਖਸੀਅਤ ਦਾ ਦਰਜਾ ਭਲਾ ਕਿਵੇਂ ਪ੍ਰਾਪਤ ਕੀਤਾ ਜਾ ਸਕਦਾ ਹੈ? ਸ਼ਖਸੀਅਤ ਇਉਂ ਜਾਣੋ, ਜੀਕਰ ਕਿਸੇ ਪੱਕ ਰਹੇ ਸਵਾਦੀ ਪਕਵਾਨ ਵਿਚੋਂ ਉਠਦੀ ਵਾਸ਼ਨਾ ਹੈ। ਸਮੱਗਰੀ ਦੇ ਹਵਨ ਕੁੰਡ ਉਪਰਲੀ ਤੇਜੱਸਵੀ ਭਾਹ ਹੈ, ਪਰ ਇਹ ਭਾਹ ਤਦ ਹੀ ਉਠ ਸਕਦੀ ਹੈ, ਜਦੋਂ ਕੁੰਡ ਵਿਚ ਚੰਣਕਾਰੀ ਲਟ-ਲਟ ਬਲ ਰਹੀ ਹੋਵੇ। ਗਿੱਲੇ ਗੋਹੇ ਤਾਂ ਸਿਰਫ ਧੁਖਦੇ ਹਨ ਅਤੇ ਧੂੰਆਂ ਖਿਲਾਰਦੇ ਹਨ। ਸੋ, ਜਿਸ ਕਿਸੇ ਨੂੰ ਇਸ ਚਮਤਕਾਰ ਦੀ ਅਭਿਲਾਖਾ ਹੈ, ਉਹ ਆਪਣੇ ਅੰਦਰ ਕੁੰਡ ਨੂੰ ਸਵੱਛ ਕਰ ਕੇ ਸੁਹਣੀ ਸਮੱਗਰੀ ਬਾਲੇ। ਸੁਹਣੀ ਸਮੱਗਰੀ ਕੀ ਹੈ? ਤੀਖਣ ਬੁੱਧੀ, ਪ੍ਰਭਾਵਸ਼ਾਲੀ ਆਚਾਰ, ਸੁੰਦਰ ਸਿਹਤ, ਹਿਤੂ ਸੁਭਾਅ, ਮਧੁਰ ਬੋਲ, ਵਿਸ਼ਾਲ ਹਿਰਦਾ, ਖੁੱਲ੍ਹੀ ਵਾਕਫੀਅਤ ਤੇ ਤਜਰਬਾ, ਹਉਮੈ-ਹੀਣ ਵਿੱਦਿਆ, ਮਨੁੱਖ ਹਿਰਦੇ ਦੀ ਪਛਾਣ ਤੇ ਨਿਸ਼ਕਾਮ ਹਮਦਰਦੀ।

ਇਰਾਦੇ ਦੀ ਸੁਤੰਤਰਤਾ ਇਸ ਬ੍ਰਹਿਮੰਡ ਦਾ ਬੜਾ ਆਸ ਭਰਿਆ ਕਾਨੂੰਨ ਹੈ। ਮਨੁੱਖ ਆਪਣੇ ਇਰਾਦੇ ਦੀ ਦ੍ਰਿੜ੍ਹਤਾ ਨਾਲ ਰੁਕਾਵਟਾਂ ਦੂਰ ਕਰ ਸਕਦਾ ਹੈ ਤੇ ਸਹਾਇਕਾਂ ਨੂੰ ਚੰਗੇ ਅਰਥ ਲਿਆ ਸਕਦਾ। ਅਭਿਲਾਖਾ ਇਰਾਦੇ ਦੀ ਮਾਂ ਹੈ। ਇਸ ਲਈ ਸ਼ਖਸੀਅਤ ਦੀ ਸਭ ਤੋਂ ਪਹਿਲੀ ਚੀਜ਼ ਅਭਿਲਾਖਾ ਹੋਣੀ ਚਾਹੀਦੀ ਹੈ। ਅਭਿਲਾਖਾ ਇਰਾਦਾ ਜਗਾਏਗੀ ਤੇ ਇਰਾਦਾ ਹਿੰਮਤ ਪੈਦਾ ਕਰੇਗਾ। ਕੋਈ ਗੱਲ ਦੁਨੀਆਂ ਵਿਚ ਅਣਹੋਣੀ ਨਹੀਂ। ਜਿਹੜੀ ਗੱਲ ਤੁਸੀਂ ਸੰਕਲਪ ਵਿਚ ਲਿਆ ਸਕੇ ਹੋ ਤੇ ਜਿਹਦੇ ਲਈ ਤੁਹਾਡੇ ਮਨ ਵਿਚ ਸੱਚੀ ਅਭਿਲਾਖਾ ਜਾਗ ਪਈ ਹੈ, ਉਹ ਗੱਲ ਹੋ ਕੇ ਰਹੇਗੀ; ਤੁਸੀਂ ਬੱਸ ਆਪਣੇ ਇਰਾਦੇ 'ਤੇ ਤਕੜੇ ਰਹੋ!

ਸੋ, ਸ਼ਖਸੀਅਤ ਦੀ ਪਹਿਲੀ ਪੌੜੀ ਇਹ ਭਰੋਸਾ ਹੈ ਕਿ ਕੁਦਰਤ ਦੀ ਮਿਹਰ ਸਭ ਉਤੇ ਸਾਂਝੀ ਹੈ ਤੇ ਉਹਦੇ ਵੱਲੋਂ ਹਰ ਇਕ ਨੂੰ ਖੁੱਲ੍ਹ ਹੈ ਕਿ ਆਪਣੀ ਅਭਿਲਾਖਾ ਅਨੁਸਾਰ ਕੁਦਰਤ ਦੀਆਂ ਦਾਤਾਂ ਨੂੰ ਭੰਨ-ਘੜ ਕੇ ਜੋ ਚਾਹੇ, ਦੇਖ ਸਕਦਾ ਹੈ। ਦੂਜੀ ਪੌੜੀ ਇਹ ਕਿ ਕੋਈ ਨਿਸ਼ਾਨਾ ਬਣਾਏ, ਜੀਵਨ ਆਪਣੇ ਦਾ ਕੋਈ ਮਕਸਦ ਨਿਸ਼ਚਿਤ ਕਰੇ। ਇਸ ਮਕਸਦ ਨੂੰ ਵਾਰ-ਵਾਰ ਵਿਚਾਰ ਕੇ ਇਸ ਦਾ ਅੰਕ-ਅੰਕ ਅੱਖਾਂ ਅੱਗੇ ਪ੍ਰਤੱਖ ਕਰ ਲਵੇ। ਇਸੇ ਮਕਸਦ ਲਈ ਖਾਵੇ, ਪੀਵੇ, ਤੁਰੇ, ਦੇਖੇ ਤੇ ਪੜ੍ਹੇ। ਬੇਮਕਸਦ ਜਿਉਣਾ ਪਸ਼ੂ ਸਮਾਨ ਹੈ।

ਇਸ ਮਕਸਦ ਲਈ ਸੱਚਾਈ, ਇਨਸਾਫ਼, ਹਮਦਰਦੀ ਦੇ ਨਿਯਮਾਂ ਅਨੁਸਾਰ ਜ਼ਿੰਦਗੀ ਦੀਆਂ ਔਕੜਾਂ ਨਾਲ ਘੋਲ ਕੀਤਿਆਂ ਸ਼ਖਸੀਅਤ ਪੈਦਾ ਹੁੰਦੀ ਹੈ। ਔਕੜਾਂ ਨਾਲ ਘੁਲਿਆਂ ਦਲੇਰੀ, ਸਵੈ-ਮਾਨ ਸਨਮਾਨ, ਸਵੈ-ਵਿਸ਼ਵਾਸ ਜਾਗਦੇ ਹਨ। ਇਹ ਤਿੰਨੇ ਹੀ ਸ਼ਖਸੀਅਤ ਦੀਆਂ ਮੁੱਢਲੀਆਂ ਸਿਫ਼ਤਾਂ ਹਨ। ਜਿਹਦੇ ਵਿਚ ਇਹ ਨਹੀਂ, ਉਹ ਸਾਨੂੰ ਖਿੱਚ ਨਹੀਂ ਸਕਦਾ।

ਸ਼ਖਸੀਅਤ ਦੀ ਨੀਂਹ, ਅੰਦਰਲੀ ਸੱਚਾਈ ਹੈ। ਨਿੱਕਾ ਜਿਹਾ ਫਰੇਬ, ਛੋਟਾ ਜਿਹਾ ਦਿਖਾਵਾ ਜਾਂ ਬੇ-ਮਲੂਮਾ ਜਿਹਾ ਝੂਠ ਵੀ ਜੇ ਨੀਂਹ ਦੀ ਰੋੜੀ ਵਿਚ ਕੁੱਟਿਆ ਜਾਵੇ ਤਾਂ ਉਹ ਵੀ ਸਮਾਂ ਪਾ ਕੇ ਅਣਬੁਝੇ ਚੂਨੇ ਦੀ ਢੀਮ ਵਾਂਗ ਪਾਟ ਪੈਂਦਾ ਹੈ ਤੇ ਇਮਾਰਤ ਨੂੰ ਤਿੜਕਾ ਦਿੰਦਾ ਹੈ; ਤਾਂ ਤੇ ਫਿਰ ਸ਼ਖਸੀਅਤ ਦੇ ਅਭਿਲਾਖੀ ਨੂੰ ਲੱਭ-ਲੱਭ ਕੇ ਆਪਣੇ ਵਿਚੋਂ ਸਾਰੇ ਫਰੇਬ, ਦਿਖਾਵੇ, ਝੂਠ-ਮੱਕਾਰੀ ਕੱਢਣੇ ਹੋਣਗੇ! ਜਿਥੇ ਖੁਦਗਰਜ਼ੀ ਹੈ; ਜਿਥੇ ਦੂਜੇ ਦੀ ਸਫਲਤਾ ਲਈ ਉਤਸ਼ਾਹ ਨਹੀਂ; ਜਿਥੇ ਕੰਮ ਆਉਣ ਦਾ ਚਾਅ ਨਹੀਂ; ਜਿਥੇ ਵਤੀਰੇ ਵਿਚ ਨਿੱਘ ਨਹੀਂ; ਹਮਦਰਦੀ ਨਹੀਂ; ਜਿਥੇ ਸਿਰਫ ਜੋੜਨ-ਮੱਲਣ ਦੀ ਲਾਲਸਾ ਹੈ, ਉਥੇ ਸ਼ਖਸੀਅਤ ਦਾ ਮੰਦਰ ਉਸਰ ਨਹੀਂ ਸਕਦਾ।

ਸ਼ਖਸੀਅਤ ਦਾ ਵੱਡਾ ਰਾਜ ਨਿੱਘ ਤੇ ਬੇਗਰਜ਼ੀ ਹੈ। ਬੇਗਰਜ਼ੀ ਤੋਂ ਭਾਵ ਬੇਮਕਸਦੀ ਨਹੀਂ; ਸਗੋਂ ਇਹ ਹੈ ਕਿ ਸਾਡੀ ਪ੍ਰੀਤ, ਮੁਸਕਰਾਹਟ, ਨਰਮੀ, ਸੇਵਾ ਆਦਿ ਨਿੱਜੀ ਗਰਜ਼ ਲਈ ਨਾ ਹੋਣ; ਦੂਜੇ ਦੇ ਕੰਮ ਆਉਣ ਵਿਚ ਖੁਸ਼ ਹੋ ਸਕਣ ਕਰ ਕੇ ਹੋਣ। ਆਰਾਮ ਦੀ ਖਾਤਰ ਦੂਜੇ ਨੂੰ ਬੇਆਰਾਮ ਨਾ ਕਰੀਏ। ਖਾਣ ਲੱਗਿਆਂ ਪਹਿਲਾ ਦੂਜੇ ਨੂੰ ਪੇਸ਼ ਕਰੀਏ। ਬੋਲਣ ਲੱਗਿਆਂ ਦੂਜੇ ਨੂੰ ਸਮਾਂ ਦੇਈਏ। ਮਤਭੇਦ ਹੋਵੇ ਤਾਂ ਠਰ੍ਹੰਮੇ ਨਾਲ ਬਿਨਾਂ ਜ਼ਿਦ ਕੀਤਿਆਂ ਆਪਣੇ ਖਿਆਲ ਪ੍ਰਗਟ ਕਰੀਏ। ਇਨ੍ਹਾਂ ਛੋਟੀਆਂ ਗੱਲਾਂ ਵਿਚ ਬੇਗਰਜ਼ ਸੁਭਾਓ ਸ਼ਖਸੀਅਤ ਵਿਚ ਉਹ ਜਾਦੂ ਭਰ ਦਿੰਦਾ ਹੈ ਜੋ ਵੈਰੀਆਂ ਨੂੰ ਵੀ ਸੱਜਣ ਬਣਾ ਲੈਂਦਾ ਹੈ ਤੇ ਮਨੁੱਖ ਦੇ ਆਲੇ-ਦੁਆਲੇ ਸਫ਼ਲਤਾ ਦਾ ਮੰਡਲ ਦਰਸਾਉਂਦਾ ਹੈ। ਇਸ ਮਨੁੱਖ ਨੂੰ ਦੇਖ ਕੇ ਨਿਰਾਸੇ ਜੀਆਂ ਵਿਚ ਸਫਲਤਾ ਦੀ ਆਸ ਉਠਦੀ ਹੈ। ਅਜਿਹੇ ਆਦਮੀ ਦੁਨੀਆਂ ਦੇ ਅਸਲ ਉਪਕਾਰੀ ਹਨ। ਦਾਨੀ ਦੁਨੀਆਂ ਨੂੰ ਉਹ ਸੁੱਖ ਨਹੀਂ ਦੇ ਸਕਦੇ, ਜਿਹੜਾ ਸਫ਼ਲ ਮੰਡਲ, ਸੁਹਣੀ ਸ਼ਖਸੀਅਤ ਵਾਲੇ ਮਨੁੱਖ ਤੁਰਦਿਆਂ-ਫਿਰਦਿਆਂ ਚੁਪ-ਚੁਪੀਤੇ ਆਪਣੇ ਇਰਦ-ਗਿਰਦ ਖਿਲਾਰਦੇ ਰਹਿੰਦੇ ਹਨ।

ਸ਼ਖਸੀਅਤ ਦਾ ਮੁੱਖ ਚਿੰਨ੍ਹ ਪ੍ਰਸੰਨਤਾ ਹੈ। ਜਿਸ ਦੇ ਅੰਦਰ ਪ੍ਰਸੰਨਤਾ ਹੋਵੇ, ਉਹੀ ਕਿਸੇ ਦੂਜੇ ਨੂੰ ਪ੍ਰਸੰਨ ਕਰ ਸਕਦਾ ਹੈ। ਪ੍ਰਸੰਨਤਾ ਇਸੇ ਲਈ ਸ਼ੁਭ-ਸ਼ਗਨ ਸਮਝਿਆ ਜਾਂਦਾ ਹੈ ਕਿਉਂਕਿ ਜਿਸ ਦੇ ਹਿਰਦੇ ਵਿਚ ਪ੍ਰਸੰਨਤਾ ਹੈ, ਉਥੇ ਸਾੜਾ ਨਹੀਂ ਹੋ ਸਕਦਾ। ਸਾੜਾ ਬੜੀ ਕੁਸ਼ਗਨ ਅਵਸਥਾ ਹੈ। ਸਾੜਾ ਆਪਣੇ-ਆਪ ਵਿਚ ਭਰੋਸਾ ਨਹੀਂ ਰੱਖਦਾ, ਦਲੇਰ ਨਹੀਂ ਹੁੰਦਾ, ਹਿੰਮਤ ਤੋਂ ਕਤਰਾਉਂਦਾ ਹੈ। ਇਹ ਨਿਸ਼ਾਨੀਆਂ ਹੀਣਤਾ ਦੀਆਂ ਹਨ। ਇਸ ਲਈ ਜਿਥੇ ਸਾੜਾ ਹੁੰਦਾ, ਉਥੇ ਕਰੋਧ ਵੀ ਹੁੰਦਾ ਹੈ ਤੇ ਜਿੱਥੇ ਇਹ ਦੋਵੇਂ ਹੋਣ, ਉਥੇ ਭਲੀ ਗੱਲ ਰਹਿ ਨਹੀਂ ਸਕਦੀ। ਇਹ ਦੋਵੇਂ, ਸ਼ਖਸੀਅਤ ਦੇ ਵਿਰੋਧੀ ਹਨ। ਚੰਗੀ ਸ਼ਖਸੀਅਤ ਦੇ ਅਭਿਲਾਖੀ ਨੂੰ ਬੜੇ ਯਤਨ ਨਾਲ ਇਨ੍ਹਾਂ ਤੋਂ ਖਬਰਦਾਰ ਰਹਿਣਾ ਪੈਂਦਾ ਹੈ। ਇਹ ਚਿਰਾਂ ਤਕ ਵਲ-ਵਲਾ ਕੇ ਆਉਂਦੇ ਰਹਿਣਗੇ। ਜਦ ਤੱਕ ਅਸੀਂ ਇਨ੍ਹਾਂ ਦੀ ਸੁਹਬਤ ਤੋਂ ਸ਼ਰਮਾਂਦੇ ਰਹਾਂਗੇ, ਇਹ ਸਾਡੇ ਉਤੇ ਕਾਬੂ ਨਹੀਂ ਪਾ ਸਕਦੇ। ਅਡੋਲ, ਗੰਭੀਰ, ਸੰਤੁਸ਼ਟ, ਉਤਸ਼ਾਹ ਭਰੀ ਨਿੱਘੀ ਸ਼ਖਸੀਅਤ ਹੀ ਇਕ ਐਸਾ ਦ੍ਰਿਸ਼ ਹੈ ਜੋ ਸਾਡਾ ਭਰੋਸਾ ਜਿੱਤ ਸਕਦਾ ਹੈ। ਸਾਡੇ ਕੋਲੋਂ ਸਲਾਹੁਤਾ ਦਾ ਗੀਤ ਗਵਾ ਸਕਦਾ ਹੈ ਤੇ ਸਾਡੀਆਂ ਅੱਖਾਂ ਆਪਣੇ ਉਤੇ ਗਡਵਾ ਸਕਦਾ ਹੈ। ਅਜਿਹੀ ਸ਼ਖਸੀਅਤ ਕੁਦਰਤੀ ਵਤੀਰੇ, ਨਿਰਛਲਤਾ, ਆਪੇ 'ਤੇ ਕਾਬੂ, ਉਦਮ, ਸ਼ੁਭ ਭਾਵਨਾ ਤੇ ਕਾਮ-ਬਲ ਨੂੰ ਸੁਚੱਜ ਨਾਲ ਵਰਤਿਆਂ ਪ੍ਰਾਪਤ ਹੋ ਸਕਦੀ ਹੈ।

ਕਾਮ-ਬਲ ਇਸਤਰੀ-ਮਰਦ ਦੀ ਸਭ ਤੋਂ ਵੱਡੀ ਤਾਕਤ ਹੈ ਜਿਸ ਦੀ ਯੋਗ ਵਰਤੋਂ ਕਰਾਮਾਤਾਂ ਦਿਖਾ ਸਕਦੀ ਹੈ। ਜਿਸ ਕੋਲ ਇਹ ਬਲ ਕਿਸੇ ਕੁਦਰਤੀ ਜਾਂ ਆਪ ਸਹੇੜੀ ਊਣਤਾਈ ਕਰ ਕੇ ਨਹੀਂ ਹੈ ਜਾਂ ਘਟ ਹੈ, ਉਹ ਕਦੇ ਸ਼ਖਸੀਅਤ ਦਾ ਸਵਾਮੀ ਨਹੀਂ ਬਣ ਸਕਦਾ। ਇਸ ਬਲ ਦੀ ਅਰੋਗਤਾ ਤੇ ਇਸ ਉਤੇ ਪਾਇਆ ਕਾਬੂ ਸ਼ਖਸੀਅਤ ਵਿਚ ਚਮਤਕਾਰ ਪੈਦਾ ਕਰਦੇ ਹਨ। ਕਾਮ-ਬਲ ਨੂੰ ਵਿਸ਼ਿਆਂ ਵਿਚ ਖਿਲਾਰਨ ਵਾਲੇ ਇਸਤਰੀ-ਪੁਰਸ਼ ਦੇ ਮੁੱਖ ਫਿੱਕੇ, ਬੁੱਢੇ ਤੇ ਬੇਲਿਸ਼ਕ ਹੁੰਦੇ ਹਨ, ਪਰ ਕਾਮ-ਬਲ ਨੂੰ ਪੂਰੇ ਜੋਬਨ ਵਿਚ ਸਾਂਭ ਕੇ ਵਰਤਣ ਵਾਲੇ ਇਸਤਰੀ-ਪੁਰਸ਼ ਇਕੱਲੇ ਹੀ ਦੋ-ਦੋ ਜਿੰਨਾ ਕੰਮ ਕਰ ਸਕਦੇ ਹਨ। ਉਨ੍ਹਾਂ ਦੇ ਮੂੰਹਾਂ ਉਤੇ ਨੂਰ ਹੁੰਦਾ ਹੈ, ਦੇਖਣ ਨੂੰ ਭਾਵੇਂ ਉਨ੍ਹਾਂ ਦਾ ਸਰੀਰ ਨਿਰਬਲ ਹੀ ਹੋਵੇ।

ਕਾਮ-ਬਲ ਕੁਦਰਤ ਦੀ ਬਿਜਲੀ ਹੈ। ਇਸ ਦੇ ਨਾਲ ਹੀ ਕੁਦਰਤ ਆਪਣੀ ਸਾਰੀ ਲੀਲ੍ਹਾ ਰਚਦੀ ਤੇ ਰੌਸ਼ਨ ਕਰਦੀ ਹੈ। ਇਸ ਲਈ ਇਸ ਦਾ ਮੁਕਾਬਲਾ ਬਾਹੂ-ਬਲ ਨਾਲ ਨਹੀਂ ਕੀਤਾ ਜਾ ਸਕਦਾ। ਬਾਹੂ-ਬਲ ਕਿੰਨਾ ਵੀ ਹੋਵੇ, ਕਾਮ-ਬਲ ਤੋਂ ਵਿਹੂਣਾ ਉਹ ਨਿਰਜੀਵ ਹੈ। ਬਾਹੂ-ਬਲ ਸਰੀਰਕ ਤਾਕਤ ਹੈ, ਪਰ ਕਾਮ-ਬਲ ਕਾਮਨੀ ਦੀ ਤੜਫ ਹੈ, ਸਿਰਜਣਹਾਰ ਦੀ ਸਿਰਜਣਾ ਤੇ ਧੜਕਣ ਹੈ। ਸ਼ਖਸੀਅਤ ਦੇ ਅਭਿਲਾਖੀ ਨੂੰ ਇਸ ਬਲ ਦਾ ਗਿਆਨ ਹੋਣਾ ਚਾਹੀਦਾ ਹੈ। ਜਦੋਂ ਗਿਆਨ ਹੋ ਜਾਵੇਗਾ, ਤਦ ਉਹ ਇਸ ਬਿਜਲੀ-ਬੱਤੀ ਨੂੰ ਸੀਨੇ ਵਿਚ ਸਾਂਭ ਕੇ ਰੱਖੇਗਾ। ਸਸਤੇ ਦੀਵਿਆਂ ਵਾਂਗ ਬਲਦਾ ਨਹੀਂ ਛਡੇਗਾ। ਇਹ ਉਹ ਜੋਤ ਹੈ ਕਿ ਜਿਥੇ ਬੱਝ ਕੇ ਪਵੇ, ਦਿਨ ਚਾੜ੍ਹ ਦਿੰਦੀ ਹੈ; ਸਭ ਕੁਝ ਦਿਸਣ ਲੱਗ ਪੈਂਦਾ ਹੈ। ਇਸ ਦੀ ਸਹਾਇਤਾ ਨਾਲ ਬ੍ਰਹਿਮੰਡ 'ਚੋਂ ਜੋ ਚਾਹੋ, ਲੱਭ ਸਕਦੇ ਹੋ-ਪਿਆਰ ਰਸ, ਰੂਪ, ਮਸਤੀ, ਅਕਲ, ਉਡਾਰ ਅਕਾਸ਼ ਦੇ ਝੂਟੇ, ਮਨੁੱਖ ਹਿਰਦੇ ਦੀ ਝਾਤੀ ਤੇ ਅਕਾਲ ਪੁਰਖ ਦੀ ਸਨਮੁਖਤਾ।

ਜਿਸ ਮਜ਼੍ਹਬ ਦੇ ਵੀ ਤੁਸੀਂ ਹੋ; ਜਿਹੜਾ ਸਾਧਨ ਵੀ ਵਰਤਦੇ ਹੋ; ਜਿਹੜਾ ਪਾਠ ਵੀ ਪੜ੍ਹਦੇ ਹੋ; ਸਦਾ ਉਚੀ ਸ਼ਖਸੀਅਤ ਦਾ ਦ੍ਰਿਸ਼ ਆਪਣੇ ਸਾਹਮਣੇ ਰੱਖੋ। ਮੁਕਤੀ ਦੀ ਚਾਹ ਐਵੇਂ ਸੁਣੀ-ਸੁਣਾਈ ਹੈ। ਆਵਾਗਵਣ ਮੇਟਣ ਦੀ ਮੰਗ ਪੜ੍ਹੀ-ਪੜ੍ਹਾਈ ਹੈ। ਚੌਰਾਸੀ ਲੱਖ ਜੂਨ ਦਾ ਸੰਕਲਪ ਭਾਵੇਂ ਠੀਕ ਹੈ ਜਾਂ ਨਹੀਂ; ਕੋਈ ਮੁੜ ਕੇ ਜੰਮਦਾ ਹੈ ਜਾਂ ਨਹੀਂ; ਜੇ ਅਸੀਂ ਇਸ ਜੀਵਨ ਵਿਚ ਸੋਹਣੀ ਤੇ ਸਫ਼ਲ ਸ਼ਖਸੀਅਤ ਪੈਦਾ ਕਰ ਸਕੇ ਤਾਂ ਕੋਈ ਚਿੰਤਾ ਨਹੀਂ। ਜੋ ਕੁਝ ਵੀ ਅੱਗੇ ਹੋਵੇਗਾ, ਉਹ ਬੇ-ਕਾਨੂੰਨ ਨਹੀਂ ਹੋਵੇਗਾ। ਸੂਰਜ, ਚੰਦ, ਤਾਰੇ ਅਟੱਲ ਕਾਨੂੰਨ ਵਿਚ ਗਰਦਿਸ਼ ਕਰ ਰਹੇ ਹਨ। ਜੇ ਕੋਈ ਹੋਰ ਜੀਵਨ ਹੈ ਤਾਂ ਕਾਨੂੰਨ ਰਹਿਤ ਨਹੀਂ ਹੋ ਸਕਦਾ। ਇਸ ਜੀਵਨ ਵਿਚ ਭਲੀ ਨਿਭਾਉਣੀ, ਰਸ ਭਰਿਆ ਜੀਵਨ, ਚੁਗਲੀ ਨਿੰਦਿਆ, ਦੂਈ ਦਵੈਤ ਤੋਂ ਬਿਨਾਂ ਜੀਵਿਆ ਸਭ ਤੋਂ ਉਚਤਮ ਹੈ। ਰਸ ਧਨ-ਦੌਲਤ ਵਿਚ ਨਹੀਂ, ਰਸ ਖਾਣ ਪਹਿਨਣ ਵਿਚ ਵੀ ਨਹੀਂ, ਰਸ ਵਿਸ਼ਿਆਂ-ਵਿਕਾਰਾਂ ਵਿਚ ਵੀ ਨਹੀਂ, ਕਿਉਂਕਿ ਸ਼ਾਹਾਂ ਵੇਸਵਾਵਾਂ ਨੂੰ ਅਤਿ ਦੁਖੀ ਅਸਾਂ ਦੇਖ ਲਿਆ ਹੈ। ਫੋਕੀ ਸ਼ੋਹਰਤ, ਫੋਕਾ ਟੌਅਰ-ਟੱਪਾ ਰਸ ਭਰੇ ਜੀਵਨ ਤੋਂ ਕੋਹਾਂ ਦੂਰ ਹੈ। ਦੁਨੀਆਂ ਦੇ ਪ੍ਰਸਿੱਧ ਰਸੀਏ ਧਨੀ ਨਹੀਂ ਹੋਏ। ਰਸ ਔਕੜਾਂ ਨਾਲ ਘੁਲ ਕੇ ਤਕੜੇ ਹੋਣ ਅਤੇ ਉਚੀਆਂ ਟੀਸੀਆਂ ਟੱਪਣ 'ਚ ਹੈ, ਵੱਡੇ ਕੰਮ ਕਰਨ ਵਿਚ ਹੈ। ਈਰਖਾ, ਕਰੋਧ ਤੇ ਖੁਦਗਰਜ਼ੀ ਤੋਂ ਉਚੇ ਹੋਣ ਵਿਚ ਪਿਆਰ ਕਰਨ ਤੇ ਸਾਰੀ ਦੁਨੀਆਂ ਨਾਲ ਸਾਂਝ ਦੇਖ ਕੇ ਹਮਦਰਦੀ ਕਰ ਸਕਣ ਵਿਚ ਹੈ, ਮੌਤ ਤੋਂ ਨਿਰਭੈ ਹੋਣ ਤੇ ਸੁਤੰਤਰ ਹੋਣ ਵਿਚ ਹੈ, ਅਰੋਗ ਹੋਣ ਵਿਚ ਹੈ।

ਇਹੀ ਅਕਾਲ ਪੁਰਖ ਦੀ ਪ੍ਰਾਪਤੀ ਹੈ, ਇਹੀ ਧਰਮ ਨਿਪੁੰਨਤਾ ਹੈ, ਇਹੋ ਅਦਰਸ਼ ਹੈ; ਇਸ ਲਈ ਜੀਵੋ, ਇਸ ਲਈ ਕੰਮ ਕਰੋ। ਜਿਸ ਵਿਚ ਦੂਜਿਆਂ ਲਈ ਵੈਰ ਹੈ, ਜਿਹੜਾ ਦੂਜਿਆਂ ਦਾ ਅਪਮਾਨ ਕਰਦਾ, ਆਪਣੇ-ਆਪ ਨੂੰ ਪੂਰਾ ਤੇ ਦੂਜਿਆਂ ਨੂੰ ਅਧੂਰਾ ਸਮਝਦਾ ਤੇ ਛੁਟਿਆਉਂਦਾ ਹੈ, ਉਹ ਧਰਮੀ ਨਹੀਂ ਹੈ ਅਤੇ ਨਾ ਉਹ ਕਦੀ ਉਚੀ ਸ਼ਖਸੀਅਤ ਦੀ ਆਸ ਰੱਖ ਸਕਦਾ ਹੈ। ਸ਼ਖਸੀਅਤ ਦੀ ਤਾਂ ਗੱਲ ਛੱਡੋ, ਆਪਣੇ-ਆਪ ਨੂੰ ਇਨਸਾਨ ਕਹਾਉਣ ਦੇ ਵੀ ਲਾਇਕ ਨਹੀਂ ਹੁੰਦਾ।

ਤੁਸੀਂ ਜੇ ਜਿਉਣ ਦਾ ਰਸ ਲੈਣਾ ਚਾਹੁੰਦੇ ਹੋ, ਕੁਝ ਕਰ ਕੇ ਦੇਖਣਾ ਚਾਹੁੰਦੇ ਹੋ ਤਾਂ ਉਪਰਲੀ ਤਸਵੀਰ ਆਪਣੀ ਰੁਚੀ ਅਨੁਸਾਰ ਆਪਣੇ ਮਨ ਦੀਆਂ ਅੱਖਾਂ ਸਾਹਮਣੇ ਖਿੱਚ ਕੇ ਰੱਖੋ। ਦੁਨੀਆਂ ਭਾਵੇਂ ਕਿੱਧਰ ਜਾਏ, ਤੁਸੀਂ ਉਸੇ ਵੱਲ ਮੂੰਹ ਕਰ ਕੇ ਤੁਰਦੇ ਜਾਉ, ਤੁਹਾਨੂੰ ਬੜਾ ਸੁੱਖ ਲੱਭੇਗਾ ਤੇ ਤੁਸੀਂ ਦੂਜਿਆਂ ਨੂੰ ਵੀ ਸੁੱਖ ਦੇ ਸਕੋਗੇ।

ਜਿਉਂ-ਜਿਉਂ ਉਮਰ ਵੱਡੀ ਹੁੰਦੀ ਜਾਏ ਸ਼ਖਸੀਅਤ ਚੰਗੇਰੀ, ਸੁਹਣੇਰੀ ਤੇ ਪਿਆਰੀ ਹੁੰਦੀ ਜਾਏ। ਹਰ ਸਾਲ ਕਰੋਧ ਘਟੇ, ਲੋਭ ਘਟੇ, ਸੁਭਾਅ ਕਾਬੂ ਵਿਚ ਆਵੇ ਤੇ ਜ਼ਿੰਦਗੀ ਦਾ ਘੇਰਾ ਚੌੜਾ ਹੁੰਦਾ ਜਾਏ। ਕਾਮਯਾਬ ਜੀਵਨ ਉਹੀ ਹੈ ਜਿਸ ਦਾ ਜੀਵਨ ਘੇਰਾ ਸਾਰੀ ਦੁਨੀਆਂ ਨੂੰ ਛੂੰਹਦਾ ਹੋਵੇ। ਉਹ ਜੀਵਨ ਨਾ-ਕਾਮਯਾਬ ਸਮਝੋ ਜਿਹੜਾ ਉਮਰ ਦੇ ਅੰਤਲੇ ਕਦਮਾਂ ਉਤੇ ਪਹੁੰਚ ਪਿਆ ਹੈ, ਪਰ ਅਜੇ ਦਿਲ ਵਿਚ ਕਈ ਨਫ਼ਰਤਾਂ, ਕਈ ਕਰੂਰਤਾਂ, ਕਈ ਦੁਸ਼ਮਣੀ, ਕਈ ਵਿਤਕਰੇ ਸੰਭਾਲੇ ਪਏ ਹਨ।

ਹਰ ਵਰ੍ਹੇ ਇਹ ਭਾਰ ਘਟਦਾ ਰਹੇ ਤੇ ਓੜਕ ਉਹ ਦਿਨ ਆ ਜਾਵੇ ਜਿਸ ਦਿਨ ਦੁਨੀਆਂ ਤੋਂ ਕੂਚ ਕਰਨ ਲੱਗਿਆਂ ਅਸੀਂ ਖੁੱਲ੍ਹਾ ਸਾਹ ਲੈ ਕੇ ਆਖ ਸਕੀਏ। ਇਹ ਚੰਗੀ ਦੁਨੀਆਂ ਸੁਖੀ ਵੱਸੇ। ਜਿਉਣ ਇਹਦੇ ਬੰਦੇ। ਜਿਉਣ ਇਹਦੇ ਪੰਛੀ। ਬ੍ਰਿਛ-ਬੂਟੇ। ਜੀਵਨ ਜੀਵੇ। ਧੜਕੇ। ਅੱਜ ਮੈਨੂੰ ਕਿਸੇ ਨਾਲ ਕੋਈ ਗਿਲਾ ਨਹੀਂ। ਮੈਨੂੰ ਲੱਭ ਪਿਆ ਹੈ ਕਿ ਸਾਰੇ ਸਦਾ ਚੰਗੇ ਸਨ। ਸੁਖੀ ਵੱਸੇ ਇਹ ਸਾਰੀ ਦੁਨੀਆਂ ਜਿਸ ਮੈਨੂੰ ਇੰਨਾ ਚਿਰ ਹਸਾਇਆ, ਖਿਡਾਇਆ ਤੇ ਸੁਖਿਆਇਆ।

***ਸ਼ਖਸੀਅਤ ਦੀ ਨੀਂਹ, ਅੰਦਰਲੀ ਸੱਚਾਈ ਹੈ। ਨਿੱਕਾ ਜਿਹਾ ਫਰੇਬ, ਛੋਟਾ ਜਿਹਾ ਦਿਖਾਵਾ ਜਾਂ ਬੇ-ਮਲੂਮਾ ਜਿਹਾ ਝੂਠ ਵੀ ਜੇ ਨੀਂਹ ਦੀ ਰੋੜੀ ਵਿਚ ਕੁੱਟਿਆ ਜਾਵੇ ਤਾਂ ਉਹ ਵੀ ਸਮਾਂ ਪਾ ਕੇ ਅਣਬੁਝੇ ਚੂਨੇ ਦੀ ਢੀਮ ਵਾਂਗ ਪਾਟ ਪੈਂਦਾ ਹੈ ਤੇ ਇਮਾਰਤ ਨੂੰ ਤਿੜਕਾ ਦਿੰਦਾ ਹੈ; ਤਾਂ ਤੇ ਫਿਰ ਸ਼ਖਸੀਅਤ ਦੇ ਅਭਿਲਾਖੀ ਨੂੰ ਲੱਭ-ਲੱਭ ਕੇ ਆਪਣੇ ਵਿਚੋਂ ਸਾਰੇ ਫਰੇਬ, ਦਿਖਾਵੇ, ਝੂਠ-ਮੱਕਾਰੀ ਕੱਢਣੇ ਹੋਣਗੇ! ਜਿਥੇ ਖੁਦਗਰਜ਼ੀ ਹੈ; ਜਿਥੇ ਦੂਜੇ ਦੀ ਸਫਲਤਾ ਲਈ ਉਤਸ਼ਾਹ ਨਹੀਂ; ਜਿਥੇ ਕੰਮ ਆਉਣ ਦਾ ਚਾਅ ਨਹੀਂ; ਜਿਥੇ ਵਤੀਰੇ ਵਿਚ ਨਿੱਘ ਨਹੀਂ; ਹਮਦਰਦੀ ਨਹੀਂ; ਜਿਥੇ ਸਿਰਫ ਜੋੜਨ-ਮੱਲਣ ਦੀ ਲਾਲਸਾ ਹੈ, ਉਥੇ ਸ਼ਖਸੀਅਤ ਦਾ ਮੰਦਰ ਉਸਰ ਨਹੀਂ ਸਕਦਾ।***

**Quick Stop 40, Oklahoma**

**ਟਰੱਕ ਸਟਾਪ ਲਈ ਲੋੜ ਹੈ**

**ਕੈਸ਼ੀਅਰ, ਮਕੈਨਿਕ ਅਤੇ ਮੈਨੇਜਰ**

ਚੰਗੀ ਤਨਖਾਹ ਤੇ ਹੋਰ ਸਹੂਲਤਾਂ

**ਕਾਲ ਕਰੋ: 832-512-7172**

**UMA Disability Center**
(A Not for Profit Organization)
SERVING THE DISABLED COMMUNITY SINCE 1999

97% SUCCESS RATE

**500 ਤੋਂ 2800 ਡਾਲਰ ਮਹੀਨਾ ਡਿਸਏਬਿਲਟੀ ਲੈ ਸਕਦੇ ਹੋ**

**ਫੀਸ ਸਿਰਫ ਕੇਸ ਪਾਸ ਹੋ ਜਾਣ ਤੋਂ ਬਾਅਦ**

ਸਿਰਫ ਮੁਢਲਾ ਡਿਪਾਜ਼ਿਟ ਦੇਣਾ ਪਵੇਗਾ

ALL 50 STATES

- ਸਟੇਟ ਡਿਸਏਬਿਲਟੀ (TANF)
- ਫੈਡਰਲ ਡਿਸਏਬਿਲਟੀ (SSI, SSDI)
- ਬਿਨਾ ਪ੍ਰੀਖਿਆ ਸਿਟੀਜ਼ਨਸ਼ਿਪ (N-648 Waiver)
- Member NOSSCR; NADR; ADRSA
- ਸਾਡੇ ਡਿਸਏਬਿਲਟੀ ਸਲਾਹਕਾਰਾਂ ਪਾਸ ਡਿਸਏਬਿਲਟੀ ਬਾਰੇ ਦੱਸਣ, ਇਸ ਦੇ ਮੁਲੰਕਣ ਅਤੇ ਇਲਾਜ ਬਾਰੇ 20 ਸਾਲ ਦਾ ਤਜ਼ਰਬਾ ਹੈ
- ਕੋਈ ਵੀ ਮੈਡੀਕਲ ਸਮੱਸਿਆ ਹੋਵੇ


**Sharif Rahman**, Sc.D.
Disability Consultant


**Eric W. Frazier**, Esq.
Attorney at Law

**NEW YORK :** 40-22 74th Street, Elmhurst, NY 11373
**Tel: 718.290.6500, Fax: 718.732.1858, Cell: 718-280-6500**
**PENNSYLVANIA :** 108 New Alexander St., Wilkes Barre, PA 18702, **Tel: 570.606.3720**
**LOS ANGELES :** 22156, Sherman Way, Suite C1, Canoga Park, CA 91303
**Tel: 818-703-7000, Fax: 818-703-7003, Cell: 323-510-1100**
**SAN FRANCISCO:** 170 A South Spruce Ave., South San Francisco, CA 94080
**TEL: 650-952-6000, FAX: 650-873-5000**

www.umadisabilitycenter.org

# ਡੈਸਕ ਦੀਆਂ ਤਰੱਕੀਆਂ ਤੇ 'ਘਰੋਗੀ ਜੰਗ' ਦੀ ਸ਼ੁਰੂਆਤ

**ਰੰਗ-ਬੇਰੰਗ**

***ਸਿਆਣਿਆਂ ਸੱਚ ਕਿਹਾ ਹੈ ਕਿ ਵਰਤਮਾਨ ਤੋਂ ਬੰਦਾ ਅਕਸਰ ਅਸੰਤੁਸ਼ਟ ਹੁੰਦਾ ਹੈ। ਭਵਿੱਖ ਵਿਚ ਕੀ ਵਾਪਰਨਾ ਹੈ, ਕਿਸੇ ਨੂੰ ਕੁਝ ਪਤਾ ਨਹੀਂ ਹੁੰਦਾ। ਇਉਂ ਅਤੀਤ ਹਰ ਕਿਸੇ ਨੂੰ ਚੰਗਾ ਲੱਗਦਾ ਹੈ। ਕਿਸੇ ਦਾ ਅਤੀਤ ਕਿੰਨਾ ਵੀ ਮਾੜਾ ਕਿਉਂ ਨਾ ਹੋਵੇ, ਉਸ ਵਿਚੋਂ ਚਾਨਣ ਦੀਆਂ ਕੁਝ ਕਿਰਨਾਂ ਦਿਸ ਹੀ ਪੈਂਦੀਆਂ ਹਨ ਜੋ ਵਰਤਮਾਨ ਦੇ ਹਨੇਰੇ ਨੂੰ ਰੋਸ਼ਨ ਕਰਨ ਲਈ ਕਾਫੀ ਹੁੰਦੀਆਂ ਹਨ। 'ਕਮਲਿਆਂ ਦਾ ਟੱਬਰ' ਲਿਖਤ ਤੋਂ ਬਾਅਦ ਮੇਰੇ ਨਾਲ ਵੀ ਕੁਝ ਅਜਿਹਾ ਹੀ ਹੋਇਆ। ਨਿਗ੍ਹਾ ਬੀਤੇ ਵੱਲ ਗਈ ਤਾਂ ਕੁਝ ਚੀਜ਼ਾਂ ਨੇ ਮਨ 'ਤੇ ਜ਼ੋਰ ਪਾਇਆ ਤੇ ਮੇਰੀ ਕਲਮ ਇਨ੍ਹਾਂ ਨੂੰ ਝਰੀਟਣ ਤੁਰ ਪਈ। ਹੋ ਸਕਦਾ ਹੈ ਕਿ ਕੁਝ ਪਾਠਕਾਂ ਨੂੰ ਇਹ ਸਭ ਯੱਭਲੀਆਂ ਹੀ ਜਾਪਣ ਪਰ ਅਜਿਹੇ ਪਾਠਕਾਂ ਦੀ ਵੀ ਕਮੀ ਨਹੀਂ ਜਿਨ੍ਹਾਂ ਨੂੰ ਇਹ ਚੀਜ਼ਾਂ ਪੜ੍ਹ ਕੇ ਆਪਣੇ ਅਤੀਤ ਦਾ ਕਈ ਕੁਝ ਚੇਤੇ ਆ ਗਿਆ ਹੈ। ਮੈਂ ਆਪਣੇ ਅਤੀਤ ਦੀਆਂ ਇਨ੍ਹਾਂ ਯਾਦਾਂ ਨੂੰ ਪਾਠਕਾਂ ਨਾਲ ਸਾਂਝਾ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ। ਸਿਹਤ ਦੀਆਂ ਮਜਬੂਰੀਆਂ ਕਰ ਕੇ ਹੋ ਸਕਦਾ ਹੈ ਕਿ ਪਾਠਕਾਂ ਦੀ ਕਚਹਿਰੀ ਵਿਚ ਹਰ ਹਫਤੇ ਹਾਜ਼ਰ ਨਾ ਹੋ ਸਕਾਂ।***

'ਪੰਜਾਬੀ ਟ੍ਰਿਬਿਊਨ' 'ਚ ਪਰੂਫ ਰੀਡਰ ਵਜੋਂ ਜਾਇਨ ਕਰ ਲੈਣ ਦੇ ਸ਼ੁਰੂਆਤੀ ਮਹੀਨਿਆਂ ਵਿਚ ਹੀ ਸੰਪਾਦਕ ਬਰਜਿੰਦਰ ਸਿੰਘ ਵਲੋਂ ਮੈਨੂੰ ਸਬ ਐਡੀਟਰ ਬਣਾਉਣ ਬਾਰੇ ਇਸ਼ਾਰਾ ਦਿਤੇ ਜਾਣ ਕਰਕੇ ਮੇਰੇ ਅੰਦਰ ਕਾਲਜ ਅਧਿਆਪਕ ਬਣਨ ਦੀ ਥਾਂ ਪੰਜਾਬੀ ਟ੍ਰਿਬਿਊਨ ਵਿਚ ਹੀ ਡਟੇ ਰਹਿਣ ਅਤੇ ਸਬ ਐਡੀਟਰ ਬਣਨ ਲਈ ਕੋਸ਼ਿਸ਼ ਜਾਰੀ ਰਖਣ ਦੀ ਲੋਚਾ ਜੋਰ ਫੜ ਗਈ ਸੀ, ਬੇਸ਼ਕ ਪਹਿਲੇ ਗੇੜ ਵਿਚ ਮੈਂ ਇਸ ਮਾਮਲੇ 'ਚ ਕਾਮਯਾਬ ਨਹੀਂ ਸੀ ਹੋ ਸਕਿਆ।

ਗੁਰਦਿਆਲ ਬੱਲ ਨਾਲ ਤਾਂ ਮੇਰੀ ਪਹਿਲੇ ਦਿਨ ਤੋਂ ਹੀ ਨੇੜਤਾ ਬਣ ਗਈ ਸੀ ਪਰ ਉਦੋਂ ਤਕ

**ਅਮੋਲਕ ਸਿੰਘ ਜੰਮੂ**
ਫੋਨ: 847-359-0746

ਕਰਮਜੀਤ ਭਾਅ ਜੀ ਨਾਲ ਵੀ ਮੇਰਾ ਚੰਗਾ ਪ੍ਰੇਮ ਬਣ ਚੁਕਾ ਸੀ। ਮੈਨੂੰ ਉਨ੍ਹਾਂ ਵਿਚੋਂ ਇਕ ਵਡੇ ਭਰਾ, ਇਕ ਮਾਰਗਦਰਸ਼ਕ ਦਾ ਅਕਸ ਲਭਦਾ। ਉਹ ਵੀ ਮੇਰੇ ਨਾਲ ਚੋਖਾ ਪਿਆਰ ਜਤਾਉਂਦੇ। ਸ਼ਮਸ਼ੇਰ ਦੇ ਆਉਣ ਤੋਂ ਸਾਲ-ਡੇਢ ਸਾਲ ਬਾਅਦ ਪੰਜਾਬੀ ਟ੍ਰਿਬਿਊਨ ਵਿਚ ਸਬ ਐਡੀਟਰ ਦੀਆਂ ਦੋ ਪੋਸਟਾਂ ਨਿਕਲੀਆਂ। ਮੈਨੂੰ ਪਰੂਫ ਰੀਡਿੰਗ ਸੈਕਸ਼ਨ ਦੇ ਪਿੰਜਰੇ ਵਿਚੋਂ ਨਿਕਲਣ ਦੀ ਇਕ ਵਾਰ ਮੁੜ ਆਸ ਜਾਗੀ ਅਤੇ ਮੈਂ ਆਪਣੇ ਵਲੋਂ ਹੰਭਲਾ ਵੀ ਪੂਰਾ ਮਾਰਿਆ। ਸਬ ਐਡੀਟਰ ਲਈ ਪਹਿਲਾਂ ਟੈਸਟ ਤੇ ਫਿਰ ਇੰਟਰਵਿਊ ਹੋਈ। ਮੇਰਾ ਟੈਸਟ ਵੀ ਚੰਗਾ ਰਿਹਾ ਤੇ ਇੰਟਰਵਿਊ ਵੀ। ਟ੍ਰਿਬਿਊਨ ਦੇ ਅੰਦਰੋਂ ਸੁਰਿੰਦਰ ਸਿੰਘ ਤੇਜ ਜੋ ਉਨ੍ਹੀਂ ਦਿਨੀਂ ਇਸ਼ਤਿਹਾਰਾਂ ਦੇ ਟਰਾਂਸਲੇਟਰ ਵਜੋਂ ਕੰਮ ਕਰਦੇ ਸਨ (ਅਤੇ ਅਜਕਲ੍ਹ ਪੰਜਾਬੀ ਟ੍ਰਿਬਿਊਨ ਦੇ ਨਿਊਜ਼ ਐਡੀਟਰ ਹਨ), ਵੀ ਉਮੀਦਵਾਰ ਸਨ। ਉਹ ਬਹੁਤ ਹੀ ਮਿਹਨਤੀ ਹਨ ਅਤੇ ਉਨ੍ਹਾਂ ਦੀ ਮਿਹਨਤ ਦਾ ਸਿੱਕਾ ਅਜ ਤਕ ਵੀ ਪੰਜਾਬੀ ਟ੍ਰਿਬਿਊਨ ਵਿਚ ਮੰਨਿਆ ਜਾਂਦਾ ਹੈ। ਹੋਰ ਉਮੀਦਵਾਰਾਂ ਦੇ ਨਾਲ ਗੁਰੂ ਨਾਨਕ ਯੂਨੀਵਰਸਿਟੀ, ਅੰਮ੍ਰਿਤਸਰ ਵਿਚ ਕਲਰਕ ਵਜੋਂ ਨੌਕਰੀ ਕਰਦਾ ਅਸ਼ੋਕ ਸਰਮਾ ਵੀ ਉਮੀਦਵਾਰ ਸੀ। ਉਸ ਦੀ ਉਥੋਂ ਦੇ ਸ਼ਾਇਰ ਸ਼ਹਿਰਯਾਰ ਨਾਲ ਨੇੜਤਾ ਵੀ ਸੁਣੀਦੀ ਸੀ। ਕਰਮਜੀਤ ਭਾਅ ਜੀ ਵੀ ਅੰਮ੍ਰਿਤਸਰ ਟੈਲੀਵੀਜ਼ਨ ਤੇ ਆਪਣੀ ਨੌਕਰੀ ਦੌਰਾਨ ਸ਼ਹਿਰਯਾਰ ਦੇ ਸੰਪਰਕ ਵਿਚ ਰਹੇ ਸਨ।

ਬਰਜਿੰਦਰ ਭਾਅ ਜੀ ਤੀਜੀ ਮੰਜ਼ਿਲ 'ਤੇ ਇੰਟਰਵਿਊ ਵਾਲੇ ਕਮਰੇ ਵਿਚੋਂ ਉਠ ਕੇ ਉਚੇਚਾ ਹੇਠਾਂ ਜ਼ਮੀਨੀ ਮੰਜ਼ਿਲ 'ਤੇ ਨਿਊਜ਼ ਰੂਮ ਵਿਚ ਬੈਠੇ ਕਰਮਜੀਤ ਭਾਅ ਜੀ ਪਾਸ ਆਏ ਅਤੇ ਉਨ੍ਹਾਂ ਤੋਂ ਸਲਾਹ ਪੁਛੀ ਕਿ ਟੈਸਟ ਅਤੇ ਇੰਟਰਵਿਊ ਵਿਚ ਅਮੋਲਕ ਚੰਗਾ ਰਿਹਾ ਹੈ ਪਰ ਮੈਨੂੰ ਅਸ਼ੋਕ ਸ਼ਰਮਾ ਵੀ ਠੀਕ ਲੱਗਾ ਹੈ, ਕਿਵੇਂ ਕਰਾਂ? ਸ਼ਾਇਦ ਉਨ੍ਹਾਂ ਦੇ ਮਨ ਵਿਚ ਕਿਧਰੇ ਇਹ ਵੀ ਸੀ ਕਿ ਬਾਕੀ ਸਾਰਾ ਸਟਾਫ ਉਨ੍ਹਾਂ ਸਿੱਖਾਂ ਵਿਚੋਂ ਰਖਿਆ ਹੈ, ਕਿਸੇ ਹਿੰਦੂ ਨੂੰ ਵੀ ਰਖ ਲਵਾਂ, ਤਾਂ ਜੋ ਕਲ੍ਹ ਨੂੰ ਕੋਈ ਸਵਾਲ ਨਾ ਉਠੇ। ਉਦੋਂ ਤਕ ਟ੍ਰਿਬਿਊਨ ਵਿਚ 90% ਤੋਂ ਵੱਧ ਸਟਾਫ ਹਿੰਦੂ ਭਾਈਚਾਰੇ ਵਿਚੋਂ ਹੀ ਸੀ ਅਤੇ ਸਿਰਫ ਪੰਜਾਬੀ ਟ੍ਰਿਬਿਊਨ ਦਾ ਸਟਾਫ ਹੀ ਸੀ ਜਿਸ ਵਿਚ ਸਾਰੇ ਸਿੱਖ ਸਨ। ਕਰਮਜੀਤ ਭਾਅ ਜੀ ਅੰਮ੍ਰਿਤਸਰ ਰਹਿਣ ਦੇ ਆਪਣੇ ਵੇਲਿਆਂ ਤੋਂ ਅਸ਼ੋਕ ਸ਼ਰਮੇ ਦੇ ਵਾਕਫ ਤਾਂ ਸਨ ਹੀ। ਉਹ ਚਾਹ ਕੇ ਵੀ ਮੇਰੇ ਹੱਕ ਵਿਚ ਬੋਲਣ ਦੀ ਥਾਂ ਇਨਾ ਹੀ ਕਹਿ ਸਕੇ, ਦੇਖ ਲਓ, ਅਸ਼ੋਕ ਵੀ ਠੀਕ ਹੈ। ਬਰਜਿੰਦਰ ਭਾਅ ਜੀ ਨੂੰ ਸ਼ਾਇਦ ਇਨਾ ਕੁ ਇਸ਼ਾਰਾ ਹੀ ਕਾਫੀ ਸੀ, ਸੋ ਉਨ੍ਹਾਂ ਫੈਸਲਾ ਅਸ਼ੋਕ ਦੇ ਹੱਕ ਵਿਚ ਦੇ ਦਿਤਾ ਤੇ ਮੈਂ ਫਿਰ ਰਹਿ ਗਿਆ। ਮੈਨੂੰ ਅਜ ਤਕ ਵੀ ਸਮਝ ਨਹੀਂ ਆ ਸਕੀ ਕਿ ਕਰਮਜੀਤ ਭਾਅ ਜੀ ਉਸ ਵਕਤ ਮੇਰੇ ਹੱਕ ਵਿਚ ਕਿਉਂ ਨਾ ਬੋਲ ਸਕੇ! ਉਂਜ ਬਾਅਦ ਵਿਚ ਉਨ੍ਹਾਂ ਨੂੰ ਇਸ ਗੱਲ ਦਾ ਪਛਤਾਵਾ ਵੀ ਰਿਹਾ। ਪ੍ਰੰਤੂ ਇੱਕ ਭੇਤ ਜੋ ਅਸ਼ੋਕ ਨੇ ਪਿਛੋਂ ਖੁਦ ਹੀ ਸਾਡੇ ਕਿਸੇ ਸਾਥੀ ਨਾਲ ਸਾਂਝਾ ਕੀਤਾ ਉਹ ਉਸ ਵੱਲੋਂ ਬਰਜਿੰਦਰ ਸਿੰਘ ਦੇ ਨਾਂ ਨਵਤੇਜ ਸਿੰਘ ਪ੍ਰੀਤਲੜੀ ਦੀ ਲਿਆਂਦੀ ਸੰਖੇਪ ਜਿਹੀ ਚਿੱਠੀ ਬਾਰੇ ਸੀ। ਨਵਤੇਜ ਸਿੰਘ ਨੇ ਇੰਨਾ ਹੀ ਲਿਖਿਆ ਸੀ, 'ਅਸ਼ੋਕ ਮੇਰਾ ਅਜੀਜ਼ ਹੈ, ਉਸ ਦਾ ਕੇਸ ਹਮਦਰਦੀ ਨਾਲ ਵਿਚਾਰ ਲਿਆ ਜਾਵੇ।' ਸ਼ਾਇਦ ਨਵਤੇਜ ਸਿੰਘ ਦੇ ਉਹ ਚਾਰ ਕੁ ਨਿਮਰ ਜਿਹੇ ਸ਼ਬਦ ਹੀ ਮੇਰੇ ਸਾਰੇ ਸੁਪਨਿਆਂ ਅਤੇ ਉਮੀਦਾਂ 'ਤੇ ਪਾਣੀ ਫੇਰ ਗਏ। ਪਿਛੋਂ ਪਤਾ ਲੱਗਾ, ਉਸ ਪਾਸ ਚੰਡੀਗੜ੍ਹ ਦੇ ਇਕ ਹਿੰਦੂ ਆਗੂ ਮੋਹਨ ਲਾਲ ਸ਼ਰਮਾ ਦੀ ਸਿਫਾਰਸ਼ ਵੀ ਸੀ।

ਇਹ ਵਖਰੀ ਗੱਲ ਹੈ ਕਿ ਜਦੋਂ ਅਸ਼ੋਕ ਸ਼ਰਮਾ ਨੇ ਖਬਰ ਬਣਾਉਂਦਿਆਂ ਟਰੇਡ ਯੂਨੀਅਨ ਦਾ




ਦਲਬੀਰ ਸਿੰਘ (ਜਗਤ ਤਮਾਸ਼ਾ)

ਅਨੁਵਾਦ 'ਵਪਾਰ ਯੂਨੀਅਨ' ਕੀਤਾ ਅਤੇ ਅਜਿਹੀਆਂ ਹੋਰ ਕਈ ਗਲਤੀਆਂ ਕੀਤੀਆਂ ਤਾਂ ਸੰਪਾਦਕ ਨੂੰ ਆਪਣੇ ਫੈਸਲੇ 'ਤੇ ਕੁਝ ਪਛਤਾਵਾ ਵੀ ਹੋਇਆ ਪਰ ਉਦੋਂ ਤਕ ਬਹੁਤ ਦੇਰ ਹੋ ਚੁਕੀ ਸੀ। (ਅਸ਼ੋਕ ਸ਼ਰਮਾ ਬਾਅਦ ਵਿਚ ਤਰੱਕੀ ਕਰਕੇ ਅਸਿਸਟੈਂਟ ਐਡੀਟਰ ਵਜੋਂ ਰਿਟਾਇਰ ਹੋਇਆ।) ਮੈਨੂੰ ਪਰੂਫ ਰੀਡਰੀ ਦੇ ਗੇੜ ਵਿਚੋਂ ਕੱਢਣ ਅਤੇ ਆਪਣੇ ਫੈਸਲੇ 'ਤੇ ਇਕ ਤਰ੍ਹਾਂ ਦੇ ਪਛਤਾਵੇ ਵਜੋਂ ਬਰਜਿੰਦਰ ਭਾਅ ਜੀ ਨੇ ਆਪ ਆਖ ਕੇ ਸੁਰਿੰਦਰ ਸਿੰਘ ਤੇਜ ਵਾਲੀ ਖਾਲੀ ਹੋਈ ਇਸ਼ਤਿਹਾਰ ਅਨੁਵਾਦਕ ਵਾਲੀ ਜਗ੍ਹਾ 'ਤੇ ਮੈਨੂੰ ਰਖਵਾ ਦਿਤਾ। ਮੈਂ ਵੀ ਸੋਚਿਆ, ਚਲੋ ਇਕ ਗੇੜ ਵਿਚੋਂ ਤਾਂ ਨਿਕਲੇ। ਇਹ ਗੱਲ 1980 ਦੀ ਹੈ।

ਇਨ੍ਹਾਂ ਹੀ ਦਿਨਾਂ ਵਿਚ ਟ੍ਰਿਬਿਊਨ ਦੇ ਇਤਿਹਾਸ ਵਿਚ ਪਹਿਲੀ ਵਾਰ ਕੋਈ ਮੁਲਾਜ਼ਮ ਯੂਨੀਅਨ ਬਣੀ। ਪ੍ਰਧਾਨ ਬਣੇ ਬਾਲ ਕ੍ਰਿਸ਼ਨ ਸੈਣੀ ਦੀ ਪ੍ਰੇਰਣਾ ਅਤੇ ਆਪਣੇ ਅੰਦਰਲੇ ਜਵਾਨੀ ਦੇ ਜੋਸ਼ ਕਰਕੇ ਮੈਂ ਯੂਨੀਅਨ ਦੇ ਪਹਿਲੇ ਮੈਂਬਰਾਂ ਵਿਚ ਸ਼ਾਮਲ ਹੋ ਗਿਆ। ਇਕ ਦੋ ਵਾਰ ਮੁਲਾਜ਼ਮਾਂ ਦੇ ਹੱਕਾਂ ਦੀ ਗੱਲ ਚਲੀ ਤਾਂ ਇਸੇ ਜੋਸ਼ ਕਰਕੇ ਮੈਂ ਆਪਣੇ ਮੈਨੇਜਰ ਨਾਲ ਖਹਿਬੜ ਵੀ ਪਿਆ। ਮੈਨੇਜਰ ਸਤਪਾਲ ਸ਼ਰਮਾ ਸਿਆਣਾ ਸੀ, ਉਸ ਮੈਨੂੰ ਸਮਝਾਉਣ ਦੀ ਕੋਸ਼ਿਸ਼ ਵੀ ਕੀਤੀ ਪਰ...। ਮੁਲਾਜ਼ਮਾਂ ਵਿਚ ਪ੍ਰਬੰਧਕਾਂ ਦੇ ਚਾਪਲੂਸਾਂ ਦੀ ਵੀ ਕੋਈ ਕਮੀ ਨਹੀਂ ਸੀ ਜੋ ਨਿਕੀ ਨਿਕੀ ਗੱਲ ਜਨਰਲ ਮੈਨੇਜਰ ਰੁਲੀਆ ਰਾਮ ਸ਼ਰਮਾ ਤਕ ਪਹੁੰਚਦੀ ਕਰਦੇ। ਦੇਸ਼ ਦੀ ਵੰਡ ਪਿਛੋਂ ਜਦੋਂ ਲਾਹੌਰ ਤੋਂ ਟ੍ਰਿਬਿਊਨ ਪਹਿਲਾਂ ਸ਼ਿਮਲੇ, ਫਿਰ ਅੰਬਾਲੇ ਤੇ ਉਸ ਪਿਛੋਂ ਚੰਡੀਗੜ੍ਹ ਆਇਆ ਤਾਂ ਤਿੰਨ ਦਹਾਕੇ ਤੋਂ ਵੱਧ ਜਨਰਲ ਮੈਨੇਜਰ ਰਹੇ ਰੁਲੀਆ ਰਾਮ ਸ਼ਰਮਾ ਨੇ ਟ੍ਰਿਬਿਊਨ ਨੂੰ ਇਕ ਮਜਬੂਤ ਸੰਸਥਾ ਵਜੋਂ ਖੜਾ ਕਰਨ ਵਿਚ ਬਹੁਤ ਅਹਿਮ ਰੋਲ ਨਿਭਾਇਆ। ਮੁਲਾਜ਼ਮਾਂ ਦੇ ਹਿਤਾਂ ਦਾ ਵੀ ਉਹ ਕਾਫੀ ਖਿਆਲ ਰਖਦਾ। ਇਸੇ ਕਰਕੇ ਟ੍ਰਿਬਿਊਨ ਦੇ ਮੁਲਾਜ਼ਮਾਂ ਨੂੰ ਪੂਰੇ ਹਿੰਦੁਸਤਾਨ ਵਿਚ ਇਕ ਅੱਧ ਅਖਬਾਰ ਨੂੰ ਛਡ ਕੇ ਸਭ ਤੋਂ ਵਧੀਆ ਤਨਖਾਹ ਤੇ ਸਹੂਲਤਾਂ ਮਿਲਦੀਆਂ ਸਨ। ਮੁਲਾਜ਼ਮਾਂ ਦੇ ਰਹਿਣ ਲਈ ਕਲੋਨੀ ਬਣਾਉਣ ਵਾਲੀ ਵੀ ਸ਼ਾਇਦ ਇਹੋ ਇਕ ਅਖਬਾਰੀ ਸੰਸਥਾ ਸੀ। ਪਰ ਉਹ ਸਖਤ ਵੀ ਬਹੁਤ ਸੀ ਤੇ ਮੁਲਾਜ਼ਮਾਂ ਦੇ ਸਾਹ ਸੂਤ ਕੇ ਰਖਦਾ। ਹਿੰਦੀ ਤੇ ਪੰਜਾਬੀ ਅਖਬਾਰ ਸ਼ੁਰੂ ਹੋਣ ਤੋਂ ਪਹਿਲਾਂ ਉਸ ਅਦਾਰੇ ਵਿਚ ਕਦੀ ਵੀ ਕੋਈ ਮੁਲਾਜ਼ਮ ਯੂਨੀਅਨ ਨਹੀਂ ਸੀ ਬਣਨ ਦਿਤੀ।

ਇਸ਼ਤਿਹਾਰ ਅਨੁਵਾਦਕ ਵਜੋਂ ਮੈਂ ਇਕ ਸਾਲ ਦੀ ਪਰੋਬੇਸ਼ਨ 'ਤੇ ਸਾਂ। ਇਸੇ ਦੌਰਾਨ ਮੇਰੇ ਪਾਸੋਂ ਇਕ ਤਕਨੀਕੀ ਗਲਤੀ ਹੋ ਗਈ। ਪੱਕੇ ਕਰਨ ਦਾ ਸਮਾਂ ਆਇਆ ਤਾਂ ਯੂਨੀਅਨ ਵਿਚਲੇ ਮੇਰੇ ਰੋਲ ਤੋਂ ਔਖੇ ਹੋਏ ਜਨਰਲ ਮੈਨੇਜਰ ਨੇ ਮੈਨੂੰ ਪੱਕਾ ਨਾ ਕੀਤਾ ਅਤੇ ਵਾਪਸ ਪਰੂਫ ਰੀਡਿੰਗ ਸੈਕਸ਼ਨ ਵਿਚ ਭੇਜ ਦਿਤਾ, ਜਿਥੇ ਮੈਂ ਅਜਿਹਾ ਫਸਿਆ ਕਿ ਮੈਨੂੰ ਫਿਰ ਕਈ ਸਾਲ ਪਰੂਫ ਰੀਡਰੀ ਦਾ ਤਸ਼ੱਦਦ ਸਹਿਣਾ ਪਿਆ। ਮੇਰੇ ਲਈ ਇਹ ਇਕ ਇਕ ਦਿਨ ਜੁਗਾਂ ਬਰਾਬਰ ਬੀਤਿਆ।

'ਪੰਜਾਬੀ ਟ੍ਰਿਬਿਊਨ' ਦੇ ਇਤਿਹਾਸ ਵਿਚ ਮੇਰੀ ਇਹ ਹਾਰ ਜਾਂ ਅਸ਼ੋਕ ਸ਼ਰਮਾ ਦੀ ਸਿਲੈਕਸ਼ਨ ਹਾਸ਼ੀਏ 'ਤੇ ਵਾਪਰੀ ਕਿਸੇ ਆਮ ਸਧਾਰਨ ਘਟਨਾ ਤੋਂ ਵੱਧ ਕੁਝ ਨਹੀਂ ਸੀ। ਅਦਾਰੇ ਦਾ ਆਮ ਪਰਿਵਾਰਕ ਮਾਹੌਲ ਪਹਿਲਾਂ ਵਾਂਗ ਹੀ ਬਰਕਰਾਰ ਸੀ। ਇਸ ਵਿਚ ਫੈਸਲਾਕੁਨ ਮੋੜ ਅਤੇ ਬੜੀ ਹੀ ਨੀਰਸ ਘਰੋਗੀ ਜੰਗ ਦੀ ਸ਼ੁਰੂਆਤ ਦਾ ਮੁੱਢ ਮੇਰੀ ਇਸ ਇੰਟਰਵਿਊ ਤੋਂ ਕੁਝ ਹੀ ਮਹੀਨਿਆਂ ਬਾਅਦ ਉਦੋਂ ਬੱਝਾ ਜਦੋਂ ਨਿਊਜ਼ ਡੈਸਕ 'ਤੇ ਦਰਜਾਬੰਦੀ ਲਈ ਸਬ ਐਡੀਟਰਾਂ ਵਜੋਂ ਬਰਾਬਰ ਕੰਮ ਕਰ ਰਹੇ ਨਿਊਜ਼ ਡੈਸਕ ਦੇ 10-12 ਮੈਂਬਰਾਂ ਵਿਚੋਂ ਦੋ ਨੂੰ ਚੀਫ ਸਬ ਐਡੀਟਰ ਅਤੇ ਦੋ ਹੋਰਨਾਂ ਨੂੰ ਸੀਨੀਅਰ ਸਬ ਐਡੀਟਰ ਬਣਾਉਣ ਦਾ ਸਵਾਲ ਸਾਹਮਣੇ ਆ ਗਿਆ। ਲੱਗਦਾ ਸੀ ਕਿ ਪ੍ਰਬੰਧਕਾਂ ਨੇ 'ਤਰੱਕੀਆਂ' ਦੀ ਇਹ ਸ਼ੁਰਲੀ ਛੱਡ ਕੇ ਹਰਨਾਂ ਦੀ ਡਾਰ ਵਿਚ ਭੇੜੀਆ ਛਡ ਦਿਤਾ ਸੀ।। ਸਥਿਤੀ ਦਾ ਵਿਅੰਗ ਇਹ ਸੀ ਕਿ ਦਲਬੀਰ ਸਿੰਘ (ਜਗਤ ਤਮਾਸ਼ਾ) ਜੋ ਸ਼ੁਰੂ ਵਿਚ ਸੁਰਿੰਦਰ ਸਿੰਘ ਬਾਜਵੇ ਦੀ ਜਗ੍ਹਾ ਚੀਫ ਸਬ ਐਡੀਟਰ ਦੀ ਪੋਸਟ 'ਤੇ ਲਿਆਂਦਾ ਜਾਣਾ ਸੀ, ਉਸ ਨੂੰ ਸੰਪਾਦਕ ਬਣਦਾ ਹੱਕ ਦੇਣ ਲਈ ਹੁਣ ਤਿਆਰ ਹੋਇਆ ਸੀ। ਚੀਫ ਸਬ ਐਡੀਟਰ ਦੀ ਦੂਜੀ ਫੀਤੀ ਕਰਮਜੀਤ ਸਿੰਘ ਜਾਂ ਸੁਰਜੀਤ ਸਿੰਘ-ਦੋਵਾਂ ਵਿਚੋਂ ਕਿਸੇ ਇੱਕ ਨੂੰ ਲੱਗਣੀ ਸੀ। ਪ੍ਰੰਤੂ ਸਥਿਤੀ ਦਾ ਦਿਲਚਸਪ ਪਹਿਲੂ ਇਹ ਸੀ ਕਿ ਇਸ ਮੋੜ ਤੇ ਇੰਟਰਵਿਊ ਦਾ 'ਪਾਖੰਡ' ਬੰਦ ਕਰਵਾਉਣ ਅਤੇ ਤਰੱਕੀਆਂ ਸੀਨੀਆਰਟੀ ਦੇ ਹਿਸਾਬ ਮਿਥੇ ਜਾਣ ਦੀ ਮੰਗ ਦਾ ਮੋਹਰੀ ਜਗਦੀਸ਼ ਸਿੰਘ ਬਾਂਸਲ ਬਣਿਆ ਜੋ ਕਿ ਅਕਾਦਮਿਕ ਯੋਗਤਾ ਦੇ ਪੱਖੋਂ ਸਭ ਤੋਂ ਹੇਠਾਂ ਸੀ ਅਤੇ ਜਿਸ ਦਾ ਪੰਜਾਬੀ ਟ੍ਰਿਬਿਊਨ ਡੈਸਕ ਤੇ ਦਾਖਲਾ ਸੰਪਾਦਕ ਦੀ ਮਿਹਰਬਾਨੀ ਤੋਂ ਬਿਨਾਂ ਕਤਈ ਸੰਭਵ ਨਹੀਂ ਸੀ। ਜਗਦੀਸ਼ ਬਾਂਸਲ ਦੀ ਹਾਲ ਪਾਹਰਿਆ ਨਾਲ ਕਰਮਜੀਤ ਭਾਅ ਜੀ, ਜਗਤਾਰ ਸਿੱਧੂ ਅਤੇ ਹੋਰ ਲਾਣਾ ਸਟੇਅ ਲੈਣ ਲਈ ਕਚਹਿਰੀ ਵੱਲ ਭੱਜ ਉਠਣ ਲਈ ਤਿਆਰ ਹੋ ਗਿਆ।



ਜਗਤਾਰ ਸਿੰਘ ਸਿੱਧੂ ਤੇ ਸ਼ਾਮ ਸਿੰਘ (ਅੰਗ ਸੰਗ)

ਸੰਪਾਦਕ ਬਰਜਿੰਦਰ ਸਿੰਘ ਉਦੋਂ 33 ਸੈਕਟਰ ਵਿਚ ਰਹਿੰਦੇ ਸਨ ਅਤੇ ਮੈਂ ਵੀ ਇਸੇ ਸੈਕਟਰ ਵਿਚ ਉਨ੍ਹਾਂ ਤੋਂ ਥੋੜੀ ਹੀ ਦੂਰ ਕਿਰਾਏ ਦੀ ਅਨੈਕਸੀ ਵਿਚ ਰਹਿੰਦਾ ਸਾਂ। ਗੁਰਦਿਆਲ ਬੱਲ ਇਸ ਕਸ਼ਮਕਸ਼ ਤੋਂ ਬਹੁਤ ਜਿਆਦਾ ਪ੍ਰੇਸ਼ਾਨ ਸੀ। ਉਸ ਦਾ ਵਿਸ਼ਵਾਸ ਸੀ ਕਿ ਇਸ ਫਜ਼ੂਲ



ਕਰਮਜੀਤ ਸਿੰਘ

ਜਿਹੇ ਨੁਕਤੇ ਲਈ ਅਦਾਰੇ ਦਾ ਪਰਿਵਾਰਕ ਮਾਹੌਲ ਖਰਾਬ ਨਹੀਂ ਹੋਣ ਦਿੱਤਾ ਜਾਣਾ ਚਾਹੀਦਾ। ਮੈਨੂੰ ਅੱਜ ਵੀ ਯਾਦ ਹੈ ਕਿ ਬੱਲ ਬਾਬਾ ਕੁਝ ਸਟਾਫ ਮੈਂਬਰਾਂ ਵਲੋਂ ਅਦਾਲਤ ਵਿਚ ਕੇਸ ਕੀਤੇ ਜਾਣ ਦੀ ਪਹਿਲੀ ਸ਼ਾਮ ਮੇਰੇ ਘਰੋਂ ਉਠ ਕੇ ਹੀ ਸੰਪਾਦਕ ਦੇ ਘਰ ਉਸ ਨੂੰ ਇਹ ਸੁਝਾਅ ਦੇਣ ਗਿਆ ਸੀ ਕਿ ਉਹ ਦਲਬੀਰ ਦੇ ਨਾਲ ਕਰਮਜੀਤ ਨੂੰ ਵੀ ਚੀਫ ਸਬ ਐਡੀਟਰ ਬਣਾ ਦੇਣ ਦਾ ਬਸ ਵਾਅਦਾ ਕਰ ਦੇਣ। ਹਰੇਕ ਪੱਖੋਂ ਹੱਕ ਵੀ ਉਨ੍ਹਾਂ ਦੋਵਾਂ ਦਾ ਹੀ ਬਣਦਾ ਸੀ। ਸੁਰਜੀਤ ਸਿੰਘ ਅਤੇ ਜਗਦੀਸ਼ ਬਾਂਸਲ ਨੂੰ ਸੀਨੀਅਰ ਸਬ ਐਡੀਟਰ ਬਣਾ ਦਿਤਾ ਜਾਵੇ। ਬੱਲ ਦਾ ਪੈਂਤੜਾ ਸੀ ਕਿ ਸੰਪਾਦਕ ਮਹਿਜ਼ ਇੰਨਾ ਯਕੀਨ ਦਿਵਾ ਦੇਵੇ ਤਾਂ ਉਹ ਕਰਮਜੀਤ, ਦਲਜੀਤ ਅਤੇ ਇੱਕ-ਦੋ ਹੋਰਨਾਂ ਨੂੰ ਕੇਸ ਵਿਚ ਭਾਈਵਾਲ ਬਣਨ ਤੋਂ ਰੋਕ ਲਵੇਗਾ ਅਤੇ ਇਸ ਤਰ੍ਹਾਂ ਮਨਹੂਸ ਮੁਕੱਦਮੇਬਾਜ਼ੀ ਦੀ ਮੁਹਿੰਮ ਰੋਕੀ ਜਾ ਸਕੇਗੀ। ਸੰਪਾਦਕ ਨੇ ਬੜੇ ਪਿਆਰ ਨਾਲ ਬੱਲ ਦੀ ਗੱਲ ਸੁਣੀ, ਬੀਅਰ ਦਾ ਗਲਾਸ ਪਿਆਇਆ ਅਤੇ ਉਸ ਨੂੰ ਇਹ ਆਖ ਕੇ ਵਾਪਸ ਭੇਜ ਦਿੱਤਾ ਕਿ ਫਿਕਰ ਨਾ ਕਰ, ਸਭ ਠੀਕ ਹੀ ਹੋਵੇਗਾ। ਅਗਲੇ ਦਿਨ ਕੋਰਟ ਨੇ ਮੁਕੱਦਮਾ ਦਾਖਲ ਕਰ ਲਿਆ, ਪਰ ਸਟੇਅ ਨਾ ਮਿਲ ਸਕੀ।

ਹਫਤੇ ਕੁ ਬਾਅਦ ਇੰਟਰਵਿਊ ਰਾਹੀਂ ਦਲਬੀਰ ਅਤੇ ਕਰਮਜੀਤ ਨੂੰ ਚੀਫ ਸਬ ਅਤੇ ਜਗਦੀਸ਼ ਬਾਂਸਲ ਦੇ ਹੱਕ ਨੂੰ ਨਜ਼ਰਅੰਦਾਜ਼ ਕਰਕੇ ਸੀਨੀਅਰ ਸਬ ਸੁਰਜੀਤ ਸਿੰਘ ਦੇ ਨਾਲ ਸ਼ਾਮ ਸਿੰਘ ਨੂੰ ਬਣਾ ਦਿੱਤਾ ਗਿਆ। ਸ਼ਾਮ ਸਿੰਘ ਸਾਡਾ ਵੱਡਾ ਭਰਾ ਹੈ, ਉਸ ਨੂੰ ਸ਼ਾਇਦ ਚੰਗਾ ਨਾ ਲੱਗੇ ਪਰ ਉਸ ਦਿਨ ਹਰ ਕਿਸੇ ਦੀ ਜ਼ਬਾਨ 'ਤੇ ਇਹੋ ਗੱਲ ਸੀ ਕਿ ਬਿੱਲੀਆਂ ਦੀ ਲੜਾਈ ਵਿਚ ਬਾਂਦਰ ਬਾਜੀ ਮਾਰ ਗਿਆ। ਇੰਟਰਵਿਊ ਦਾ ਨਤੀਜਾ ਸਾਹਮਣੇ ਆਉਣ ਤੱਕ ਸ਼ਾਮ ਸਿੰਘ ਦਾ ਨਾਂ ਕਿਤੇ ਨਹੀਂ ਸੀ ਬੋਲਦਾ। ਉਸ ਦਾ ਕੋਈ ਦਾਅਵਾ ਵੀ ਨਹੀਂ ਸੀ ਅਤੇ ਨਾ ਉਸ ਬਾਰੇ ਕਿਸੇ ਨੂੰ ਚਿਤ-ਚੇਤਾ ਹੀ ਸੀ। ਮੈਨੂੰ ਉਹ ਸ਼ਾਮ ਚੇਤੇ ਹੈ ਜਦੋਂ ਬੱਲ ਨੇ ਟ੍ਰਿਬਿਊਨ ਕੰਪਲੈਕਸ ਦੇ ਲਾਅਨ ਵਿਚ ਸ਼ਾਮ ਸਿੰਘ ਨੂੰ ਪੂਰੇ ਜ਼ੋਰ ਨਾਲ ਬਰਜਿੰਦਰ ਭਾਅ ਜੀ ਦੇ ਦਫਤਰ ਉਨ੍ਹਾਂ ਨੂੰ ਇਹ ਜਚਾਉਣ ਲਈ ਧੱਕਿਆ ਸੀ ਕਿ ਉਹ ਦਲਬੀਰ ਅਤੇ ਕਰਮਜੀਤ ਸਿੰਘ ਨੂੰ ਚੀਫ ਸਬ ਬਣਾ ਕੇ ਸੁਰਜੀਤ ਸਿੰਘ ਅਤੇ ਬਾਂਸਲ ਨੂੰ ਸੀਨੀਅਰ ਸਬ ਬਣਾਉਣ ਦਾ ਯਕੀਨ ਦਵਾ ਦੇਣ ਤਾਂ ਕਿ ਨਿਊਜ਼ ਰੂਮ ਦਾ ਮਾਹੌਲ ਸਦਭਾਵਨਾ ਵਾਲਾ ਬਣਿਆ ਰਹੇ। ਪ੍ਰੰਤੂ ਸ਼ਾਮ ਸਿੰਘ ਨੂੰ ਉਹ ਧੱਕਾ ਕੁੱਬੇ ਨੂੰ ਲੱਤ ਮਾਰਨ ਵਾਂਗ ਰਾਸ ਆ ਗਿਆ। ਉਸ ਵੇਂਹਦਿਆਂ-ਵੇਂਹਦਿਆਂ ਹੀ ਕਿੰਗ ਮੇਕਰ ਦੀ ਭੂਮਿਕਾ ਨਿਭਾਉਣੀ ਸ਼ੁਰੂ ਕਰ ਦਿਤੀ।

ਭਾਅ ਜੀ ਕਰਮਜੀਤ ਜਗਦੀਸ਼ ਬਾਂਸਲ ਨਾਲ ਲੱਗ ਕੇ ਕਚਹਿਰੀ ਵੱਲ ਨੂੰ ਕਿਉਂ ਭੱਜ ਉਠੇ? ਇਸ ਬਾਰੇ ਜਦੋਂ ਸੋਚਦਾ ਹਾਂ ਤਾਂ ਇੱਕ ਘਟਨਾ ਚੇਤੇ 'ਚ ਉਭਰਦੀ ਹੈ। ਉਨ੍ਹੀਂ ਦਿਨੀਂ ਖਾੜਕੂ ਲਹਿਰ ਦਾ ਖੜਕਾ-ਦੜਕਾ ਸ਼ੁਰੂ ਹੋ ਚੁੱਕਾ ਸੀ ਅਤੇ ਦਹੇੜੂ ਕਾਂਡ ਵਾਪਰ ਕੇ ਹਟਿਆ ਸੀ। ਪੱਟੀ, ਤਰਨਤਾਰਨ ਅਤੇ ਹੋਰ ਕਈ ਥਾਂਈਂ ਖਾੜਕੂ ਅਜਿਹੇ ਕਾਂਡ ਕਰ ਚੁੱਕੇ ਸਨ। ਭਾਅ ਜੀ ਕਰਮਜੀਤ ਨੂੰ ਇਸ ਵਰਤਾਰੇ ਤੋਂ ਲੱਗਦਾ ਸੀ ਕਿ ਸਿੱਖਾਂ ਵਿਚ ਮੁੜ 18ਵੀਂ ਸਦੀ ਵਾਲਾ ਲੜ ਮਰਨ ਦਾ ਜਜ਼ਬਾ ਉਭਰ ਰਿਹਾ ਹੈ। ਇਨ੍ਹਾਂ ਘਟਨਾਵਾਂ ਨੂੰ 'ਪੰਜਾਬੀ ਟ੍ਰਿਬਿਊਨ' ਦੇ ਪੰਨਿਆਂ 'ਤੇ ਚਮਕਾ ਕੇ ਪੇਸ਼ ਕਰਨ ਦੀ ਇੱਛਾ ਉਨ੍ਹਾਂ ਦੇ ਮਨ ਮਸਤਕ ਵਿਚ ਲੂਹਰੀਆਂ ਲੈ ਰਹੀ ਜਾਪਦੀ ਸੀ। ਪਰ ਅਜੇ ਉਨ੍ਹਾਂ ਦਾ ਇਕੱਲਿਆਂ ਇਸ ਕਾਗ ਵਿਚ ਛਲਾਂਗ ਮਾਰਨ ਦਾ ਸਾਹਸ ਨਹੀਂ ਸੀ। ਉਨ੍ਹਾਂ ਨੇ ਬਾਂਸਲ ਨੂੰ ਪਤਾ ਨਹੀਂ ਕਿਵੇਂ ਨਾਲ ਮਿਲਾ ਕੇ ਸੰਪਾਦਕ ਕੋਲੋਂ ਇਸ ਕਾਂਡ ਦੀ ਵਿਸ਼ੇਸ਼ ਕਵਰੇਜ ਕਰਨ ਦੀ ਆਗਿਆ ਲੈ ਲਈ। ਦਹੇੜੂ ਕਾਂਡ ਬਾਰੇ ਬਾਂਸਲ ਅਤੇ ਕਰਮਜੀਤ ਭਾਅ ਜੀ ਦੇ ਨਾਂ ਹੇਠ ਰਿਪੋਰਟ ਅਖਬਾਰ ਦੇ ਪਹਿਲੇ ਪੰਨੇ ਤੇ ਲੱਗੀ। ਸਾਡਾ ਸਾਥੀ ਮਰਹੂਮ ਤਰਲੋਚਨ ਸਿੰਘ ਸ਼ੇਰਗਿੱਲ ਅਕਸਰ ਹੀ ਹਸਦਿਆਂ ਕਹਿੰਦਾ, ਭਾਅ ਜੀ ਨੇ ਇਸ ਰਿਪੋਰਟ ਨਾਲ ਪੰਜਾਬੀ ਟ੍ਰਿਬਿਊਨ ਵਿਚ ਖਾੜਕੂਆਂ ਬਾਰੇ ਕਵਰੇਜ ਦਾ ਮੁੱਢ ਬੰਨ ਦਿੱਤਾ ਹੈ। ਸ਼ਾਇਦ ਉਹ ਰਿਪੋਰਟ ਵੀ ਕਰਮਜੀਤ ਭਾਅ ਜੀ ਦੇ ਇੰਨੀ ਆਸਾਨੀ ਨਾਲ ਬਾਂਸਲ ਦੀ 'ਮੁਹਿੰਮ' ਵਿਚ ਸ਼ਾਮਲ ਹੋ ਜਾਣ ਦਾ ਕਾਰਨ ਬਣੀ ਹੋਵੇ।

ਇਸ ਘਟਨਾਕ੍ਰਮ ਤੋਂ ਬਾਅਦ 'ਪੰਜਾਬੀ ਟ੍ਰਿਬਿਊਨ' ਦੇ ਨਿਊਜ਼ ਰੂਮ ਵਿਚ ਪਰਿਵਾਰ ਵਾਲਾ ਮਹੌਲ ਖਤਮ ਹੋ ਗਿਆ ਅਤੇ ਆਪਸੀ ਵਿਰੋਧ ਅਤੇ ਬੇਵਿਸ਼ਵਾਸੀ ਦੀ ਭਾਵਨਾ ਸਦਾ ਲਈ ਹਾਵੀ ਹੋ ਗਈ। ਇਨ੍ਹਾਂ ਹੀ ਵੇਲਿਆਂ ਵਿਚ ਪੰਜਾਬ ਦੇ ਹਾਲਾਤ ਦਿਨੋ-ਦਿਨ ਹੋਰ ਵਿਗੜਦੇ ਜਾ ਰਹੇ ਸਨ। ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੇ ਆਪਣੇ ਦੋ ਪੈਰੋਕਾਰਾਂ ਨੂੰ ਪੁਲਿਸ ਦੀ ਨਜਾਇਜ਼ ਹਿਰਾਸਤ ਵਿਚੋਂ ਛੁਡਵਾਉਣ ਲਈ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਵਿਚ ਪਹੁੰਚ ਕੇ ਮੋਰਚਾ ਅਰੰਭ ਕੀਤਾ ਤਾਂ ਅਕਾਲੀਆਂ ਨੇ ਬਿਨਾਂ ਸੋਚਿਆਂ ਹੀ ਆਪਣੇ ਧਰਮ ਯੁੱਧ ਮੋਰਚੇ ਨੂੰ ਸੰਤਾਂ ਨਾਲ ਟੋਚਨ ਕਰ ਲਿਆ। ਹੈਰਾਨੀ ਦੀ ਗੱਲ ਇਹ ਸੀ ਕਿ ਅਜੇ ਦੋ-ਢਾਈ ਸਾਲ ਪਹਿਲਾਂ ਸ਼੍ਰੋਮਣੀ ਕਮੇਟੀ ਚੋਣਾਂ ਮੌਕੇ



ਦਲਜੀਤ ਸਿੰਘ ਸਰਾਂ

ਅਕਾਲੀਆਂ ਦਾ ਸੰਤਾਂ ਨਾਲ ਵੈਰ-ਵਿਰੋਧ ਪਿਆ ਰਿਹਾ ਸੀ ਅਤੇ ਜਲਦੀ ਪਿਛੋਂ ਹੋਈਆਂ ਲੋਕ ਸਭਾ ਚੋਣਾਂ ਵਿਚ ਵੀ ਇਹ ਵਿਰੋਧ ਬਣਿਆ ਰਿਹਾ ਸੀ।

ਕੁਝ ਮਹੀਨਿਆਂ ਬਾਅਦ ਹੀ ਪੰਜਾਬ ਦੀ ਧਰਤੀ ਤੇ ਆਪਰੇਸ਼ਨ ਬਲਿਊ ਸਟਾਰ ਦੇ ਰੂਪ ਵਿਚ ਬਹੁਤ ਵੱਡੀ ਤਰਾਸਦੀ ਵਾਪਰ ਗਈ। ਇਸ ਮਹਾਂ ਦੁਖਾਂਤ ਲਈ ਸ਼ਾਇਦ ਅਕਾਲੀਆਂ ਦੀ ਸਿਆਸਤ ਦਾ ਵੀ ਕੁਝ ਕਸੂਰ ਹੋਵੇ ਪਰ ਅਸਲ ਵਿਚ ਮਾਮੇ ਸ਼ਕੁਨੀ ਨਾਲੋਂ ਵੀ ਘਾਤਕ ਸਿਆਸਤ ਇੰਦਰਾ ਗਾਂਧੀ ਵੱਲੋਂ ਖੇਡੀ ਜਾ ਰਹੀ ਸੀ। ਪਰ ਇਸ ਦੀ ਪ੍ਰਕਾਸ਼ ਸਿੰਘ ਬਾਦਲ ਅਤੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਵਰਗੇ ਘਾਗ ਅਕਾਲੀ ਆਗੂਆਂ ਨੂੰ ਵੀ ਸਮਝ ਪਤਾ ਨਹੀਂ ਕਿਉਂ ਨਾ ਆਈ? ਇੰਦਰਾ ਗਾਂਧੀ ਨੇ ਆਪਣੀ ਵਿਛਾਈ ਖਤਰਨਾਕ ਰਾਜਨੀਤਕ ਸ਼ਤਰੰਜ ਦੀ ਆਪਣੀ ਆਖਰੀ ਚਾਲ ਆਪਰੇਸ਼ਨ ਬਲਿਊ ਸਟਾਰ ਤੋਂ ਕੇਵਲ 2-4 ਦਿਨ ਪਹਿਲਾਂ 26 ਮਈ ਨੂੰ ਪ੍ਰਕਾਸ਼

(ਬਾਕੀ ਸਫਾ 33 'ਤੇ)

## ਨੈਣ-ਨਕਸ਼



ਐਸ. ਅਸ਼ੋਕ ਭੌਰਾ

# ਕਿਥੇ ਦੁਨੀਆਂ ਬਣਾਉਣ ਵਾਲਾ ਦੱਸਦਾ ਏ ਭੇਤ?

*ਕਹਿੰਦੇ ਨੇ ਆਪਣੇ ਮੁਲਕ ਨੂੰ ਭੰਡਣ ਤੋਂ ਪਹਿਲਾਂ ਸੌ ਵਾਰ ਸੋਚੋ, ਕਿਉਂਕਿ ਤੁਹਾਡੀ ਜਿਥੇ ਵੀ ਤੇ ਜਦੋਂ ਵੀ ਪਛਾਣ ਹੋਵੇਗੀ, ਆਪਣੇ ਮੁਲਕ ਕਰ ਕੇ ਹੀ ਹੋਵੇਗੀ। ਪਰਾਇਆ ਹੱਕ ਖਾ ਲਵੋਗੇ, ਚਲੋ ਫਿਰ ਵੀ ਕੁਝ ਚੱਲ ਜਾਵੇਗਾ ਪਰ ਪਰਾਈ ਇਸਤਰੀ ਤੇ ਪਰਾਏ ਮਰਦ ਦਾ ਸੰਗ ਹਾਲੇ ਤੀਕਰ ਕਿਸੇ ਦੇ ਰਾਸ ਨਹੀਂ ਆਇਆ। ਵੱਖਰੀ ਗੱਲ ਹੈ ਕਿ ਕਈ ਜੁੱਤੀਆਂ ਖਾ ਕੇ ਵੀ ਕਹਿੰਦੇ ਹੋਣ, ਚਲੋ ਮਿੱਟੀ ਝੜ ਗਈ। ਕੁਝ ਲੋਕ ਜ਼ਿੰਦਗੀ ਨੂੰ ਉਵੇਂ ਖਿੱਚੀ ਫਿਰਦੇ ਨੇ ਜਿਵੇਂ ਸੂਈ ਧਾਗੇ ਨੂੰ ਲਈ ਫਿਰਦੀ ਹੈ। ਦੋ ਸਿਆਣੇ ਜਾ ਰਹੇ ਸਨ। ਇਕ ਨੇ ਪੁੱਛਿਆ, 'ਜਨਾਬ, ਜੇ ਹੰਸ ਤੇ ਬਗਲਾ 'ਕੱਠੇ ਹੋਣ ਤਾਂ ਦੋਹਾਂ ਦੀ ਪਛਾਣ ਕਿਵੇਂ ਕੀਤੀ ਜਾਊਗੀ?' ਦੂਜਾ ਕਹਿਣ ਲੱਗਾ, 'ਮੋਤੀ ਤੇ ਕੰਕਰ ਇਕੋ ਥਾਂ ਖਿਲਾਰ ਦਿਓ। ਆਪੇ ਪਤਾ ਲੱਗ ਜੂ ਹੰਸ ਕਿਹੜਾ ਤੇ ਬਗਲਾ ਕਿਹੜਾ।' ਪਹਿਲਾ ਸਿਆਣਾ ਹੱਸ ਪਿਆ, 'ਇਹ ਤਾਂ ਮੈਨੂੰ ਵੀ ਪਤਾ ਪਰ ਅੱਜਕੱਲ੍ਹ ਹੰਸ ਵੀ ਕੰਕਰਾਂ ਨੂੰ ਮੂੰਹ ਮਾਰਨ ਲੱਗ ਪਏ ਹਨ।' ਫਿਰ ਕਿਤੇ ਜਾ ਕੇ ਦੂਜੇ ਸਿਆਣੇ ਦੇ ਖਾਨੇ ਪਈ-'ਇਹ ਬੰਦਾ ਕਲਯੁੱਗ ਦੀ ਗੱਲ ਕਰਦਾ।' ਹੁਣ ਕੁਝ ਵੀ ਅਸੰਭਵ ਨਹੀਂ, ਸਭ ਕੁਝ ਮੁਮਕਿਨ ਹੈ। ਕਦੇ ਬੰਦੇ ਚੋਅ ਕੇ ਤਾਂ ਗਾਂ ਨੂੰ ਹਟੇ ਹੁੰਦੇ ਨੇ, ਬਾਲਟੀ ਵੀ ਦੁੱਧ ਦੀ ਨੱਕੋ-ਨੱਕ ਭਰੀ ਹੁੰਦੀ ਹੈ ਪਰ ਥਾਪੀ ਵੱਛੇ ਨੂੰ ਦੇਈ ਜਾਣਗੇ। ਇਨ੍ਹਾਂ ਨੂੰ ਸਿਆਣੇ ਨਹੀਂ ਕਿਹਾ ਜਾ ਸਕਦਾ, ਕਿਉਂਕਿ ਗਊ ਦੇ ਜਾਏ ਦਾ ਹੱਕ ਇਹ ਹੁਣੇ ਮਾਰ ਕੇ ਹਟੇ ਹੁੰਦੇ ਹਨ। ਜਿਹੜੇ ਬੰਦੇ ਸਵੇਰ ਦੀ ਲੰਘੀ ਟਰੇਨ ਨੂੰ ਸ਼ਾਮ ਤੱਕ ਟੇਸ਼ਨ 'ਤੇ ਬਹਿ ਕੇ ਉਡੀਕੀ ਜਾਣ, ਉਨ੍ਹਾਂ ਨੂੰ ਟਿਕਾਣੇ 'ਤੇ ਪੁੱਜਣ ਦਾ ਭਰਮ ਵੀ ਹੋ ਸਕਦਾ ਹੈ। ਗੱਲ ਜਦੋਂ ਵੀ ਬਣੇਗੀ, ਘਰੋਂ ਨਿਕਲਣ ਨਾਲ ਨਹੀਂ, ਸਗੋਂ ਦੁਨੀਆਂ ਦੀ ਭੀੜ ਵਿਚੋਂ ਨਿਕਲਣ ਨਾਲ ਬਣੇਗੀ। ਦਰੋਪਤੀਆਂ ਦੇ ਚੀਰ ਹਰਨ ਤਾਂ ਹੁਣ ਵੀ ਹੋ ਰਹੇ ਹਨ ਪਰ ਲਗਦੈ, ਉਨ੍ਹਾਂ ਨਾਲ ਭਗਵਾਨ ਕ੍ਰਿਸ਼ਨ ਰੁੱਸ ਗਿਐ, ਕਿਉਂਕਿ ਜੋ ਕੁਝ ਆਹ ਹੋ ਰਿਹੈ, ਨਿਸ਼ਚੇ ਹੀ ਭਗਵਾਨ ਕ੍ਰਿਸ਼ਨ ਤੇ ਰਾਮ ਵੀ ਗਲ ਲੱਗ ਕੇ ਰੋ ਰਹੇ ਹਨ। ਨਰਕ ਅਸਲ ਕਿਸੇ ਥਾਂ ਦਾ ਨਾਂ ਨਹੀਂ, ਇਹ ਕੁਝ ਲੋਕਾਂ ਦੇ ਅੰਦਰ ਹੈ ਤੇ ਜ਼ੁਲੈਖਾਂ ਵਾਂਗ ਕਈਆਂ ਨੇ ਹੁਣੇ ਜੇਲ੍ਹਾਂ 'ਚ ਨਰਕ ਭੋਗ ਕੇ ਮਸਾਂ ਮਰ ਕੇ ਖਹਿੜਾ ਛੁਡਾਇਐ...।*

ਪੈਸਾ ਆਉਣ ਲੱਗਾ ਇਹ ਨਹੀਂ ਪੁੱਛਦਾ ਕਿ ਤੇਰੀ ਯੋਗਤਾ ਕੀ ਹੈ? ਜਾਣ ਲੱਗਿਆਂ ਇਹ ਜ਼ਰੂਰ ਦੱਸ ਜਾਂਦਾ ਹੈ ਕਿ ਤੈਨੂੰ ਸਾਂਭਣ ਦੀ ਅਕਲ ਨਹੀਂ। ਪੈਸੇ ਦੀ ਦੌੜ 'ਚ ਕਈ ਹਾਦਸੇ ਇੰਨੀ ਤੇਜ਼ੀ ਨਾਲ ਵਾਪਰ ਰਹੇ ਹਨ ਕਿ ਕੈਮਰੇ ਦੀ ਅੱਖ ਵੀ ਹੱਥ ਖੜ੍ਹੇ ਕਰੀ ਜਾ ਰਹੀ ਹੈ, 'ਮੇਰੀ ਤੋਬਾ।'

ਕਿਸੇ ਸਕੂਲ ਦੀ ਛੱਤ ਨਹੀਂ ਸੀ। ਜਿਸ ਦਿਨ ਮੀਂਹ ਪੈਂਦਾ ਤਾਂ ਮਜਬੂਰਨ ਬੱਚਿਆਂ ਨੂੰ ਛੁੱਟੀ ਕਰਨੀ ਪੈਂਦੀ ਪਰ ਜਦੋਂ ਨਤੀਜਾ ਆਉਂਦਾ ਤਾਂ ਸਾਰੇ ਬੱਚੇ ਪਹਿਲੇ ਦਰਜੇ 'ਚ ਪਾਸ ਹੁੰਦੇ। ਲੋੜ ਅਸਲ 'ਚ ਛੱਤਾਂ ਦੀ ਨਹੀਂ, ਅਧਿਆਪਕਾਂ ਦੀ ਮਿਹਨਤ ਦੀ ਹੁੰਦੀ ਹੈ।

'ਨਾਨਕ ਦੁਖੀਆ ਸਭ ਸੰਸਾਰ' ਦੀ ਧਾਰਨਾ ਤੇ ਸਰਬਵਿਆਪਕਤਾ ਨੂੰ ਲੋਕ ਚੰਗੀ ਤਰ੍ਹਾਂ ਜਾਣਦੇ ਹਨ ਪਰ ਕਈਆਂ ਨੂੰ ਭਰਮ ਹੈ ਕਿ ਫਲਾਣਾ ਸੁਖੀ ਬੜਾ, ਸੁੰਦਰ ਸਿਹੁੰ ਕੋਲ ਧਨ ਦੀਆਂ ਬੜੀਆਂ ਬਰਕਤਾਂ ਨੇ, ਧੰਨਾ ਸਿਹੁੰ ਕੋਲ ਜ਼ਮੀਨ ਬੜੀ ਉਪਜਾਊ ਹੈ, ਲਾਲਾ ਕਿਦਾਰ ਨਾਥ ਦੀ ਔਲਾਦ ਬੜੀ ਚੰਗੀ ਹੈ ਪਰ ਜੱਗ ਤੋਂ ਓਹਲੇ ਇਹ ਵੀ ਰੋਂਦੇ ਦੇਖੇ ਹਨ। ਇਹ ਵੀ ਧਾਰਮਿਕ ਸਥਾਨਾਂ 'ਤੇ ਮੱਥੇ ਰਗੜ ਕੇ ਆਉਂਦੇ ਨੇ, 'ਮਾਲਕਾ ਨੇੜੇ ਹੋ ਕੇ ਬਹੁੜ।'

ਲੋਕਾਂ ਨੂੰ ਹਸਾਉਣ ਵਾਲੇ ਮਸਖਰਿਆਂ ਨੂੰ ਦੇਖ ਕੇ ਲਗਦਾ ਤਾਂ ਸਾਰਿਆਂ ਨੂੰ ਇਉਂ ਹੈ ਕਿ ਇਹ ਅੰਦਰੋਂ ਬਹੁਤ ਪ੍ਰਸੰਨ ਹੋਣਗੇ ਪਰ ਹਸਾ-ਹਸਾ ਕੇ ਲੋਕਾਂ ਦੇ ਢਿੱਡੀਂ ਪੀੜਾਂ ਪਾਉਣ ਵਾਲੇ ਇਹ ਭਲੇਮਾਣਸ ਜਾਣਦੇ ਹਨ ਕਿ ਖੰਡ 'ਚ ਜ਼ਹਿਰ ਕਿਵੇਂ ਲਪੇਟੀ ਜਾਂਦੀ ਹੈ।

ਕਿਸੇ ਬਾਦਸ਼ਾਹ ਦੇ ਤਿੰਨ ਧੀਆਂ ਪਿੱਛੋਂ ਪੁੱਤਰ ਨੇ ਜਨਮ ਲਿਆ ਤਾਂ ਸ਼ਹਿਰ 'ਚ ਢੋਲ-ਢਮੱਕੇ ਵੱਜਦੇ ਰਹੇ ਤੇ ਸਵਾ ਮਹੀਨਾ ਸ਼ਹਿਰ ਵਿਚ ਦੀਪਮਾਲਾ ਹੁੰਦੀ ਰਹੀ। ਜਿਸ ਦਿਨ ਬਾਦਸ਼ਾਹ ਨੇ ਪੁੱਤਰ ਦਾ ਮੂੰਹ ਦੇਖਣਾ ਸੀ, ਪੂਰਾ ਸ਼ਹਿਰ 'ਕੱਠਾ ਕੀਤਾ ਗਿਆ। ਲੋਕਾਂ ਨੂੰ ਖ਼ੁਸ਼ ਕਰਨ ਲਈ ਫਜ਼ਲਦੀਨ ਨਾਂ ਦੇ ਪ੍ਰਸਿੱਧ ਮਸਕਰੇ ਨੂੰ ਸੱਦਿਆ ਗਿਆ। ਤਿੰਨ ਘੰਟੇ ਹਾਸੇ ਦੀਆਂ ਉਹ ਫੁਹਾਰਾਂ ਪਈਆਂ ਕਿ ਲੋਕਾਂ ਨੂੰ ਖ਼ੁਸ਼ ਦੇਖ ਕੇ ਬਾਦਸ਼ਾਹ ਸਲਾਮਤ ਵੀ ਬਾਗੋ-ਬਾਗ ਹੋ ਗਿਆ। ਫਜ਼ਲਦੀਨ ਨੂੰ ਉਸ ਨੇ ਜਦੋਂ ਮਹਿਲੀਂ ਬੁਲਾ ਕੇ ਪੁੱਛਿਆ, "ਮੰਗ ਅੱਜ ਕੀ ਮੰਗਦਾ ਏ? ਜੋ ਮੰਗੇਂਗਾ ਝੋਲੀ ਪਏਗਾ।"

ਪੂਰਾ ਦਿਨ ਲੋਕਾਂ ਨੂੰ ਹਸਾਉਣ ਵਾਲੇ ਫਜ਼ਲਦੀਨ ਦੀਆਂ ਧਾਹਾਂ ਨਾਲ ਅੰਬਰ ਕੰਬ ਗਿਆ! ਬਾਦਸ਼ਾਹ ਨੇ ਗਲ ਨਾਲ ਲਾ ਕੇ ਪੁੱਛਿਆ, "ਗੱਲ ਕੀ ਹੈ? ਤੂੰ ਆਪ ਕਿਉਂ ਰੋਂਦਾ ਏਂ?"

"ਬਾਦਸ਼ਾਹ ਸਲਾਮਤ! ਜਦੋਂ ਸਵੇਰੇ ਘਰੋਂ ਨਿਕਲਿਆ, ਬੇਗਮ ਕੁਝ ਢਿੱਲੀ-ਮੱਠੀ ਸੀ ਤੇ ਜਦੋਂ ਤੁਹਾਡੇ ਦਰਬਾਰ ਵਿਚ ਪਹੁੰਚਿਆ ਤਾਂ ਸੁਨੇਹਾ ਮਿਲਿਆ ਕਿ ਆਫਿਸ਼ਾਂ ਜਹਾਨ ਤੋਂ ਕੂਚ ਕਰ ਗਈ। ਨਿੱਕੇ-ਨਿੱਕੇ ਚਾਰ ਬੱਚੇ ਸਾਰਾ ਦਿਨ ਮਾਂ ਦੇ ਸਿਰਹਾਣੇ ਬੈਠ ਕੇ ਰੋਂਦੇ-ਵਿਲਕਦੇ ਰਹੇ ਹੋਣੇ ਨੇ, ਪਰ ਮੈਂ ਆਪਣਾ ਦਿਲ ਬੰਨ੍ਹ ਕੇ ਤੁਹਾਨੂੰ ਤੇ ਲੋਕਾਂ ਨੂੰ ਹਸਾਉਂਦਾ ਰਿਹਾ ਕਿ ਚਲੋ, ਕੱਫਣ ਜੋਗੇ ਚਾਰ ਤੇ ਦਫਨਾਉਣ ਜੋਗੇ ਦੋ ਟਕੇ ਤਾਂ ਮਿਲ ਹੀ ਜਾਣਗੇ!"

ਬਾਦਸ਼ਾਹ ਬੋਲਿਆ, "ਤੈਨੂੰ ਦੌਲਤ ਤਾਂ ਦੇ ਦਿਆਂਗਾ ਪਰ ਬੇਗਮ ਤੇ ਬੱਚਿਆਂ ਦੀ ਮਾਂ ਮੋੜ ਕੇ ਨਹੀਂ ਲਿਆ ਸਕਦਾ।"...ਤੇ ਕਹਿੰਦੇ ਨੇ, ਇਸ ਅਸਹਿ ਦੁੱਖ ਦਾ ਮਾਰਿਆ ਬਾਦਸ਼ਾਹ ਫਕੀਰ ਹੋ ਗਿਆ ਸੀ।

ਪਰ ਐਸ ਦੁੱਖ ਦਾ ਅਹਿਸਾਸ ਕਿਵੇਂ ਕਰੋਗੇ? ਇਸ ਨੂੰ ਸੁਣ ਕੇ ਤਾਂ ਦਿਲ ਕਿਸੇ ਪਾਸੇ ਵੀ ਨਹੀਂ ਠਹਿਰਦਾ! ਆਂਦਰਾਂ ਵਿਲਕਦੀਆਂ ਨਹੀਂ, ਕੀਰਨੇ ਪਾਉਂਦੀਆਂ ਹਨ। ਇਹ ਵਾਰਦਾਤ ਕਰਾਚੀ ਦੇ ਘੁੱਗ ਵਸਦੇ ਗਲੀ-ਮੁਹੱਲੇ ਦੀ ਹੈ:

ਜਦੋਂ ਕੁਝ ਪਲ ਲੱਤਾਂ-ਬਾਹਾਂ ਮਾਰ ਕੇ, ਇਮਾਮ-ਉਦ-ਦੀਨ ਦੇ ਵਜੂਦ ਵਿਚੋਂ ਭੌਰ ਨੇ ਉਡਾਰੀ ਮਾਰੀ ਤਾਂ ਜ਼ੁਲੈਖਾਂ ਨੇ ਉਸ ਦੇ ਗਲ 'ਚ ਪਾਈ ਰੱਸੀ ਦਾ ਆਪਣੇ ਵੱਲ ਦਾ ਸਿਰਾ ਢਿੱਲਾ ਕਰਦਿਆਂ ਆਪਣੇ ਪ੍ਰੇਮੀ ਅਬਦੁੱਲ ਰਹੀਮ ਦੇ ਹੱਥ 'ਤੇ ਹੱਥ ਮਾਰਦਿਆਂ ਕਿਹਾ, "ਛੱਡ ਦੇ ਹੁਣ ਤੂੰ ਵੀ ਰੱਸੀ ਦਾ ਸਿਰਾ, ਹੋ ਗਿਆ ਕੰਮ। ਆਪਾਂ ਤੇਰੇ ਨਾਲ ਲਾਈ ਸੀ ਤੇ ਤੋੜ ਨਿਭਾ ਦਿੱਤੀ। ਹੁਣ ਤੂੰ ਨਾ ਸਾਥ ਛੱਡ ਦੇਈਂ।" ਤੇ ਦੋਵੇਂ ਜਣੇ ਇਸ਼ਕ ਦਾ ਠਾਹਕਾ ਮਾਰ ਕੇ ਹੱਸ ਪਏ।

ਰਾਤ ਅੱਧੀ ਤੋਂ ਵੱਧ ਲੰਘ ਗਈ ਸੀ ਜਦੋਂ ਦੋਹਾਂ ਨੇ ਇਕ ਬੇਕਸੂਰ ਮੌਤ ਦੀ ਘੋੜੀ ਚੜ੍ਹਾ ਦਿੱਤਾ ਸੀ।

ਕਰਾਚੀ ਦੇ ਭੀੜ-ਭੜੱਕੇ ਵਾਲੇ ਇਲਾਕੇ 'ਚ ਇਮਾਮ-ਉਦ-ਦੀਨ ਤੇ ਜ਼ੁਲੈਖਾਂ ਨੇ ਦੋ ਸਾਲ ਪਹਿਲਾਂ 400 ਰੁਪਏ ਕਿਰਾਏ 'ਤੇ ਮਕਾਨ ਤੇ ਰਸੋਈ ਲਏ। ਮਕਾਨ ਮਾਲਕ ਰੇਲਵੇ 'ਚ ਕਲਰਕ ਸੀ ਜੋ ਉਪਰ ਚੁਬਾਰੇ ਵਾਲੇ ਦੋ ਕਮਰਿਆਂ ਵਿਚ ਰਹਿੰਦੇ ਸਨ। ਕਦੇ ਵੀ ਮਕਾਨ ਮਾਲਕ ਜਾਂ ਗਲੀ-ਮਹੁੱਲੇ ਵਿਚ ਦੋਹਾਂ ਦਰਮਿਆਨ ਕਿਸੇ ਨੇ ਲੜਾਈ-ਝਗੜਾ ਨਹੀਂ ਦੇਖਿਆ-ਸੁਣਿਆ। ਉਨ੍ਹਾਂ ਦੇ ਇਕ ਹੀ ਬੇਟੀ ਸੀ ਵਹੀਦਾ, 18-19 ਵਰ੍ਹਿਆਂ ਦੀ।

ਅਸਲ ਵਿਚ ਅਬਦੁੱਲ ਜ਼ੁਲੈਖਾਂ ਦਾ ਮੂੰਹ ਬੋਲਿਆ ਭਰਾ ਬਣਿਆ ਹੋਇਆ ਸੀ ਜਿਸ 'ਤੇ ਇਮਾਮ-ਉਦ-ਦੀਨ ਨੂੰ ਸ਼ੱਕ ਨਹੀਂ ਸੀ ਪਰ ਉਸ ਦੇ ਭਤੀਜੇ ਸ਼ਹਿਬਾਜ਼ ਦੀਆਂ ਆਪਣੀ ਧੀ ਵਹੀਦਾ ਨਾਲ ਹਰਕਤਾਂ ਉਸ ਨੂੰ ਡਾਢਾ ਪ੍ਰੇਸ਼ਾਨ ਕਰਦੀਆਂ ਸਨ। ਉਹ ਸਾਰਾ ਦਿਨ ਬਾਜ਼ਾਰ ਵਿਚ ਫਲਾਂ ਦੀ ਰੇਹੜੀ ਲਾਉਂਦਾ ਤੇ ਘਰ ਦਾ ਗੁਜ਼ਾਰਾ ਤੋਰਦਾ। ਆਥਣੇ ਜਦੋਂ ਘਰ ਵੜਦਾ ਤਾਂ ਸਾਰਾ ਦਿਨ ਬੋਲਦੇ ਦੀਆਂ ਰਗਾਂ ਦੁਖਦੀਆਂ ਹੁੰਦੀਆਂ। ਇਕ ਦਿਨ ਜਦੋਂ ਵਹੀਦਾ ਨੂੰ ਦੇਰ ਰਾਤ ਗਈ ਸ਼ਹਿਬਾਜ਼ ਛੱਡਣ ਆਇਆ ਤਾਂ ਇਮਾਮ-ਉਦ-ਦੀਨ ਆਪੇ ਤੋਂ ਬਾਹਰ ਹੋ ਗਿਆ। ਉਸ ਨੇ ਸ਼ਹਿਬਾਜ਼ ਨੂੰ ਕਿਹਾ, "ਫਿਰ ਸਾਡੇ ਘਰ ਨਾ ਆਵੀਂ।"...ਤੇ ਘਰ ਵਿਚ ਸਾਰੀ ਰਾਤ ਕਲੇਸ਼ ਹੁੰਦਾ ਰਿਹਾ ਤੇ ਰੱਜ ਕੇ ਸੁਨੱਖੀ ਜ਼ੁਲੈਖਾਂ ਆਪਣੀ ਧੀ ਦਾ ਪੱਖ ਪੂਰਦਿਆਂ ਆਖ ਰਹੀ ਸੀ, "ਮੇਰੀ ਧੀ ਦਾਗੀ ਨਹੀਂ ਹੋ ਸਕਦੀ?" ਜਦੋਂਕਿ ਮਾਂ ਨੂੰ ਧੀ ਦੇ ਸ਼ਹਿਬਾਜ਼ ਨਾਲ ਸਬੰਧਾਂ ਦਾ ਗਿਆਨ ਸੀ।

ਗੁੱਸੇ ਵਿਚ ਆਏ ਇਮਾਮ-ਉਦ-ਦੀਨ ਨੇ ਧੀ ਨੂੰ ਰੱਜ ਕੇ ਕੁੱਟਿਆ। ਲੱਤਾਂ ਤੇ ਪਸਲੀਆਂ ਵੇਲਣੇ ਨਾਲ ਭੰਨ ਸੁੱਟੀਆਂ ਪਰ ਦਰਵਾਜ਼ੇ ਤਾਕੀਆਂ ਦੀਆਂ ਝੀਤਾਂ ਵਿਚ ਕੱਪੜਾ ਦੇ ਕੇ ਆਵਾਜ਼ ਬਾਹਰ ਨਾ ਨਿਕਲਣ ਦਿੱਤੀ। ਪਹਿਲੇ ਪਹਿਰ ਜਾ ਕੇ ਘਰ ਵਿਚ ਸ਼ਾਂਤੀ ਹੋਈ ਹੋਵੇਗੀ। ਸਵੇਰੇ ਕੰਮ 'ਤੇ ਜਾਣ ਲੱਗੇ ਇਮਾਮ-ਉਦ-ਦੀਨ ਨੇ ਜ਼ੁਲੈਖਾਂ ਨੂੰ ਕਮੀਜ਼ ਦੀ ਜੇਬ ਵਿਚੋਂ ਚਾਰ ਗੋਲੀਆਂ ਕੱਢ ਕੇ ਫੜਾਉਂਦਿਆਂ ਕਿਹਾ, "ਇਹ ਦੁੱਧ 'ਚ ਵਹੀਦਾ ਨੂੰ ਦੇ ਦੇਵੀਂ, ਨੀਂਦ ਵੀ ਆ ਜਾਵੇਗੀ ਤੇ ਸੱਟਾਂ ਵੀ ਨਹੀਂ ਰੜਕਣਗੀਆਂ।"...ਤੇ ਘਰੋਂ ਨਿਕਲ ਗਿਆ। ਜ਼ੁਲੈਖਾਂ ਦੇ ਮਨ ਵਿਚ ਸ਼ੈਤਾਨ ਜਾਗ ਪਿਆ ਅਤੇ ਖਿਆਲ ਗੰਦਲੇ ਹੋ ਗਏ।

ਦਿਨੇ ਜਦੋਂ ਅਬਦੁੱਲ ਆਇਆ ਤਾਂ ਜ਼ੁਲੈਖਾਂ ਨੇ ਕਿਹਾ, "ਅੱਧੀ ਰਾਤ ਨੂੰ ਜੇ ਗਲੀ ਵਾਲੀ ਤਾਕੀ ਅੱਧੀ ਖੁੱਲ੍ਹੀ ਹੋਈ ਤਾਂ ਦਰਵਾਜ਼ਾ ਸਿਰਫ ਭੇੜਿਆ ਹੋਵੇਗਾ, ਚਾਚਾ-ਭਤੀਜਾ ਦੋਵੇਂ ਇਕੱਠੇ ਆਇਓ ਤੇ ਅੰਦਰ ਲੰਘ ਜਾਣਾ।" ਜ਼ੁਲੈਖਾਂ ਨੇ ਧੀ ਨੂੰ ਗੋਲੀਆਂ ਦੇਣ ਦੀ ਥਾਂ ਉਹ ਗੋਲੀਆਂ ਦਿਖਾ ਕੇ ਬਾਜ਼ਾਰੋਂ 20 ਗੋਲੀਆਂ ਹੋਰ ਲੈ ਆਂਦੀਆਂ।

ਉਧਰ ਇਮਾਮ-ਉਦ-ਦੀਨ ਦਾ ਵੀ ਕੰਮ 'ਚ ਚਿੱਤ ਨਾ ਲੱਗਾ ਤੇ ਉਹ ਦਿਨ ਖੜ੍ਹੇ ਘਰ ਆ ਗਿਆ। ਸਵੇਰ ਦਾ ਕੁਝ ਖਾਧਾ ਨਾ ਹੋਣ ਕਰ ਕੇ ਉਹ ਭੁੱਖਾ ਸੀ ਤੇ ਆਉਂਦਿਆਂ ਰੋਟੀ ਮੰਗਣ ਲੱਗਾ। ਜ਼ੁਲੈਖਾਂ ਨੇ 10 ਗੋਲੀਆਂ ਦਾਲ ਵਿਚ ਘੋਲ ਕੇ ਖੁਆ ਦਿੱਤੀਆਂ ਤੇ ਬਾਕੀ ਰਹਿੰਦੀਆਂ ਦੁੱਧ ਦੇ ਗਿਲਾਸ ਵਿਚ ਘੋਲ ਕੇ ਸੌਣ ਲੱਗੇ ਨੂੰ ਦੇ ਦਿੱਤੀਆਂ। ਘੰਟੇ ਕੁ ਪਿੱਛੋਂ ਇਮਾਦ-ਉਦ-ਦੀਨ ਬੇ-ਸੁਰਤ ਜਿਹਾ ਹੋ ਗਿਆ। ਜ਼ੁਲੈਖਾਂ ਨੇ ਹਿਲਾ-ਜੁਲਾ ਕੇ ਦੇਖਿਆ, ਉਹ ਸੁੱਧ-ਬੁੱਧ ਗੁਆ ਚੁੱਕਾ ਸੀ। ਹੁਣ ਉਡੀਕ ਹੋ ਰਹੀ ਸੀ ਚਾਚੇ-ਭਤੀਜੇ ਅਬਦੁੱਲ ਤੇ ਸ਼ਹਿਬਾਜ਼ ਦੀ। ਉਦੋਂ ਹੀ ਪਤਾ ਲੱਗਾ ਜਦੋਂ ਦੋਵੇਂ ਮਲਕੜੇ ਜਿਹੇ ਅੰਦਰ ਆਣ ਵੜੇ। ਧੀ ਨੂੰ ਅੱਬਾ ਦੀ ਬੇਹੋਸ਼ੀ ਬਾਰੇ ਕੋਈ ਜਾਣਕਾਰੀ ਨਹੀਂ ਸੀ ਪਰ ਮਾਂ ਨੇ ਧੱਕੇ ਨਾਲ ਹੀ ਹਨੇਰੇ 'ਚ ਉਸ ਨੂੰ ਸ਼ਹਿਬਾਜ਼ ਨਾਲ ਤੋਰ ਦਿੱਤਾ ਤੇ ਨਾਲ ਹੀ ਸ਼ਹਿਬਾਜ਼ ਦੇ ਕੰਨ ਵਿਚ ਕਹਿ ਦਿੱਤਾ, 'ਕੱਲ੍ਹ ਆਥਣੇ 'ਕੱਲਾ ਆਈਂ।' ਉਨ੍ਹਾਂ ਦੇ ਜਾਂਦਿਆਂ ਹੀ ਜ਼ੁਲੈਖਾਂ ਨੇ ਅਬਦੁੱਲ ਦੇ ਗਲ ਵਿਚ ਬਾਹਾਂ ਪਾ ਕੇ ਆਖਿਆ, "ਇਹ ਕੱਲਯੁੱਗੀ ਬਦਸੂਰਤ ਅੱਜ ਰਾਹ 'ਚੋਂ ਲਾਂਭੇ ਕਰਨਾ।" ਤੇ ਅਲਮਾਰੀ 'ਚ ਰੱਖੀ ਨਵੀਂ ਪਲਾਸਟਿਕ ਦੀ ਰੱਸੀ ਅਬਦੁੱਲ ਦੇ ਹੱਥ ਫੜਾਉਂਦਿਆਂ ਕਿਹਾ, "ਪਾ ਇਸ ਦੇ ਗਲ ਵਿਚ ਨਾਗਵਲ ਤੇ ਬੁਲਾ ਦੇਈਏ ਪਾਰ।"

"ਕਿਤੇ ਜਾਗ ਨਾ ਪਵੇ?" ਅੰਦਰੋਂ ਡਰਦਾ ਅਬਦੁੱਲ ਬੋਲਿਆ।

"ਇਹਦੀ ਅੱਖ ਤਿੰਨ ਦਿਨ ਨਹੀਂ ਖੁੱਲ੍ਹੇਗੀ ਤੇ ਦਿਲ ਦੀ ਧੜਕਣ ਆਪਾਂ ਹੁਣੇ ਬੰਦ ਕਰ ਦੇਣੀ ਐਂ।"

ਤੇ ਜਦੋਂ ਇਮਾਮ-ਉਦ-ਦੀਨ ਦੇ ਗਲ 'ਚ ਪਾਈ ਰੱਸੀ ਨੂੰ ਦੋਹਾਂ ਨੇ ਜ਼ੋਰ ਨਾਲ ਖਿੱਚਿਆ ਤਾਂ ਬੇਹੋਸ਼ੀ 'ਚ ਪਲ ਕੁ ਲਈ 'ਈਂ-ਈਂ' ਕਰਦਾ ਉਹ ਦੋ ਕੁ ਵਾਰ ਲੱਤਾਂ ਮਾਰ ਕੇ ਖਾਮੋਸ਼ ਹੋ ਗਿਆ। ਇਮਾਮ-ਉਦ-ਦੀਨ ਉਤੇ ਡੱਬੀਆਂ ਵਾਲੀ ਚਾਦਰ ਦੇ ਕੇ ਆਪ ਦੋਵੇਂ ਜਣੇ ਨਵਾਰੀ ਪਲੰਘ 'ਤੇ ਬੇਫਿਕਰ ਸੌਂ ਗਏ ਪਰ ਮੁਰਦਾ ਤੇ ਕਤਲ ਨੀਂਦ ਕਿਥੇ ਆਉਣ ਦਿੰਦੇ ਨੇ! ਤੜਕੇ ਦੋਹਾਂ ਦੀ ਅੱਖ ਖੁੱਲ੍ਹ ਗਈ। ਲਾਸ਼ ਖੁਰਦ-ਬੁਰਦ ਕਰਨ ਦੀ ਵਿਉਂਤ ਰਚੀ ਜਾਣ ਲੱਗੀ। ਤੈਅ ਹੋ ਗਿਆ ਕਿ ਸ਼ਹਿਬਾਜ਼ ਦੇ ਆਉਣ ਪਿੱਛੋਂ ਲਾਸ਼ ਬਕਸੇ 'ਚ ਪਾ ਕੇ ਟਰੇਨ 'ਚ ਰੱਖ ਆਵਾਂਗੇ। ਸ਼ਹਿਬਾਜ਼ ਤਾਂ ਆ ਗਿਆ ਪਰ ਬਾਜ਼ਾਰ 'ਚੋਂ ਚਾਹ ਦੀ ਜਿਹੜੀ ਪੇਟੀ ਜ਼ੁਲੈਖਾਂ ਆਟਾ ਪਾਉਣ ਦੇ ਬਹਾਨੇ ਦੁਕਾਨਕਾਰ ਤੋਂ ਲਿਆਈ, ਉਹਦੇ 'ਚ ਭਲਾ ਛੇ ਫੁੱਟੇ ਤੇ ਪਝੱਤਰ ਕਿਲੋ ਭਾਰੇ ਬੰਦੇ ਦੀ ਲਾਸ਼ ਕਿਥੇ ਪੈਂਦੀ ਆ! ਪਹਿਲਾਂ ਸੋਚਣ, ਵਿਚਾਲਿਓ ਦੋ ਟੋਟੇ ਕਰ ਕੇ ਪਾ ਲਈਏ ਪਰ ਖ਼ੂਨ ਕਿਵੇਂ ਰੁਕੇਗਾ? ਸੋਚ ਕੇ ਫਿਕਰਮੰਦ ਹੋਣ ਲੱਗੇ। ਤੰਗ ਗਲੀਆਂ 'ਚ ਭਾਰੀ ਲਾਸ਼ ਰਾਤ-ਬਰਾਤੇ ਲਿਜਾਣੀ ਔਖੀ ਵੀ ਸੀ।

ਇੱਦਾਂ ਤੀਜਾ ਦਿਨ ਵੀ ਲੰਘ ਗਿਆ। ਚੌਥੇ ਦਿਨ ਜ਼ੁਲੈਖਾਂ ਬਾਜ਼ਾਰ ਗਈ ਅਤੇ ਗੈਸ ਵਾਲਾ ਨਵਾਂ ਚੁੱਲ੍ਹਾ ਖਰੀਦ ਕੇ ਲਿਆਂਦਾ। ਦੋ ਵੱਡੇ ਪਤੀਲੇ ਅਤੇ ਬੱਕਰੇ ਵੱਢਣ ਵਾਲੇ ਕਸਾਈਆਂ ਦੇ ਔਜਾਰ ਲਿਆਂਦੇ ਗਏ।

ਇਸ ਰਾਤ ਜੇਰਾ ਕਰ ਕੇ ਅਬਦੁੱਲ ਇਮਾਮ-ਉਦ-ਦੀਨ ਦੀ ਲਾਸ਼ ਟੁਕੜਿਆਂ ਵਿਚ ਵੰਡਣ ਲੱਗਾ। ਪਾਵੇ 'ਤੇ ਰੱਖ ਕੇ ਪਹਿਲਾਂ ਸਿਰ ਧੜ ਤੋਂ ਅਲੱਗ ਕੀਤਾ ਗਿਆ ਜਿਸ ਨੂੰ ਪਲਾਸਟਿਕ ਦੇ ਲਫਾਫੇ 'ਚ ਬੰਦ ਕਰ ਕੇ ਜ਼ੁਲੈਖਾਂ ਨੇ ਆਪਣੇ ਕੱਪੜਿਆਂ ਵਾਲੇ ਟਰੰਕ ਵਿਚ ਟਿਕਾ ਦਿੱਤਾ। ਫਿਰ ਧੜ ਦੇ ਬੱਤੀ ਹਿੱਸੇ ਕਰ ਕੇ ਰੱਖ ਲਏ ਗਏ। ਸਾਰੀ ਰਾਤ ਵੱਢ-ਟੁੱਕ ਕਰਨ ਪਿੱਛੋਂ ਜ਼ੁਲੈਖਾਂ ਦੇ ਚਿਹਰੇ 'ਤੇ ਕੋਈ ਡਰ ਨਹੀਂ ਸੀ। ਉਹ ਜਾਣਦੀ ਸੀ ਕਿ ਹੁਣ ਅੱਗਿਓਂ ਕੀ ਕਰਨਾ ਹੈ। ਉਹਨੂੰ ਪਤਾ ਸੀ ਕਿ ਵੱਡਾ ਨਾਲਾ ਅੰਡਰਗਰਾਊਂਡ ਹੋਣ ਕਰ ਕੇ ਕਿਸੇ ਨੂੰ ਖ਼ੂਨ ਬਾਰੇ ਪਤਾ ਨਹੀਂ ਲੱਗੇਗਾ। ਐਨ ਸਾਫ਼-ਸਫਾਈ ਕਰ ਕੇ ਤਿੰਨੇ ਜਣੇ ਸੌਂ ਗਏ।

ਪਰ ਅਗਲੀ ਸਵੇਰ ਮਨੁੱਖੀ ਮਾਸ ਬੁਰੀ ਤਰ੍ਹਾਂ ਬਦਬੂ ਮਾਰਨ ਲੱਗ ਗਿਆ। ਪਹਿਲਾਂ ਚੁਬਾਰੇ 'ਚੋਂ ਮਕਾਨ ਮਾਲਕਣ ਹੇਠਾਂ ਉਤਰੀ, "ਨੀ ਜ਼ੁਲੈਖਾਂ, ਕਾਹਦਾ ਮੁਸ਼ਕ ਆਉਂਦੇ ਤੇਰੇ ਕਮਰੇ 'ਚੋਂ, ਜਿਵੇਂ ਕੁੱਤਾ ਮਰਿਆ ਹੋਵੇ।" ਉਹਨੇ ਬਹੁਤ ਦਰਵਾਜ਼ਾ ਖੜਕਾਇਆ ਪਰ ਜ਼ੁਲੈਖਾਂ ਨੇ ਇਹ ਕਹਿ ਕੇ ਕੁੰਡਾ ਨਾ ਖੋਲ੍ਹਿਆ ਕਿ ਉਹ ਨਹਾ ਰਹੀ ਐ, ਠਹਿਰ ਕੇ ਆਵੀਂ। ਫਿਰ ਗਲੀ-ਮੁਹੱਲੇ 'ਚ ਬਦਬੂ ਫੈਲ ਗਈ।

(ਬਾਕੀ ਸਫਾ 35 'ਤੇ)

## ਗੱਲ ਬਣੀ ਕਿ ਨਹੀਂ

*ਐਸ. ਅਸ਼ੋਕ ਭੌਰਾ*

### ਬੱਕਰੇ ਮੂਹਰੇ ਬੋਹਲ

ਕਿਵੇਂ ਹਰਿਆਣੇ ਹੋ ਰਿਹੈ ਇੱਜ਼ਤਾਂ ਦਾ ਸ਼ਿਕਾਰ।
ਤਾਹੀਓਂ ਬੀਬੀ ਸੋਨੀਆ ਗੇੜਾ ਆਈ ਮਾਰ।
ਧੀਆਂ ਕਿਵੇਂ ਗਰੀਬ ਦੀਆਂ ਹੋਈਆਂ ਫਿਰਨ ਲਾਚਾਰ।
ਦਿਨੇ ਹੀ ਰਹੇ ਦੇਖ ਲਓ ਅਬਦਾਲੀ ਗੇੜੇ ਮਾਰ।
ਲਾ ਪਰ੍ਹਿਆ ਬੈਠੇ ਚੌਧਰੀ ਆਖਣ ਜੀਹਨੂੰ ਖਾਪ।
ਪੰਦਰਾਂ ਸਾਲ ਦੀ ਵਿਆਹ ਦਿਓ ਕਿਉਂ ਕਰਦੇ ਵਿਰਲਾਪ।
ਹਾਕਮ ਬੋਲੇ-ਬਹਿਰੇ ਕਿੱਦਾਂ ਵੱਟ ਕੇ ਬਹਿ ਗਏ ਚੁੱਪ।
ਦਿਨ-ਦਿਹਾੜੇ ਛਾ ਰਿਹੈ ਕਿਵੇਂ ਹਨੇਰਾ ਘੁੱਪ।
ਭੌਰ ਨੇ ਗੇੜੇ ਮਾਰਦੇ ਜਦ ਤਿੱਤਲੀਆਂ ਕੱਢਣ ਪਰ।
ਫਿਰ ਕਿਸੇ ਫੂਲਨ ਦੇਵੀ ਦਾ ਪੈਦਾ ਹੁੰਦਾ ਡਰ।
ਫਿਰ ਲਾਸ਼ਾਂ ਦੇ ਸੱਥਰ ਵਿਛਦੇ ਨਹੀਂ ਕਰਦਾ ਕੋਈ ਕਲੋਲ।
'ਭੌਰੇ' ਹਾਲੇ ਤਾਂ ਲੱਗੀ ਜਾਂਵਦੇ ਬੱਕਰੇ ਮੂਹਰੇ ਬੋਹਲ।

## ਚੱਲ ਪਏ ਉਲਟ ਚਰਖੀ ਦੇ ਗੇੜੇ

### ਧੁੱਪੇ ਬੈਠੀਆਂ ਯਾਦਾਂ

ਜਦੋਂ ਪ੍ਰੇਮਿਕਾ ਪ੍ਰੇਮੀ ਨੂੰ ਅੱਖ ਦੀ ਬੋਲੀ ਨਾਲ ਸਮਝਾਉਣ ਲੱਗ ਪਵੇ ਤਾਂ ਸਮਝ ਲਓ ਕਿ ਪਿਆਰ ਕਿੱਕਲੀ ਪਾਉਣ ਲੱਗ ਪਿਆ ਹੈ। ਜਿਹੜੇ ਅੱਖਾਂ ਦੀ ਜ਼ੁਬਾਨ ਨਹੀਂ ਸਮਝ ਸਕਦੇ, ਉਨ੍ਹਾਂ ਨੂੰ ਕਿਸੇ ਵੀ ਕੁੜੀ ਦੇ ਰੱਖੜੀ ਬੰਨ੍ਹਣ 'ਤੇ ਇਤਰਾਜ਼ ਨਹੀਂ ਹੋਣਾ ਚਾਹੀਦਾ। ਜਿਹੜਾ ਗੀਤ ਲਿਖੇ, ਗੀਤ ਗਾਵੇ, ਸਾਜ਼ ਵਜਾਵੇ, ਨਕਲਾਂ ਕਰੇ, ਬਾਜ਼ੀਆਂ ਪਾਵੇ ਤੇ ਉਮਰ ਪੰਝੀਆਂ ਤੋਂ ਵੱਧ ਹੋਵੇ, ਉਹ ਇਹ ਨਹੀਂ ਕਹਿ ਸਕਦਾ ਜੱਸੋਵਾਲ ਕੌਣ ਐ?

ਪੰਜਾਬੀ ਸੱਭਿਆਚਾਰ ਦੇ ਰਾਜਦੂਤ ਜੱਸੋਵਾਲ ਨੂੰ ਹੁਣ ਹੌਲੀ-ਹੌਲੀ ਬਿਮਾਰੀਆਂ ਘੇਰ ਰਹੀਆਂ ਹਨ, ਕਿਉਂਕਿ ਹੋਣੀ ਕਿਸੇ ਨੂੰ ਇਕਦਮ ਨਹੀਂ ਘੇਰਦੀ, ਮੱਕੜੀ ਜਾਲ ਵਿਛਾਉਂਦੀ ਹੈ। ਕੁਝ ਦਿਨ ਪਹਿਲਾਂ ਉਹ ਓਦਰ ਗਿਆ। ਮੈਂ ਜ਼ਿੰਦਗੀ ਵਿਚ ਸ. ਜੱਸੋਵਾਲ ਨੂੰ ਪਹਿਲੀ ਵਾਰ ਡੋਲਦਿਆਂ ਦੇਖਿਆ। ਪੰਜਾਬ ਵਿਚ ਅਤਿਵਾਦ ਦੇ ਦਿਨਾਂ ਵਿਚ ਵੀ ਉਹ ਉਦਾਸ ਨਹੀਂ ਸੀ ਹੋਇਆ। ਫੋਨ 'ਤੇ ਕਹਿਣ ਲੱਗਾ, 'ਪਤਝੜ ਲੱਗਦੈ ਬੇ-ਮੌਸਮੀ ਆ ਜਾਵੇਗੀ, ਸਰੀਰ ਡਿੱਗਦਾ ਜਾਂਦੈ। ਲਗਦੈ ਇਸ ਵਾਰ ਦਾ ਮੋਹਨ ਸਿੰਘ ਮੇਲਾ ਵੀ ਸ਼ਾਇਦ ਉਹਦੇ ਬਿਨਾਂ ਹੀ ਲੱਗੇ?'

ਫਿਰ ਗੱਲ ਹੋਈ ਤਾਂ ਇਕਦਮ ਹੋਰ ਲਹਿਜੇ 'ਚ ਸੀ, 'ਐਵੇਂ ਕਈ ਵਾਰ ਵਕਤ ਸਿੱਲ੍ਹਾ ਜਿਹਾ ਹੋ ਜਾਂਦਾ। ਮੈਂ ਦੋਵੇਂ ਦਿਨ ਮੇਲੇ ਵਿਚ ਗੱਜ-ਵੱਜ ਕੇ ਰਹਾਂਗਾ।'

ਇਹ ਤਸਵੀਰ ਬਹੁਤੀ ਪੁਰਾਣੀ ਨਹੀਂ ਹੈ। ਲੁਧਿਆਣੇ ਵਾਲੇ ਜਲੰਧਰ ਬਾਈਪਾਸ ਨੇੜੇ ਇਕ ਢਾਬੇ 'ਤੇ ਅਸੀਂ ਛਾਹ ਵੇਲਾ ਕਰਨ ਲਈ ਰੁਕੇ। ਜਾਣਾ ਜੱਸੋਵਾਲ ਕੋਲ ਹੀ ਸੀ। ਮੇਰੇ ਨਾਲ 'ਪੰਜਾਬੀ ਟ੍ਰਿਬਿਊਨ' ਦਾ ਰਿਪੋਰਟਰ ਸ਼ਿਵ ਕੁਮਾਰ ਬਾਵਾ, ਬਾਲ ਮੈਗਜ਼ੀਨ 'ਨਿੱਕੀਆਂ ਕਰੂੰਬਲਾਂ' ਦਾ ਸੰਪਾਦਕ ਬਲਜਿੰਦਰ ਮਾਨ ਤੇ 'ਧੂਰਕੋਟੀਆ ਪਾ ਕੇ ਬਹਿ ਗਿਆ ਬੋਤੇ ਦੇ ਗਲ ਟੱਲੀ' ਵਾਲਾ ਗੀਤਕਾਰ ਦਲਜੀਤ ਧੂਰਕੋਟੀਆ। ਜੱਸੋਵਾਲ ਢਾਬੇ 'ਚੋਂ ਸਾਡੇ ਆਲਾ ਕੰਮ ਕਰ ਕੇ ਨਿਕਲਿਆ ਸੀ। ਗੱਡੀ 'ਚੋਂ ਕਿਤਾਬਾਂ ਕੱਢ ਕੇ ਲਿਆਇਆ, 'ਵਿਰਸੇ ਦਾ ਵਾਰਿਸ ਜੱਸੋਵਾਲ।' ਊਂ ਵੀ ਪੱਤਰਕਾਰਾਂ ਤੇ ਕਲਾਕਾਰਾਂ ਨੂੰ ਦੇਖ ਕੇ ਉਹ ਖ਼ੁਸ਼ ਹੋ ਜਾਂਦੈ। ਸਾਰਿਆਂ ਦੇ ਹੱਥ 'ਚ ਕਿਤਾਬ ਧਰ ਕੇ ਫੋਟੋ ਖਿਚਵਾਈ, ਪਰ ਜਾਣ ਲੱਗਿਆ ਕਹਿਣ ਲੱਗਿਆ, 'ਪ੍ਰੇਮਿਕਾ ਦੇ ਰਿਸ਼ਤੇ ਦਾ ਦੁਨੀਆਂ ਦੇ ਕਿਸੇ ਵੀ ਰਿਸ਼ਤੇ 'ਚ ਅਨੁਵਾਦ ਨਹੀਂ ਹੋਣਾ। ਯਾਦ ਕਰੋਗੇ ਕਿ ਲੁਧਿਆਣੇ ਇਕ ਜੱਸੋਵਾਲ ਹੁੰਦਾ ਸੀ।' ਤੇ ਉਹ ਅੱਖਾਂ ਸਿੱਲ੍ਹੀਆਂ ਕਰ ਕੇ ਗੱਡੀ 'ਚ ਬਹਿ ਗਿਆ।



**-ਐਸ. ਅਸ਼ੋਕ ਭੌਰਾ**

# ਗੁਲਾਮੀ ਪ੍ਰਤੀ ਚੇਤੰਨਤਾ:ਸਿੱਖ ਧਰਮ ਚਿੰਤਨ ਤੇ ਗਦਰ ਲਹਿਰ

## ਗੁਰਮਤਿ ਗਿਆਨ



ਡਾ. ਗੁਰਨਾਮ ਕੌਰ, ਕੈਨੇਡਾ

ਗਦਰ ਲਹਿਰ ਦਾ ਅਰੰਭ ਕੈਨੇਡਾ-ਅਮਰੀਕਾ ਤੋਂ ਹੋਇਆ। ਇਸ ਵਿਚ ਸ਼ਾਮਲ ਹੋਣ ਵਾਲੇ ਨਾ ਬਹੁਤੇ ਸਿੱਖ ਸਨ ਸਗੋਂ ਗਦਰ ਲਹਿਰ ਦਾ ਕੇਂਦਰ ਗੁਰਦੁਆਰੇ ਸਨ ਅਤੇ ਇਸ ਦੇ ਸੰਚਾਲਕਾਂ ਵਿਚੋਂ ਬਹੁਗਿਣਤੀ ਗ੍ਰੰਥੀ ਸਿੰਘਾਂ ਦੀ ਸੀ। ਦੇਸ਼ ਦੀ ਗੁਲਾਮੀ ਪ੍ਰਤੀ ਜਾਗ੍ਰਿਤੀ ਲਿਆਉਣ ਵਾਸਤੇ ਗੁਰਬਾਣੀ ਦੇ ਮਹਾਂਵਾਕਾਂ ਦੀ ਵਰਤੋਂ ਗਦਰ ਲਹਿਰ ਦੇ ਪਰਚਿਆਂ/ਅਖ਼ਬਾਰਾਂ ਵਿਚ ਕੀਤੀ ਜਾਂਦੀ। ਮਿਸਾਲ ਵਜੋਂ ਹਰਨਾਮ ਸਿੰਘ ਸਾਹਰੀ ਅਤੇ ਜੀ ਡੀ ਕੁਮਾਰ ਵੱਲੋਂ ਜਨਵਰੀ 1910 ਵਿਚ ਸ਼ੁਰੂ ਕੀਤੇ ਗੁਰਮੁਖੀ ਪਰਚੇ ਦਾ ਮਾਟੋ ਸੀ, "ਮਰਨ ਭਲਾ ਉਸਕਾ ਜੋ ਅਪਨੇ ਲੀਏ ਜੀਏ, ਜੀਤਾ ਹੈ ਵੋਹ ਜੋ ਮਰ ਚੁਕਾ ਹੈ ਇਨਸਾਨ ਕੇ ਲੀਏ" ਅਤੇ ਇਸ ਦੀ ਦੂਸਰੀ ਪੰਕਤੀ ਵਿਚ "ੴ ਸਤਗੁਰ ਸਹਾਏ" ਲਿਖਿਆ ਹੁੰਦਾ। ਦੂਸਰਾ ਪਰਚਾ 'ਸੰਸਾਰ' ਜੋ ਕਰਤਾਰ ਸਿੰਘ ਹੁੰਦਲ ਨੇ 1912 ਵਿਚ ਸ਼ੁਰੂ ਕੀਤਾ, ਦਾ ਮਾਟੋ ਵੀ 'ਆਸਾ ਦੀ ਵਾਰ' ਦਾ ਸਲੋਕ ਸੀ "ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ" ਅਤੇ ਦੂਸਰੀ ਪੰਕਤੀ ਹੁੰਦੀ 'ੴ ਸਤਿਗੁਰ ਪਰਸਾਦਿ॥"

'ਗਦਰ ਦੀ ਗੂੰਜ' ਅਖ਼ਬਾਰ ਵਿਚ ਵੱਖ ਵੱਖ ਸ਼ਬਦ ਗੁਲਾਮੀ ਦਾ ਜੂਲਾ ਗਲੋਂ ਲਾਹ ਕੇ ਹਿੰਦੁਸਤਾਨ ਨੂੰ ਆਜ਼ਾਦ ਕਰਾਉਣ ਦੀ ਪ੍ਰੇਰਨਾ ਹਿਤ ਲਿਖੇ ਜਾਂਦੇ ਜਿਵੇਂ, "ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ॥ ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ॥" ਇਸ ਸ਼ਲੋਕ ਵਿਚ ਬਾਬਾ ਫਰੀਦ ਰੱਬ ਅੱਗੇ ਅਰਦਾਸ ਕਰਦੇ ਹਨ ਕਿ ਪਰਾਈ ਗੁਲਾਮੀ ਨਾਲੋਂ ਸਰੀਰ ਵਿਚੋਂ ਪਰਾਣ ਹੀ ਕੱਢ ਲਵੀਂ। ਇਸੇ ਤਰ੍ਹਾਂ ਭਗਤ ਕਬੀਰ ਦਾ ਸਲੋਕ ਕਿ ਅਸਲੀ ਅਧਿਆਤਮਕ ਸੂਰਮਾ ਉਹ ਹੈ ਜੋ ਗਰੀਬ ਦੀ, ਕਮਜ਼ੋਰ ਦੀ ਰੱਖਿਆ ਲਈ ਲੜਦਾ ਹੈ। ਉਹ ਭੋਰਾ ਭੋਰਾ ਕੱਟ ਕੇ ਮਰ ਜਾਂਦਾ ਹੈ ਪਰ ਰਣ-ਭੂਮੀ ਛੱਡ ਕੇ ਦੌੜਦਾ ਨਹੀਂ, "ਕਬੀਰ ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥ ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥" (ਪੰਨਾ 1105)। ਇਕ ਹੋਰ ਮਿਸਾਲ, ਗਦਰ ਅਖ਼ਬਾਰ ਵਿਚ ਗੁਰੂ ਨਾਨਕ ਸਾਹਿਬ ਦੇ ਉਸ ਸਲੋਕ ਨੂੰ ਮਾਟੋ ਬਣਾਉਣਾ ਹੈ ਜੋ ਮਨੁੱਖ ਤੋਂ ਪ੍ਰੇਮ ਦੇ ਮਾਰਗ 'ਤੇ ਚੱਲਣ ਲਈ ਪੂਰਨ ਸਮਰਪਣ ਦੀ ਮੰਗ ਕਰਦਾ ਹੈ ਕਿ ਜੇ ਇਸ ਮਾਰਗ 'ਤੇ ਪੈਰ ਰੱਖਣਾ ਹੈ ਤਾਂ ਤੈਨੂੰ ਆਪਣਾ ਸਿਰ ਤਲੀ 'ਤੇ ਰੱਖ ਕੇ ਆਉਣਾ ਪਵੇਗਾ, "ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥ ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥20॥

ਰਾਜਵਿੰਦਰ ਸਿੰਘ ਰਾਹੀ ਅਨੁਸਾਰ (ਗਦਰ ਲਹਿਰ ਅਸਲੀ ਗਾਥਾ-3 ਪ੍ਰੈਸ ਵਿਚ) ਅਨੁਸਾਰ ਜਿਨ੍ਹਾਂ ਪ੍ਰਚਾਰਕਾਂ ਅਤੇ ਗੁਰਦੁਆਰਿਆਂ ਨੇ ਗਦਰ ਲਹਿਰ ਵਿਚ ਹਿੱਸਾ ਲਿਆ ਉਹ ਹਨ-ਭਾਈ ਬਲਵੰਤ ਸਿੰਘ ਗੁਰਦੁਆਰਾ ਵੈਨਕੂਵਰ, ਭਾਈ ਹਰੀ ਸਿੰਘ ਚੋਟੀਆਂ ਗੁਰਦੁਆਰਾ ਵੈਨਕੂਵਰ ਅਤੇ ਸ਼ੰਘਾਈ, ਭਾਈ ਪਿਆਰਾ ਸਿੰਘ ਲੰਗੇਰੀ ਗੁਰਦੁਆਰਾ ਵੈਨਕੂਵਰ, ਭਾਈ ਮਿਤ ਸਿੰਘ ਪੰਡੋਰੀ ਗੁਰਦੁਆਰਾ ਐਬਟਸਫੋਰਡ, ਭਾਈ ਮੁਨਸ਼ਾ ਸਿੰਘ ਦੁਖੀ ਗੁਰਦੁਆਰਾ ਵਿਕਟੋਰੀਆ, ਭਾਈ ਭਗਵਾਨ ਸਿੰਘ ਪ੍ਰੀਤਮ ਗੁਰਦੁਆਰਾ ਪਿਨਾਂਗ-ਕੋਰੀਆ, ਵੈਨਕੂਵਰ, ਭਾਈ ਵਰਿਆਮ ਸਿੰਘ, ਸੁੰਦਰ ਸਿੰਘ ਗੁਰਦੁਆਰਾ ਵੈਨਕੂਵਰ, ਭਾਈ ਵਸਾਖਾ ਸਿੰਘ ਦਦੇਹਰ, ਭਾਈ ਹਜ਼ਾਰਾ ਸਿੰਘ ਦਦੇਹਰ ਤੇ ਭਾਈ ਇੰਦਰ ਸਿੰਘ ਮਲ੍ਹਾ ਗੁਰਦੁਆਰਾ ਸਟਾਕਟਨ, ਭਾਈ ਬੁੱਧ ਸਿੰਘ ਗੁਰਦੁਆਰਾ ਬੈਂਕਾਕ, ਭਾਈ ਹਰਨਾਮ ਸਿੰਘ ਕਹੂਟਾ ਗੁਰਦੁਆਰਾ ਹਾਂਗਕਾਂਗ, ਭਾਈ ਵਸਾਵਾ ਸਿੰਘ ਗੁਰਦੁਆਰਾ ਚਿੰਗਮੋਈ ਥਾਈਲੈਂਡ, ਭਾਈ ਭੋਗ ਸਿੰਘ ਗੁਰਦੁਆਰਾ ਝਾੜ ਸਾਹਿਬ ਅੰਮ੍ਰਿਤਸਰ, ਭਾਈ ਪ੍ਰੇਮ ਸਿੰਘ ਗੁਰਦੁਆਰਾ ਪਿਨਾਂਗ-ਕੋਰੀਆ ਅਤੇ ਚੋਮਾਲਾ ਸਾਹਿਬ-ਲਾਹੌਰ, ਭਾਈ ਮਦਨ ਸਿੰਘ ਗਾਗਾ ਗੁਰਦੁਆਰਾ ਲਾਹੌਰ ਛਾਉਣੀ। ਇਸ ਤੋਂ ਬਿਨਾਂ ਉਹ ਪ੍ਰਚਾਰਕ ਜਿਨ੍ਹਾਂ ਨੇ ਗਦਰ ਲਹਿਰ ਵਿਚ ਹਿੱਸਾ ਲਿਆ ਪਰ ਉਨ੍ਹਾਂ ਤੇ ਕੋਈ ਕੇਸ ਨਹੀਂ ਪਾਇਆ ਗਿਆ, ਸਨ-ਭਾਈ ਜਗਤ ਸਿੰਘ ਗੁਰਦੁਆਰਾ ਹਾਂਗ ਕਾਂਗ, ਭਾਈ ਖੜਕ ਸਿੰਘ ਗੁਰਦੁਆਰਾ ਹਾਂਗ ਸ਼ੰਘਾਈ, ਭਾਈ ਬਿਸ਼ਨ ਸਿੰਘ ਗੁਰਦੁਆਰਾ ਹਿਆਨ-ਸ਼ੰਘਾਈ, ਭਾਈ ਹਰਨਾਮ ਸਿੰਘ ਤੇ ਭਾਈ ਨਰਾਇਣ ਸਿੰਘ ਠੀਕਰੀਵਾਲ ਗੁਰਦੁਆਰਾ ਵੈਨਕੂਵਰ, ਭਾਈ ਭਗਤ ਸਿੰਘ-ਚਰਨਜੀਤ ਸਿੰਘ ਗੁਰਦੁਆਰਾ ਸਟਾਕਟਨ, ਭਾਈ ਸਰਦਾਰਾ ਸਿੰਘ ਗੁਰਦੁਆਰਾ ਬਰਮਾ, ਭਾਈ ਜੋਗਾ ਸਿੰਘ ਗੁਰਦੁਆਰਾ ਸਿੰਘਾਪੁਰ, ਭਾਈ ਅਤਰ ਸਿੰਘ ਗੁਰਦੁਆਰਾ ਧਿਕਮਾਨਪੁਰ, ਭਾਈ ਚਟਰ ਸਿੰਘ ਗੁਰਦੁਆਰਾ ਬਾਬਾ ਬੁੱਢਾ ਜੀ ਰਾਮਦਾਸ ਅਤੇ ਖਡੂਰ ਸਾਹਿਬ, ਭਾਈ ਈਸ਼ਰ ਸਿੰਘ ਮੜਾਨਾ ਐਸ ਜੀ ਪੀ ਸੀ ਮੈਂਬਰ, ਭਾਈ ਕਰਮ ਸਿੰਘ ਨਥੋਕੇ ਬਰਕੀ ਗੁਰਦੁਆਰਾ ਲਾਹੌਰ, ਭਾਈ ਸੰਤਾ ਸਿੰਘ/ਸੰਤ ਲਖਵੀਰ ਸਿੰਘ ਚੱਕ ਲਾਇਲਪੁਰ (ਫੈਸਲਾਬਾਦ)।

ਸ. ਜਗਜੀਤ ਸਿੰਘ ਅਨੁਸਾਰ, "ਅਮਰੀਕਾ ਕੈਨੇਡਾ ਅਤੇ ਧੁਰ ਪੂਰਬ ਨੂੰ ਵੀਹਵੀਂ ਸਦੀ ਦੇ ਸ਼ੁਰੂ ਵਿਚ ਗਏ ਪੰਜਾਬੀ ਕਿਸਾਨ ਅਨਸਰ ਦੇ ਆਚਾਰ ਅਤੇ ਪ੍ਰਕਿਰਤੀ ਦਾ ਖਾਕਾ ਉਹੋ ਸੀ...ਅਰਥਾਤ ਅਮਨ-ਚੈਨ ਦੀ ਜ਼ਿੰਦਗੀ ਅਤੇ ਨਵੀਨ ਸਭਿਅਤਾ ਦੇ ਅਸਰਾਂ ਹੇਠ ਉਸ ਦੀ ਲੜਨ ਸ਼ਕਤੀ ਵਿਚ ਦਿਨੋਂ-ਦਿਨ ਫਰਕ ਪੈਣ ਲੱਗ ਪਿਆ ਸੀ, ਪਰ ਜਿਸ ਸਮੇਂ ਉਹ ਅਮਰੀਕਾ ਆਦਿ ਦੇਸ਼ਾਂ ਵਿਚ ਗਿਆ, ਉਹ ਅਜੇ ਵੀ ਬੜਾ ਬਹਾਦਰ ਸੀ, ਜਿਸ ਦੀ ਪਹਿਲੇ ਸੰਸਾਰ-ਯੁੱਧ ਵਿਚ ਬਹਾਦਰੀ ਦੀ ਦਾਦ ਯੂਰਪੀਨ ਪਾਰਖੂਆਂ ਨੇ ਵੀ ਦਿੱਤੀ ਹੈ। ਜ਼ਬਾਨ ਨਾਲੋਂ ਉਸ ਦੇ ਹੱਥ ਵਧੇਰੇ ਚਲਦੇ ਅਤੇ ਇਤਨੀ ਤੱਟ-ਫੱਟ ਕਿ ਉਸ ਦੇ ਫੁਰਨੇ ਅਤੇ ਕਰਨੀ ਵਿਚ ਬਹੁਤਾ ਵਕਫਾ ਨਾ ਹੁੰਦਾ" (ਪੰਨਾ 55) ਅਮਰੀਕਨ ਐਂਥਰੋਪਾਲੋਜਿਸਟ ਕਾਰੇਨ ਇਸਾਕਸੇਨ ਲਿਓਨਾਰਡ ਨੇ ਆਪਣੀ ਪੁਸਤਕ 'ਮੇਕਿੰਗ ਐਥਨਿਕ ਚੁਆਇਸਜ਼' ਵਿਚ ਲਿਖਿਆ ਹੈ ਕਿ 1899 ਤੋਂ 1914 ਦੇ ਵਿਚਕਾਰ ਜਿਹੜੇ ਭਾਰਤੀ ਪੱਛਮੀ ਯੂਨਾਈਟਿਡ ਸਟੇਟਸ ਵਿਚ ਆਏ ਉਹ ਬਹੁਤੇ ਭਾਰਤ ਦੇ ਪੰਜਾਬ ਪ੍ਰਾਂਤ ਦੇ ਕਿਸਾਨ ਸਨ ਜੋ ਮਾਰਸ਼ਲ ਜਾਤਾਂ ਅਤੇ ਜ਼ਿਮੀਦਾਰ ਪਰਿਵਾਰਾਂ ਵਿਚੋਂ ਸਨ। ਉਸ ਨੇ ਅੱਗੇ ਜੁਆਇਸ ਪੇਟੀ ਗਰਿਉ ਦੇ ਹਵਾਲੇ ਨਾਲ ਲਿਖਿਆ ਹੈ ਕਿ ਪੰਜਾਬੀ ਸਭਿਆਚਾਰ ਦੀਆਂ ਮੁੱਖ ਕੀਮਤਾਂ ਵਿਚ ਹੌਸਲਾ, ਖਤਰਾ ਲੈ ਸਕਣ ਦੀ ਇੱਛਾ, ਆਪਣੇ ਆਪ ਨੂੰ ਦੂਜਿਆਂ 'ਤੇ ਭਾਰੂ ਪਾਉਣਾ, ਹਾਰ ਅਤੇ ਅਧੀਨਗੀ ਦੇ ਸੰਕਲਪਾਂ ਦੀ ਗ਼ੈਰਹਾਜ਼ਰੀ ਹੋਣਾ ਹੈ।

ਗੁਰਦੁਆਰੇ ਨਾ ਸਿਰਫ ਸਿੱਖਾਂ ਦੇ ਧਾਰਮਿਕ ਕੇਂਦਰ ਸਨ ਬਲਕਿ ਗਦਰ ਲਹਿਰ ਦੇ ਪ੍ਰਚਾਰ-ਕੇਂਦਰ ਵੀ ਸਨ ਜਿਥੇ ਸਿੱਖ, ਹਿੰਦੂ, ਮੁਸਲਮਾਨ ਸਭ ਗਦਰੀ ਇਕੱਠੇ ਹੁੰਦੇ। ਗਦਰੀ ਯੋਧਿਆਂ ਦੀਆਂ ਕਵਿਤਾਵਾਂ ਦੇ ਟੋਟਕਿਆਂ ਵਿਚੋਂ ਅੰਦਾਜ਼ਾ ਲੱਗ ਸਕਦਾ ਹੈ ਕਿ ਉਨ੍ਹਾਂ ਨੇ ਕਿਵੇਂ ਹਿੰਦੀਆਂ ਨੂੰ ਦੇਸ਼ ਦੀ ਆਜ਼ਾਦੀ ਲਈ ਮਰ-ਮਿਟਣ ਵਾਸਤੇ ਪ੍ਰੇਰਿਆ ਅਤੇ ਗੁਲਾਮੀ ਦਾ ਅਹਿਸਾਸ ਕਰਾਇਆ। ਸੋਹਣ ਸਿੰਘ ਪੂੰਨੀ ਨੇ ਆਪਣੀ ਪੁਸਤਕ 'ਕੈਨੇਡਾ ਦੇ ਗਦਰੀ ਯੋਧੇ' ਵਿਚ ਹਰ ਇੱਕ ਯੋਧੇ ਦੀ ਜੀਵਨੀ ਦੇ ਮੁੱਢ ਵਿਚ ਗਦਰੀਆਂ ਦੀਆਂ ਕਵਿਤਾਵਾਂ ਵਿਚੋਂ ਟੋਟਕੇ ਦਿੱਤੇ ਹਨ ਜਿਨ੍ਹਾਂ ਦਾ ਸੰਖੇਪ ਜਿਹਾ ਵਿਸ਼ਲੇਸ਼ਣ ਉਨ੍ਹਾਂ ਦੀ ਸਪਿਰਿਟ ਨੂੰ ਜਾਣਨ ਲਈ ਕਾਫੀ ਹੈ। ਪਹਿਲਾ ਹੀ ਜ਼ਿਕਰ ਉਨ੍ਹਾਂ ਇੱਕ ਗਦਰੀ ਦੇ ਸੁਪਨੇ ਦਾ ਕਾਵਿ-ਟੋਟੇ ਦੇ ਰੂਪ ਵਿਚ ਕੀਤਾ ਹੈ ਜਿਸ ਵਿਚ ਹਿੰਦੁਸਤਾਨ ਨੂੰ ਇੱਕ ਬਾਗ਼ ਤਸ਼ਵਰ ਕੀਤਾ ਗਿਆ ਹੈ ਜੋ ਮਹਿਕਦਾ ਹੀ ਸੁਹਣਾ ਲਗਦਾ ਹੈ ਅਤੇ ਜਿਥੇ ਸਭ ਨੂੰ ਬਰਾਬਰ ਦੇ ਹੱਕ ਹੋਣ,

ਬਾਗ ਹਿੰਦ ਦਾ ਟੈਹਕਦਾ ਲੱਗੇ ਸੋਹਣਾ,
ਆਵੇ ਮਹਿਕ ਤੇ ਖਿੜੀ ਗੁਲਜ਼ਾਰ ਹੋਵੇ।
ਫਿਰਨ ਮਾਣਦੇ ਬਾਗ ਵਿਚ ਰੰਗ ਰਲੀਆਂ,
ਸਿਰੋਂ ਲੱਥਾ ਗੁਲਾਮੀ ਦਾ ਭਾਰ ਹੋਵੇ।
ਉਚ ਨੀਚ ਦਾ ਸਵਾਲ ਨਾ ਛਿੜੇ ਕਿਧਰੇ,
ਮਿਲਦਾ ਸਭ ਦੇ ਤਾਈਂ ਰੁਜ਼ਗਾਰ ਹੋਵੇ।
ਹੱਕ ਹੋਵੇ ਇਕੋ ਜੇਹਾ ਸਾਰਿਆਂ ਦਾ,
ਠਾਠਾਂ ਮਾਰਦਾ ਪ੍ਰੇਮ ਪਿਆਰ ਹੋਵੇ।

ਸ਼ਹੀਦ ਭਾਈ ਭਾਗ ਸਿੰਘ ਭਿੱਖੀਵਿੰਡ ਦੀ ਜੀਵਨੀ ਦੇ ਅੱਗੇ ਕਵਿਤਾ ਦੀਆਂ ਪੰਕਤੀਆਂ ਦੱਸਦੀਆਂ ਹਨ ਕਿ ਗ਼ੁਲਾਮ ਹੋਣ ਕਰਕੇ ਬਾਹਰਲੇ ਮੁਲਕਾਂ ਵਿਚ ਗਏ ਹਿੰਦੁਸਤਾਨੀਆਂ ਨਾਲ ਖਾਸ ਕਰਕੇ ਗੋਰਿਆਂ ਵੱਲੋਂ ਕਿਹੋ ਜਿਹਾ ਤ੍ਰਿਸਕਾਰ ਭਰਿਆ ਸਲੂਕ ਹੁੰਦਾ ਸੀ। ਅਮਰੀਕਾ ਅਤੇ ਕੈਨੇਡਾ ਵਿਚ ਹਿੰਦੁਸਤਾਨੀਆਂ ਨੂੰ, ਜਿਨ੍ਹਾਂ ਵਿਚ ਬਹੁਗਿਣਤੀ ਪੰਜਾਬੀ ਸਿੱਖਾਂ ਦੀ ਸੀ, ਇਸੇ ਸਲੂਕ ਨੇ ਆਜ਼ਾਦੀ ਲਈ ਜੰਗ ਵਿੱਢਣ ਵਾਸਤੇ ਪ੍ਰੇਰਿਆ। ਉਨ੍ਹਾਂ ਨੂੰ ਹਿਕਾਰਤ ਦੀ ਨਜ਼ਰ ਨਾਲ ਦੇਖਿਆ ਜਾਂਦਾ ਸੀ। ਸਕੂਲਾਂ, ਹੋਟਲਾਂ ਵਿਚ ਵੜਨ ਨਹੀਂ ਸੀ ਦਿੱਤਾ ਜਾਂਦਾ ਜਾਂ ਗੋਰਿਆਂ ਦੇ ਬਰਾਬਰ ਨਹੀਂ ਸੀ ਬੈਠਣ ਦਿੱਤਾ ਜਾਂਦਾ। ਸੋਹਣ ਸਿੰਘ ਪੂੰਨੀ ਨੇ ਭਾਈ ਭਾਗ ਸਿੰਘ ਦੀ ਜੀਵਨੀ ਵਿਚ ਦੱਸਿਆ ਹੈ ਕਿ "ਕੈਨੇਡਾ ਦੇ ਸਿੱਖਾਂ ਨੂੰ ਰਾਜਨੀਤਕ ਤੌਰ 'ਤੇ ਜਾਗ੍ਰਿਤ ਕਰਨ ਅਤੇ ਉਨ੍ਹਾਂ ਨੂੰ ਦੇਸ਼ ਦੀ ਆਜ਼ਾਦੀ ਲਈ ਹਥਿਆਰਬੰਦ ਸੰਘਰਸ਼ ਦੇ ਰਾਹ ਪਾਉਣ ਵਿਚ ਜਿਨ੍ਹਾਂ ਲੀਡਰਾਂ ਨੇ ਰੋਲ ਨਿਭਾਇਆ ਸੀ, ਉਨ੍ਹਾਂ ਵਿਚ ਭਾਈ ਭਾਗ ਸਿੰਘ ਦਾ ਨਾਂ ਉਪਰਲੀ ਕਤਾਰ ਵਿਚ ਆਉਂਦਾ ਹੈ। (ਪੰਨਾ 23) ਭਾਈ ਭਾਗ ਸਿੰਘ ਨੇ ਆਪਣੇ ਸਾਥੀਆਂ ਨਾਲ ਰਲ ਕੇ ਵੈਨਕੂਵਰ ਵਿਚ ਉਤਰੀ ਅਮਰੀਕਾ ਦਾ ਸਭ ਤੋਂ ਪਹਿਲਾ ਗੁਰਦੁਆਰਾ ਬਣਾਇਆ। ਇਸ ਗੁਰਦੁਆਰੇ ਦੇ ਬਣਨ ਨਾਲ ਵੈਨਕੂਵਰ ਦੇ ਹਿੰਦੁਸਤਾਨੀਆਂ ਨੂੰ ਜੁੜ ਬੈਠਣ ਲਈ ਥਾਂ ਮਿਲ ਗਈ। 19 ਜਨਵਰੀ, 1908 ਨੂੰ ਖੁਲ੍ਹਾ ਇਹ ਗੁਰਦੁਆਰਾ ਸਿਰਫ ਸਿੱਖਾਂ ਦਾ ਧਾਰਮਿਕ ਕੇਂਦਰ ਹੀ ਨਹੀਂ ਸੀ। ਗੁਰਦੁਆਰੇ ਦੀ ਬੇਸਮੈਂਟ ਵਿਚ ਇਮੀਗ੍ਰੇਸ਼ਨ, ਨਸਲਵਾਦ ਅਤੇ ਰਾਜਨੀਤਕ ਮੁੱਦਿਆਂ ਬਾਰੇ ਮੀਟਿੰਗਾਂ ਹੁੰਦੀਆਂ ਸਨ ਜਿਨ੍ਹਾਂ ਵਿਚ ਹਿੰਦੂ, ਮੁਸਲਮਾਨ, ਬੰਗਾਲੀ ਅਤੇ ਗੁਜਰਾਤੀ ਵੀ ਸ਼ਾਮਲ ਹੁੰਦੇ ਸਨ।" (ਪੰਨਾ 25)

ਲੋਕੀਂ ਆਖਦੇ ਨੀਚ ਗੁਲਾਮ ਹਿੰਦੀ,
ਦਿੰਦੇ ਆਪਣੇ ਵਿਚ ਨਾ ਥਾਂਇ ਸਾਨੂੰ।
ਕਾਲਾ ਦੇਖ ਗੁਲਾਮੀ ਦਾ ਦਾਗ ਮੱਥੇ,
ਦਿੰਦੇ ਕੁੱਤਿਆਂ ਵਾਂਗ ਦਰਕਾਇ ਸਾਨੂੰ।

ਪਹਿਲਾਂ ਵੀ ਜ਼ਿਕਰ ਹੋ ਚੁੱਕਾ ਹੈ ਕਿ ਜਿਹੜੇ ਪੰਜਾਬੀ ਅਮਰੀਕਾ ਅਤੇ ਕੈਨੇਡਾ ਗਏ ਉਨ੍ਹਾਂ ਵਿਚੋਂ ਬਹੁਤੇ ਸਾਬਕਾ ਫੌਜੀ ਸੀ ਜਿਨ੍ਹਾਂ ਨੇ ਬ੍ਰਿਟਿਸ਼ ਰਾਜ ਵਾਸਤੇ ਲੜਾਈਆਂ ਲੜੀਆਂ। ਇਹ ਫੌਜੀ ਬਹਾਦਰੀ ਲਈ ਮਿਲੇ ਮੈਡਲ, ਫੌਜੀ ਵਰਦੀਆਂ ਅਤੇ ਹੋਰ ਫੌਜੀ ਚਿੰਨ੍ਹ ਧਾਰਨ ਕਰਕੇ ਰੱਖਦੇ। 3 ਅਕਤੂਬਰ, 1909 ਨੂੰ ਵੈਨਕੂਵਰ ਦੇ ਗੁਰਦੁਆਰੇ ਵਿਚ ਭਾਈ ਭਾਗ ਸਿੰਘ ਦੇ ਦੋਸਤ ਭਾਈ ਨੱਥਾ ਸਿੰਘ ਬਿਲਗਾ, ਜੋ ਕਿ ਬਹੁਤ ਹੀ ਵਧੀਆ ਸਿੱਖ ਅਤੇ ਸੋਸ਼ਲਿਸਟ ਵਿਚਾਰਧਾਰਾ ਵਾਲੀ ਰਾਜਨੀਤਕ ਜਥੇਬੰਦੀ 'ਹਿੰਦੁਸਤਾਨ ਅਸੋਸੀਏਸ਼ਨ' ਦਾ ਸਰਗਰਮ ਮੈਂਬਰ ਸੀ, ਨੇ ਸੰਗਤ ਸਾਹਮਣੇ ਹਿੰਦੁਸਤਾਨ, ਸੰਸਾਰ ਦੇ ਬਾਕੀ ਮੁਲਕਾਂ ਅਤੇ ਖਾਸ ਕਰਕੇ ਬ੍ਰਿਟਿਸ਼ ਕਲੋਨੀਆਂ ਵਿਚ ਹਿੰਦੁਸਤਾਨੀਆਂ ਦੀ ਭੈੜੀ ਹਾਲਤ ਬਾਰੇ ਬੋਲਦਿਆਂ ਦਲੀਲ ਦਿੱਤੀ, "ਜੋ ਮੈਡਲ ਉਹ ਲਾਈ ਫਿਰਦੇ ਹਨ, ਉਨ੍ਹਾਂ ਤੋਂ ਸਿਰਫ ਇਹ ਪਤਾ ਲਗਦਾ ਹੈ ਕਿ ਉਹ ਭਾੜੇ ਦੇ ਫੌਜੀ ਹਨ, ਜੋ ਅੰਗਰੇਜ਼ਾਂ ਲਈ ਆਪਣੇ ਦੇਸ਼ ਵਾਸੀਆਂ ਤੇ ਦੂਸਰੇ ਆਜ਼ਾਦ ਲੋਕਾਂ ਦੇ ਵਿਰੁੱਧ ਲੜੇ। ਅੰਗਰੇਜ਼ੀ ਫੌਜ ਲਈ ਲੜਾਈਆਂ ਲੜ ਕੇ ਲਏ ਮੈਡਲ ਬਹਾਦਰੀ ਦੇ ਨਹੀਂ, ਸਗੋਂ ਗੁਲਾਮੀ ਦੇ ਮੈਡਲ ਕਹੇ ਜਾਣੇ ਚਾਹੀਦੇ ਹਨ।" ਸੋਹਣ ਸਿੰਘ ਪੂੰਨੀ ਅਨੁਸਾਰ ਇਸ ਤੋਂ ਬਾਅਦ ਭਾਈ ਨੱਥਾ ਸਿੰਘ ਨੇ ਇਸ ਸਬੰਧ ਵਿਚ ਇੱਕ ਮਤਾ ਰੱਖਿਆ ਕਿ 'ਗੁਰਦੁਆਰੇ ਦੀ ਐਗਜ਼ੈਕਟਿਵ ਕਮੇਟੀ ਦਾ ਕੋਈ ਵੀ ਮੈਂਬਰ ਕੋਈ ਅਜਿਹਾ ਤਗਮਾ, ਬਟਨ, ਵਰਦੀ ਜਾਂ ਇਨਸਿਗਨੀਆ ਨਹੀਂ ਪਹਿਨੇਗਾ, ਜਿਸ ਤੋਂ ਇਹ ਪਤਾ ਲੱਗੇ ਕਿ ਇਸ ਨੂੰ ਪਹਿਨਣ ਵਾਲਾ ਅੰਗਰੇਜ਼ਾਂ ਦੇ ਇੱਕ ਗੁਲਾਮ ਤੋਂ ਵੱਧ ਕੁੱਝ ਨਹੀਂ।' (ਪੰਨਾ 29) ਇਸ ਤੇ ਬਹੁਤ ਸਾਰੇ ਕਮੇਟੀ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਨੇ ਆਪਣੇ ਤਗਮੇ, ਵਰਦੀ, ਆਨਰੇਬਲ ਡਿਸਚਾਰਜ ਸਰਟੀਫਿਕੇਟ ਜਲਾ ਦਿੱਤੇ। ਇਸੇ ਭਾਵਨਾ ਦਾ ਪ੍ਰਗਟਾਵਾ ਕਰਦੀ ਇਕ ਗਦਰੀ ਕਵੀ ਦੀ ਕਵਿਤਾ ਦਾ ਟੋਟਾ ਹੈ ਜੋ, ਡਾ. ਹਰੀਸ਼ ਪੁਰੀ ਨੇ ਆਪਣੀ ਪੁਸਤਕ 'ਗਦਰ ਲਹਿਰ' (ਪੰਜਾਬੀ ਅਨੁਵਾਦ) ਦੇ ਪੰਨਾ 172 'ਤੇ ਦਿੱਤਾ ਹੈ,

ਸਾਰਾ ਜੱਗ ਸਾਨੂੰ ਮੇਹਣੇ ਮਾਰਦਾ ਹੈ
ਖੂਬ ਰੱਖਣਾ ਵਕਤ ਨੂੰ ਯਾਦ ਸਿੰਘੋ।
ਜਦੋਂ ਸੰਨ ਸਤਵੰਜਾ ਵਿਚ ਗਦਰ ਹੋਇਆ
ਆਇਆ ਪੰਥ ਨੂੰ ਬਹੁਤ ਜ਼ਵਾਲ ਸਿੰਘੋ।
ਅੱਜ ਮੁਲਕ ਆਜ਼ਾਦੀ 'ਚ ਖੇਡਣਾ ਸੀ
ਕਰਦੇ ਪਿਆਰ ਜੇ ਗਦਰ ਦੇ ਨਾਲ ਸਿੰਘੋ।
ਉਠੋ ਜਲਦੀ ਕਲੰਕ ਦਾ ਦਾਗ ਧੋਈਏ
ਵਾਕ ਗੁਰੂ ਦੇ ਜੇ ਤੁਸਾਂ ਯਾਦ ਸਿੰਘੋ।

ਸ਼ਹੀਦ ਬੱਬਰ ਕਰਮ ਸਿੰਘ ਦੌਲਤਪੁਰ ਜੋ 1907 ਵਿਚ ਕੈਨੇਡਾ ਗਏ ਅਤੇ ਆਪਣੇ ਭਰਾ ਹਰੀ ਸਿੰਘ ਨਾਲ ਐਬਟਸਫੋਰਡ ਰਹਿੰਦੇ ਸਨ, ਭਾਈਚਾਰਕ ਕੰਮਾਂ ਵਿਚ ਵੱਧ ਚੜ੍ਹ ਕੇ ਸੇਵਾ ਕਰਦੇ। ਸੋਹਣ ਸਿੰਘ ਪੂੰਨੀ ਅਨੁਸਾਰ ਕਰਮ ਸਿੰਘ ਸੰਤ ਤੇਜਾ ਸਿੰਘ ਦੀ ਅਗਵਾਈ ਥੱਲੇ ਬਣੀ 'ਗੁਰੂ ਨਾਨਕ ਮਾਈਨਿੰਗ ਐਂਡ ਟ੍ਰਸਟ ਕੰਪਨੀ' ਦੇ ਹਿੱਸੇਦਾਰ ਸਨ। ਕੈਨੇਡਾ ਦੇ ਆਜ਼ਾਦ ਵਾਤਾਵਰਨ ਵਿਚ ਸਿਆਸੀ ਜਾਗ੍ਰਿਤੀ ਆਈ ਤੇ ਅਹਿਸਾਸ ਹੋਇਆ ਕਿ ਹਿੰਦੁਸਤਾਨ ਨੂੰ ਆਜ਼ਾਦ ਕਰਾਏ ਬਿਨਾਂ ਬਾਹਰਲੇ ਦੇਸ਼ਾਂ ਵਿਚ ਹਿੰਦੁਸਤਾਨੀਆਂ ਦੀ ਕੋਈ ਇੱਜ਼ਤ ਨਹੀਂ ਹੋ ਸਕਦੀ ਅਤੇ ਹਿੰਦੁਸਤਾਨ ਨੂੰ ਆਜ਼ਾਦ ਸਿਰਫ ਹਥਿਆਰਬੰਦ ਸੰਘਰਸ਼ ਰਾਹੀਂ ਹੀ ਕਰਾਇਆ ਜਾ ਸਕਦਾ ਹੈ। ਅਪ੍ਰੈਲ 1913 ਵਿਚ ਜਦੋਂ ਗਦਰ ਪਾਰਟੀ ਬਣੀ ਤਾਂ ਆਪ ਇਸ ਦੇ ਮੈਂਬਰ ਬਣ ਗਏ। ਗਦਰ ਪਾਰਟੀ ਦੇ ਸੱਦੇ ਤੇ 1914 ਵਿਚ ਭਾਈ ਕਰਮ ਸਿੰਘ ਦੇਸ਼ ਆਜ਼ਾਦ ਕਰਾਉਣ ਲਈ ਹਿੰਦੁਸਤਾਨ ਚਲੇ ਗਏ ਜਿਥੇ ਉਨ੍ਹਾਂ ਨੂੰ ਪਹਿਲਾਂ ਗ੍ਰਿਫਤਾਰ ਕਰ ਲਿਆ ਗਿਆ ਅਤੇ ਫਿਰ ਪਿੰਡ ਲਿਜਾ ਕੇ ਜੂਹਬੰਦ ਕਰ ਦਿੱਤਾ ਗਿਆ। ਇਹ ਪਾਬੰਦੀ 1918 ਤੱਕ ਲੱਗੀ ਰਹੀ। ਜੂਹਬੰਦੀ ਹਟਣ ਤੇ ਫੇਰ ਸਰਗਰਮ ਹੋ ਗਏ। (ਪੰਨਾ 121) ਭਾਈ ਕਰਮ ਸਿੰਘ ਦੀ ਕਵਿਤਾ ਦਾ ਨਮੂਨਾ ਦਿੱਤਾ ਹੈ ਜਿਸ ਵਿਚ ਦੇਸ਼ ਨੂੰ ਆਜ਼ਾਦ ਕਰਾਉਣ ਲਈ ਹਿੰਮਤ ਕਰਨ, ਹਥਿਆਰਬੰਦ ਘੋਲ ਸ਼ੁਰੂ ਕਰਨ ਦੀ ਗੱਲ ਕਰਦੇ ਹਨ,

ਕਰਮ ਸਿੰਘ ਹੁਣ ਬੱਬਰ ਦਾ ਰੂਪ ਧਾਰੋ,
ਵੇਲਾ ਆ ਗਿਆ ਧੂਮ ਮਚਾਵਣੇ ਦਾ।

---

ਹਿੰਮਤ ਧਾਰ ਹੁਣ ਜੰਗ ਕਰ ਸ਼ੁਰੂ ਯਾਰਾ,
ਲੜਨ ਮਰਨ ਤੋਂ ਤੂੰ ਸ਼ਰਮਾ ਨਾਹੀਂ।
'ਕਰਮ ਸਿੰਘ' ਵੰਗਾਰਦਾ ਬੱਬਰ ਤੈਨੂੰ,
ਪੈਰ ਜੰਗ ਤੋਂ ਪਿੱਛਾਂ ਹਟਾ ਨਾਹੀਂ।
ਬੱਬਰ ਕੱਢ ਵਰੰਟ ਤੂੰ ਜ਼ਾਲਮਾਂ ਦੇ,
ਹਥੀਂ ਆਪਣੀ ਦਫਾ ਲਗਾ ਭਾਈ।
ਝੋਲੀਚੁੱਕਾਂ ਖ਼ੁਸ਼ਾਮਦੀ ਦੱਲਿਆਂ ਨੂੰ,
ਗ੍ਰਿਫਤਾਰ ਕਰ ਹੁਣ ਮੰਗਾ ਭਾਈ।
'ਕਰਮ ਸਿੰਘ' ਕਰਤਾਰ ਦੀ ਓਟ ਲੈ ਕੇ,
ਹੁਣ ਜ਼ਾਲਮਾਂ ਵੰਡੀਆਂ ਪਾ ਭਾਈ।

ਭਾਈ ਕਰਮ ਸਿੰਘ ਦੌਲਤਪੁਰ ਆਪਣੇ ਸਾਥੀਆਂ ਉਦੇ ਸਿੰਘ ਰਾਮਗੜ੍ਹ ਝੁੰਗੀਆਂ, ਬਿਸ਼ਨ ਸਿੰਘ ਮਾਂਗਟਾਂ ਤੇ ਮਹਿੰਦਰ ਸਿੰਘ ਪੰਡੋਰੀ, ਗੰਗਾ ਸਿੰਘ ਸਮੇਤ, ਅਨੂਪ ਸਿੰਘ ਦੀ ਮੁਖਬਰੀ ਤੇ ਜੋ ਬਹਾਨਾ ਲਾ ਕੇ ਕਿਸੇ ਹੋਰ ਘਰ ਠਹਿਰਿਆ ਹੋਇਆ ਸੀ, ਕਪੂਰਥਲਾ ਰਿਆਸਤ ਦੇ ਪਿੰਡ ਬਬੇਲੀ ਵਿਚ ਪਹਿਲੀ ਸਤੰਬਰ 1923 ਨੂੰ ਪੁਲਿਸ ਦੇ ਘੇਰੇ ਵਿਚ ਆ ਗਏ। ਅਨੂਪ ਸਿੰਘ ਨੇ ਉਨ੍ਹਾਂ ਦੇ ਝੋਲੇ ਵਿਚੋਂ ਬੰਬ ਵੀ ਖਿਸਕਾ ਲਿਆ ਸੀ। ਪਿੰਡ ਨੂੰ ਬਰਬਾਦ ਹੋਣੋਂ ਬਚਾਉਣ ਲਈ ਬੱਬਰਾਂ ਨੇ ਪਿੰਡ ਤੋਂ ਬਾਹਰ ਨਿਕਲ ਕੇ ਲੜਨ ਦਾ ਫੈਸਲਾ ਕੀਤਾ। ਕਿਰਪਾਨਾਂ ਸੂਤ ਕੇ ਜੈਕਾਰਾ ਛੱਡਿਆ ਅਤੇ ਪੁਲਿਸ ਦੀ ਟੁਕੜੀ ਤੇ ਹਮਲਾ ਕਰ ਦਿੱਤਾ ਟੁਕੜੀ ਪਿੱਛਾਂਹ ਹਟ ਗਈ। ਜਥੇ ਨੇ ਗੁਰਦੁਆਰਾ ਚੌਂਤਾ ਸਾਹਿਬ ਪਹੁੰਚਣ ਲਈ ਪਿੰਡ ਨਾਲ ਵੱਗਦੇ ਚੋਅ ਵਿਚ ਛਾਲਾਂ ਮਾਰ ਦਿੱਤੀਆਂ। ਗੋਲੀ ਲੱਗਣ ਨਾਲ ਭਾਈ ਮਹਿੰਦਰ ਸਿੰਘ ਪੰਡੋਰੀ ਗੰਗਾ ਸਿੰਘ ਚੋਅ ਵਿਚ ਹੀ ਸ਼ਹੀਦੀ ਪਾ ਗਿਆ ਅਤੇ ਬਿਸ਼ਨ ਸਿੰਘ ਮਾਂਗਟਾਂ ਕੰਢੇ ਤੇ ਪੁੱਜ ਕੇ ਰਸਾਲੇ ਨਾਲ ਮੁਕਾਬਲਾ ਕਰਦਾ ਹੋਇਆ ਸ਼ਹੀਦੀ ਪਾ ਗਿਆ। ਭਾਈ ਕਰਮ ਸਿੰਘ ਕੰਢੇ ਤੋਂ ਥੋੜੀ ਦੂਰ ਇੱਕ ਹੱਥ ਵਿਚ ਕਿਰਪਾਨ ਤੇ ਦੂਜੇ ਵਿਚ ਬੰਦੂਕ ਫੜੀ ਗੋਡੇ ਗੋਡੇ ਪਾਣੀ ਵਿਚ ਖੜ੍ਹੇ ਸਨ ਜਦੋਂ ਫਤਿਹ ਖਾਨ ਨੇ ਹਥਿਆਰ ਸੁੱਟਣ ਲਈ ਕਿਹਾ। ਭਾਈ ਕਰਮ ਸਿੰਘ ਨੇ ਗਰਜਵੀਂ ਆਵਾਜ਼ ਵਿਚ ਜਵਾਬ ਦਿੱਤਾ, "ਸਿੱਖ ਮੈਦਾਨੇ ਜੰਗ ਵਿਚ ਹਥਿਆਰ ਨਹੀਂ ਸੁੱਟਿਆ ਕਰਦਾ। ਮੈਂ ਹਥਿਆਰ ਨਹੀਂ ਸੁੱਟਾਂਗਾ।" ਇਹ ਕਹਿ ਕੇ ਉਨ੍ਹਾਂ ਨੇ ਫਤਿਹ ਖਾਨ ਵੱਲ ਗੋਲੀ ਚਲਾਈ ਪਰ ਨਿਸ਼ਾਨਾ ਉਕ ਗਿਆ। ਫਤਿਹ ਖਾਨ ਨੇ ਨਿਸ਼ਾਨਾ ਸੇਧ ਕੇ ਭਾਈ ਸਾਹਿਬ ਦੇ ਮੱਥੇ ਵਿਚ ਗੋਲੀ ਮਾਰੀ ਅਤੇ ਭਾਈ ਸਾਹਿਬ ਸ਼ਹੀਦ ਹੋ ਗਏ। (ਪੰਨਾ 129-30)

(ਚਲਦਾ)

## ਬਲਿਹਾਰੀ ਗੁਰ ਆਪਣੇ ਸਦ ਸਦ ਬਲਿ ਜਾਉ

## ਗੁਰਬਾਣੀ ਗਿਆਨ

ਆਸਾ ਮਹਲਾ ੫
ਸੂਖ ਸਹਜ ਆਨਦੁ ਘਣਾ
ਹਰਿ ਕੀਰਤਨੁ ਗਾਉ॥
ਗਰਹ ਨਿਵਾਰੇ ਸਤਿਗੁਰੂ ਦੇ
ਅਪਣਾ ਨਾਉ॥੧॥
ਬਲਿਹਾਰੀ ਗੁਰ ਆਪਣੇ
ਸਦ ਸਦ ਬਲਿ ਜਾਉ॥
ਗੁਰੂ ਵਿਟਹੁ ਹਉ ਵਾਰਿਆ
ਜਿਸੁ ਮਿਲਿ ਸਚੁ ਸੁਆਉ॥੧॥ਰਹਾਉ॥
ਸਗੁਨ ਅਪਸਗੁਨ ਤਿਸ ਕਉ ਲਗਹਿ
ਜਿਸੁ ਚੀਤਿ ਨ ਆਵੈ॥
ਤਿਸੁ ਜਮੁ ਨੇੜਿ ਨ ਆਵਈ
ਜੋ ਹਰਿ ਪ੍ਰਭਿ ਭਾਵੈ॥੨॥
ਪੁੰਨ ਦਾਨ ਜਪ ਤਪ ਜੇਤੇ
ਸਭ ਊਪਰਿ ਨਾਮੁ॥
ਹਰਿ ਹਰਿ ਰਸਨਾ ਜੋ ਜਪੈ
ਤਿਸੁ ਪੂਰਨ ਕਾਮੁ॥੩॥
ਭੈ ਬਿਨਸੇ ਭ੍ਰਮ ਮੋਹ ਗਏ
ਕੋ ਦਿਸੈ ਨ ਬੀਆ॥
ਨਾਨਕ ਰਾਖੇ ਪਾਰਬ੍ਰਹਮਿ
ਫਿਰਿ ਦੂਖੁ ਨ ਥੀਆ॥੪॥

ਪੰਜਵੇਂ ਗੁਰਦੇਵ ਜੀ ਪ੍ਰਭੂ ਦੇ ਨਾਮ ਦੀ ਵਡਿਆਈ ਕਰਦੇ ਹਨ ਕਿ ਹੇ ਭਾਈ! ਮੈਂ ਆਪਣੇ ਗੁਰੂ ਤੋਂ ਬਲਿਹਾਰ ਜਾਂਦਾ ਹਾਂ ਅਤੇ ਹਰ ਵੇਲੇ ਹੀ ਸਦਕੇ ਜਾਂਦਾ ਹਾਂ, ਕਿਉਂਕਿ ਗੁਰੂ ਨੂੰ ਮਿਲ ਕੇ ਹੀ ਮੈਨੂੰ ਪ੍ਰਭੂ ਦੇ ਸੱਚੇ ਨਾਮ ਦੀ ਪ੍ਰਾਪਤੀ ਹੋਈ ਹੈ। ਭਾਈ, ਗੁਰੂ ਨੇ ਮੈਨੂੰ ਉਹ ਨਾਮ ਦਿੱਤਾ ਹੈ ਜਿਸ ਨਾਮ ਨੂੰ ਗੁਰੂ ਆਪ ਭੀ ਜਪਦਾ ਹੈ ਅਤੇ ਉਸ ਨਾਮ ਨੇ ਮੇਰੇ ਉਤੇ ਜੋ ਨੌਂ ਗ੍ਰਹਿਆਂ ਦੀਆਂ ਮੁਸੀਬਤਾਂ ਸਨ, ਉਹ ਭੀ ਦੂਰ ਕਰ ਦਿੱਤੀਆਂ ਹਨ ਅਤੇ ਹੁਣ ਮੇਰੇ ਅੰਦਰ ਸੁੱਖ ਤੇ ਸਹਿਜ ਦਾ ਅਨੰਦ ਹੀ ਅਨੰਦ ਹੈ। ਇਸ ਲਈ ਮੈਂ ਪ੍ਰਭੂ ਦੀ ਸਿਫ਼ਤ ਸਲਾਹ ਦੇ ਗੀਤ ਗਾਉਂਦਾ ਹਾਂ।

ਸਗੁਨ ਅਪਸਗੁਨ ਤਿਸ ਕਉ ਲਗਹਿ
ਜਿਸੁ ਚੀਤਿ ਨ ਆਵੈ॥
ਤਿਸੁ ਜਮੁ ਨੇੜਿ ਨ ਆਵਈ
ਜੋ ਹਰਿ ਪ੍ਰਭਿ ਭਾਵੈ॥੨॥

ਹੇ ਭਾਈ! ਸ਼ਗਨ ਅਪਸ਼ਗਨ, ਭਾਵ ਕਈ ਤਰ੍ਹਾਂ ਦੇ ਭੈੜੇ ਵਹਿਮ ਤੇ ਡਰ ਉਸ ਜੀਵ ਨੂੰ ਹੀ ਡਰਾਉਂਦੇ ਹਨ ਜੋ ਜੀਵ ਪ੍ਰਭੂ ਦਾ ਨਾਮ ਸਿਮਰਨ ਨਹੀਂ ਕਰਦੇ ਤੇ ਜਿਨ੍ਹਾਂ ਅੰਦਰ ਪ੍ਰਭੂ ਦਾ ਪਿਆਰ ਨਹੀਂ ਵਸਿਆ ਹੁੰਦਾ, ਪਰ ਜੋ ਜੀਵ ਉਸ ਅਕਾਲ ਪੁਰਖ ਦੀ ਯਾਦ ਵਿਚ ਜੁੜਦਾ ਹੈ ਤੇ ਸਵਾਸ ਸਵਾਸ ਨਾਲ ਹਰੀ ਪ੍ਰਭੂ ਦਾ ਸਿਮਰਨ ਕਰਦਾ ਹੈ, ਪਰਮੇਸ਼ਵਰ ਦੀ ਸਿਫ਼ਤ ਸਾਲਾਹ ਦੇ ਗੀਤ ਗਾਉਂਦਾ ਹੈ, ਉਹ ਜੀਵ ਫਿਰ ਆਪਣੇ ਹਰੀ ਪ੍ਰਭੂ ਨੂੰ ਅਤਿ ਪਿਆਰਾ ਲਗਦਾ ਹੈ ਅਤੇ ਪ੍ਰਭੂ ਨਾਮ ਦੇ ਸਿਮਰਨ ਸਦਕਾ ਫਿਰ ਜਮਦੂਤ ਵੀ ਉਸ ਦੇ ਨੇੜੇ ਨਹੀਂ ਆਉਂਦੇ।


ਪੁੰਨ ਦਾਨ ਜਪ ਤਪ ਜੇਤੇ
ਸਭ ਊਪਰਿ ਨਾਮੁ॥
ਹਰਿ ਹਰਿ ਰਸਨਾ ਜੋ ਜਪੈ
ਤਿਸੁ ਪੂਰਨ ਕਾਮੁ॥੩॥

ਹੇ ਭਾਈ! ਇਸ ਦੁਨੀਆਂ ਦੇ ਪੁੰਨ, ਦਾਨ, ਜਪ, ਤਪ-ਜਿਨ੍ਹਾਂ ਨੂੰ ਨੇਕ ਕਰਮ ਆਖਿਆ ਜਾਂਦਾ ਹੈ; ਇਨ੍ਹਾਂ ਤੋਂ ਜੋ ਸਭ ਤੋਂ ਉਚਾ ਤੇ ਸੁੱਚਾ ਸ੍ਰੇਸ਼ਟ ਕਰਮ ਹੈ, ਉਹ ਹੈ ਪਰਮਾਤਮਾ ਦਾ ਨਾਮ ਸਿਮਰਨ। ਨਾਮ ਸਿਮਰਨ ਹੀ ਸਾਰੇ ਕਰਮਾਂ ਅਤੇ ਧਰਮਾਂ ਤੋਂ ਉਤਮ ਕਰਮ ਹੈ। ਹੇ ਭਾਈ! ਜਿਹੜਾ ਜੀਵ ਆਪਣੀ ਰਸਨਾ ਨਾਲ ਉਸ ਅਕਾਲ ਪੁਰਖ ਪ੍ਰਭੂ ਦਾ ਨਾਮ ਜਪਦਾ ਹੈ ਤਿਸ ਪੂਰਨ ਕਾਮ, ਭਾਵ ਉਸ ਜੀਵ ਦੇ ਸੰਸਾਰਕ ਤੇ ਆਤਮਕ ਕੰਮ ਪੂਰੇ ਹੋ ਜਾਂਦੇ ਹਨ।

ਭੈ ਬਿਨਸੇ ਭ੍ਰਮ ਮੋਹ ਗਏ
ਕੋ ਦਿਸੈ ਨ ਬੀਆ॥
ਨਾਨਕ ਰਾਖੇ ਪਾਰਬ੍ਰਹਮਿ
ਫਿਰਿ ਦੂਖੁ ਨ ਥੀਆ॥੪॥

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਸ਼ਬਦ ਦੇ ਅਖ਼ੀਰ ਵਿਚ ਬਖ਼ਸ਼ਿਸ਼ ਕਰਦੇ ਹਨ ਕਿ ਹੇ ਭਾਈ! ਸੁਣੋ, ਜਿਨ੍ਹਾਂ ਜੀਵਾਂ ਦੀ ਰੱਖਿਆ ਉਹ ਪਾਰਬ੍ਰਹਮ ਪ੍ਰਭੂ ਆਪ ਕਰਦਾ ਹੈ, ਉਨ੍ਹਾਂ ਦੇ ਜੀਵਨ 'ਚ ਫਿਰ ਕਦੀ ਕੋਈ ਵੀ ਦੁੱਖ ਜਾਂ ਤਕਲੀਫ ਨਹੀਂ ਆਉਂਦੀ ਕਿਉਂਕਿ ਹਰੀ ਪ੍ਰਭੂ ਦਾ ਨਾਮ ਸਿਮਰਨ ਕਰ ਕੇ ਜੀਵ ਦੇ ਸਾਰੇ ਹੀ ਡਰ ਅਤੇ ਭੈਅ ਮੁੱਕ ਜਾਂਦੇ ਹਨ ਅਤੇ ਪ੍ਰਭੂ ਦੀ ਮਿਹਰ ਦਾ ਸਦਕਾ ਉਸ ਜੀਵ ਦੇ ਸਾਰੇ ਸੰਸਾਰਕ ਮੋਹ ਤੇ ਅੰਦਰਲੇ ਭਰਮ ਵੀ ਮੁੱਕ ਜਾਂਦੇ ਹਨ ਤੇ ਬੀਆ, ਭਾਵ ਕੋਈ ਬਿਗਾਨਾ ਨਹੀਂ ਦਿਸਦਾ। ਸੋ ਹੇ ਨਾਨਕ! ਆਉ, ਉਸ ਦਾ ਨਾਮ ਜਪੀਏ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*



# ਪਾਸ਼ ਦੀਆਂ ਯਾਦਾਂ

ਪਾਸ਼ ਪੰਜਾਬੀ ਕਵਿਤਾ ਦੇ ਵਿਹੜੇ ਵਿਚ ਧਮਾਕੇ ਵਾਂਗ ਆਇਆ। ਇਸ ਧਮਾਕੇ ਦੀਆਂ ਧੁਨੀਆਂ ਇੰਨੀਆਂ ਜ਼ਬਰਦਸਤ ਸਨ ਕਿ ਕਈ ਦਹਾਕੇ ਦਿੱਲੀ-ਦੱਖਣ ਤੱਕ ਗੂੰਜਦੀਆਂ ਰਹੀਆਂ। 'ਲੋਹ ਕਥਾ' ਤੋਂ ਲੈ ਕੇ 'ਸਾਡੇ ਸਮਿਆਂ ਵਿਚ' ਤੱਕ ਲਿਜ਼ਲਿਜ਼ੀਆਂ ਤੇ ਕੱਚੀਆਂ-ਪਿੱਲੀਆਂ ਕਵਿਤਾਵਾਂ ਦੀਆਂ ਕੰਧਾਂ ਨਾਲ ਉਸਰੀਆਂ ਇਮਾਰਤਾਂ ਧੜੰਮ-ਧੜੰਮ ਕਰ ਕੇ ਡਿਗਦੀਆਂ

**ਰਵਿੰਦਰ ਸਹਿਰਾਅ**
**ਫੋਨ: 717-575-7529**

ਦੇਖੀਆਂ ਜਾਂ ਸਕਦੀਆਂ ਹਨ ਪਰ ਮੇਰਾ ਮਤਲਬ ਇੱਥੇ ਉਸ ਦੀਆਂ ਕਾਵਿ ਟੁਕਾਂ ਨਾਲ ਵਰਕੇ ਭਰਨਾ ਨਹੀਂ, ਸਗੋਂ ਉਸ ਪਾਸ਼ ਬਾਰੇ ਗੱਲਾਂ ਕਰਨਾ ਹੈ ਜੋ ਸਾਧਾਰਨ ਪੰਜਾਬੀ ਮੁੰਡਾ ਸੀ, ਜੋ ਆਸਧਾਰਨ ਦ੍ਰਿਸ਼ਟੀ ਵਾਲਾ ਸੀ ਤੇ ਜਿਹੜਾ ਕਦੀ-ਕਦੀ ਨਟਖਟ, ਮਖੌਲੀਆ, ਯਾਰਾਂ ਨਾਲ ਮਿਲ ਕੇ ਬੱਕਰੇ ਬੁਲਾਉਣ ਵਾਲਾ ਸੀ। ਉਸ ਨਾਲ ਬਿਤਾਈਆਂ ਉਨ੍ਹਾਂ ਘੜੀਆਂ ਨੂੰ ਚੇਤੇ ਕਰਨਾ ਹੈ ਜੋ ਆਖਰੀ ਪਲਾਂ ਤੱਕ ਜ਼ਿਹਨ 'ਚੋਂ ਵਿਸਾਰੀਆਂ ਨਹੀਂ ਜਾਣੀਆਂ।

ਉਹ ਕਵਿਤਾ ਨੂੰ ਮਾਸ਼ੂਕ ਵਾਂਗ ਸਮਝਦਾ ਸੀ। ਕਵਿਤਾ ਹੀ ਉਸ ਲਈ ਸਭ ਕੁਝ ਸੀ। ਚੰਗੀ ਕਵਿਤਾ ਖਾਸ ਕਰ ਕੇ ਲੋਕ ਰੰਗ ਦੀ ਕਵਿਤਾ ਲਿਖਣ ਵਾਲਿਆਂ ਦੀ ਉਹ ਰੱਜ ਕੇ ਤਾਰੀਫ ਵੀ ਕਰਦਾ ਤੇ ਕਵਿਤਾ ਦੇ ਨਾਂ 'ਤੇ ਸਰਕਾਰੇ-ਦਰਬਾਰੇ ਧੌਂਸ ਬਣਾਈ ਬੈਠਿਆਂ ਨੂੰ ਟਿੱਚ ਸਮਝਦਾ। ਗੁਰਦਾਸ ਰਾਮ ਆਲਮ ਦਾ ਉਹ ਰੱਜ ਕੇ ਉਪਾਸ਼ਕ ਸੀ। ਤਾਰਾ ਸਿੰਘ ਦੀ ਸਰਾਹਨਾ ਕਰਦਾ, ਡਾ. ਹਰਿਭਜਨ ਸਿੰਘ ਨੂੰ ਸਿਆਣਾ ਕਵੀ ਮੰਨਦਾ ਪਰ ਜਗਤਾਰ ਤੇ ਮੀਸ਼ੇ ਨਾਲ ਘੱਟ ਬਣਦੀ। ਕਾਰਨ ਉਹਨੇ ਕਦੀ ਵੀ ਖੁੱਲ੍ਹ ਕੇ ਨਾ ਦੱਸਿਆ। ਪਾਤਰ ਤੇ ਉਦਾਸੀ ਦਾ ਉਹ ਪਹਿਲੀਆਂ 'ਚ (ਜਦੋਂ ਲਹਿਰ 'ਚ ਏਕਤਾ ਸੀ) ਹਮਸਫਰ ਤੇ ਪ੍ਰਸ਼ੰਸਕ ਸੀ ਪਰ ਬਾਅਦ 'ਚ ਨਿੰਦਕ ਵੀ ਬਣਿਆ ਜਾਂ ਫਿਰ ਉਨ੍ਹਾਂ ਦਾ ਜ਼ਿਕਰ ਆਉਣ 'ਤੇ ਉਸ ਚੁੱਪ ਕਰ ਜਾਣਾ, ਗੱਲ ਟਾਲ ਜਾਣਾ। ਇਵੇਂ ਹੀ ਉਹ ਅਮਰਜੀਤ ਚੰਦਨ, ਦਰਸ਼ਨ ਖਟਕੜ ਤੇ ਹਰਭਜਨ ਹਲਵਾਰਵੀ ਪ੍ਰਤੀ ਸੀ। ਉਸ ਨੇ ਇਨ੍ਹਾਂ ਤੋਂ ਵਿੱਥ ਬਣਾ ਲਈ ਸੀ। ਸ਼ਿਵ ਦੀ ਕਵਿਤਾ ਦੀ ਤਰੀਫ ਕਰਦਾ ਪਰ ਉਸ ਦੇ ਲਿਜ਼ਲਿਜ਼ੇ ਲਹਿਜ਼ੇ ਤੋਂ ਨਫ਼ਰਤ ਕਰਦਾ। ਇਕ ਵਾਰ ਜਲੰਧਰ ਜ਼ਿਲ੍ਹੇ ਦੇ ਜੰਡਿਆਲਾ ਕਾਲਜ ਵਿਚ ਪ੍ਰਿੰ. ਸੰਤ ਸਿੰਘ ਸੇਖੋਂ ਨੇ ਕਵੀ ਦਰਬਾਰ ਕਰਵਾਇਆ। ਜਗਤਾਰ ਤੇ ਪਾਸ਼ ਨੇ ਉਸ ਦੀ ਉਹ ਕੀਤੀ ਕਿ ਉਹ ਰੋਣ ਹਾਕਾ ਹੋ ਗਿਆ। ਬਾਅਦ 'ਚ ਉਸ ਨੇ ਇਕਾ-ਦੁੱਕਾ ਖੁੱਲ੍ਹੀਆਂ ਇਨਕਲਾਬੀ ਰੰਗ ਦੀਆਂ ਨਜ਼ਮਾਂ ਵੀ ਲਿਖੀਆਂ।

ਪਾਸ਼ ਜੇਲ੍ਹ 'ਚੋਂ ਬਾਹਰ ਆਇਆ ਤਾਂ ਉਸ ਦੀ ਮੰਗ ਇੰਨੀ ਵਧ ਗਈ ਕਿ ਪ੍ਰੇਸ਼ਾਨ ਹੋ ਜਾਂਦਾ। ਹਰ ਹਫ਼ਤੇ ਪੰਜਾਬ ਦੇ ਕਿਸੇ ਨਾ ਕਿਸੇ ਪਿੰਡ ਜਾਂ ਕਾਲਜ ਵਿਚ ਉਸ ਨੂੰ ਬੁਲਾਇਆ ਜਾਂਦਾ। ਅਸੀਂ ਵੀ ਪੰਜਾਬ ਸਟੂਡੈਂਟਸ ਯੂਨੀਅਨ ਵੱਲੋਂ ਮੋਗੇ ਦੇ ਸ਼ਹੀਦਾਂ ਦੀ ਯਾਦ ਵਿਚ ਰਾਮਗੜ੍ਹੀਆ ਕਾਲਜ, ਫਗਵਾੜਾ ਵਿਚ ਪ੍ਰੋਗਰਾਮ ਰੱਖਿਆ। ਇਹ ਸ਼ਾਇਦ ਅਗਸਤ-ਸਤੰਬਰ 1973 ਦੀ ਗੱਲ ਹੈ। ਮੋਗਾ ਘੋਲ ਦੇ ਸ਼ਹੀਦ ਹਰਜੀਤ ਸਿੰਘ ਦੇ ਪਿਤਾ ਸੂਬੇਦਾਰ ਜਗੀਰ ਸਿੰਘ ਨੇ ਵੀ ਆਉਣਾ ਸੀ। ਇਨਕਲਾਬੀ ਕਵੀ/ਗਾਇਕ ਜੈਮਲ ਪੱਡਾ ਤੇ ਕੇਵਲ ਕੌਰ ਨੂੰ ਸੱਦਿਆ ਗਿਆ। ਉਦੋਂ ਸੈਲ ਫੋਨ ਜਾਂ ਈ-ਮੇਲ ਦਾ ਜ਼ਮਾਨਾ ਤਾਂ ਹੈ ਨਹੀਂ ਸੀ। ਅਸੀਂ ਜੰਡਿਆਲਾ-ਨਕੋਦਰ ਹੁੰਦੇ ਹੋਏ ਤਲਵੰਡੀ ਸਲੇਮ ਪਾਸ਼ ਦੇ ਪਿੰਡ ਪੁੱਜੇ ਪਰ ਉਹ ਜਲੰਧਰ ਗਿਆ ਹੋਇਆ ਸੀ। ਉਸ ਦੇ ਭਰਾ ਉਂਕਾਰ ਸਿੰਘ ਨੇ ਵਿਹੜੇ ਵਿਚ ਡੱਠੀ ਮੰਜੀ 'ਤੇ ਬਿਠਾਇਆ। ਉਸ ਦੀ ਹੱਥਲਿਖਤ ਦੇ ਕੁਝ ਵਰਕੇ ਅਤੇ ਕਿਤਾਬਾਂ ਅਜੇ ਵੀ ਮੰਜੀ ਉਤੇ ਖਿਲਰੇ ਪਏ ਸਨ। ਚਾਹ ਪੀਣ ਤੋਂ ਬਾਅਦ ਅਸੀਂ ਆਪਣਾ ਸੁਨੇਹਾ ਦੇ ਕੇ ਪਰਤ ਆਏ। ਦਿਲ ਵਿਚ ਧੁੜਕੂ ਲੱਗਾ ਰਿਹਾ ਕਿ ਉਹ ਆਵੇਗਾ ਵੀ ਜਾਂ ਨਹੀਂ। ਅਸੀਂ ਇਸ਼ਤਿਹਾਰਾਂ ਵਿਚ ਉਸ ਦਾ ਨਾਂ ਵੀ ਦੇ ਦਿੱਤਾ ਸੀ।

ਪ੍ਰੋਗਰਾਮ ਵਾਲੇ ਦਿਨ ਸੂਬੇਦਾਰ ਜਗੀਰ ਸਿੰਘ ਸਭ ਤੋਂ ਪਹਿਲਾਂ ਪੁੱਜੇ; ਹਾਲਾਂਕਿ ਉਹ ਮੋਗੇ ਤੋਂ ਸਭ ਤੋਂ ਦੂਰੋਂ ਆਉਣ ਵਾਲਿਆਂ 'ਚੋਂ ਸਨ। ਤਿੰਨਾਂ ਕਵੀਆਂ 'ਚੋਂ ਅਜੇ ਤੱਕ ਕੋਈ ਨਹੀਂ ਸੀ ਆਇਆ। ਅੱਧਾ ਘੰਟਾ ਰਹਿ ਗਿਆ ਸੀ ਮਿੱਥੇ ਸਮੇਂ ਵਿਚ। ਮੈਂ ਕੁਝ ਵਿਦਿਆਰਥੀਆਂ ਨਾਲ ਮੁੱਖ ਗੇਟ 'ਤੇ ਹਰ ਰੁਕਦੀ ਬੱਸ ਵੱਲ ਝਾਕ ਲਾਈ ਖੜ੍ਹਾ ਸੀ। ਵਿਰੋਧੀ ਗੁੱਟ ਦੇ ਕੁਝ ਸੰਜੀਦਾ ਆਗੂ ਵੀ ਬਾਹਰ ਗੇਟ 'ਤੇ ਖੜ੍ਹੇ ਘੁਸਰ-ਮੁਸਰ ਕਰ ਰਹੇ ਸਨ। ਮੈਨੂੰ ਯਾਦ ਹੈ, ਮਰਹੂਮ ਗੁਰਦਰਸ਼ਨ ਬੀਕਾ ਹਲਕੇ ਜਿਹੇ ਬੋਲਾਂ 'ਚ ਕਹਿ ਰਿਹਾ ਸੀ, "ਯਾਰ ਉਹ ਨਕਸਲੀਆਂ ਦਾ ਵੱਡਾ ਕਵੀ ਹੈ, ਹੁਣੇ-ਹੁਣੇ ਜੇਲ੍ਹੋਂ ਛੁੱਟਿਆ।" ਬੀਕਾ ਨਕਸਲੀ ਇਕਬਾਲ ਖਾਨ ਦਾ ਕਰੀਬੀ ਦੋਸਤ ਸੀ। ਦੋਹਾਂ ਦੇ ਘਰਦਿਆਂ ਦੀ ਪਰਿਵਾਰਕ ਸਾਂਝ ਬੜੀ ਲੰਮੀ ਸੀ। ਇਸ ਕਰ ਕੇ ਉਸ ਨੇ ਇਕਬਾਲ ਖਾਨ ਕੋਲੋਂ (ਜੋ ਪਾਸ਼ ਦੇ ਨਾਲ ਹੀ ਜਲੰਧਰ ਵਿਚ ਜੇਲ੍ਹ ਵਿਚ ਬੰਦ ਸੀ) ਪਾਸ਼ ਬਾਰੇ ਪਹਿਲਾਂ ਹੀ ਸਭ ਕੁਝ ਸੁਣਿਆ ਹੋਇਆ ਸੀ।

ਅਚਾਨਕ ਜੰਡਿਆਲੇ ਵਾਲੀ ਬੱਸ ਰੁਕੀ। ਕੁਝ ਜਨਾਨਾ ਸਵਾਰੀਆਂ ਤੋਂ ਬਾਅਦ ਦੋ-ਤਿੰਨ ਮੁੰਡੇ ਕਾਹਲੀ ਨਾਲ ਉਤਰ ਕੇ ਗੇਟ ਵੱਲ ਵਧੇ। ਇਕ ਫੁਰਤੀਲੇ ਮੁੰਡੇ ਨੇ ਸਾਡੇ ਵੱਲ ਦੇਖਿਆ। ਇਹ ਪਾਸ਼ ਸੀ। ਅਸੀਂ ਧਾਹ ਗਲਵਕੜੀ ਪਾਈ। ਸਾਡੇ ਸਾਹ 'ਚ ਸਾਹ ਆਇਆ। ਹਜ਼ਾਰਾਂ ਲੋਕਾਂ ਦੀਆਂ ਧੜਕਣਾਂ ਬਣਿਆ ਪਾਸ਼ ਸਾਡੇ ਵਿਚਕਾਰ ਸੀ। ਮੈਂ ਕੇਵਲ ਕੌਰ ਤੇ ਪੱਡੇ ਦੇ ਨਾ ਪਹੁੰਚਣ ਬਾਰੇ ਦੱਸਿਆ। ਉਸ ਨੇ ਕਿਹਾ, "ਕੋਈ ਗੱਲ ਨਹੀਂ, ਆਪਾਂ ਪ੍ਰੋਗਰਾਮ ਸ਼ੁਰੂ ਕਰੀਏ। ਅਸੀਂ ਵੀ ਲੇਟ ਹੋ ਗਏ ਆਂ। ਉਹ ਵੀ ਆਉਂਦੇ ਈ ਹੋਣਗੇ।"

ਪ੍ਰੋਗਰਾਮ ਵਾਲੇ ਹਾਲ ਵਿਚ ਤਿਲ ਧਰਨ ਲਈ ਥਾਂ ਨਹੀਂ ਸੀ। ਸਥਾਨਕ ਆਗੂਆਂ ਤੇ ਕਲਾਕਾਰਾਂ ਤੋਂ ਬਾਅਦ ਅਸੀਂ ਬਾਪੂ ਜਗੀਰ ਸਿੰਘ ਨੂੰ ਕੁਝ ਸ਼ਬਦ ਕਹਿਣ ਲਈ ਬੁਲਾਇਆ। ਉਨ੍ਹਾਂ 15-20 ਮਿੰਟ ਬੋਲ ਕੇ ਮਾਹੌਲ ਗਮਗੀਨ ਬਣਾ ਦਿੱਤਾ। ਸ਼ਹੀਦ ਹਰਜੀਤ ਦੀਆਂ ਗੱਲਾਂ ਉਸ ਦੇ ਬਾਪ ਤੋਂ ਸੁਣਦੇ-ਸੁਣਦੇ ਵਿਦਿਆਰਥੀ ਬੜੀ ਰੀਝ ਨਾਲ ਉਨ੍ਹਾਂ ਵੱਲ ਦੇਖ ਰਹੇ ਸਨ। ਦਰਅਸਲ ਉਦੋਂ ਸਾਰੇ ਪੰਜਾਬ ਦਾ ਵਿਦਿਆਰਥੀ ਹੀ ਉਨ੍ਹਾਂ ਨੂੰ ਬਾਪ ਵਾਂਗ ਪਿਆਰ ਕਰਦਾ ਸੀ। ਮੋਹਰਲੀਆਂ ਕਤਾਰਾਂ ਵਿਚ ਸਾਇੰਸ ਵਿਭਾਗ ਦੀਆਂ ਵਿਦਿਆਰਥਣਾਂ ਅਤੇ ਸਟਾਫ਼ ਵੀ ਬੜੀ ਉਤਸੁਕਤਾ ਨਾਲ ਸੁਣ ਰਿਹਾ ਸੀ।

ਹੁਣ ਪਾਸ਼ ਸਟੇਜ 'ਤੇ ਸੀ। ਆਪਣੇ ਅਨੋਖੇ ਅੰਦਾਜ਼ ਵਿਚ ਉਸ ਨੇ ਮਾਈਕ ਨੂੰ ਇਧਰ-ਉਧਰ ਹਿਲਾਇਆ। ਹਲਕੇ ਜਿਹੇ ਖੰਗੂਰੇ ਨਾਲ ਨੱਕੋ-ਨੱਕ ਭਰੇ ਹਾਲ ਵੱਲ ਨਜ਼ਰ ਮਾਰੀ। ਉਪਰ ਲਾਇਬ੍ਰੇਰੀ ਦੀ ਬਾਲਕੋਨੀ ਵੀ ਭਰੀ ਹੋਈ ਸੀ। ਉਸ ਦੇ ਹੱਥ ਵਿਚ ਕੋਈ ਕਾਗ਼ਜ਼ ਜਾਂ ਕਿਤਾਬ ਨਹੀਂ ਸੀ। ਹਾਲ ਵਿਚ ਸੰਨਾਟਾ ਸੀ। ਪਾਸ਼ ਕਵਿਤਾ ਸੁਣਾ ਰਿਹਾ ਸੀ... ਇਕ ਤੋਂ ਬਾਅਦ ਦੂਜੀ, ਦੂਜੀ ਤੋਂ ਬਾਅਦ ਤੀਜੀ...। ਕਵਿਤਾ ਮੁੱਕਦੀ, ਤਾੜੀਆਂ ਨਾਲ ਹਾਲ ਗੂੰਜ ਉਠਦਾ। ਤਾੜੀਆਂ ਮੁੱਕਦੀਆਂ, ਫਿਰ ਕਵਿਤਾ ਸ਼ੁਰੂ ਹੋ ਜਾਂਦੀ। ਕਵਿਤਾ ਮੁੱਕਦੀ ਤਾੜੀਆਂ ਸ਼ੁਰੂ ਹੋ ਜਾਂਦੀਆਂ। ਕਵਿਤਾ-ਤਾੜੀਆਂ। ਤਾੜੀਆਂ-ਕਵਿਤਾ। ਇਹ ਸਿਲਸਿਲਾ ਲਗਾਤਾਰ 45 ਮਿੰਟ ਜਾਰੀ ਰਿਹਾ। ਇਹ ਅਨੂਠਾ ਅਨੁਭਵ ਸੀ। ਬਾਅਦ ਵਿਚ ਪਾਸ਼ ਨੇ ਇਸ ਦਾ ਜ਼ਿਕਰ ਆਪਣੀ ਡਾਇਰੀ ਵਿਚ ਵੀ ਕੀਤਾ।

ਪ੍ਰੋਗਰਾਮ ਸਮਾਪਤ ਹੋਇਆ। ਜੈਮਲ ਪੱਡਾ ਤੇ ਕੇਵਲ ਕੌਰ ਅਜੇ ਵੀ ਗੈਰ-ਹਾਜ਼ਰ ਸਨ। ਮੁੰਡੇ-ਕੁੜੀਆਂ ਨੇ ਪਾਸ਼ ਨੂੰ ਘੇਰ ਲਿਆ। ਹਰ ਕੋਈ ਉਸ ਦੇ ਮੂੰਹੋਂ ਸ਼ਬਦ ਸੁਣਨ ਲਈ ਉਤਾਵਲਾ ਸੀ। ਮਸਾਂ-ਮਸਾਂ ਉਸ ਨੂੰ ਭੀੜ 'ਚੋਂ ਕੱਢ ਕੇ ਅਸੀਂ ਕੁਝ ਖਾਣ-ਪੀਣ ਲਈ ਕੰਟੀਨ ਵੱਲ ਵਧ ਰਹੇ ਸਾਂ ਜਿਥੇ ਬਲਬੀਰ ਸਿੰਘ (ਚਹੇੜੂ) ਨੇ ਸਾਰਾ ਪ੍ਰਬੰਧ ਆਪਣੇ ਖਰਚ 'ਤੇ ਕੀਤਾ ਹੋਇਆ ਸੀ। ਬਲਬੀਰ ਸਾਡਾ ਤਕੜਾ ਸਮਰਥਕ ਸੀ। ਕੀ ਦੇਖਦੇ ਹਾਂ, ਕੇਵਲ ਕੌਰ ਤੇ ਜੈਮਲ ਪੱਡਾ ਵੀ ਆ ਰਹੇ ਸਨ। ਕੇਵਲ ਕੌਰ ਨੇ ਪਾਸ਼ ਨੂੰ ਕਲਾਵੇ ਵਿਚ ਲੈ ਕੇ ਉਸ ਦਾ ਮੱਥਾ ਚੁੰਮਿਆ। ਉਨ੍ਹਾਂ ਇਕੱਠਿਆਂ ਜੇਲ੍ਹ ਕੱਟੀ ਸੀ। ਅੰਤਾਂ ਦਾ ਮੋਹ ਸੀ, ਉਸ ਨੂੰ ਪਾਸ਼ ਨਾਲ। ਜੈਮਲ ਕਹਿੰਦਾ, "ਰਵਿੰਦਰ ਅਸੀਂ ਥੋੜ੍ਹਾ ਲੇਟ ਹੋ ਗਏ ਆਂ।" ਮੈਂ ਉਸ ਵੱਲ ਦੇਖ ਕੇ ਹੱਸ ਛੱਡਿਆ।

"ਚਲੋ ਪਹਿਲਾਂ ਚਾਹ-ਪਾਣੀ ਪੀਈਏ, ਫਿਰ ਬੈਠ ਕੇ ਗੱਲ ਕਰਦੇ ਆਂ।" ਮੈਂ ਕਿਹਾ।

ਦਰਅਸਲ ਪਾਸ਼ ਨੇ ਸਾਰਾ ਪ੍ਰੋਗਰਾਮ ਇਸ ਤਰ੍ਹਾਂ ਕੀਲ੍ਹ ਕੇ ਰੱਖਿਆ ਸੀ ਕਿ ਸਾਨੂੰ ਉਨ੍ਹਾਂ ਦੀ ਗੈਰ-ਹਾਜ਼ਰੀ ਦੀ ਭਿਣਕ ਵੀ ਨਾ ਪਈ। ਚਾਹ ਪੀਂਦਿਆਂ ਉਨ੍ਹਾਂ ਦੱਸਿਆ ਕਿ ਅਸੀਂ ਤਾਂ ਸੋਚਦੇ ਸੀ, ਕਾਲਜਾਂ ਦੇ ਪ੍ਰੋਗਰਾਮ ਮਿੱਥੇ ਸਮੇਂ ਤੋਂ ਲੇਟ ਹੀ ਸ਼ੁਰੂ ਹੁੰਦੇ ਨੇ। ਖ਼ੈਰ... ਸ਼ਾਮ ਢਲ ਚੁੱਕੀ ਸੀ। ਸਾਡਾ 20-25 ਜਣਿਆਂ ਦਾ ਗਰੁਪ ਉਨ੍ਹਾਂ ਨੂੰ ਪੈਦਲ ਚੱਲ ਕੇ ਹੀ ਬੱਸ ਅੱਡੇ ਜਾ ਕੇ ਵਿਦਾ ਕਰ ਆਇਆ।

1974 ਤੋਂ 1978 ਤੱਕ ਦੇ ਸਾਲ ਸਾਡੇ ਸਾਰਿਆਂ ਲਈ ਪੁਲਿਸ ਨਾਲ ਲੁਕਣ-ਮੀਟੀ ਖੇਡਣ ਅਤੇ ਜੇਲ੍ਹਾਂ ਵਿਚ ਗੁਜ਼ਾਰਨ ਵਾਲੇ ਸਨ। ਬਹੁਤੇ ਆਗੂ ਐਮਰਜੈਂਸੀ ਕਾਰਨ ਰੂਪੋਸ਼ ਹੋ ਗਏ ਸਨ ਜਾਂ ਫੜੇ ਗਏ ਸਨ। 1981 ਦੀਆਂ ਭਰ ਗਰਮੀਆਂ। ਜੁਲਾਈ-ਅਗਸਤ ਦੇ ਹੁੰਮਸ ਭਰੇ ਦਿਨ। ਮੈਂ ਖਾਲਸਾ ਕਾਲਜ ਜਲੰਧਰੋਂ ਪਿੰਡ ਆ ਕੇ ਘਰ ਆਰਾਮ ਕਰ ਰਿਹਾ ਸੀ। ਮਾਤਾ ਉਨ੍ਹੀਂ ਦਿਨੀਂ ਭੈਣ ਕੋਲ ਅਮਰੀਕਾ ਆਈ ਹੋਈ ਸੀ। ਘਰਵਾਲੀ ਕਾਲਜੋਂ ਸਿੱਧੀ ਫਗਵਾੜੇ ਆਪਣੇ ਮਾਪਿਆਂ ਕੋਲ ਚਲੀ ਗਈ। ਘਰੇ ਮੈਂ ਇਕੱਲਾ ਹੀ ਸੀ। ਅਚਾਨਕ ਦਰਵਾਜ਼ੇ ਦੀ ਘੰਟੀ ਖੜਕੀ। ਅੱਗੇ ਜਸਵੰਤ ਖਟਕੜ ਤੇ ਪਰਮਜੀਤ ਦੇਹਲ ਖੜ੍ਹੇ ਸਨ। ਥੋੜ੍ਹੇ-ਥੋੜ੍ਹੇ ਸਰੂਰ ਵਿਚ ਲੱਗਦੇ ਸਨ। ਕਹਿੰਦੇ, "ਫਟਾ ਫਟ ਕਰ ਆਪਾਂ ਜ਼ਰੂਰੀ ਕੰਮ ਜਾਣਾ।" ਫਗਵਾੜੇ ਤੋਂ ਉਨ੍ਹਾਂ ਕਾਰ ਕਿਰਾਏ 'ਤੇ ਲੈ ਆਂਦੀ ਸੀ। ਪਿੰਡ ਦੀ ਡਿਉੜੀ ਕੋਲ ਆ ਕੇ ਕਹਿੰਦੇ, "ਆਪਾਂ ਪਾਸ਼ ਕੋਲ ਚੱਲਣਾ।" ਅਸੀਂ ਪਿੰਡਾਂ ਵਿਚਲੇ ਨੇੜਲੇ ਰਾਹਾਂ ਥਾਣੀਂ ਉਗੀ ਪਹੁੰਚ ਗਏ। ਅੱਗਿਓਂ ਪਾਸ਼ ਨਾਲ ਵੀ ਉਵੇਂ ਹੀ ਕੀਤਾ ਜਿਵੇਂ ਮੇਰੇ ਨਾਲ।

ਪਾਸ਼ ਨੇ ਕਿਹਾ, "ਚਲੋ ਲਖਵਿੰਦਰ ਉਗੀ ਨੂੰ ਵੀ ਨਾਲ ਲੈ ਲਈਏ। ਨਾਲੇ ਦੱਸੋ ਤਾਂ ਸਹੀ ਚੱਲੇ ਕਿੱਥੇ ਆਂ ਤੇ ਕੰਮ ਕੀ ਆ?" ਦੇਹਲ ਕਹਿੰਦਾ, "ਆਪਾਂ ਚਾਚਾ ਜੀ ਕੋਲ ਭੁਲੱਥ ਚੱਲਣਾ, ਉਸ ਤੋਂ ਫੰਡ ਲੈਣਾ ਆ।" ਉਸ ਦਾ ਚਾਚਾ ਉਥੇ ਤਹਿਸੀਲਦਾਰ ਲੱਗਾ ਹੋਇਆ ਸੀ। ਰਸਤੇ ਵਿਚ ਇਕ-ਦੋ ਜਗ੍ਹਾ ਰੁਕ ਕੇ ਦਾਰੂ-ਪਾਣੀ ਦਾ ਹੋਰ ਪ੍ਰਬੰਧ ਕੀਤਾ। ਭੁਲੱਥ ਪਹੁੰਚੇ ਤਾਂ ਸ਼ਾਮ ਢਲ ਚੁੱਕੀ ਸੀ। ਉਪਰੋਂ ਜ਼ਬਰਦਸਤ ਬਰਸਾਤ ਸ਼ੁਰੂ ਹੋ ਗਈ। ਪਾਸ਼ ਨੂੰ ਯਾਦ ਆਇਆ, ਇੱਥੇ ਨੇੜੇ ਈ ਅਮਿਤੋਜ ਦਾ ਡੇਰਾ ਹੈ। ਉਹ ਘਰੇਲੂ ਮੁਸ਼ਕਿਲਾਂ ਕਾਰਨ ਡਿਪਰੈਸ਼ਨ ਵਿਚ ਸੀ ਅਤੇ ਚੰਡੀਗੜ੍ਹੋਂ ਯੂਨੀਵਰਸਿਟੀ ਛੱਡ ਕੇ ਪਿੰਡ ਹੀ ਡੇਰੇ 'ਚ ਡੇਰਾ ਲਾਈ ਬੈਠਾ ਸੀ ਪਰ ਕੱਚੇ ਰਾਹ ਕਾਰ ਤਾਂ ਜਾਣੀ ਮੁਸ਼ਕਿਲ ਸੀ। ਕਾਰ 'ਚ ਹੀ ਰੱਖੇ ਗਲਾਸਾਂ 'ਚ ਕਾਹਲੀ-ਕਾਹਲੀ ਸੋਮ ਰਸ ਪਾ ਕੇ ਪੈਦਲ ਹੀ ਉਸ ਦੇ ਡੇਰੇ ਵੱਲ ਚੱਲ ਪਏ। ਤਹਿਸੀਲਦਾਰ ਤੋਂ ਫੰਡ ਲੈਣ ਵਾਲੀ ਗੱਲ ਹੁਣ ਕਿਸੇ ਨੂੰ ਚਿੱਤ-ਚੇਤੇ ਵੀ ਨਹੀਂ ਸੀ। ਨ੍ਹੇਰਾ ਉਤਰ ਆਇਆ ਸੀ। ਦਾਰੂ ਸਿਰ ਚੜ੍ਹ ਕੇ ਬੋਲਣ ਲੱਗ ਪਈ। ਝੋਨਿਆਂ ਦੀ ਵੱਟੋ-ਵੱਟ ਡਿਗਦੇ-ਢਹਿੰਦੇ ਵਰਦੇ ਮੀਂਹ 'ਚ ਮਸਤੀ ਕਰਦੇ ਅਸੀਂ ਸਾਰੇ ਜਹਾਨ ਨੂੰ ਭੁੱਲ ਚੁੱਕੇ ਸਾਂ। ਪਾਸ਼ ਨੇ ਬੋਲੀਆਂ ਪਾਉਣੀਆਂ ਸ਼ੁਰੂ ਕਰ ਦਿੱਤੀਆਂ। ਵਿਚ-ਵਿਚ ਉਹ ਆਪਣੀ ਮਸ਼ੂਕ ਦਾ ਨਾਂ ਲੈ-ਲੈ ਕੇ ਉਚੀ-ਉਚੀ ਆਵਾਜ਼ਾਂ ਮਾਰਦਾ। ਹਰ ਕੋਈ ਜੱਭਲੀਆਂ ਮਾਰ ਰਿਹਾ ਸੀ। ਸਾਹਮਣੇ ਅਮਿਤੋਜ ਦਾ ਡੇਰਾ ਸੀ। ਉਨ੍ਹਾਂ ਸੋਚਿਆ ਕਿ ਸ਼ਾਇਦ ਕੋਈ ਹਮਲਾ ਕਰਨ ਆ ਰਿਹਾ ਹੈ। ਅਮਿਤੋਜ ਦੀ ਘਰੇਲੂ ਝਗੜੇ ਕਾਰਨ ਦੁਸ਼ਮਣੀ ਵੀ ਚੱਲ ਰਹੀ ਸੀ। ਉਹ ਬੰਦੂਕਾਂ ਫੜੀ ਤਿਆਰ-ਬਰ-ਤਿਆਰ ਖੜ੍ਹੇ ਸਨ। ਪਾਸ਼ ਨੇ ਜ਼ੋਰ ਨਾਲ ਉਚੀ ਦੇਣੀ ਫਿਰ ਕਿਹਾ, "ਉਏ ਅਮਿਤੋਜ ਮੇਰੇ ਯਾਰ...ਮੈਂ ਪਾਸ਼। ਨਾਲ ਜਸਵੰਤ ਵੀ...ਅਸੀਂ ਆਏ ਆਂ ਆਪਣੇ ਯਾਰ...ਨੂੰ ਮਿਲਣ।"

ਘੰਟਾ ਡੂਢ ਘੰਟਾ ਬੈਠਣ ਤੋਂ ਬਾਅਦ ਪਾਸ਼ ਨੇ ਜ਼ੋਰ ਪਾਇਆ, "ਚਲੋ ਉਠੋ ਬਈ ਆਪਾਂ ਵਾਪਸ ਜਾਣਾ।" ਅਮਿਤੋਜ ਨੇ ਬਥੇਰਾ ਕਿਹਾ ਕਿ ਨ੍ਹੇਰੀ ਰਾਤ, ਉਤੋਂ ਜ਼ੋਰਦਾਰ ਬਰਸਾਤ, ਰਾਤ ਰੁਕ ਜਾਉ। ਸਾਜਰੇ ਉਠ ਕੇ ਚਲੇ ਜਾਇਓ।" ਪਰ ਨਹੀਂ। ਉਥੋਂ ਚੱਲੇ, ਅੱਧੀ ਰਾਤ ਜਲੰਧਰ ਲਾਗੇ ਪਹੁੰਚੇ ਤਾਂ ਪਾਸ਼ ਕਹਿੰਦਾ, "ਚਲੋ ਕੇਵਲ ਕੌਰ ਹੋਰਾਂ ਨੂੰ ਮਿਲ ਚੱਲੀਏ।" ਜਾ ਉਹਦਾ ਦਰਵਾਜ਼ਾ ਖੜਕਾਇਆ। ਉਹ ਵਿਚਾਰੀ ਹੈਰਾਨ-ਪ੍ਰੇਸ਼ਾਨ ਕਿ ਇਨ੍ਹਾਂ ਨੂੰ ਅੱਧੀ ਰਾਤੇ ਕਿਹੜੀ ਆਫ਼ਤ ਆ ਗਈ। ਫਿਰ ਦੇਖੋ, ਬਿਨਾਂ ਅੰਦਰ ਗਿਆਂ ਹੀ ਉਹਨੂੰ ਕਹਿਣ ਲੱਗੇ, "ਚਲੋ ਫਿਰ ਸਵੇਰੇ ਮਿਲਾਂਗੇ, ਹੁਣ ਤੁਹਾਨੂੰ ਕੀ ਪ੍ਰੇਸ਼ਾਨ ਕਰਨਾ।" ਉਹ ਹੱਕੀ-ਬੱਕੀ ਖੜ੍ਹੀ ਦੇਖੀ ਜਾਵੇ। ਡਰਾਈਵਰ ਨੂੰ ਕਹਿੰਦੀ, "ਇਨ੍ਹਾਂ ਨੂੰ ਘਰੋ-ਘਰੀ ਪਹੁੰਚਾ ਦੇ ਮੇਰਾ ਵੀਰ।" ਤੜਕੇ ਚਾਰ-ਪੰਜ ਵਜੇ ਅਸੀਂ ਆਪੋ-ਆਪਣੇ ਘਰ ਪਹੁੰਚੇ।

ਇਨ੍ਹੀਂ ਦਿਨੀਂ ਪਾਸ਼ ਆਰਥਿਕ ਤੰਗੀ ਨਾਲ ਦੋ-ਚਾਰ ਹੋ ਰਿਹਾ ਸੀ। ਅਸੀਂ ਕੁਝ ਦੋਸਤਾਂ ਨਾਲ ਮਿਲ ਕੇ ਸਲਾਹ ਕੀਤੀ ਕਿ ਕੋਈ ਛੋਟਾ-ਮੋਟਾ ਪ੍ਰੋਗਰਾਮ ਕਰ ਕੇ ਇਸ ਦੀ ਮਦਦ ਕੀਤੀ ਜਾਵੇ। ਸਕੂਲ ਹੀ ਉਸ ਦੀ ਆਮਦਨ ਦਾ ਜ਼ਰੀਆ ਸੀ। ਪ੍ਰੋਗਰਾਮ ਤੋਂ ਮਿਲੇ ਪੈਸੇ (ਬਹੁਤੇ ਤਾਂ ਕੁਝ ਵੀ ਨਹੀਂ ਸੀ ਦਿੰਦੇ) ਤਾਂ ਬੱਸਾਂ ਦੇ ਭਾੜਿਆਂ ਵਿਚ ਹੀ ਨਿਕਲ ਜਾਂਦੇ ਸਨ। ਸ਼ਾਇਦ ਫਰਵਰੀ 1981 ਦੀ ਗੱਲ ਹੈ। ਅਸੀਂ ਜਲੰਧਰ ਛਾਉਣੀ ਪ੍ਰੋਗਰਾਮ ਰੱਖ ਲਿਆ। ਹੁਣ ਵਾਲਾ ਅਕਾਲੀ ਆਗੂ ਪਰਮਜੀਤ ਸਿੰਘ ਰਾਏਪੁਰ ਉਨ੍ਹੀਂ ਦਿਨੀਂ ਸਾਡਾ ਸਮਰਥਕ ਹੁੰਦਾ ਸੀ। ਮੇਰੇ ਨਾਲ ਹੀ ਉਹ ਵੀ ਇਕ ਦਿਨ ਅੱਗੜ-ਪਿੱਛੜ ਪਿੰਡ ਦਾ ਸਰਪੰਚ ਚੁਣਿਆ ਗਿਆ ਸੀ। 1978 ਵਾਲੀਆਂ ਚੋਣਾਂ ਵਿਚ ਉਧਰ ਪਿੰਡ ਮਹੇੜੂ (ਟਿੱਬੀ) ਤੋਂ ਸਾਡੇ ਪਰਿਵਾਰ ਦੇ ਜਾਣੂ ਇਕ ਦਾਨੇ ਪੁਰਸ਼ ਗੁਰਬਚਨ ਸਿੰਘ ਵੀ ਕੈਨੇਡਾ ਤੋਂ ਪਿੰਡ ਆਏ ਹੋਏ ਸਨ। ਉਨ੍ਹਾਂ ਮੈਨੂੰ 500 ਰੁਪਏ ਦੇ ਦਿੱਤੇ। ਹੁਣ ਮਾਮਲਾ ਪਾਸ਼ ਨੂੰ ਮਨਾਉਣ ਦਾ ਸੀ। ਮੈਂ ਉਗੀ ਗਿਆ। ਅਸੀਂ ਅੱਡੇ ਵਿਚ ਬੈਠੇ ਚਾਹ ਪੀਂਦਿਆਂ ਗੱਲ ਛੇੜੀ। ਮਾਸਟਰ ਧਰਮਪਾਲ ਕਿਤੇ ਗਏ ਹੋਏ ਸਨ। ਲਖਵਿੰਦਰ ਉਥੇ ਹੀ ਸੀ। ਇਨ੍ਹਾਂ ਦੀ ਗੱਲ ਉਹ ਘੱਟ ਹੀ ਟਾਲਦਾ ਸੀ। ਖ਼ੈਰ...ਉਹ ਮੰਨ ਗਿਆ। ਕਹਿਣ ਲੱਗਾ ਸ਼ਮਸ਼ੇਰ ਸੰਧੂ ਨੂੰ ਜ਼ਰੂਰ ਸੱਦਣਾ, ਤੁਸੀਂ ਛੇਤੀ ਉਹਨੂੰ ਸੁਨੇਹਾ ਭੇਜੋ। ਮੈਂ ਪੋਸਟ ਕਾਰਡ ਪਾ ਦਿੱਤਾ ਪਰ ਸ਼ਮਸ਼ੇਰ ਸੰਧੂ ਦਾ ਜਵਾਬ ਆ ਗਿਆ ਕਿ 'ਪੰਜਾਬੀ ਟ੍ਰਿਬਿਊਨ' ਦੇ ਰੁਝੇਵਿਆਂ ਕਾਰਨ ਐਤਵਾਰ ਉਹਦਾ ਆਉਣਾ ਮੁਸ਼ਕਿਲ ਹੈ। ਫਿਰ ਕਹਿੰਦਾ ਕਿ ਚਲੋ ਕੰਬੋਜ ਨੂੰ ਬੁਲਾ ਲਿਉ। ਖ਼ੈਰ...ਪ੍ਰੋਗਰਾਮ ਛੋਟਾ ਪਰ ਬੜਾ ਵਧੀਆ ਹੋਇਆ। ਸਬੱਬੀਂ ਇਸੇ ਸਕੂਲ ਵਿਚ ਪਾਸ਼ ਕਦੇ ਪੜ੍ਹਦਾ ਰਿਹਾ ਸੀ। ਜਲੰਧਰ ਦੂਰਦਰਸ਼ਨ ਤੋਂ ਲਖਵਿੰਦਰ ਜੌਹਲ, ਸਵੀਤੋਜ ਰੇਡੀਓ ਤੋਂ ਦਵਿੰਦਰ ਜੌਹਲ ਸਮੇਤ ਲੇਖਕ ਸਭਾ ਦੇ ਕਾਫ਼ੀ ਬੰਦੇ ਪਹੁੰਚੇ।

ਇਨ੍ਹੀਂ ਦਿਨੀਂ ਮੈਂ ਖਾਲਸਾ ਕਾਲਜ ਜਲੰਧਰ ਐਮ.ਏ. ਕਰ ਰਿਹਾ ਸੀ ਤਾਂ ਅਸੀਂ ਸਲਾਹ ਕੀਤੀ ਕਿ ਕੋਈ ਵਧੀਆ ਜਿਹਾ ਕਵੀ ਦਰਬਾਰ ਕਰਵਾਇਆ ਜਾਵੇ। ਪ੍ਰੋ. ਨਰਿੰਜਣ ਢੇਸੀ ਤੇ ਨਰਜੀਤ ਖਹਿਰਾ ਨੇ ਬਾਕੀ ਸਾਰੇ ਕਵੀਆਂ ਦੀ ਜ਼ਿੰਮੇਵਾਰੀ ਤਾਂ ਲੈ ਲਈ ਪਰ ਪਾਸ਼ ਬਾਰੇ ਕਹਿੰਦੇ ਕਿ ਜੇ ਤੂੰ ਉਹਨੂੰ ਲਿਆ ਸਕਦਾ ਏ ਤਾਂ ਸੱਦ ਲੈ। ਪਾਸ਼ ਅਜਿਹੇ ਪ੍ਰੋਗਰਾਮਾਂ ਤੋਂ ਅੱਕ ਚੁੱਕਾ ਸੀ ਪਰ ਉਹਨੇ ਸਾਡਾ ਮਾਣ ਰੱਖ ਲਿਆ। ਯਾਦਗਾਰੀ ਕਵੀ ਦਰਬਾਰ ਸੀ ਇਹ। ਪਹਿਲੀ ਵਾਰ ਇਕੋ ਸਟੇਜ 'ਤੇ ਪੰਜਾਬੀ ਦੇ ਚੋਟੀ ਦੇ ਇਨਕਲਾਬੀ ਕਵੀਆਂ ਨੇ ਆਪਣਾ ਕਲਾਮ ਸੁਣਾਇਆ। ਦਰਸ਼ਨ ਖਟਕੜ, ਸੰਤ ਰਾਮ ਉਦਾਸੀ, ਸੁਰਿੰਦਰ ਗਿੱਲ, ਵਰਿਆਮ ਸੰਧੂ, ਹਰਭਜਨ ਗਿੱਲ ਆਦਿ ਸਭ ਹਾਜ਼ਰ ਸਨ। ਪਾਸ਼ ਦੀ ਆਮਦ ਨਾਲ ਬੱਲੇ-ਬੱਲੇ ਹੋ ਗਈ। ਉਸ ਵਕਤ ਦੀ ਯਾਦਗਾਰੀ ਤਸਵੀਰ ਹੁਣ ਵੀ ਸਾਂਭ ਕੇ ਰੱਖੀ ਹੋਈ ਹੈ।

ਦਰਸ਼ਨ ਖਟਕੜ ਦਾ ਗਰਾਈਂ (ਪਿੰਡ ਮੰਗੂਵਾਲ) ਸਰੂਪ ਸਿੰਘ ਨਾਮੀ-ਗਰਾਮੀ ਚਿੱਤਰਕਾਰ ਹੈ। ਇਕ ਬ੍ਰਿਟਿਸ਼ ਯੂਨੀਵਰਸਿਟੀ ਨੇ ਉਹਨੂੰ ਆਨਰੇਰੀ ਡਾਕਟਰੇਟ ਦੀ ਡਿਗਰੀ ਵੀ ਦਿੱਤੀ ਹੈ। 1980 ਵਾਲੀ ਵਿਸ਼ਵ ਪੰਜਾਬੀ ਕਾਨਫਰੰਸ ਸਮੇਂ ਪੰਜਾਬ ਦੇ ਕਈ ਵੱਡੇ ਲੇਖਕ ਉਹਨੇ ਇੰਗਲੈਂਡ ਵਿਚ ਸਾਂਭੇ ਤੇ ਸੇਵਾ ਕੀਤੀ। ਸੋਹਨ ਸਿੰਘ ਮੀਸ਼ਾ ਵੀ ਉਨ੍ਹਾਂ 'ਚੋਂ ਇਕ ਸੀ। ਉਹ ਪੰਜਾਬ ਆਇਆ ਤਾਂ ਜਸਵੰਤ ਹੋਰਾਂ ਪਿੰਡ ਮੰਗੂਵਾਲ ਉਹਦੇ ਚਿੱਤਰਾਂ ਦੀ ਨੁਮਾਇਸ਼ ਲੁਆਈ ਅਤੇ ਉਹਦਾ ਬਣਦਾ ਮਾਣ-ਸਤਿਕਾਰ ਕਰਨਾ ਸੀ। ਉਹ ਕਿਤੇ ਜਸਵੰਤ ਕੋਲ ਦੱਸ ਬੈਠਾ ਕਿ ਯਾਰ, ਮੀਸ਼ਾ ਤਾਂ ਚੱਜ ਨਾਲ ਬੋਲਿਆ ਈ ਨਹੀਂ। ਮੈਂ ਜਲੰਧਰ ਉਹਨੂੰ ਮਿਲਣ ਗਿਆ ਤਾਂ ਇੰਜ ਦੇਖੇ ਜਿਵੇਂ ਮੈਨੂੰ ਜਾਣਦਾ ਈ ਨਹੀਂ। ਸਾਡੇ ਸਮੇਤ ਪਾਸ਼ ਵੀ ਉਸ ਪ੍ਰੋਗਰਾਮ 'ਚ ਪੁੱਜਾ ਹੋਇਆ ਸੀ ਆਪਣੇ ਦੋ-ਤਿੰਨ ਸਾਥੀਆਂ



*ਲਾਇਲਪੁਰ ਖਾਲਸਾ ਕਾਲਿਜ ਜਲੰਧਰ ਦੇ ਵਿਹੜੇ ਵਿਚ ਕਵੀ ਦਰਬਾਰ ਉਪਰੰਤ ਲੇਖਕ ਵਰਿਆਮ ਸੰਧੂ, ਗੁਰਭਜਨ ਗਿੱਲ, ਪ੍ਰੋ. ਮੋਹਨ ਸਿੰਘ ਜੌਹਲ, ਪਾਸ਼, ਸੁਰਿੰਦਰ ਗਿੱਲ, ਸੁਰਜੀਤ ਪਾਤਰ, ਨਰਜੀਤ ਖਹਿਰਾ, ਸੰਤ ਰਾਮ ਉਦਾਸੀ ਤੇ ਰਵਿੰਦਰ ਸਹਿਰਾਅ*

(ਬਾਕੀ ਸਫਾ 35 'ਤੇ)

# ਜ਼ਿੰਦਗੀ ਦੀ ਜੰਗ ਕਦੀ ਨਹੀਂ ਮੁੱਕੀ...

## ਕਾਲੇ ਪਾਣੀ ਦੀ ਚਸ਼ਮਦੀਦ ਗਵਾਹੀ-4

***ਸ਼ਬਦਾਂ ਅਤੇ ਵਿਚਾਰਾਂ ਦੀਆਂ ਲੜੀਆਂ ਜੋੜਨ ਦੇ ਧਨੀ, ਪੰਜਾਬੀ ਦੇ ਨਾਮੀ ਲੇਖਕ ਵਰਿਆਮ ਸਿੰਘ ਸੰਧੂ ਨੇ ਗ਼ਦਰੀ ਬਾਬਿਆਂ ਬਾਰੇ ਲਿਖੀ ਇਸ ਲੇਖ ਲੜੀ ਵਿਚ ਕਾਲੇ ਪਾਣੀਆਂ ਦੀ ਦਾਸਤਾਨ ਬਿਆਨ ਕੀਤੀ ਹੈ। ਕਾਲੇ ਪਾਣੀਆਂ ਦਾ ਇਹ ਬਿਆਨ ਲੂੰ ਕੰਡੇ ਖੜ੍ਹੇ ਕਰਨ ਵਾਲਾ ਹੈ। ਦੇਸ਼ ਭਗਤ ਗ਼ਦਰੀਆਂ ਨੇ ਜਿਸ ਤਰ੍ਹਾਂ ਨਿਰਭੈ ਹੋ ਕੇ ਆਜ਼ਾਦੀ ਦੀ ਲੜਾਈ ਵਿਚ ਭਰਪੂਰ ਯੋਗਦਾਨ ਪਾਇਆ, ਉਹ ਬੇਮਿਸਾਲ ਹੈ। ਉਂਜ, ਇਹ ਵਕਤ ਦੀ ਸਿਤਮਜ਼ਰੀਫੀ ਹੀ ਹੈ ਕਿ ਗ਼ਦਰੀਆਂ ਨੂੰ ਪਹਿਲੋਂ ਪਹਿਲ ਕਮਿਊਨਿਸਟਾਂ ਨਾਲ ਜੋੜ ਕੇ ਦੇਖਿਆ ਗਿਆ ਅਤੇ ਹੁਣ ਕੁਝ ਧਿਰਾਂ ਵੱਲੋਂ ਸਿੱਖ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ। ਗ਼ਦਰੀਆਂ ਵਿਚੋਂ ਬਹੁਤੇ ਭਾਵੇਂ ਪਿਛੋਂ ਕਮਿਊਨਿਸਟ ਵਿਚਾਰਧਾਰਾ ਨਾਲ ਹੀ ਜੁੜੇ ਅਤੇ ਉਨ੍ਹਾਂ ਨੇ ਸਿਆਸੀ ਖੇਤਰ ਵਿਚ ਚੋਖੀ ਸਰਗਰਮੀ ਵੀ ਕੀਤੀ, ਪਰ ਉਹ ਉਦੋਂ ਕੌਮਾਂਤਰੀ ਪੱਧਰ 'ਤੇ ਮੁਕੰਮਲ ਇਨਕਲਾਬ ਦੇ ਨਜ਼ਰੀਏ ਤੋਂ ਸਾਰੀ ਸਰਗਰਮੀ ਕਰ ਰਹੇ ਸਨ, ਤੇ ਮੁਕੰਮਲ ਇਨਕਲਾਬ ਦੀ ਅਗਵਾਈ ਉਦੋਂ ਕਮਿਊਨਿਸਟ ਕਰ ਰਹੇ ਸਨ। ਗ਼ਦਰੀਆਂ ਨੇ ਤਾਂ ਸਗੋਂ ਆਪਣੇ ਮੁਕੰਮਲ ਗ਼ਦਰ ਲਈ ਹਰ ਧਿਰ ਅਤੇ ਧਾਰਾ ਨਾਲ ਰਾਬਤਾ ਬਣਾਉਣ ਦਾ ਯਤਨ ਕੀਤਾ। ਗ਼ਦਰੀਆਂ ਦੀ ਸੁੱਚੀ ਲੜਾਈ ਦੀ ਤਹਿ ਤੱਕ ਪੁੱਜਣ ਲਈ ਸਾਨੂੰ ਇਹ ਨੁਕਤਾ ਧਿਆਨ ਵਿਚ ਰੱਖਣਾ ਪਵੇਗਾ। ਸੱਚ ਤਾਂ ਇਹ ਹੈ ਕਿ ਗ਼ਦਰੀ ਸਭ ਤੋਂ ਪਹਿਲਾਂ ਦੇਸ਼ ਦੀ ਆਜ਼ਾਦੀ ਲਈ ਮੁਕੰਮਲ ਗ਼ਦਰ ਦੇ ਵੱਡੇ ਸੁਪਨਸਾਜ਼ ਸਨ। ਉਨ੍ਹਾਂ ਨੂੰ ਅਜਿਹੇ ਸੌੜੇ ਖਾਨਿਆਂ ਵਿਚ ਕੈਦ ਕਰਨਾ ਉਨ੍ਹਾਂ ਵੱਲੋਂ ਉਸ ਵੇਲੇ ਲੜੀ ਸੱਚ ਦੀ ਲੜਾਈ ਨਾਲ ਵਧੀਕੀ ਹੈ। ਲੇਖਕ ਵਰਿਆਮ ਸਿੰਘ ਸੰਧੂ ਦੀ ਇਸ ਲੇਖ ਲੜੀ ਵਿਚ ਜਿਸ ਤਰ੍ਹਾਂ ਗ਼ਦਰੀਆਂ ਦਾ ਜ਼ਿਕਰ ਆਇਆ ਹੈ, ਉਸ ਤੋਂ ਕੋਈ ਭੁਲੇਖਾ ਨਹੀਂ ਰਹਿ ਜਾਂਦਾ ਕਿ ਇਨ੍ਹਾਂ ਗ਼ਦਰੀਆਂ ਦਾ ਦਾਈਆ ਸਚਮੁੱਚ ਸਰਬੱਤ ਦੇ ਭਲੇ ਵਾਲਾ ਸੀ ਅਤੇ ਉਨ੍ਹਾਂ ਨੇ ਇਸ ਰਾਹ ਉਤੇ ਤੁਰਦਿਆਂ ਆਪਣੀ ਜ਼ਿੰਦੜੀਆਂ ਵਾਰ ਦਿੱਤੀਆਂ। ਗ਼ਦਰ ਲਹਿਰ ਦੀ ਸ਼ਤਾਬਦੀ ਮੌਕੇ ਅਸੀਂ ਅਜਿਹੀਆਂ ਲਿਖਤਾਂ ਰਾਹੀਂ ਆਪਣੇ ਇਨ੍ਹਾਂ ਪੁਰਖਿਆਂ ਦੀਆਂ ਕੁਰਬਾਨੀਆਂ ਨੂੰ ਸਲਾਮੀ ਦੇ ਰਹੇ ਹਾਂ। ਇਸ ਲੇਖ ਵਿਚ ਅੰਗਰੇਜ਼ਾਂ ਵੱਲੋਂ ਦੇਸ਼ ਭਗਤਾਂ ਉਤੇ ਢਾਹੇ ਜਾ ਰਹੇ ਜ਼ੁਲਮਾਂ ਅਤੇ ਦੇਸ਼ ਭਗਤਾਂ ਵੱਲੋਂ ਔਖੇ ਹਾਲਾਤ ਦੇ ਬਾਵਜੂਦ ਕਾਇਮ ਰਹਿਣ ਦਾ ਵਰਨਣ ਕੀਤਾ ਗਿਆ ਹੈ। -ਸੰਪਾਦਕ***

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

ਭਾਈ ਭਾਨ ਸਿੰਘ, ਪੰਡਿਤ ਰਾਮ ਰੱਖਾ ਮੱਲ, ਭਾਈ ਰੁਲੀਆ ਸਿੰਘ, ਨੰਦ ਸਿੰਘ, ਕਿਹਰ ਸਿੰਘ ਮਰਹਾਣਾ, ਭਾਈ ਬੁੱਧਾ ਸਿੰਘ ਅਤੇ ਭਾਈ ਰੋਡਾ ਸਿੰਘ, ਸੱਤ ਗ਼ਦਰੀ ਸੂਰਬੀਰ ਜੇਲ੍ਹ ਦੀਆਂ ਸਖ਼ਤੀਆਂ ਤੇ ਜ਼ੁਲਮ ਦਾ ਸ਼ਿਕਾਰ ਹੋ ਕੇ ਸ਼ਹੀਦੀਆਂ ਪਾ ਗਏ। ਜਤੀਸ਼ ਚੰਦਰ ਪਾਲ ਪਾਗ਼ਲ ਹੋ ਗਏ। ਇਹ ਜਾਣ ਕੇ ਕੋਈ ਭਾਈ ਪਰਮਾਨੰਦ ਦੇ ਇਸ ਕਥਨ ਨਾਲ ਸਹਿਮਤ ਹੋ ਸਕਦਾ ਹੈ ਕਿ ਗ਼ਦਰੀ ਦੇਸ਼ ਭਗਤ ਐਵੇਂ ਰਾਹ ਜਾਂਦੀ ਲੜਾਈ ਗਲ ਪਾ ਲੈਂਦੇ ਸਨ! ਉਹ ਤਾਂ ਸਿਰੋਂ ਪਾਣੀ ਲੰਘਦਾ ਵੇਖਦੇ



**■ ਵਰਿਆਮ ਸਿੰਘ ਸੰਧੂ**

ਹੀ ਮੈਦਾਨ ਵਿਚ ਨਿੱਤਰਦੇ ਸਨ ਤੇ ਫਿਰ ਮੈਦਾਨ ਵਿਚ ਜੂਝਦਿਆਂ ਸਿਰ ਦੇਣਾ ਵੀ ਪਵੇ ਤਾਂ ਝਿਜਕਦੇ ਨਹੀਂ ਸਨ। ਨਾ ਹੀ ਭਾਈ ਪਰਮਾਨੰਦ ਵਰਗੇ ਸਵੈ-ਹਿਤੈਸ਼ੀ ਸਨ ਕਿ ਕੇਵਲ ਆਪਣੇ ਇਕੱਲਿਆਂ ਲਈ ਕੋਈ ਰਿਆਇਤ ਲੈਣ ਲਈ ਲੜਦੇ ਹੋਣ। ਜਦੋਂ ਭਾਈ ਪਰਮਾਨੰਦ ਦੀਆਂ ਘਰ ਭੇਜੀਆਂ ਕੁਝ ਚਿੱਠੀਆਂ ਲਾਹੌਰ ਦੇ 'ਦਾ ਟ੍ਰਿਬਿਊਨ' ਅਖ਼ਬਾਰ ਵਿਚ ਛਪ ਗਈਆਂ ਤਾਂ ਨਾਰਾਜ਼ ਹੋ ਕੇ ਜੇਲ੍ਹ ਅਧਿਕਾਰੀਆਂ ਨੇ ਉਸ ਨੂੰ ਹਵਾਲਾਤ ਵਿਚ ਬੰਦ ਕਰ ਦਿੱਤਾ। ਹੁਣ ਜਦੋਂ ਆਪਣੇ ਸਿਰ 'ਤੇ ਬਣੀ ਤਾਂ ਭੁੱਖ ਹੜਤਾਲ ਕਰ ਦਿੱਤੀ। ਇਸ ਦੇ ਉਲਟ ਗ਼ਦਰੀ ਆਪਣੇ ਦੁੱਖ ਲਈ ਨਹੀਂ, ਸਾਥੀਆਂ ਦੇ ਸਾਂਝੇ ਦੁੱਖ ਦੂਰ ਕਰਨ ਲਈ ਲੜਦੇ ਸਨ। ਇਸ ਬਾਰੇ ਮਾਸਟਰ ਚਤਰ ਸਿੰਘ ਦਾ ਪ੍ਰਸੰਗ ਵਿਚਾਰਿਆ ਜਾ ਸਕਦਾ ਹੈ।

ਜਦੋਂ ਆਸ਼ੂਤੋਸ਼ ਲਹਿਰੀ ਨੂੰ ਬੈਂਤ ਲੱਗੇ ਸਨ ਤਾਂ ਬੰਗਾਲੀ ਕੈਦੀਆਂ ਦੀ ਫੁੱਟ ਕਾਰਨ ਉਹਦੇ ਹੱਕ ਵਿਚ ਚਾਹੁੰਦੇ ਹੋਏ ਵੀ ਗ਼ਦਰੀ ਜਥੇਬੰਦਕ ਲੜਾਈ ਨਹੀਂ ਸਨ ਲੜ ਸਕੇ। ਉਨ੍ਹਾਂ ਦੇ ਮਨ ਅੰਦਰ ਇਹ ਕੰਡਾ ਅਜੇ ਤੱਕ ਰੜਕਦਾ ਸੀ। ਇਕ ਦਿਨ ਜਦੋਂ ਸੁਪਰਡੈਂਟ ਮੇਜਰ ਮੱਰੇ ਕੈਦੀਆਂ ਦਾ ਵਜ਼ਨ ਕਰਵਾ ਰਿਹਾ ਸੀ ਤਾਂ ਮਾਸਟਰ ਚਤਰ ਸਿੰਘ ਨੇ ਕੰਡੇ ਤੋਂ ਉਤਰਦਿਆਂ ਮਰੇ ਦੇ ਮੂੰਹ 'ਤੇ ਵੱਟ ਕੇ ਚਪੇੜ ਮਾਰਦਿਆਂ ਕਿਹਾ, "ਬੈਂਤਾਂ ਦੀ ਪੀੜ ਵੀ ਇਸ ਤਰ੍ਹਾਂ ਹੀ ਹੁੰਦੀ ਹੈ।" ਮਾਸਟਰ ਚਤਰ ਸਿੰਘ ਨੂੰ ਇੰਨਾ ਮਾਰਿਆ ਗਿਆ ਕਿ ਉਹ ਬੇਹੋਸ਼ ਹੋ ਗਿਆ। ਉਸ ਤੋਂ ਬਾਅਦ ਉਹਨੂੰ ਪਿੰਜਰੇ ਵਿਚ ਬੰਦ ਕਰ ਦਿੱਤਾ ਗਿਆ। ਰਫ਼ਾ-ਹਾਜਤ ਲਈ ਵੀ ਬਾਹਰ ਨਾ ਕੱਢਿਆ ਜਾਂਦਾ। ਸਿੱਟਾ ਇਹ ਹੋਇਆ ਕਿ ਉਹਦੀ ਹਾਲਤ ਦਿਨੋ ਦਿਨ ਵਿਗੜਦੀ ਗਈ। ਇਹ ਜ਼ੁਲਮ ਸਹਿੰਦਿਆਂ ਚਾਰ ਸਾਲ ਬੀਤ ਗਏ ਸਨ ਤੇ ਭਾਈ ਚਤਰ ਸਿੰਘ ਦੀ ਸਰੀਰਕ ਹਾਲਤ ਬਹੁਤ ਮਾੜੀ ਹੋ ਗਈ ਸੀ। ਚੌਲਾਂ ਦੀ ਪਿੱਛ ਤੋਂ ਸਿਵਾ ਹੋਰ ਕੋਈ ਚੀਜ਼ ਉਸ ਨੂੰ ਪਚਦੀ ਨਹੀਂ ਸੀ। ਭਾਈ ਚਤਰ ਸਿੰਘ ਲਈ ਲੜੀ ਲੜਾਈ ਦਾ ਬਿਰਤਾਂਤ ਇਸ ਲੜਾਈ ਦੇ ਮੁੱਖ ਜਰਨੈਲ ਬਾਬਾ ਸੋਹਣ ਸਿੰਘ ਭਕਨਾ ਦੀ ਜ਼ਬਾਨੀ ਸੁਣਨਾ ਵਧੇਰੇ ਠੀਕ ਰਹੇਗਾ। ਉਹ ਲਿਖਦੇ ਹਨ,

"ਇਕ ਦਿਨ ਮੈਂ ਮਾਸਟਰ ਚਤਰ ਸਿੰਘ ਨੂੰ ਉਨ੍ਹਾਂ ਦੀ ਸਿਹਤ ਬਾਰੇ ਪੁੱਛਿਆ ਤਾਂ ਉਨ੍ਹਾਂ ਜੁਆਬ ਦਿੱਤਾ ਕਿ ਹੁਣ ਤਾਂ ਛੇਤੀ ਹੀ ਛੁਟਕਾਰਾ ਹੋਣ ਵਾਲਾ ਹੈ। ਇਹ ਸੁਣ ਕੇ ਮੈਨੂੰ ਬੜਾ ਦੁੱਖ ਹੋਇਆ। ਹੁਣ ਮੇਜਰ ਮੱਰੇ ਬਦਲ ਚੁੱਕਿਆ ਸੀ ਤੇ ਉਹਦੀ ਜਗ੍ਹਾ ਮੇਜਰ ਬਾਰਕਰ ਆ ਗਿਆ ਸੀ। ਅਗਲੇ ਦਿਨ ਕੈਦੀਆਂ ਦੀ ਪਰੇਡ ਸੀ। ਮੈਂ ਮੇਜਰ ਬਾਰਕਰ ਨੂੰ ਕਿਹਾ, 'ਚਤਰ ਸਿੰਘ ਦੀ ਸਿਹਤ ਬਹੁਤ ਵਿਗੜ ਚੁੱਕੀ ਹੈ ਤੇ ਸਜ਼ਾ ਦੀ ਵੀ ਕੋਈ ਹੱਦ ਹੁੰਦੀ ਹੈ। ਦੂਜਾ ਮੇਜਰ ਮੱਰੇ ਬਦਲ ਚੁੱਕੇ ਹਨ। ਤੁਹਾਨੂੰ ਉਸ ਤੋਂ ਕੋਈ ਡਰ ਨਹੀਂ ਹੋ ਸਕਦਾ। ਮਿਹਰਬਾਨੀ ਕਰ ਕੇ ਤੁਸੀਂ ਚਤਰ ਸਿੰਘ ਨੂੰ ਪਿੰਜਰੇ ਤੋਂ ਹੁਣ ਬਾਹਰ ਕੱਢ ਦਿਉ।' ਮੇਜਰ ਬਾਰਕਰ ਬਗੈਰ ਕੋਈ ਜੁਆਬ ਦਿੱਤੇ ਮੁਸਕਰਾ ਕੇ ਅੱਗੇ ਚਲਾ ਗਿਆ। ਮੈਂ ਸਮਝ ਗਿਆ ਕਿ ਇਸ ਦੀ ਕੋਈ ਨੀਅਤ ਨਹੀਂ। ਅਜੇ ਉਹ ਥੋੜ੍ਹੀ ਦੂਰ ਹੀ ਗਿਆ ਹੋਵੇਗਾ ਕਿ ਮੈਂ ਉਚੀ ਆਵਾਜ਼ ਨਾਲ ਕਿਹਾ, 'ਮੇਜਰ ਬਾਰਕਰ ਮੇਰੀ ਹੁਣ ਤੋਂ ਭੁੱਖ ਹੜਤਾਲ ਹੈ। ਜੇ ਚਤਰ ਸਿੰਘ ਦੀ ਲਾਸ਼ ਪਿੰਜਰੇ ਵਿਚੋਂ ਨਿਕਲੇਗੀ ਤਾਂ ਮੇਰੀ ਲਾਸ਼ ਵੀ ਉਸ ਦੇ ਪਿੱਛੇ ਹੋਵੇਗੀ।' ਇਸ ਤਰ੍ਹਾਂ ਨੋਟਿਸ ਦੇ ਕੇ ਮੈਂ ਲੋਹੇ ਦੇ ਬਰਤਨ ਜੋ ਪਰੇਡ ਵਿਚ ਕੈਦੀ ਰੱਖਦਾ ਹੈ, ਉਲਟੇ ਕਰ ਦਿੱਤੇ। ਭੁੱਖ ਹੜਤਾਲ ਨੂੰ ਜਦ ਦੋ ਮਹੀਨੇ ਹੋ ਗਏ ਤੇ ਮੇਜਰ ਬਾਰਕਰ ਨੇ ਵੀ ਭੁੱਖ ਹੜਤਾਲ ਤੁੜਾਉਣ ਲਈ ਪੂਰਾ ਜ਼ੋਰ ਲਾ ਲਿਆ ਤਾਂ ਫਿਰ ਪਰੇਡ ਦੇ ਦਿਨ ਭਾਈ ਕੇਸਰ ਸਿੰਘ ਤੇ ਦੂਜੇ ਸਾਥੀਆਂ ਨੇ ਬਾਰਕਰ ਨੂੰ ਨੋਟਿਸ ਦਿੱਤਾ ਕਿ ਜੇ ਤੂੰ ਚਤਰ ਸਿੰਘ ਨੂੰ ਪਿੰਜਰੇ ਵਿਚੋਂ ਨਹੀਂ ਕੱਢੇਂਗਾ ਤਾਂ ਅਸੀਂ ਵੀ ਸੋਹਣ ਸਿੰਘ ਨਾਲ ਭੁੱਖ ਹੜਤਾਲ ਵਿਚ ਸ਼ਾਮਲ ਹੋ ਜਾਵਾਂਗੇ। 'ਜਮਾਤ ਕਰਾਮਾਤ' ਮੇਜਰ ਬਾਰਕਰ ਨੇ ਜਦ ਸਾਥੀਆਂ ਦੀ ਏਕਤਾ ਦੇਖੀ ਤਾਂ ਉਹ ਝੁਕ ਗਿਆ ਤੇ ਚਤਰ ਸਿੰਘ ਨੂੰ ਪਿੰਜਰੇ ਵਿਚੋਂ ਕੱਢ ਦਿੱਤਾ।"

ਇੰਜ ਹੀ ਇਕ ਵਾਰ ਇਕ ਗੋਰੇ ਸਿਪਾਹੀ ਨੇ ਸਾਰੀ ਹਿੰਦੁਸਤਾਨੀ ਕੌਮ ਨੂੰ ਗਾਲ ਕੱਢੀ ਤਾਂ ਮਾਰਸ਼ਲ ਲਾਅ ਦੇ ਕੈਦੀ ਗੁਜਰਾਤੀ ਮੱਲ ਨੇ ਵੀ ਮੋੜਵੀਂ ਸੁਣਾਈ। ਉਹਨੂੰ ਜਦੋਂ ਛੇ ਮਹੀਨੇ ਕੋਠੀ ਬੰਦ ਤੇ ਬੇੜੀ ਦੀ ਸਜ਼ਾ ਦਿੱਤੀ ਗਈ ਤਾਂ ਛੇ ਨੰਬਰ ਬੈਰਕ ਦੇ ਕੈਦੀਆਂ ਨੇ ਭੁੱਖ ਹੜਤਾਲ ਕਰ ਦਿੱਤੀ ਤੇ ਕਾਰਨ ਪੁੱਛੇ ਜਾਣ 'ਤੇ ਕੇਸਰ ਸਿੰਘ ਠਠਗੜ੍ਹ ਨੇ ਕਿਹਾ, "ਤੁਹਾਨੂੰ ਬੰਦੂਕਾਂ ਦਾ ਘੁਮੰਡ ਹੈ ਪਰ ਅਸੀਂ ਸਾਫ਼ ਦੱਸ ਦੇਣਾ ਚਾਹੁੰਦੇ ਹਾਂ ਕਿ ਅਸੀਂ ਕਦੇ ਵੀ ਕੌਮੀ ਬੇਇੱਜ਼ਤੀ ਬਰਦਾਸ਼ਤ ਨਹੀਂ ਕਰਾਂਗੇ।" ਫਲਸਰੂਪ ਅਗਲੇ ਦਿਨ ਹੀ ਗੁਜਰਾਤੀ ਮੱਲ ਦੀ ਸਜ਼ਾ ਵਾਪਸ ਲੈ ਲਈ ਗਈ ਤੇ ਗੋਰੇ ਨੂੰ ਬਦਲ ਦਿੱਤਾ।

ਸੰਘਰਸ਼ਸ਼ੀਲ ਸਿਰੜੀ ਸੂਰਮਿਆਂ ਦੇ ਦਲੇਰਾਨਾ ਤੇ ਪਰਉਪਕਾਰੀ ਸੁਭਾਅ ਨੂੰ ਵੇਖ ਕੇ ਇਖ਼ਲਾਕੀ ਕੈਦੀਆਂ ਦੇ ਮਨਾਂ ਵਿਚ ਵੀ ਰਾਜਸੀ ਕੈਦੀਆਂ ਲਈ ਸ਼ੁਭ-ਭਾਵਨਾ ਪੈਦਾ ਹੋਣੀ ਸ਼ੁਰੂ ਹੋ ਗਈ। ਰਾਜਸੀ ਕੈਦੀਆਂ ਦੀਆਂ ਆਪਣੀਆਂ ਲਿਖਤਾਂ ਵਿਚੋਂ ਇਖ਼ਲਾਕੀ ਕੈਦੀਆਂ ਦੀ ਅਜਿਹੀ ਸੁਹਿਰਦਤਾ ਦਾ ਸਹਿਜ ਪ੍ਰਗਟਾਵਾ ਹੋਇਆ ਹੈ। ਪੰਜਾਬ ਅਤੇ ਅਹਿਮਦਾਬਾਦ ਤੋਂ ਮਾਰਸ਼ਲ ਲਾਅ ਵਾਲੇ ਨਵੇਂ ਕੈਦੀਆਂ ਨੂੰ ਜਦੋਂ ਕੋਹਲੂ ਪੀੜਨ ਲਈ ਕਿਹਾ ਗਿਆ ਤਾਂ ਉਹ ਇਨਕਾਰੀ ਹੋ ਕੇ ਕੋਹਲੂ ਘਰ ਵਿਚ ਲੇਟ ਗਏ। ਉਨ੍ਹਾਂ ਦੀਆਂ ਮਸ਼ਕਾਂ ਕੱਸ ਕੇ ਕੋਹਲੂ ਦੇ ਡੰਡੇ ਨਾਲ ਜੂੜ ਦਿੱਤਾ। ਫਿਰ ਹੋਰਨਾਂ ਤੋਂ ਕੋਹਲੂ ਚਲਵਾ ਕੇ ਸਤਿਆਗ੍ਰਹੀਆਂ ਨੂੰ ਕੋਹਲੂ ਦੇ ਚਾਰੇ ਪਾਸੇ ਧੂਹਿਆ ਗਿਆ। ਇਸ ਨਾਲ ਉਨ੍ਹਾਂ ਦੇ ਜਿਸਮ ਦਾ ਮਾਸ ਉਡ ਗਿਆ। ਇਹ ਖ਼ਬਰ ਦੂਜੇ ਇਨਕਲਾਬੀਆਂ ਤੱਕ ਪਹੁੰਚਦਿਆਂ ਹੀ ਉਨ੍ਹਾਂ ਨੇ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ। ਗੜਬੜੀ ਦਾ ਡਰ ਵੇਖ ਕੇ ਜੇਲ੍ਹ ਵਾਲਿਆਂ ਨੂੰ ਉਨ੍ਹਾਂ ਨੂੰ ਖੋਲ੍ਹਣਾ ਪੈ ਗਿਆ।

ਇਸ ਤੋਂ ਅਗਲਾ ਹਵਾਲ ਤ੍ਰਿਲੋਕੀ ਨਾਥ ਚੱਕ੍ਰਵਰਤੀ ਦੀ ਲਿਖਤ ਵਿਚ ਇਸ ਤਰ੍ਹਾਂ ਦਰਜ ਹੈ, "(ਇਸ ਘਟਨਾ ਤੋਂ) ਅਗਲੇ ਦਿਨ ਸੁਪਰਡੈਂਟ ਦੇ ਆਉਣ 'ਤੇ ਮੈਂ ਸਲਾਮ ਕੀਤਾ। ਉਹ ਕੋਠੜੀ ਦੇ ਸਾਹਮਣੇ ਖੜ੍ਹਾ ਹੋਇਆ। ਮੈਂ ਪਿਛਲੇ ਦਿਨ ਦੀ ਘਟਨਾ ਬਾਰੇ ਕਿਹਾ। ਉਹ ਬੋਲਿਆ, 'ਜੇਲ੍ਹ ਦੇ ਸੁਪਰਡੈਂਟ ਤੁਸੀਂ ਹੋ ਜਾਂ ਮੈਂ?' ਮੈਂ ਕਿਹਾ, 'ਜੇਲ੍ਹ ਦੇ ਸੁਪਰਡੈਂਟ ਆਪ ਹੋ, ਇਸੇ ਲਈ ਪੁੱਛ ਰਿਹਾ ਹਾਂ ਕਿ 'ਮਾਰਸ਼ਲ ਲਾਅ' ਦੇ ਕੈਦੀਆਂ 'ਤੇ ਅਜਿਹਾ ਅੱਤਿਆਚਾਰ ਕਿਉਂ ਕੀਤਾ ਗਿਆ?' ਮੈਨੂੰ ਝਿੜਕਦੇ ਹੋਏ ਉਹਨੇ ਕਿਹਾ, 'ਤੂੰ ਚੁੱਪ ਰਹਿ ਕੁੱਤੀ ਦਾ ਪੁੱਤ ਨਾ ਹੋਵੇ ਤਾਂ!' ਇਸ ਤੋਂ ਬਾਅਦ ਮੇਰੇ ਮੂੰਹ ਤੋਂ ਲਗਾਤਾਰ ਹਿੰਦੀ ਅਤੇ ਪੰਜਾਬੀ ਗਾਲਾਂ ਨਿਕਲਣ ਲੱਗੀਆਂ। ਸੁਪਰਡੈਂਟ ਦਾ ਕੋਈ ਸਬੰਧੀ ਇਨ੍ਹਾਂ ਗਾਲ੍ਹਾਂ ਤੋਂ ਨਹੀਂ ਬਚਿਆ। ਸੁਪਰਡੈਂਟ ਉਥੋਂ ਰਫੂਚੱਕਰ ਹੋ ਗਿਆ। ਬਾਅਦ ਵਿਚ ਪਤਾ ਲੱਗਿਆ ਕਿ ਅੱਜ ਦੇ ਅਪਰਾਧ ਲਈ ਮੈਨੂੰ ਚਾਰ ਦਿਨ ਖਾਣੇ ਦੀ ਥਾਂ ਚੌਲਾਂ ਦੀ ਪਿੱਛ ਮਿਲੇਗੀ। ਇਸ ਦਾ ਮਤਲਬ ਇਹ ਹੋਇਆ ਕਿ ਮੈਨੂੰ ਦੋਵੇਂ ਵਕਤ ਮਿਲਾ ਕੇ ਸਿਰਫ਼ ਇੱਕ ਪੌਂਡ (ਸਾਢੇ ਸੱਤ ਛਟਾਂਕ) ਚੌਲਾਂ ਦੀ ਪਿੱਛ ਮਿਲੇਗੀ। ਦੂਜਾ ਕੋਈ ਖਾਣਾ ਨਹੀਂ ਮਿਲੇਗਾ। ਮੈਂ ਸੁਪਰਡੈਂਟ ਨੂੰ ਗਾਲ੍ਹਾਂ ਕੱਢੀਆਂ ਹਨ, ਇਹ ਖ਼ਬਰ ਥੋੜ੍ਹੀ ਦੇਰ ਵਿਚ ਸਾਰੀ ਜੇਲ੍ਹ ਵਿਚ ਫੈਲ ਗਈ।



ਕੇਸਰ ਸਿੰਘ ਠੱਠਗੜ੍ਹ

ਖਾਣੇ ਦੇ ਵਕਤ ਰਸੋਈਏ ਨੇ ਮੈਨੂੰ ਪੁੱਛਿਆ, 'ਕੀ ਖਾਣਾ ਚਾਹੁੰਦੇ ਹੋ? ਚੌਲ ਜਾਂ ਰੋਟੀ?' ਮੈਂ ਕਿਹਾ, 'ਮੈਨੂੰ ਸਜ਼ਾ ਮਿਲੀ ਹੈ, ਮੈਨੂੰ ਚੌਲਾਂ ਦੀ ਪਿੱਛ ਹੀ ਦੇਹ।' ਉਸ ਨੇ ਕਿਹਾ, 'ਤੇਰੀ ਬਹਾਦਰੀ ਦੀ ਗੱਲ ਅਸਾਂ ਲੋਕਾਂ ਨੇ ਸੁਣ ਲਈ ਹੈ, ਅਸਾਂ ਚੌਂਕੇ ਵਿਚ ਤੈਅ ਕੀਤਾ ਹੈ ਕਿ ਅਸੀਂ ਤੁਹਾਨੂੰ ਪਿੱਛ ਨਹੀਂ ਪੀਣ ਦਿਆਂਗੇ। ਤੂੰ ਜੋ ਚਾਹੁੰਦਾ ਹੈਂ, ਤੈਨੂੰ ਖਾਣ ਲਈ ਉਹੀ ਕੁਝ ਦਿਆਂਗੇ।' ਮੈਂ ਅੱਗਾ-ਪਿੱਛਾ ਕਰ ਹੀ ਰਿਹਾ ਸੀ ਕਿ ਖਾਣਾ ਲਿਆਉਣ ਵਾਲੇ ਨਾਲ ਜੋ ਪੇਟੀ ਅਫ਼ਸਰ ਆਇਆ ਸੀ, ਉਸ ਨੇ ਪਿੱਛ ਜ਼ਮੀਨ 'ਤੇ ਸੁੱਟਦੇ ਹੋਏ ਕਿਹਾ, 'ਬੰਗਾਲੀ ਸ਼ੇਰ ਹੈ, ਇਸ ਨੂੰ ਡਬਲ ਖਾਣਾ ਦਿਓ।' ਇਸ ਦੇ ਬਾਅਦ ਕਿੰਨੇ ਹੀ ਲੋਕ ਮੇਰੀ ਕੋਠੜੀ ਵਿਚ ਛੁਪਾ ਕੇ ਚਟਣੀ ਅਤੇ ਰੋਟੀ ਵੀ ਭੇਜਣ ਲੱਗੇ। ਇੰਨਾ ਖਾਣਾ ਆਉਣ ਲੱਗ ਪਿਆ ਕਿ ਮੈਂ ਖ਼ੁਦ ਖਾ ਕੇ ਉਸ ਨੂੰ ਵੰਡਣ ਵੀ ਲੱਗ ਪਿਆ। ਮੇਰੇ ਚਾਰ ਦਿਨ ਇਸੇ ਤਰ੍ਹਾਂ ਬੀਤ ਗਏ। ਚੌਲਾਂ ਦੀ ਪਿੱਛ ਇੱਕ ਦਿਨ ਵੀ ਨਾ ਪੀਣੀ ਪਈ।"

ਇੰਜ ਦੀ ਹੀ ਇਕ ਘਟਨਾ ਦਾ ਬਿਆਨ ਬਾਬਾ ਪ੍ਰਿਥਵੀ ਸਿੰਘ ਨੇ ਕੀਤਾ ਹੈ। ਉਸ ਦੇ ਇਲਾਕੇ ਦਾ ਇੱਕ ਡਾਕੂ ਸੀ ਰਹਿਮਤ ਅਲੀ ਖਾਂ; ਸ਼ਾਹਬਾਦ ਕਸਬੇ ਦਾ ਵਸਨੀਕ। ਉਹਨੂੰ ਪਤਾ ਲੱਗਾ ਕਿ ਉਹਦੇ ਇਲਾਕੇ ਦਾ ਚੌਧਰੀ ਕੈਦੀ ਬਣ ਕੇ ਜੇਲ੍ਹ ਵਿਚ ਆਇਆ ਹੈ ਤਾਂ ਉਸ ਨੇ ਬਾਬਾ ਪ੍ਰਿਥਵੀ ਸਿੰਘ ਨੂੰ ਸੁਨੇਹਾ ਭੇਜਿਆ ਕਿ ਉਸ ਨੂੰ ਨਾਰੀਅਲ ਵਿਚੋਂ ਰੇਸ਼ਾ ਕੱਢਣ ਦੀ ਮੁਸ਼ੱਕਤ ਕਰਨ ਦੀ ਲੋੜ ਨਹੀਂ। ਉਹ ਹਰ ਰੋਜ਼ ਅੱਧਾ ਸੇਰ ਰੇਸ਼ਾ ਉਹਦੇ ਸੈਲ ਵਿਚ ਪਹੁੰਚਾ ਦਿਆ ਕਰੇਗਾ।

ਬਾਬਾ ਪ੍ਰਿਥਵੀ ਸਿੰਘ ਨੇ ਦਿਲ ਨੂੰ ਛੂਹ ਲੈਣ ਵਾਲਾ ਇਕ ਹੋਰ ਹਵਾਲਾ ਵੀ ਦਿੱਤਾ ਹੈ। ਭਾਈ ਭਾਨ ਸਿੰਘ ਦੀ ਮੌਤ ਤੋਂ ਬਾਅਦ ਜਦੋਂ ਬਾਬਾ ਸੋਹਣ ਸਿੰਘ ਭਕਨਾ ਨੇ ਭੁੱਖ ਹੜਤਾਲ ਕੀਤੀ ਤਾਂ ਬਾਬਾ ਪ੍ਰਿਥਵੀ ਸਿੰਘ ਨੇ ਵੀ ਭੁੱਖ ਹੜਤਾਲ ਕਰ ਦਿੱਤੀ। ਹੋਰਨਾਂ ਸਾਥੀਆਂ ਨੇ ਵੀ ਅਜਿਹਾ ਹੀ ਕੀਤਾ। ਭੁੱਖ ਹੜਤਾਲ ਖ਼ਤਮ ਹੋਣ 'ਤੇ ਵੀ ਪ੍ਰਿਥਵੀ ਸਿੰਘ ਨੇ ਭੁੱਖ ਹੜਤਾਲ ਜਾਰੀ ਰੱਖੀ ਤਾਂ ਸਾਥੀਆਂ ਨੂੰ ਫ਼ਿਕਰ ਪੈ ਗਿਆ। ਉਹ ਚਾਹੁੰਦੇ ਸਨ ਕਿ ਪ੍ਰਿਥਵੀ ਸਿੰਘ

**ਬਾਤਾਂ ਗਦਰ ਦੀਆਂ**


ਨੂੰ ਭੁੱਖ ਹੜਤਾਲ ਛੱਡਣ ਲਈ ਕਿਸੇ ਤਰ੍ਹਾਂ ਮਨਾਇਆ ਜਾਵੇ। ਉਹ ਲਿਖਦੇ ਹਨ, 'ਮੈਂ ਫੇਰ ਵੀ ਭੁੱਖ ਹੜਤਾਲ ਕਰਨ 'ਤੇ ਅੜਿਆ ਰਿਹਾ। ਜਗਤ ਰਾਮ ਤੇ ਬਾਬਾ ਸ਼ੇਰ ਸਿੰਘ ਨੇ ਮੇਰੇ ਨਾਲ ਬਹੁਤ ਹਮਦਰਦੀ ਕੀਤੀ। ਜਗਤ ਰਾਮ ਨੇ ਆਪਣੇ ਲਹੂ ਨਾਲ ਰੁੱਕਾ ਲਿਖ ਕੇ ਭੇਜਿਆ ਜਿਸ ਵਿਚ ਭੁੱਖ ਹੜਤਾਲ ਛੱਡਣ ਦੀ ਸਲਾਹ ਦਿੱਤੀ। ਇਸੇ ਕੰਮ ਲਈ ਬਾਬਾ ਸ਼ੇਰ ਸਿੰਘ ਮੈਨੂੰ ਮਿਲਣਾ ਵੀ ਚਾਹੁੰਦੇ ਸਨ ਪਰ ਮਿਲ ਨਾ ਸਕੇ। ਉਨ੍ਹਾਂ ਕੱਚ ਕੁੱਟ ਕੇ ਪੀ ਲਿਆ। ਨਤੀਜਾ ਇਹ ਹੋਇਆ ਕਿ ਉਲਟੀਆਂ ਸ਼ੁਰੂ ਹੋ ਗਈਆਂ ਤੇ ਟੱਟੀ ਨਾਲ ਲਹੂ ਆਉਣ ਲੱਗ ਪਿਆ। ਉਨ੍ਹਾਂ ਨੂੰ ਹਸਪਤਾਲ ਲੈ ਗਏ। ਡਾਕਟਰ ਨੇ ਉਨ੍ਹਾਂ ਨੂੰ ਦਵਾ ਦੇ ਕੇ ਵਾਪਸ ਸੈਲ ਵਿਚ ਭੇਜ ਦਿੱਤਾ। ਉਨ੍ਹਾਂ ਮੈਨੂੰ ਦਸਿਆ ਕਿ ਇਹ ਕੁਝ ਮੈਂ ਇਉਂ ਕੀਤਾ ਸੀ ਤਾਂ ਜੁ ਤੈਨੂੰ ਮਿਲ ਕੇ ਭੁੱਖ ਹੜਤਾਲ ਛੱਡਣ ਲਈ ਕਹਾਂ। ਇਸ ਉਤੇ ਮੈਨੂੰ ਰੋਣਾ ਆਇਆ ਕਿ ਉਨ੍ਹਾਂ ਮੇਰੇ ਲਈ ਏਡਾ ਵੱਡਾ ਖ਼ਤਰਾ ਸਹੇੜਿਆ ਸੀ।'

ਇਹ ਵੇਰਵਾ ਦੱਸਦਾ ਹੈ ਕਿ ਫ਼ੌਲਾਦੋਂ ਕਰੜੇ ਇਹ ਸੂਰਮੇ ਧੁਰ ਅੰਦਰ ਕਿੰਨੇ ਕੂਲੇ ਤੇ ਸੰਵੇਦਨਸ਼ੀਲ ਸਨ ਅਤੇ ਆਪਣੇ ਸਾਥੀਆਂ ਦੀ ਪੀੜ ਤੇ ਦੁੱਖ ਨੂੰ ਕਿਸ ਕਦਰ ਮਹਿਸੂਸ ਕਰਦੇ ਸਨ!

ਇਸੇ ਭਾਈ ਸ਼ੇਰ ਸਿੰਘ ਨੇ ਇਕ ਵਾਰ ਜਿਸ ਅੰਦਾਜ਼ ਵਿਚ ਸ੍ਰੀ ਤ੍ਰਿਲੋਕੀ ਨਾਥ ਦੀ ਸਹਾਇਤਾ ਕੀਤੀ, ਉਸ ਦਾ ਜ਼ਿਕਰ ਵੀ ਡਾਢਾ ਦਿਲਚਸਪ ਹੈ। ਤ੍ਰਿਲੋਕੀ ਨਾਥ ਨੂੰ ਉਸ ਦੇ ਸਾਥੀ ਫ਼ਣੀ ਬਾਬੂ ਨੇ ਇਕ ਸੇਰ ਤੇਲ ਦਾ ਇੰਤਜ਼ਾਮ ਕਰਨ ਲਈ ਕਿਹਾ। ਤ੍ਰਿਲੋਕੀ ਨਾਥ ਨੇ ਕੋਹਲੂ ਘਰ ਦੇ ਕਿਸੇ ਬੰਦੇ ਤੋਂ ਤੇਲ ਦਾ ਪ੍ਰਬੰਧ ਤਾਂ ਕਰ ਲਿਆ ਪਰ ਰਾਹ ਵਿਚ ਆਉਂਦਿਆਂ ਉਹ ਤੇਲ ਸਮੇਤ ਫੜਿਆ ਗਿਆ। ਇਸੇ ਸਮੇਂ ਭਾਈ ਸ਼ੇਰ ਸਿੰਘ ਆ ਗਿਆ। ਉਹ ਸਮਝ ਗਿਆ ਸੀ ਕਿ ਤ੍ਰਿਲੋਕੀ ਨਾਥ ਨੂੰ ਤੇਲ ਸਮੇਤ ਜੇਲ੍ਹਰ ਕੋਲ ਪੇਸ਼ ਕਰ ਕੇ ਸਜ਼ਾ ਦਿਵਾਈ ਜਾਏਗੀ। ਉਸ ਨੇ ਮੁੱਦਾ ਹੀ ਗ਼ਾਇਬ ਕਰ ਦੇਣ ਦੀ ਠਾਣ ਲਈ। ਬੜੀ ਨਿਮਰਤਾ ਨਾਲ ਟੈਂਡਲ ਨੂੰ 'ਜੀ ਹਜ਼ੂਰ! ਜਨਾਬ!' ਆਦਿ ਆਖ ਕੇ ਸਾਰੇ ਮਾਮਲੇ ਬਾਰੇ ਜਾਣਨਾ ਚਾਹਿਆ ਤਾਂ ਟੈਂਡਲ ਨੇ ਤੇਲ ਚੋਰੀ ਕਰਨ ਦੀ ਸਾਰੀ ਕਹਾਣੀ ਦੱਸ ਦਿੱਤੀ। ਭਾਈ ਸ਼ੇਰ ਸਿੰਘ ਕਹਿੰਦਾ, "ਐਸੀ ਗੱਲ ਹੈ। ਵੇਖਾਂ ਕਿੰਨਾ ਕੁ ਤੇਲ ਚੁਰਾਇਆ ਹੈ।" ਇਹ ਕਹਿੰਦਿਆਂ ਟੈਂਡਲ ਦੇ ਹੱਥੋਂ ਤੇਲ ਵਾਲਾ ਬਰਤਨ ਫੜ ਲਿਆ ਤੇ ਇਕੋ ਸਾਹੇ ਸਾਰਾ ਤੇਲ ਪੀ ਕੇ ਬਰਤਨ ਭੁੰਜੇ ਸੁੱਟਦਿਆਂ ਟੈਂਡਲ ਨੂੰ ਕਿਹਾ, "ਲੈ ਸਾਲਿਆ! ਹੁਣ ਇਹਨੂੰ ਲੈ ਜਾ ਜਿੱਥੇ ਲਿਜਾਣਾ ਐ।" ਟੈਂਡਲ ਨੇ ਜਦੋਂ ਵੇਖਿਆ ਕਿ ਸਬੂਤ ਹੀ ਖ਼ਤਮ ਹੋ ਗਿਐ ਤਾਂ ਉਹ ਬੁੜਬੁੜ ਕਰਦਾ ਉਥੋਂ ਚਲਾ ਗਿਆ।

ਅਜਿਹਾ ਕਰ ਕੇ ਭਾਈ ਸ਼ੇਰ ਸਿੰਘ ਨੇ ਤ੍ਰਿਲੋਕੀ ਨਾਥ ਚੱਕ੍ਰਵਰਤੀ ਦੀ ਸਹਾਇਤਾ ਤਾਂ ਕਰ ਦਿੱਤੀ ਪਰ ਪਾਠਕ ਨੂੰ ਪੜ੍ਹਦਿਆਂ ਇਹ ਖ਼ਿਆਲ ਜ਼ਰੂਰ ਆਉਂਦਾ ਹੋਏਗਾ ਕਿ ਕੀ ਭਾਈ ਸ਼ੇਰ ਸਿੰਘ ਇੰਨਾ ਤੇਲ ਪਚਾ ਵੀ ਸਕਿਆ ਹੋਊ ਜਾਂ ਨਹੀਂ? ਜਿੱਥੇ ਬੰਗਾਲੀ ਬਾਬੂ ਪਤਲੇ ਤੇ ਹੌਲੇ ਜਿਸਮਾਂ ਵਾਲੇ ਸਨ, ਉਥੇ ਪੰਜਾਬੀ ਇਨਕਲਾਬੀ ਦਮਦਾਰ ਤੇ ਤਕੜੇ ਜੁੱਸਿਆਂ ਵਾਲੇ ਸਨ। ਉਨ੍ਹਾਂ ਦਾ ਇਕੱਲੇ-ਇਕੱਲੇ ਦਾ ਭਾਰ ਦੋ-ਦੋ, ਢਾਈ-ਢਾਈ ਸੌ ਪੌਂਡ ਸੀ। ਦੱਸਿਆ ਗਿਆ ਹੈ ਕਿ ਉਹ ਤਾਂ ਇੰਨੇ ਤਕੜੇ ਤੇ ਕੱਦਾਵਰ ਸਨ ਕਿ ਕੱਲ੍ਹਾ-ਕੱਲ੍ਹਾ ਪੂਰਾ ਬੱਕਰਾ ਖਾ ਕੇ ਪਚਾ ਸਕਦਾ ਸੀ। ਇਕ ਦਿਨ ਭਾਈ ਸ਼ੇਰ ਸਿੰਘ ਨੂੰ ਬਾਲਟੀ ਦੁੱਧ ਦੀ ਵਿਖਾ ਕੇ ਡਾਕਟਰ ਨੇ ਪੁੱਛਿਆ ਕਿ ਉਹ ਸਾਰਾ ਦੁੱਧ ਪੀ ਸਕਦਾ ਹੈ? ਬਾਲਟੀ ਵਿਚ ਦਸ ਸੇਰ ਦੁੱਧ ਸੀ। ਸ਼ੇਰ ਸਿੰਘ ਨੇ ਉਸੇ ਵੇਲੇ ਬਾਲਟੀ ਚੁੱਕੀ ਤੇ ਸਾਰਾ ਦੁੱਧ ਇੱਕੋ ਡੀਕ ਵਿਚ ਪੀ ਕੇ ਬਾਲਟੀ ਖਾਲੀ ਕਰ ਦਿੱਤੀ। ਇਹੋ ਕਾਰਨ ਸੀ ਕਿ ਜਿੱਥੇ ਡੰਡਾ-ਬੇੜੀ, ਖੜੀ ਹੱਥਕੜੀ ਤੇ ਇਕਾਂਤ ਕੈਦ ਦੀਆਂ ਸਜ਼ਾਵਾਂ ਬੜੀਆਂ ਮਾਰੂ ਸਨ, ਉਥੇ ਇਨ੍ਹਾਂ ਪੰਜਾਬੀਆਂ ਲਈ 'ਘੱਟ ਖ਼ੁਰਾਕ' ਦੀ ਸਜ਼ਾ ਵੀ ਘੱਟ ਨਹੀਂ ਸੀ। ਜੇਲ੍ਹ ਵਿਚ ਮਿਲਦੀ ਆਮ ਖ਼ੁਰਾਕ ਨਾਲ ਤਾਂ ਸਰੀਰ ਦੇ ਮਾੜਚੂ ਜਿਹੇ ਬੰਗਾਲੀ ਕੈਦੀਆਂ ਦੀ ਭੁੱਖ ਵੀ ਨਹੀਂ ਸੀ ਮਿਟਦੀ ਤਾਂ ਪੰਜਾਬੀਆਂ ਦਾ ਓਨੀ ਕੁ ਖ਼ੁਰਾਕ ਨਾਲ ਕੀ ਗੁਜ਼ਾਰਾ ਹੁੰਦਾ ਹੋਏਗਾ! ਇਸੇ ਕਰ ਕੇ ਉਹ ਹਾਸੇ ਹਾਸੇ ਵਿਚ ਇਹ ਕਿਹਾ ਕਰਦੇ ਸਨ ਕਿ ਘੱਟ ਖਾ ਕੇ ਅੱਧੇ-ਪੌਣੇ ਭੁੱਖੇ ਰਹਿਣ ਨਾਲੋਂ ਤਾਂ ਭੁੱਖ ਹੜਤਾਲ ਕਰ ਲੈਣੀ ਹੀ ਚੰਗੀ ਹੈ। ਰੋਟੀ ਦੀ ਭੁੱਖ ਕਾਰਨ ਤੇ ਰੋਜ਼ ਦੀਆਂ ਸਜ਼ਾਵਾਂ ਕਾਰਨ ਉਨ੍ਹਾਂ ਦਾ ਭਾਰ ਚਾਲੀ-ਚਾਲੀ, ਪੰਜਾਹ-ਪੰਜਾਹ ਪੌਂਡ ਘਟ ਗਿਆ ਸੀ।

ਇੰਨੀਆਂ ਯਾਤਨਾਵਾਂ ਦੇ ਬਾਵਜੂਦ ਇਨਕਲਾਬੀਆਂ ਦੀ ਜ਼ਿੰਦਾ-ਦਿਲੀ ਕਾਇਮ ਸੀ।




*ਸੈਲੂਲਰ ਜੇਲ੍ਹ ਵਿਚ ਸਜ਼ਾ ਵੇਲੇ ਪੁਆਈ ਜਾਣ ਵਾਲੀ ਵਰਦੀ। ਇਹ ਵਰਦੀ ਅੱਜਕੱਲ੍ਹ ਸੈਲੂਲਰ ਜੇਲ੍ਹ ਅਜਾਇਬਘਰ ਵਿਚ ਪਈ ਹੈ।*

ਮਰਨ-ਹਾਰ ਹਾਲਾਤ ਦੇ ਹਨੇਰੇ ਵਿਚ ਵੀ ਉਹ ਜਿਉਣ ਵਾਸਤੇ ਚਾਨਣ ਦੀ ਕੋਈ ਕਾਤਰ ਲੱਭ ਲੈਂਦੇ। ਗ਼ਦਰੀ ਸੂਰਮੇ ਗ਼ਦਰ ਦੀ ਗੂੰਜ ਦੀਆਂ ਕਵਿਤਾਵਾਂ ਵੀ ਪੜ੍ਹਦੇ ਤੇ ਆਪ ਵੀ ਟੋਟਕੇ ਜੋੜ ਜੋੜ ਕੇ ਗਾਉਂਦੇ ਰਹਿੰਦੇ। ਉਹ ਅਕਸਰ ਇੱਕ ਦੂਜੇ ਨਾਲ ਹਾਸਾ-ਠੱਠਾ ਵੀ ਕਰਦੇ ਰਹਿੰਦੇ। ਵੱਡ-ਆਕਾਰੀ ਜਿਸਮਾਂ ਕਰ ਕੇ ਉਨ੍ਹਾਂ ਨੇ ਭਾਈ ਜਵਾਲਾ ਸਿੰਘ ਦਾ ਮਖ਼ੌਲੀਆ ਨਾਂ 'ਭਾਈ ਢੋਲ' ਅਤੇ 'ਭਾਈ ਹਾਥੀ' ਪਾਇਆ ਹੋਇਆ ਸੀ। ਉਹ ਬੇੜੀਆਂ ਪਹਿਨੇ ਹੋਏ ਵੀ ਆਪਸ ਵਿਚ ਦੌੜਾਂ ਲਾਉਂਦੇ। ਕੰਬਲ ਜਾਂ ਕੁੜਤੇ ਦੀ ਗੇਂਦ ਬਣਾ ਕੇ ਫੁੱਟਬਾਲ ਖੇਡਦੇ। ਨੀਰਸ ਤੇ ਬੇਰੰਗ ਜ਼ਿੰਦਗੀ ਵਿਚ ਰੰਗ ਭਰਨ ਦਾ ਇਸ ਤੋਂ ਵਧੀਆ ਤਰੀਕਾ ਤੇ ਸਲੀਕਾ ਹੋਰ ਕੀ ਹੋ ਸਕਦਾ ਸੀ! ਤ੍ਰਿਲੋਕੀ ਨਾਥ ਚੱਕ੍ਰਵਰਤੀ 'ਜੇਲ੍ਹ ਵਿਚ ਤੀਹ ਵਰ੍ਹੇ' ਨਾਂ ਦੀ ਕਿਤਾਬ ਵਿਚ ਲਿਖਦੇ ਹਨ: ਅਸੀਂ ਲੋਕ ਭਾਰਤ ਦੇ ਭਵਿੱਖ ਦੇ ਬਾਰੇ ਵਿਚ ਕਦੇ-ਕਦੇ ਬਹਿਸ ਕਰਦੇ ਸੀ-ਦੇਸ਼ ਆਜ਼ਾਦ ਹੋਣ 'ਤੇ ਸਰਕਾਰ ਕਿਹੋ ਜਿਹੀ ਬਣੇਗੀ, ਰਾਜਧਾਨੀ ਕਿੱਥੇ ਹੋਵੇਗੀ, ਰਾਸ਼ਟਰ ਭਾਸ਼ਾ ਕਿਹੜੀ ਹੋਵੇਗੀ ਆਦਿ। ਸਾਡੇ ਲੋਕਾਂ 'ਚ ਹਿੰਸਾ-ਅਹਿੰਸਾ, ਸ਼ਾਕਾਹਾਰੀ-ਮਾਸਾਹਾਰੀ ਖਾਣੇ ਨੂੰ ਲੈ ਕੇ ਬਹਿਸ ਹੁੰਦੀ ਸੀ। ਮਾਸਾਹਾਰੀ ਭੋਜਨ ਨੂੰ ਲੈ ਕੇ ਕੇਸਰ ਸਿੰਘ ਕਿਹਾ ਕਰਦੇ ਸੀ ਕਿ ਅਸੀਂ ਮਾਸ-ਮੱਛੀ ਕਿਉਂ ਨਾ ਖਾਈਏ? ਇਸ ਨਾਲ ਦੇਸ਼ ਦਾ ਕੀ ਨੁਕਸਾਨ ਹੋ ਰਿਹਾ ਹੈ ਕਿ ਉਸ ਨੂੰ ਨਾ ਖਾਣ ਨਾਲ ਦੇਸ਼ ਦਾ ਉਪਕਾਰ ਹੋਵੇਗਾ। ਬੱਕਰੇ ਦੀ ਅਗਰ ਜੱਜ ਜਾਂ ਮੈਜਿਸਟ੍ਰੇਟ ਬਣਨ ਦੀ ਸੰਭਾਵਨਾ ਹੁੰਦੀ ਜਾਂ ਅਗਰ ਉਹ ਦੇਸ਼ ਭਗਤ ਬਣ ਕੇ ਦੇਸ਼ ਦੀ ਆਜ਼ਾਦੀ ਲਈ ਲੜ ਸਕਦਾ ਤਾਂ ਉਸ ਨੂੰ ਮਾਰ ਕੇ ਪੇਟ ਭਰਨਾ ਅਨਿਆਂ ਹੁੰਦਾ। ਜਦ ਅਜਿਹੀ ਕੋਈ ਸੰਭਾਵਨਾ ਨਹੀਂ ਹੈ ਤਾਂ ਉਸ ਨੂੰ ਕਿਉਂ ਨਾ ਖਾਧਾ ਜਾਏ। ਇਹ ਸਾਡੇ ਖਾਣ ਲਈ ਹੀ ਤਾਂ ਬਣਾਏ ਗਏ ਨੇ।"

ਜੇਲ੍ਹਾਂ ਵਿਚਲੇ ਕੈਦੀਆਂ ਬਾਰੇ ਸਮਾਜ ਵਿਗਿਆਨੀਆਂ ਤੇ ਮਨੋਵਿਗਿਆਨੀਆਂ ਦਾ ਆਮ ਮੱਤ ਹੈ ਕਿ ਜੇਲ੍ਹ ਵਿਚ ਜਾ ਕੇ ਆਦਮੀ ਦੇ ਆਪਣੇ ਦੁਆਲੇ ਲਪੇਟੇ ਸਾਰੇ ਸਮਾਜਕ-ਸਭਿਆਚਾਰਕ ਪਰਦੇ ਉਤਰ ਜਾਂਦੇ ਹਨ ਤੇ ਉਹਦਾ ਕਿਰਦਾਰ ਉਹਦੀ ਮੂਲ ਹਸਤੀ ਸਮੇਤ ਉਜਾਗਰ ਹੋ ਜਾਂਦਾ ਹੈ। ਜਿਹੜੀਆਂ ਮਾਨਵੀ ਕਮਜ਼ੋਰੀਆਂ ਲੁਕਾ ਕੇ ਉਹ ਬਾਹਰਲੇ ਸਮਾਜ ਵਿਚ ਵਿਚਰਦਾ ਰਿਹਾ ਹੁੰਦਾ ਹੈ ਤੇ ਆਪਣੇ 'ਬੀਬੇ-ਰਾਣੇ ਤੇ ਸਿਆਣੇ ਹੋਣ' ਦਾ ਓਹਲਾ ਸਿਰਜੀ ਰੱਖਦਾ ਹੈ, ਉਹੀ ਕਮਜ਼ੋਰੀਆਂ ਜੇਲ੍ਹ ਵਿਚ ਆ ਕੇ ਆਪਣੀਆਂ ਸਾਰੀਆਂ ਪਰਤਾਂ ਸਮੇਤ ਖੁੱਲ੍ਹਣੀਆਂ ਸ਼ੁਰੂ ਹੋ ਜਾਂਦੀਆਂ ਹਨ। ਬਾਹਰ 'ਵੱਡਿਆਂ' ਮਸਲਿਆਂ ਲਈ ਲੜਨ ਵਾਲੇ 'ਵੱਡੇ' ਦਿਸਣ ਵਾਲੇ ਬੰਦੇ ਜੇਲ੍ਹ ਵਿਚ ਆ ਕੇ 'ਛੋਟੇ' ਬਣ ਜਾਂਦੇ ਹਨ। ਉਨ੍ਹਾਂ ਦੀਆਂ ਕਮਜ਼ੋਰੀਆਂ ਲਿਸ਼ਕ ਉਠਦੀਆਂ ਹਨ ਪਰ ਅਸ਼ਕੇ ਉਨ੍ਹਾਂ ਦੇਸ਼ ਭਗਤਾਂ ਦੇ ਜਿਨ੍ਹਾਂ ਕਾਲੇ ਪਾਣੀਆਂ ਦੀ ਹਨੇਰੀ ਜ਼ਿੰਦਗੀ ਵਿਚ ਹਿੰਮਤ ਤੇ ਹੌਸਲੇ ਦੇ ਚਿਰਾਗ਼ ਬਾਲੀ ਰੱਖੇ। ਜ਼ੁਲਮ-ਜਬਰ ਦੇ ਪਹਾੜੀ ਭਾਰ ਆਪਣੀਆਂ ਛਾਤੀਆਂ 'ਤੇ ਪੂਰੇ ਦਿਲ-ਗੁਰਦੇ ਨਾਲ ਠੱਲ੍ਹੀ ਰੱਖੇ। ਬਲਦੀਆਂ ਭੱਠੀਆਂ ਵਿਚ ਉਹ ਕੱਖਾਂ-ਕਾਨਾਂ ਵਾਂਗ ਬਲ ਕੇ ਬੁਝ ਜਾਣ ਦੀ ਥਾਂ ਕੁਠਾਲੀ ਵਿਚ ਪਏ ਸੋਨੇ ਵਾਂਗ ਹੋਰ ਵੀ ਕੁੰਦਨ ਹੋ ਕੇ ਨਿਕਲੇ। ਉਨ੍ਹਾਂ ਦੇ ਇਸੇ ਸਿਰੜ, ਸਿਦਕ, ਜੇਰੇ ਅਤੇ ਅਜਿੱਤ ਰਹਿਣ ਦੀ ਤਾਕਤ ਨੇ ਜੇਲ੍ਹ ਅਧਿਕਾਰੀਆਂ ਨੂੰ ਹਾਰ ਮੰਨਣ ਲਈ ਮਜਬੂਰ ਕਰ ਦਿੱਤਾ। ਜੇਲ੍ਹਰ ਬੈਰੀ ਨੇ ਹੱਥ ਖੜ੍ਹੇ ਕਰ ਜਾਣ ਵਾਲੀ ਸਥਿਤੀ ਵਿਚ ਆ ਕੇ ਜੇਲ੍ਹ ਦਾ ਪ੍ਰਬੰਧ ਕਿਸੇ ਹੋਰ ਨੂੰ ਦੇਣ ਦੀ ਬੇਨਤੀ ਕਰ ਕੇ ਛੁੱਟੀ ਪਾ ਲਈ। ਉਸ ਤੋਂ ਪਿੱਛੋਂ ਆਉਣ ਵਾਲੇ ਜੇਲ੍ਹਰ ਮਿਸਟਰ ਡਿਗਨ ਨੇ ਪਹਿਲੇ ਜੇਲ੍ਹਰ ਦੇ ਤਜਰਬੇ ਤੋਂ ਸਿੱਖਦਿਆਂ ਆਪਣੇ ਵਿਹਾਰ ਨੂੰ ਬੈਰੀ ਤੋਂ ਵੱਖਰਾ ਰੱਖ ਕੇ ਤੇ ਕੈਦੀਆਂ ਨਾਲ ਸਹਿਯੋਗ ਨਾਲ ਚੱਲਣ ਦਾ ਫ਼ੈਸਲਾ ਕਰ ਕੇ ਜੇਲ੍ਹ ਦੇ ਵਾਤਾਵਰਣ ਨੂੰ ਸੁਖਾਵਾਂ ਬਣਾ ਲਿਆ।

ਸੈਲੂਲਰ ਜੇਲ੍ਹ ਦੇ ਨਰਕੀ ਹਾਲ-ਹਵਾਲ ਪਹਿਲਾਂ 'ਰੋਜ਼ਾਨਾ ਬੰਗਾਲੀ' ਵਿਚ ਛਪਣ ਅਤੇ ਉਸ ਤੋਂ ਬਾਅਦ 'ਮਾਡਰਨ ਰਿਵਿਊ' ਵਿਚ ਪ੍ਰਕਾਸ਼ਿਤ ਹੋਣ ਨਾਲ ਸਾਰੇ ਦੇਸ਼ ਵਿਚ ਰੌਲਾ ਪੈ ਗਿਆ। ਮਜਬੂਰ ਹੋ ਕੇ ਸਰਕਾਰ ਨੂੰ ਜੇਲ੍ਹ ਦੇ ਹਾਲਾਤ ਦਾ ਅਧਿਐਨ ਕਰਨ ਲਈ ਕਮਿਸ਼ਨ ਭੇਜਣਾ ਪਿਆ। ਕੈਦੀਆਂ ਤੋਂ ਮਿਲੀ ਜਾਣਕਾਰੀ ਦੇ ਆਧਾਰ 'ਤੇ ਕਮਿਸ਼ਨ ਨੇ ਜੇਲ੍ਹ ਦੀ ਮਾੜੀ ਹਾਲਤ ਦੀ ਰਿਪੋਰਟ ਕੀਤੀ ਤਾਂ ਸਰਕਾਰ ਨੇ ਜੇਲ੍ਹ ਨੂੰ ਤੋੜਨ ਤੇ ਰਾਜਸੀ ਕੈਦੀਆਂ ਨੂੰ ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਭੇਜਣ ਦਾ ਐਲਾਨ ਕਰ ਦਿੱਤਾ। ਦੂਜੀ ਜੰਗ ਦੇ ਖ਼ਾਤਮੇ 'ਤੇ ਸਰਕਾਰ ਨੇ ਬਹੁਤ ਸਾਰੇ ਕੈਦੀਆਂ ਨੂੰ ਰਿਹਾ ਕਰਨ ਦਾ ਵੀ ਫ਼ੈਸਲਾ 'ਸ਼ਾਹੀ ਐਲਾਨ' ਰਾਹੀਂ ਕਰ ਦਿੱਤਾ। ਇੰਜ ਲੰਮੀਆਂ ਕੈਦਾਂ ਵਾਲੇ ਰਾਜਸੀ ਕੈਦੀਆਂ ਨੂੰ ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਭੇਜ ਦਿੱਤਾ ਜਿੱਥੇ ਉਨ੍ਹਾਂ ਉਸੇ ਹੀ ਮਾਣ ਤੇ ਸ਼ਾਨ ਨਾਲ ਆਪਣੀਆਂ ਕੈਦਾਂ ਭੋਗੀਆਂ। ਇਹ ਵੱਖਰੀ ਗੱਲ ਹੈ ਕਿ ਜੇਲ੍ਹ ਤੋੜਨ ਦੇ ਐਲਾਨ ਤੋਂ ਪਿੱਛੋਂ ਵੀ ਰਾਜਸੀ ਕੈਦੀ ਅੰਡੇਮਾਨ ਭੇਜੇ ਜਾਂਦੇ ਰਹੇ।

ਬਾਬਾ ਗੁਰਮੁਖ ਸਿੰਘ ਲਲਤੋਂ ਨੂੰ ਵੀ 1919 ਵਿਚ ਹੋਏ 'ਸ਼ਾਹੀ ਐਲਾਨ' ਤੋਂ ਬਾਅਦ ਉਮਰ ਕੈਦ ਦੀ ਰਹਿੰਦੀ ਸਜ਼ਾ ਕੱਟਣ ਲਈ ਦੇਸ਼ ਭੇਜ ਦਿੱਤਾ ਗਿਆ ਸੀ ਪਰ ਉਹ ਇਕ ਜੇਲ੍ਹ ਤੋਂ ਦੂਜੀ ਵਿਚ ਤਬਦੀਲ ਕੀਤੇ ਜਾਣ ਸਮੇਂ ਹੱਥਕੜੀਆਂ ਤੇ ਬੇੜੀਆਂ ਸਮੇਤ ਫ਼ਰਾਰ ਹੋ ਗਏ ਸਨ। ਜਦੋਂ ਉਨ੍ਹਾਂ ਨੂੰ 1937 ਵਿਚ ਦੁਬਾਰਾ ਗ੍ਰਿਫ਼ਤਾਰ ਕੀਤਾ ਤਾਂ ਬਣਦੀ ਕੈਦ ਕੱਟਣ ਲਈ ਮੁੜ ਅੰਡੇਮਾਨ ਭੇਜ ਦਿੱਤਾ। ਬਾਬਾ ਜੀ ਅਨੁਸਾਰ, 'ਸਾਡਾ ਸਾਰਿਆਂ ਦਾ ਖ਼ਿਆਲ ਸੀ ਕਿ ਇਹ ਕਾਲੇ ਪਾਣੀ ਦੀ ਜੇਲ੍ਹ ਅੱਗੇ ਤੋਂ ਰਾਜਸੀ ਕੈਦੀਆਂ ਲਈ ਹਮੇਸ਼ਾ ਵਾਸਤੇ ਬੰਦ ਕਰ ਦਿੱਤੀ ਗਈ ਹੈ, ਪਰ ਪਿਛੋਂ ਮੇਰੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਜਦ ਮੈਨੂੰ ਲਾਹੌਰ ਤੋਂ ਪਕੜ ਕੇ ਮੁੜ ਕਾਲੇ ਪਾਣੀ ਹੀ ਭੇਜਿਆ ਗਿਆ। ਉਥੇ ਜਾ ਕੇ ਮੈਂ ਡਿੱਠਾ ਕਿ ਅੰਗਰੇਜ਼ ਨੇ ਕਈ ਦਰਜਨਾਂ ਪੰਜਾਬੀ, ਬੰਗਾਲੀ, ਬਿਹਾਰੀ ਅਤੇ ਯੂ.ਪੀ. ਦੇ ਸਾਥੀਆਂ ਨੂੰ ਅਜੇ ਵੀ ਉਥੇ ਡੱਕਿਆ ਹੋਇਆ ਸੀ ਪਰ ਪਹਿਲੀ ਕਾਲੇ ਪਾਣੀ ਦੀ ਜੇਲ੍ਹ ਤੋਂ ਹੁਣ ਦੀ ਹਾਲਤ ਦਾ ਨਕਸ਼ਾ ਕਾਫ਼ੀ ਵੱਖਰਾ ਸੀ। ਹੁਣ ਸਾਰੇ ਰਾਜਸੀ ਕੈਦੀ ਆਜ਼ਾਦੀ ਨਾਲ ਇਕ ਦੂਜੇ ਨਾਲ ਮਿਲ ਗਿਲ ਸਕਦੇ ਸਨ, ਉਨ੍ਹਾਂ ਤੋਂ ਕੋਈ ਸਖ਼ਤ ਜਿਸਮਾਨੀ ਮੁਸ਼ੱਕਤ ਵੀ ਨਹੀਂ ਸੀ ਲਈ ਜਾਂਦੀ, ਜੇਲ੍ਹ ਵਿਚ ਰੌਸ਼ਨੀ ਦਾ ਪ੍ਰਬੰਧ ਵੀ ਸੀ ਅਤੇ ਮਿੱਠਾ ਪਾਣੀ ਜੋ ਪਹਿਲਾਂ ਪੀਣ ਵਾਸਤੇ ਤੋਲਵਾਂ ਮਿਲਦਾ ਸੀ, ਹੁਣ ਆਮ ਵਰਤਿਆ ਜਾਂਦਾ ਸੀ। ਇਸ ਦੇ ਬਾਵਜੂਦ ਤਦੋਂ ਦੇ ਰਾਜਸੀ ਕੈਦੀਆਂ ਨੇ ਇਹ ਪ੍ਰਣ ਕਰ ਲਿਆ ਕਿ ਜ਼ਾਰ ਦੇ ਦੋਜਖ਼ੀ ਸਾਇਬੇਰੀਆ ਸਮਾਨ ਅੰਡੇਮਾਨ ਦੀ ਇਸ ਜੇਲ੍ਹ ਨੂੰ ਰਾਜਸੀ ਕੈਦੀਆਂ ਦੀ ਜੇਲ੍ਹ ਦੇ ਤੌਰ 'ਤੇ ਵਰਤੇ ਜਾਣ ਤੋਂ ਉਹ ਸਦਾ ਲਈ ਬੰਦ ਕਰਾ ਕੇ ਹੀ ਦਮ ਲੈਣਗੇ।'

'ਉਸ ਸਮੇਂ ਚਿਟਾਗਾਂਗ ਕੇਸ ਦੇ ਬਹਾਦਰ ਬੰਗਾਲੀ, ਭਗਤ ਸਿੰਘ ਕੇਸ ਦੇ ਪੰਜਾਬੀ ਅਤੇ ਹਿੰਦੁਸਤਾਨੀ, ਉਟਾਕਮੰਡ ਡਕੈਤੀ ਕੇਸ ਦੇ ਬਹਾਦਰ ਹਜ਼ਾਰਾ ਸਿੰਘ ਜਿਸ ਨੂੰ ਪਿਛੋਂ ਟਾਟਾ ਨਗਰ ਵਿਚ ਸ. ਬਲਦੇਵ ਸਿੰਘ ਦੀ ਕਾਰ ਹੇਠ ਦੇ ਕੇ ਮਾਰ ਦਿੱਤਾ ਗਿਆ ਸੀ-ਆਦਿਕ ਅਜਿਹੇ ਸਾਥੀਆਂ ਨੇ ਸਖ਼ਤ ਜਦੋਜਹਿਦ ਕਰ ਕੇ ਛੇ ਮਹੀਨੇ ਦੇ ਅੰਦਰ-ਅੰਦਰ ਹੀ ਇਹ ਜੇਲ੍ਹ ਬੰਦ ਕਰਵਾ ਦਿੱਤੀ। ਉਸ ਤੋਂ ਪਿਛੋਂ ਅੰਗਰੇਜ਼ੀ ਸਰਕਾਰ ਨੇ ਅੰਡੇਮਾਨ ਵਿਚ ਰਾਜਸੀ ਕੈਦੀਆਂ ਨੂੰ ਭੇਜਣ ਦਾ ਵਿਚਾਰ ਸਦਾ ਲਈ ਤਿਆਗ ਦਿੱਤਾ।'

ਰਾਜਸੀ ਕੈਦੀਆਂ ਨੂੰ ਇਕ ਵਾਰ ਦੇਸ਼ ਦੀਆਂ ਜੇਲ੍ਹਾਂ ਵਿਚ ਭੇਜਣ ਦਾ ਫ਼ੈਸਲਾ ਕਰਨ ਤੋਂ ਬਾਅਦ ਵੀ ਵੱਖ-ਵੱਖ ਇਨਕਲਾਬੀ ਤਹਿਰੀਕਾਂ ਦੇ ਕਾਰਕੁਨਾਂ ਨੂੰ ਅੰਡੇਮਾਨ ਭੇਜਿਆ ਜਾਂਦਾ ਰਿਹਾ। ਇਨ੍ਹਾਂ ਵਿਚ ਬੱਬਰ ਅਕਾਲੀ ਲਹਿਰ, ਭਗਤ ਸਿੰਘ ਦੇ ਸਾਥੀਆਂ ਦੀ ਲਹਿਰ, ਕਮਿਊਨਿਸਟ ਲਹਿਰ ਆਦਿ ਨਾਲ ਸਬੰਧਤ ਕੈਦੀਆਂ ਸਮੇਤ ਇਖ਼ਲਾਕੀ ਕੈਦੀਆਂ ਨੂੰ ਅੰਡੇਮਾਨ ਭੇਜਣ ਦੇ ਹਵਾਲੇ ਮਿਲਦੇ ਹਨ।

ਅਸਲ ਵਿਚ ਅੰਗਰੇਜ਼ ਸਰਕਾਰ ਇਸ ਬਸਤੀ ਨੂੰ ਆਬਾਦ ਕਰਨਾ ਚਾਹੁੰਦੀ ਸੀ। ਇਸ ਮਕਸਦ ਲਈ ਉਨ੍ਹਾਂ ਨੂੰ ਇਥੋਂ ਦੇ ਜੰਗਲ ਕੱਟਣ, ਜ਼ਮੀਨਾਂ ਪੱਧਰਾ ਕਰਨ ਤੇ ਸੰਵਾਰਨ ਆਦਿ ਜਿਹੇ ਲੰਮੇ ਤੇ ਮੁਸ਼ਕਿਲਾਂ ਭਰੇ ਕੰਮ ਕਰਨ ਲਈ ਆਦਮੀਆਂ ਦੀ ਜ਼ਰੂਰਤ ਸੀ। ਉਹ ਇਸ ਮਕਸਦ ਲਈ ਕੈਦੀਆਂ ਦੀ ਵਰਤੋਂ ਕਰਨਾ ਚਾਹੁੰਦੇ ਸਨ। ਸਰਕਾਰ ਦਾ ਇਹ ਵੀ ਉਦੇਸ਼ ਸੀ ਕਿ ਇਥੇ ਆਏ ਕੈਦੀ ਇਥੇ ਹੀ ਪਰਿਵਾਰਾਂ ਸਮੇਤ ਵੱਸ ਜਾਣ। ਮਾਰਚ 1927 ਵਿਚ ਤਾਂ ਸਰਕਾਰ ਨੇ ਇਹ ਕਾਨੂੰਨ ਹੀ ਪਾਸ ਕਰ ਦਿੱਤਾ ਕਿ ਕਾਲੇ ਪਾਣੀ ਦੀ ਸਜ਼ਾ-ਯਾਫ਼ਤਾ ਜਿਹੜਾ ਕੈਦੀ ਪੱਕੇ ਤੌਰ 'ਤੇ ਉਥੇ ਆਬਾਦ ਹੋਣਾ ਚਾਹੁੰਦਾ ਹੈ, ਉਹ ਆਪਣੇ ਪਰਿਵਾਰ ਨੂੰ ਵੀ ਮੰਗਵਾ ਸਕਦਾ ਹੈ। ਸਰਕਾਰ ਨੇ ਇਹ ਵੀ ਛੋਟ ਦਿੱਤੀ ਕਿ ਆਬਾਦ ਹੋਣ ਦਾ ਫ਼ੈਸਲਾ ਕਰਨ ਵਾਲੇ ਕੈਦੀ ਦੀ ਬਾਕੀ ਸਜ਼ਾ ਵੀ ਮੁਆਫ਼ ਕਰ ਦਿੱਤੀ ਜਾਵੇਗੀ ਤੇ ਸਰਕਾਰੀ ਖ਼ਰਚੇ 'ਤੇ ਉਹਦੀ ਪਤਨੀ ਤੇ ਬਾਲ-ਬੱਚੇ ਵੀ ਅੰਡੇਮਾਨ ਪਹੁੰਚਾ ਦਿੱਤੇ ਜਾਣਗੇ; ਨਾਲ ਹੀ ਨਵਾਂ ਕੰਮ-ਧੰਦਾ ਸ਼ੁਰੂ ਕਰਨ ਵਾਸਤੇ ਆਰਥਿਕ ਸਹਾਇਤਾ ਵੀ ਦਿੱਤੀ ਜਾਵੇਗੀ। ਕਈ ਕੈਦੀ ਸਰਕਾਰ ਦੇ ਇਸ ਝਾਂਸੇ ਵਿਚ ਆ ਵੀ ਗਏ ਤੇ ਉਨ੍ਹਾਂ ਨੇ ਆਪਣੇ ਟੱਬਰ ਵੀ ਅੰਡੇਮਾਨ ਬੁਲਾ ਲਏ ਪਰ ਉਥੇ ਆਬਾਦ ਹੋਣ ਵਾਲੇ ਕੈਦੀਆਂ ਦੀ ਹਾਲਤ ਦਾ ਵਰਣਨ ਇਕ ਖ਼ਤ ਵਿਚੋਂ ਭਲੀ-ਭਾਂਤ ਹੋ ਜਾਂਦਾ ਹੈ ਜਿਹੜਾ ਕਿਸੇ ਇਖ਼ਲਾਕੀ ਕੈਦੀ ਨੇ ਲਿਖਿਆ ਸੀ। ਪਹਿਲਾਂ 'ਕਿਰਪਾਨ ਬਹਾਦਰ' ਤੇ ਪਿੱਛੋਂ 'ਕਿਰਤੀ' ਦੇ ਨਵੰਬਰ 1927 ਦੇ ਪਰਚੇ ਵਿਚ ਛਪੇ ਇਸ ਖ਼ਤ ਦਾ ਹਵਾਲਾ ਸ੍ਰੀ ਚਿਰੰਜੀ ਲਾਲ ਦੀ ਲਿਖਤ ਵਿਚ ਇਸ ਪ੍ਰਕਾਰ ਦਿੱਤਾ ਗਿਆ ਹੈ, "ਅੱਜ ਤੱਕ ਪੰਜਾਬ ਦੇ ਜੇਲ੍ਹਖਾਨਿਆਂ ਵਿਚ ਕਾਲੇ ਪਾਣੀ (ਅੰਡੇਮਾਨ) ਦੇ ਸੋਹਲੇ ਗਾਏ ਜਾਂਦੇ ਹਨ ਕਿ ਇਥੇ ਬੜਾ ਸੁੱਖ ਹੈ। ਇਥੇ ਰਹਿਣ ਵਾਲੇ ਕੈਦੀਆਂ ਨੂੰ ਕਿਸੇ ਕਿਸਮ ਦੀ ਤਕਲੀਫ਼ ਨਹੀਂ। ਇਸੇ ਕਰ ਕੇ ਕਈ ਲੰਮੀਆਂ ਕੈਦਾਂ ਵਾਲੇ ਵੀਰ ਆਪ ਬੋਲ ਬੋਲ ਕਾਲੇ ਪਾਣੀ ਨੂੰ ਆ ਜਾਂਦੇ ਹਨ। ਹੇਠਾਂ ਮੈਂ ਹੁਣ ਕੁਝ ਉਹ ਹਾਲ ਲਿਖਦਾ ਹਾਂ ਜਿਨ੍ਹਾਂ ਤੋਂ ਆਮ ਪਬਲਿਕ ਨੂੰ ਪਤਾ ਲੱਗ ਜਾਊ ਕਿ ਕਾਲੇ ਪਾਣੀ ਸੁੱਖਾਂ ਦਾ ਘਰ ਹੈ ਕਿ ਨਰਕਾਂ ਦਾ ਕੁੰਭ ਹੈ। ਇਥੋਂ ਦੇ ਕੈਦੀਆਂ ਨੂੰ ਸਾਰਾ ਸਾਰਾ ਦਿਨ ਮਜ਼ਦੂਰੀ ਕਰਨ ਬਦਲੇ ਦਸ ਰੁਪਏ ਮਹੀਨਾ ਮਿਲਦੇ ਹਨ। ਇਨ੍ਹਾਂ ਦਸਾਂ ਰੁਪਈਆਂ ਵਿਚ ਉਹ ਰੋਟੀ ਖਾਣ ਜਾਂ ਕੱਪੜੇ ਪਾਣ? ਇਸ ਥਾਂ ਆਟਾ ਚਾਰ ਸੇਰ ਰੁਪਏ ਦਾ ਮਿਲਦਾ ਹੈ, ਇਸੇ ਤਰ੍ਹਾਂ ਚੌਲ ਭੀ ਚਾਰ ਰੁਪਏ ਸੇਰ ਮਿਲਦੇ ਹਨ, ਕੱਪੜਾ ਬਹੁਤ ਮਹਿੰਗਾ ਹੈ। ਇਕ ਕੁੜਤੇ ਦੀ ਸਵਾਈ ਰੁਪਿਆ, ਬਾਰਾਂ ਆਨੇ ਲਗਦੇ ਹਨ। ਹੁਣ ਤੁਸੀਂ ਵਿਚਾਰੋ ਕਿ ਕੈਦੀ ਇਨ੍ਹਾਂ ਦਸਾਂ ਰੁਪਿਆ ਨਾਲ ਕਿਵੇਂ ਗੁਜ਼ਾਰਾ ਕਰਨ? ਜਿਸ ਤੋਂ ਤੰਗ ਆ ਕੇ ਇਹ ਕੈਦੀ ਸ਼ਰਾਬ ਕੱਢਣ ਲੱਗ ਜਾਂਦੇ ਹਨ ਜਿਸ 'ਤੇ ਹੋਰ ਕੈਦ ਵਧ ਜਾਂਦੀ ਹੈ। ਪਹਿਲੇ ਪਹਿਲੇ ਜਿਨ੍ਹਾਂ ਕੈਦੀਆਂ ਨੇ ਆਪਣੀਆਂ ਔਰਤਾਂ ਮੰਗਵਾਈਆਂ ਹੋਈਆਂ ਸਨ, ਉਨ੍ਹਾਂ ਨੂੰ ਪੰਜ ਰੁਪਏ ਤੇ ਦੋ ਰੁਪਏ ਬੱਚੇ ਪਿਛੇ ਮਿਲਦੇ ਸਨ, ਪਰ ਹੁਣ ਉਹ ਭੀ ਬੰਦ ਕੀਤੇ ਗਏ ਹਨ ਅਤੇ ਕੁਲ ਗਿਆਰਾਂ ਰੁਪਏ ਹੀ ਮਿਲਣਗੇ, ਚਾਹੇ ਕਿੰਨੇ ਬੱਚੇ ਔਰਤ ਨਾਲ ਹੋਣ। ਜੋ ਜੋ ਕੰਮ ਇਨ੍ਹਾਂ ਔਰਤਾਂ ਨੂੰ ਕਰਨੇ ਪੈਂਦੇ, ਉਹ ਇਥੇ ਲਿਖਦਿਆਂ ਮੇਰਾ ਕਾਲਜਾ ਮੂੰਹ ਨੂੰ ਆਉਂਦਾ ਹੈ, ਔਰ ਕਲਮ ਰੁਕਦੀ ਹੈ, ਸੀਨਾ ਫਟਦਾ ਹੈ, ਅੱਖਾਂ ਵਿਚੋਂ ਹੰਝੂ ਵਗਦੇ ਹਨ। ਇਨ੍ਹਾਂ ਭੈਣਾਂ ਪਾਸੋਂ ਉਹ ਉਹ ਕੰਮ ਕਰਵਾਏ ਜਾਂਦੇ ਹਨ ਜਿਨ੍ਹਾਂ ਕੰਮਾਂ ਕਰ ਕੇ ਹਿੰਦੁਸਤਾਨੀਆਂ ਦੀ ਅਣਖ ਮਿੱਟੀ ਵਿਚ ਮਿਲਦੀ ਹੈ। ਇਥੋਂ ਦੇ ਕੈਦੀਆਂ ਲਈ ਇਹ ਭੀ ਹੁਕਮ ਹੈ ਕਿ ਜੇ ਉਹ ਬਾਹਰ ਕੰਮ ਕਰਨਾ ਚਾਹੁਣ ਤਾਂ ਕੁਝ ਸਮੇਂ ਬਾਅਦ ਉਨ੍ਹਾਂ ਨੂੰ ਛੁੱਟੀ ਦਿੱਤੀ ਜਾਵੇ ਤਾਂ ਕਿ ਉਹ ਸ਼ਹਿਰ ਵਿਚ ਆਪਣਾ ਕੰਮ ਕਰ ਕੇ ਖਾਣ ਪਰ ਛੁੱਟੀ ਮੰਗਣ 'ਤੇ ਉਨ੍ਹਾਂ ਨੂੰ ਉਲਟਾ ਜੇਲ੍ਹ ਬੰਦ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਜਿਹੜੀਆਂ ਤੀਵੀਆਂ ਦੇਸ਼ੋਂ ਆਪਣੇ ਪਤੀਆਂ ਪਾਸ ਆਉਂਦੀਆਂ ਹਨ, ਉਨ੍ਹਾਂ ਔਰਤਾਂ ਦੀ ਡਾਕਟਰੀ ਗੋਰਾ ਡਾਕਟਰ ਕਰਦਾ ਹੈ, ਅਤੇ ਇਹ ਡਾਕਟਰੀ ਅਲਫ਼ ਨੰਗੀਆਂ ਕਰ ਕੇ ਕੀਤੀ ਜਾਂਦੀ ਹੈ। ਇਸ ਤਰ੍ਹਾਂ ਜਦੋਂ ਕਿਸੇ ਤੀਵੀਂ ਨੂੰ ਇਧਰ ਗਰਭ ਹੋ ਜਾਵੇ ਜਾਂ ਗਰਭ ਵਿਚ ਨੁਕਸ ਪੈ ਜਾਵੇ, ਉਦੋਂ ਭੀ ਉਨ੍ਹਾਂ ਦਾ ਇਲਾਜ ਗੋਰਾ ਡਾਕਟਰ ਕਰਦਾ ਹੈ ਜਿਸ ਕਾਰਨ ਕਈ ਹਿੰਦੀ ਤੀਵੀਆਂ ਤੜਫ-ਤੜਫ ਕੇ ਮਰ ਜਾਂਦੀਆਂ ਹਨ।" (ਕਿਰਤੀ, ਅੰਮ੍ਰਿਤਸਰ, ਪੰਨਾ 28)

ਇਹ ਵੀ ਠੀਕ ਹੈ ਕਿ ਇਸ ਸਮੇਂ ਜੇਲ੍ਹ ਦਾ ਪ੍ਰਬੰਧ ਭਾਵੇਂ ਪਹਿਲਾਂ ਵਾਂਗ ਮਾੜਾ ਤੇ ਸਖ਼ਤ ਨਹੀਂ ਸੀ, ਤਦ ਵੀ ਇਹ ਬਹੁਤ ਹੱਦ ਤੱਕ ਗ਼ੈਰ-ਇਨਸਾਨੀ ਅਤੇ ਅਪਮਾਨਤ ਕਰਨ ਵਾਲਾ ਸੀ। ਇਸੇ ਲਈ ਗ਼ਦਰੀਆਂ ਤੋਂ ਪਿੱਛੋਂ ਇਥੇ ਆਉਣ ਵਾਲੇ ਇਨਕਲਾਬੀਆਂ ਨੂੰ ਵੀ ਆਪਣਾ ਮਾਣ-ਸਨਮਾਨ ਤੇ ਵੱਕਾਰ ਬਹਾਲ ਰੱਖਣ ਦੇ ਨਾਲ ਨਾਲ ਹੱਕੀ ਮੰਗਾਂ ਲਈ ਲੜਾਈਆਂ ਲੜਨੀਆਂ ਪੈਂਦੀਆਂ ਰਹੀਆਂ। ਬੱਬਰਾਂ ਨੇ 28 ਦਿਨ ਦੀ ਲੰਮੀ ਭੁੱਖ ਹੜਤਾਲ ਕੀਤੀ। ਇਸ ਹੜਤਾਲ ਉਪਰੰਤ ਪ੍ਰਾਪਤ ਸਿੱਟਿਆਂ ਨੂੰ ਜਾਨਣ ਲਈ ਸ੍ਰੀ ਚਿਰੰਜੀ ਲਾਲ ਵੱਲੋਂ ਦਿੱਤਾ ਹਵਾਲਾ ਪੜ੍ਹਨਾ ਯੋਗ ਹੋਵੇਗਾ, 'ਭਾਈ ਕਰਮ ਸਿੰਘ ਝਿੰਗੜ ਵਾਲੇ ਗਰੁਪ ਦੇ ਪੁੱਜਣ ਬਾਅਦ ਕਾਲੇ ਪਾਣੀ ਜੇਲ੍ਹ ਵਿਚ ਬੱਬਰ ਅਕਾਲੀਆਂ ਨੇ ਮੁਸ਼ੱਕਤ ਕਰਨ ਤੋਂ ਸਾਫ਼ ਇਨਕਾਰ ਕਰ ਦਿੱਤਾ ਅਤੇ ਕਿਹਾ ਕਿ ਸਾਨੂੰ ਰਾਜਸੀ ਕੈਦੀਆਂ ਵਾਲੀਆਂ ਸਾਰੀਆਂ ਸਹੂਲਤਾਂ ਮਿਲਣੀਆਂ ਚਾਹੀਦੀਆਂ ਹਨ। ਉਨ੍ਹਾਂ ਨੇ ਇਹ ਵੀ ਕਿਹਾ ਕਿ ਸਰਕਾਰ ਨੇ ਹੁਕਮ ਜਾਰੀ ਕੀਤੇ ਹਨ ਕਿ ਕਾਲੇ ਪਾਣੀ ਦੀ ਜੇਲ੍ਹ ਵਿਚ ਉਹੋ ਕੈਦੀ ਭੇਜੇ ਜਾਣਗੇ ਜਿਨ੍ਹਾਂ ਨੇ ਇਥੇ ਪੱਕੀ ਰਿਹਾਇਸ਼ ਕਰਨੀ ਹੋਵੇ। ਸੋ, ਤੁਸੀਂ ਸਾਨੂੰ ਵਾਪਸ ਪੰਜਾਬ ਦੀ ਕਿਸੇ ਵੀ ਜੇਲ੍ਹ ਵਿਚ ਭੇਜ ਦਿਉ, ਕਿਉਂਕਿ ਅਸੀਂ ਇਥੇ ਰਿਹਾਇਸ਼ ਰੱਖਣ ਤੋਂ ਇਨਕਾਰ ਕਰ ਚੁੱਕੇ ਹਾਂ। ਮੰਗ ਰੱਖਣ ਦੇ ਜਵਾਬ ਵਿਚ ਉਲਟਾ ਡੰਡਾ-ਬੇੜੀਆਂ, ਖੜ੍ਹੀਆਂ ਹੱਥ-ਕੜੀਆਂ, ਟਾਟ ਵਰਦੀਆਂ ਆਦਿ ਦੀਆਂ ਸਜ਼ਾਵਾਂ ਬੱਬਰਾਂ ਨੂੰ ਉਸੇ ਵੇਲੇ ਹੀ ਦੇ ਦਿੱਤੀਆਂ ਗਈਆਂ। ਬੱਬਰਾਂ ਨੇ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ। ਮੁਲਤਾਨ ਜੇਲ੍ਹ ਵਾਂਗ ਕਾਲੇ ਪਾਣੀ ਵਿਚ ਵੀ ਪੂਰੇ 28 ਦਿਨ ਭੁੱਖ ਹੜਤਾਲ ਪੂਰੀ ਸ਼ਾਨ ਨਾਲ ਜਾਰੀ ਰਹੀ। ਜੇਲ੍ਹ ਅਧਿਕਾਰੀ ਨਾਲੀਆਂ ਰਾਹੀਂ ਖ਼ੁਰਾਕ ਅੰਦਰ ਧਕਦੇ ਰਹੇ। ਆਖ਼ਰ ਉਥੋਂ ਦਾ ਚੀਫ਼ ਕਮਿਸ਼ਨਰ ਆਪ ਆਉਣ ਲਈ ਮਜਬੂਰ ਹੋ ਗਿਆ। ਬੱਬਰ ਕਰਮ ਸਿੰਘ ਝਿੰਗੜ ਨਾਲ ਉਸ ਦੀਆਂ ਬੜੀਆਂ ਖੁੱਲ੍ਹ ਕੇ ਗੱਲਾਂ ਹੋਈਆਂ। ਨਤੀਜੇ ਵਜੋਂ ਬੱਬਰਾਂ ਨੂੰ ਬਾਹਰ ਜਾ ਕੇ ਮੁਸ਼ੱਕਤ ਕਰਨ ਸਮੇਂ ਆਰਾਮ ਕਰਨ ਲਈ ਮਨਮਰਜ਼ੀ ਦਾ ਕੱਪੜਾ ਨਾਲ ਲਿਜਾਣ ਦੀ ਖੁੱਲ੍ਹ ਹੋ ਗਈ। ਹਫ਼ਤੇ ਪਿਛੋਂ ਨਹਾਉਣ ਅਤੇ ਧੋਣ ਵਾਲੇ ਸਾਬਣ ਦੀ ਇਕ-ਇਕ ਟਿੱਕੀ, ਇਕ ਛਟਾਂਕ ਸਰ੍ਹੋਂ ਦਾ ਤੇਲ ਅਤੇ ਰੋਜ਼ਾਨਾ ਡੇਢ ਛਟਾਂਕ ਗੁੜ ਮਿਲਣ ਲੱਗ ਪਿਆ। ਦੂਜੇ ਸੂਬਿਆਂ ਵਾਲੇ ਕਿਉਂਕਿ ਪੰਜਾਬੀ ਖ਼ੁਰਾਕ ਤਿਆਰ ਨਹੀਂ ਸਨ ਕਰ ਸਕਦੇ, ਇਸ ਲਈ ਇਨ੍ਹਾਂ ਦਾ ਲੰਗਰ ਵੀ ਵੱਖਰਾ ਕਰਨ ਦੀ ਮੰਗ ਮੰਨੀ ਗਈ। ਕਮਿਸ਼ਨਰ ਨੇ ਇਹ ਇਕਰਾਰ ਵੀ ਕੀਤਾ ਕਿ ਇਕ ਸਾਲ ਦੇ ਅੰਦਰ-ਅੰਦਰ ਸਭ ਬੱਬਰ ਕੈਦੀ ਵਾਪਸ ਪੰਜਾਬ ਦੀ ਕਿਸੇ ਜੇਲ੍ਹ ਵਿਚ ਘੱਲ ਦਿੱਤੇ ਜਾਣਗੇ। ਸੋ, ਸਾਲ ਦੇ ਅੰਦਰ-ਅੰਦਰ ਸਾਰੇ ਬੱਬਰਾਂ ਨੂੰ ਕਲਕੱਤੇ ਲਿਆ ਕੇ ਅਲੀਪੁਰ ਦੀ ਜੇਲ੍ਹ ਵਿਚ ਡੱਕਿਆ ਗਿਆ। ਹਾਂ, ਦੋ ਬੱਬਰ ਸੁਰੈਣ ਸਿੰਘ ਕੰਗ ਅਤੇ ਮੁਣਸ਼ਾ ਸਿੰਘ ਸਮਰਾਵਾਂ ਮਲੇਰੀਏ ਦਾ ਸ਼ਿਕਾਰ ਹੋ ਕੇ ਉਥੇ ਸ਼ਹੀਦ ਹੋ ਗਏ ਸਨ। ਉਨ੍ਹਾਂ ਦੇ ਟੱਬਰਾਂ ਨੂੰ ਰੋਂਦੇ ਪਿੱਟਦੇ ਵਾਪਸ ਆਉਣਾ ਪਿਆ ਸੀ।'

ਅੰਗਰੇਜ਼ ਹਕੂਮਤ ਵੱਲੋਂ ਅੰਡੇਮਾਨ ਨੂੰ ਦੇਸ਼ ਭਗਤਾਂ ਦੇ ਬੰਦੀਖ਼ਾਨੇ ਵਜੋਂ ਵਰਤਣ ਦਾ ਵਿਚਾਰ ਆਖ਼ਰ ਤਿਆਗਣਾ ਪਿਆ। ਰਾਜਸੀ ਕੈਦੀਆਂ ਦਾ ਲਗਾਤਾਰ ਸੰਘਰਸ਼, ਦੇਸ਼ ਵਿਚੋਂ ਉਨ੍ਹਾਂ ਦੀਆਂ ਮੰਗਾਂ ਦੇ ਹੱਕ ਵਿਚ ਉਠਦੀ ਆਵਾਜ਼, ਬਦਲ ਰਹੇ ਰਾਜਸੀ ਹਾਲਾਤ ਅਤੇ ਜੇਲ੍ਹ ਦੇ ਦੌਰੇ 'ਤੇ ਜੇਲ੍ਹ ਦੀ ਪੜਤਾਲ ਕਰਨ ਆਏ ਅੰਗਰੇਜ਼ ਅਧਿਕਾਰੀਆਂ ਅੱਗੇ ਆਪਣਾ ਪੱਖ ਜ਼ੋਰਦਾਰ ਢੰਗ ਨਾਲ ਪੇਸ਼ ਕਰਨ ਦੇ ਬਹੁਮੁਖੀ ਦਬਾਵਾਂ ਨੇ ਹੀ ਸਰਕਾਰ ਨੂੰ ਇਹ ਫ਼ੈਸਲਾ ਕਰਨ ਲਈ ਮਜਬੂਰ ਕੀਤਾ। ਇਹ ਵੱਖਰੀ ਗੱਲ ਹੈ ਕਿ ਉਸ ਸਮੇਂ ਤੱਕ ਇਕ ਤੋਂ ਵੱਧ ਕੈਦੀ ਦਿਮਾਗੀ ਬੋਝ ਕਰ ਕੇ ਦਿਮਾਗੀ ਸੰਤੁਲਨ ਖੋ ਬੈਠੇ ਸਨ। ਕਈਆਂ ਨੂੰ ਤਪਦਿਕ ਅਤੇ ਜੋੜਾਂ ਦੀਆਂ ਬਿਮਾਰੀਆਂ ਲੱਗ ਗਈਆਂ ਸਨ। ਦੇਸ਼ ਪਰਤਣ ਵਾਲੇ ਕੈਦੀਆਂ ਵਿਚ ਅਸਾਮ, ਬਿਹਾਰ, ਮਦਰਾਸ ਅਤੇ ਪੰਜਾਬ ਦੇ ਸਾਰੇ ਕੈਦੀ ਸ਼ਾਮਿਲ ਸਨ ਜਿਹੜੇ 'ਮਹਾਰਾਜਾ' ਜਹਾਜ਼ ਉਤੇ ਵਾਪਿਸ ਆਏ।

ਐਸ. ਐਨ. ਮਜੂਮਦਾਰ, ਭਗਤ ਸਿੰਘ ਦੇ ਸਾਥੀ ਵਿਜੈ ਕੁਮਾਰ ਸਿਨਹਾ ਤੇ ਚਿਰੰਜੀ ਲਾਲ ਦੀਆਂ ਲਿਖਤਾਂ ਰਾਹੀਂ ਕਮਿਊਨਿਸਟਾਂ ਤੇ ਬੱਬਰਾਂ ਵੱਲੋਂ ਅੰਡੇਮਾਨ ਵਿਚ ਲੜੇ ਸੰਘਰਸ਼ ਦੇ ਹਵਾਲੇ ਮਿਲਦੇ ਹਨ। ਜੇ ਇਸ ਮੌਕੇ ਜੇਲ੍ਹ ਦਾ ਵਾਯੂਮੰਡਲ ਪਹਿਲਾਂ ਨਾਲੋਂ ਬਦਲ ਚੁੱਕਾ ਸੀ ਤੇ ਉਥੇ ਪਹਿਲਾਂ ਵਰਗੀ ਸਖ਼ਤੀ ਤੇ ਮੁਸ਼ੱਕਤ ਨਹੀਂ ਸੀ ਕਰਨੀ ਪੈਂਦੀ ਤਾਂ ਇਸ ਗੁਣਾਤਮਕ ਤਬਦੀਲੀ ਦਾ ਸਿਹਰਾ ਸੂਰਬੀਰ ਗ਼ਦਰੀਆਂ ਤੇ ਦੂਜੇ ਇਨਕਲਾਬੀਆਂ ਦੀਆਂ ਕੁਰਬਾਨੀਆਂ ਤੇ ਸਿਰੜ ਸਿਰ ਹੀ ਬੱਝਦਾ ਹੈ।

***(ਸਮਾਪਤ)***



***ਅੱਜ ਦੀ ਸੈਲੂਲਰ ਜੇਲ੍ਹ ਜਿਸ ਦੀ ਇਸ 'ਖ਼ੂਬਸੂਰਤੀ' ਥੱਲੇ ਦੇਸ਼ਭਗਤਾਂ ਦਾ ਲਹੂ-ਪਸੀਨਾ ਡੁੱਲ੍ਹਿਆ ਹੋਇਆ ਹੈ।***

# ਪੰਜਾਬੀ ਟ੍ਰਿਬਿਊਨ: 'ਘਰੋਗੀ ਜੰਗ' ਦੀ ਸ਼ੁਰੂਆਤ

***(ਸਫਾ 28 ਦੀ ਬਾਕੀ)***

ਸਿੰਘ ਬਾਦਲ, ਗੁਰਚਰਨ ਸਿੰਘ ਟੌਹੜਾ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਆਖਰੀ ਵਾਰ ਗੱਲਬਾਤ ਲਈ ਬੁਲਾ ਕੇ ਖੇਡੀ ਜੋ ਕਿ ਮਹਿਜ ਛਲਾਵਾ ਸੀ। ਅਸਲ ਵਿਚ ਇੰਦਰਾ ਗਾਂਧੀ ਵੱਲੋਂ ਗੱਲਬਾਤ ਦੀ ਸਿਆਸਤ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਉਣ ਲਈ ਮਿਥ ਕੇ ਕੀਤੀ ਜਾ ਰਹੀ ਸੀ। ਅਜਿਹਾ ਹੀ ਚੱਕਰ ਕੁਝ ਮਹੀਨੇ ਪਹਿਲਾਂ ਉਸ ਨੇ ਪੰਜਾਬ ਮਸਲੇ ਦਾ ਹੱਲ ਪੁੱਛਣ ਲਈ ਪੰਜਾਬੀ ਅਤੇ ਦੈਨਿਕ ਟ੍ਰਿਬਿਊਨ ਦੇ ਸੰਪਾਦਕਾਂ ਨੂੰ ਗੱਲਬਾਤ ਲਈ ਆਪਣੇ ਘਰ ਚਾਹ-ਪਾਣੀ 'ਤੇ ਬੁਲਾ ਕੇ ਵੀ ਚਲਾਇਆ ਸੀ। ਮੈਡਮ ਨਾਲ ਚਾਹ ਪੀ ਕੇ ਪੰਜਾਬ ਦੇ ਸਭ ਤੋਂ ਤਿੱਖੇ ਅਤੇ ਚਤੁਰ ਸੁਜਾਨ ਸੰਪਾਦਕ ਬਰਜਿੰਦਰ ਸਿੰਘ ਵੀ ਉਸ ਦੀ ਚਾਲ ਵਿਚ ਆ ਗਏ ਸਨ। ਰਾਜਧਾਨੀ ਤੋਂ ਪਰਤਦੇ ਸਾਰ ਉਨ੍ਹਾਂ ਨੇ 'ਪੰਜਾਬੀ ਟ੍ਰਿਬਿਊਨ' ਦੇ ਨਿਊਜ ਸਟਾਫ ਦੀ ਮੀਟਿੰਗ ਬੁਲਾ ਕੇ ਚਾਈਂ-ਚਾਈਂ ਦੱਸਿਆ ਕਿ ਦੇਸ਼ ਦੀ ਪ੍ਰਧਾਨ ਮੰਤਰੀ ਨਾਲ ਉਨ੍ਹਾਂ ਦੀ ਗੱਲਬਾਤ ਕਿੰਨੀ ਖ਼ੁਸ਼ਗਵਾਰ ਰਹੀ ਸੀ। ਭਾਅ ਜੀ ਨੇ ਜੁਆਕਾਂ ਵਾਲੀ ਮਾਸੂਮੀਅਤ ਨਾਲ ਦੱਸਿਆ ਕਿ ਮੈਡਮ ਨੂੰ ਉਹ ਸਾਫ ਕਹਿ ਆਏ ਹਨ ਕਿ ਜੇ ਉਹ ਤਿਆਰ ਹੋਣ ਤਾਂ ਪੰਜਾਬ ਮਸਲੇ ਦਾ ਹੱਲ ਉਹ ਦੋ ਮਿੰਟਾਂ ਵਿਚ ਦੱਸ ਸਕਦੇ ਹਨ। ਅੱਜ ਉਸ ਘਟਨਾ ਨੂੰ ਚੇਤੇ ਕਰਕੇ ਹੈਰਾਨੀ ਹੁੰਦੀ ਹੈ ਕਿ ਉਹ ਸਾਰਾ ਚੱਕਰ ਕੀ ਸੀ?

ਆਪਰੇਸ਼ਨ ਬਲਿਊ ਸਟਾਰ ਤੋਂ ਕੁਝ ਹੀ ਚਿਰ ਪਿੱਛੋਂ ਬਰਜਿੰਦਰ ਭਾਅ ਜੀ ਦੇ ਪਿਤਾ ਤੇ 'ਰੋਜ਼ਾਨਾ ਅਜੀਤ' ਦੇ ਸੰਪਾਦਕ ਸਾਧੂ ਸਿੰਘ ਹਮਦਰਦ ਦਾ ਅਚਾਨਕ ਦੇਹਾਂਤ ਹੋ ਗਿਆ ਅਤੇ ਉਹ 'ਪੰਜਾਬੀ ਟ੍ਰਿਬਿਊਨ' ਛੱਡ ਕੇ ਜਲੰਧਰ ਮਾਰਕਾ ਪੱਤਰਕਾਰੀ ਦੀ ਵਾਗਡੋਰ ਸੰਭਾਲਣ ਲਈ ਅਜੀਤ ਦੇ ਸੰਪਾਦਕ ਬਣ ਕੇ ਵਾਪਸ ਚਲੇ ਗਏ। ਬਰਜਿੰਦਰ ਸਿੰਘ ਦੇ ਪੰਜਾਬੀ ਟ੍ਰਿਬਿਊਨ ਛਡ ਕੇ ਜਾਣ ਪਿਛੋਂ ਤਾਕਤਵਰ ਟਰੱਸਟੀ ਮਹਿੰਦਰ ਸਿੰਘ ਰੰਧਾਵਾ ਦੀ ਬਰਕਤ ਨਾਲ ਉਘੇ ਲੇਖਕ ਗੁਲਜਾਰ ਸਿੰਘ ਸੰਧੂ 'ਪੰਜਾਬੀ ਟ੍ਰਿਬਿਊਨ' ਦੇ ਸੰਪਾਦਕ ਬਣ ਗਏ।

ਜਿਵੇਂ ਕਿ ਪਹਿਲਾਂ ਜ਼ਿਕਰ ਆ ਚੁਕਾ ਹੈ, ਟ੍ਰਿਬਿਊਨ ਅਦਾਰੇ ਅੰਦਰ ਇਸ ਦੌਰਾਨ ਮੁਲਾਜ਼ਮ ਯੂਨੀਅਨ ਬਣ ਚੁਕੀ ਸੀ। ਜਨਰਲ ਮੈਨੇਜਰ ਰੂਲੀਆ ਰਾਮ ਸ਼ਰਮਾ ਆਪਣੀ ਇੱਜਤ ਬਚਾ ਕੇ ਟ੍ਰਿਬਿਊਨ ਤੋਂ ਸੰਨਿਆਸ ਲੈ ਗਿਆ। ਹਰਿਆਣਾ ਸਰਕਾਰ ਦੇ ਚੀਫ ਸੈਕਟਰੀ ਰਹੇ ਐਸ ਡੀ ਭਾਂਬਰੀ ਨੇ ਉਨ੍ਹਾਂ ਦੀ ਜਗ੍ਹਾ ਜਨਰਲ ਮੈਨੇਜਰ ਦਾ ਅਹੁਦਾ ਸੰਭਾਲ ਲਿਆ। ਰੂਲੀਆ ਰਾਮ ਦੇ ਬਾਹਰ ਹੁੰਦੇ ਸਾਰ ਹੀ ਅਦਾਰੇ ਅੰਦਰ ਟ੍ਰਿਬਿਊਨ ਇੰਪਲਾਈਜ਼ ਯੂਨੀਅਨ ਦਾ ਡੰਕਾ ਵੱਜ ਗਿਆ। ਅੰਗ੍ਰੇਜ਼ੀ ਟ੍ਰਿਬਿਊਨ ਵਿਚ ਸਬ ਐਡੀਟਰ ਬਾਲ ਕਿਸ਼ਨ ਸੈਣੀ ਪ੍ਰਧਾਨ ਸੀ ਜੋ ਬੇਹੱਦ ਇਮਾਨਦਾਰ ਅਤੇ ਸਾਦਾ ਦਿਲ ਇਨਸਾਨ ਸੀ। ਉਸ ਨੂੰ ਪਤਾ ਹੀ ਨਾ ਲੱਗਾ ਕਦੋਂ ਸਾਰੀ ਤਾਕਤ ਯੂਨੀਅਨ ਦੇ ਜਨਰਲ ਸੈਕਟਰੀ ਸਿਰੇ ਦੇ ਸ਼ਾਤਰ ਅਤੇ ਨਿਰਦਈ ਬਿਰਤੀ ਵਾਲੇ ਪੰਡਿਤ ਮੋਹਣ ਲਾਲ ਨੇ ਹਥਿਆ ਲਈ। ਉਹੀ ਮੋਹਣ ਲਾਲ ਜੋ ਸਿਰੇ ਦਾ ਦਬੂ ਕਲਰਕ ਸੀ ਅਤੇ ਰੂਲੀਆ ਰਾਮ ਦੇ ਜਨਰਲ ਮੈਨੇਜਰ ਹੁੰਦਿਆਂ ਉਸ ਨੇ ਕਦੀ ਅੱਖ ਚੁੱਕ ਕੇ ਦੇਖਣ ਦੀ ਹਿੰਮਤ ਵੀ ਨਹੀਂ ਸੀ ਕੀਤੀ, ਉਸ ਦਾ ਬਾਪ ਸਾਬਤ ਹੋਇਆ। ਉਸ ਨੇ ਜਨਰਲ ਮੈਨੇਜਰ ਭਾਂਬਰੀ ਦੀ ਰੱਬ ਜਾਣੇ ਕਿਸ ਕਮਜ਼ੋਰ ਰਗ 'ਤੇ ਹੱਥ ਰੱਖ ਕੇ ਉਸ ਨੂੰ ਕਾਬੂ ਕਰ ਲਿਆ ਅਤੇ ਅਜਿਹੀਆਂ ਚੰਮ ਦੀਆਂ ਚਲਾਈਆਂ ਕਿ ਖੁਦ ਮੈਨੂੰ, ਦਲਜੀਤ ਸਿੰਘ ਸਰਾਂ ਅਤੇ ਸਾਡੀ ਸਾਰੀ ਧਿਰ ਦੇ ਹੋਰ ਬੰਦਿਆਂ ਨੂੰ ਅਗਲੇ ਕਈ ਸਾਲ ਦਿਨੇ ਹੀ ਤਾਰੇ ਵਿਖਾਈ ਰੱਖੇ। ਇਧਰ ਜਗਤਾਰ ਸਿੰਘ ਸਿੱਧੂ ਨੇ ਮੇਰੇ ਮੁੱਖ ਸ਼ਰੀਕ ਸੁਰਿੰਦਰ ਸਿੰਘ ਪਰੂਫ ਰੀਡਰ ਨੂੰ ਨਾਲ ਰਲਾ ਕੇ ਪ੍ਰਧਾਨ ਸੈਣੀ ਨੂੰ ਪੂਰੀ ਤਰ੍ਹਾਂ ਹੱਥਾਂ ਵਿਚ ਕਰ ਲਿਆ ਸੀ। ਇਸ ਦਾ ਖਮਿਆਜਾ ਮੈਨੂੰ, ਦਲਜੀਤ ਸਿੰਘ ਸਰਾਂ ਅਤੇ ਹੋਰ ਸਾਥੀਆਂ ਨੂੰ ਵਡੇ ਪੱਧਰ 'ਤੇ ਭੁਗਤਣਾ ਪਿਆ।

# ਮਸਤਾਨੇ ਵਰਗਿਆਂ ਨੂੰ ਜਿਊਂਦੇ ਜੀਅ ਸੰਭਾਲਣ ਦੀ ਲੋੜ

ਕੀ ਮੈਂ ਝੂਠ ਬੋਲਿਐ...



ਸਵਰਨ ਸਿੰਘ ਟਹਿਣਾ
ਫੋਨ:91-98141-78883

"ਡੈਡੀ ਨੂੰ ਅਧਰੰਗ ਦਾ ਦੌਰਾ ਪੈ ਗਿਐ...ਹਾਲਤ ਬਹੁਤ ਮੰਦੀ ਏ...ਜੇ ਕੋਈ ਥੋੜ੍ਹੀ-ਬਹੁਤ ਮੱਦਦ ਕਰ ਦੇਵੇ ਤਾਂ ਦਵਾਈ-ਬੂਟੀ ਦਾ ਪ੍ਰਬੰਧ ਹੋ ਜਾਵੇ...ਤੁਸੀਂ ਇੱਕ ਵਾਰ ਜ਼ਰੂਰ ਮਿਲ ਕੇ ਜਾਇਓ।" ਇਹ ਗੱਲਾਂ ਅਮਰ ਸਿੰਘ ਮਸਤਾਨਾ ਦਾ ਪੁੱਤਰ ਹਰਪਾਲ ਸਿੰਘ ਪੰਜੀਂ-ਸੱਤੀ ਦਿਨੀਂ



*ਅਮਰ ਸਿੰਘ ਮਸਤਾਨਾ*

ਮੈਨੂੰ ਫੋਨ ਕਰਕੇ ਕਹਿੰਦਾ ਤਾਂ ਕਾਲਜੇ ਦਾ ਰੁੱਗ ਭਰਿਆ ਜਾਂਦਾ।

ਪਿਛਲੇ ਦਿਨੀਂ ਜਦੋਂ ਹਾਲ-ਚਾਲ ਪੁੱਛਣ ਕੋਟਕਪੂਰੇ ਉਸ ਦੇ ਘਰ ਗਿਆ ਤਾਂ ਮੰਜੇ 'ਤੇ ਪਿਆ ਉਹ ਮਿਲਣ ਲਈ ਮੇਰੇ ਵੱਲ ਅਹੁਲਿਆ, ਪਰ ਹਿੱਲ ਨਾ ਸਕਿਆ। ਬੋਲਣ ਦੀ ਕੋਸ਼ਿਸ਼ ਕੀਤੀ ਪਰ ਬੋਲਿਆ ਨਾ ਗਿਆ। ਉਹਦੀ ਮੰਦੀ ਹਾਲਤ ਦੇਖ ਮੇਰਾ ਰੋਣ ਨਿਕਲ ਆਇਆ, ਕੇਹਾ ਫ਼ਨਕਾਰ ਸੀ ਇਹ ਤੇ ਬਿਮਾਰੀ ਨੇ ਕੀ ਬਣਾ ਛੱਡਿਆ। ਮਸਤਾਨੇ ਨੂੰ ਉਹਦੇ ਪੁੱਤ ਨੇ ਪੁੱਛਿਆ, "ਪਤਾ ਲੱਗ ਗਿਆ ਕੌਣ ਨੇ ਇਹ...ਉਹੀ ਲੇਖਾਂ ਵਾਲੇ।" ਤਾਂ ਚਿਹਰੇ 'ਤੇ ਖੁਸ਼ੀ ਦੇ ਭਾਵ ਲਿਆ ਉਹਨੇ 'ਹਾਂ' ਕਹਿਣ ਦੀ ਕੋਸ਼ਿਸ਼ ਕੀਤੀ, ਪਰ ਉਹ ਤੋਂ ਫੇਰ ਨਾ ਬੋਲਿਆ ਗਿਆ।

ਮਸਤਾਨੇ ਦਾ ਲੱਕੜ ਵਰਗਾ ਸਰੀਰ ਦੇਖ ਮੈਂ ਉਸ ਨਾਲ ਪਹਿਲੀ ਮਿਲਣੀ ਬਾਰੇ ਸੋਚਣ ਲੱਗਾ। ਜ਼ੀਰਾ ਸਾਹਿਤ ਸਭਾ ਵੱਲੋਂ ਸਲਾਨਾ ਸਮਾਗਮ ਕਰਾਇਆ ਗਿਆ ਤੇ ਮਸਤਾਨੇ ਦਾ ਸਨਮਾਨ ਸੀ। ਉਹਨੇ ਤਿੰਨ ਸਾਜ਼ੀਆਂ-ਢੋਲਕੀ, ਘੜੇ ਅਤੇ ਬੈਂਜੋ ਨਾਲ ਕਮਾਲ ਦਾ ਰੰਗ ਬੰਨ੍ਹਿਆ। ਉਹਦੀ ਗਾਇਕੀ ਨੂੰ ਪੰਡਾਲ 'ਚ ਬੈਠਾ ਹਰ ਦਰਸ਼ਕ ਦਾਦ ਦੇ ਰਿਹਾ ਸੀ, ਪਰ ਸੰਗਾਊ ਜਿਹਾ ਮਸਤਾਨਾ ਨੀਵੀਂ ਪਾ 'ਬਸ ਵਾਹਿਗੁਰੂ ਦੀ ਕ੍ਰਿਪਾ ਜੀ, ਵਾਹਿਗੁਰੂ ਦੀ ਕ੍ਰਿਪਾ ਜੀ' ਕਹੀ ਜਾਂਦਾ। ਮਸਤਾਨਾ ਜੋਸ਼ 'ਚ ਉਡੂੰ-ਉਡੂੰ ਕਰਦਾ ਪਰ ਦੇਖ ਕੇ ਲੱਗਦਾ ਨਹੀਂ ਸੀ ਕਿ ਇਹਦੇ ਵਿਚ ਕਲਾਕਾਰਾਂ ਵਾਲੀ ਕੋਈ ਗੱਲ ਏ। ਗੱਲੀਂਬਾਤੀਂ ਉਸ ਦੱਸਿਆ ਸੀ ਕਿ ਉਹ ਕੋਟਕਪੂਰੇ ਦੇ ਬੱਸ ਅੱਡੇ 'ਚ ਅਕਸਰ ਮਿਲ ਜਾਂਦੈ, ਜਦੋਂ ਵਕਤ ਲੱਗਿਆ ਆ ਜਾਇਓ।

ਛੇ ਕੁ ਮਹੀਨਿਆਂ ਬਾਅਦ ਉਹਨੂੰ ਮਿਲਣ ਕੋਟਕਪੂਰੇ ਗਿਆ ਤਾਂ ਇੱਕ ਬੱਸ ਕੰਡਕਟਰ ਨੇ ਆਖਿਆ, "ਔਹ ਰਿਕਸ਼ਾ ਸਟੈਂਡ 'ਚ ਹੋਊਗਾ।" ਉਥੇ ਪੁੱਛਿਆ ਤਾਂ ਪਤਾ ਲੱਗਾ ਕਿ ਉਹ ਸਵਾਰੀ ਲੈ ਕੇ ਕਿਧਰੇ ਗਿਆ ਹੋਇਐ, ਥੋੜ੍ਹਾ ਚਿਰ ਉਡੀਕਣਾ ਪਊ, ਆਊਗਾ ਏਥੇ ਹੀ।

ਅੱਧੇ ਕੁ ਘੰਟੇ ਮਗਰੋਂ ਉਹ ਮੁੜ ਆਇਆ। ਪਸੀਨੇ ਨਾਲ ਨੁੱਚੜਦਾ ਮੂੰਹ ਉਹਨੇ ਮੋਢੇ 'ਤੇ ਰੱਖੇ ਸਾਫ਼ੇ ਨਾਲ ਪੂੰਝਿਆ ਤੇ ਗੱਲੀਂ ਲੱਗ ਗਿਆ। ਬੜਾ ਕੁਝ ਦੱਸਿਆ ਉਸ ਨੇ। ਘਰ ਦੀ ਗ਼ਰੀਬੀ ਤੋਂ ਗੀਤ ਲਿਖਣ ਦੇ ਸ਼ੌਕ ਤੱਕ। ਲਿਖੇ ਗੀਤ ਹਿੱਟ ਹੋਣ ਤੋਂ ਖ਼ੁਦ ਗਾਉਣ ਤੱਕ। ਕਲਾਕਾਰਾਂ ਦੇ ਵਾਅਦਿਆਂ ਤੋਂ ਦਗ਼ੇਬਾਜ਼ੀਆਂ ਤੱਕ। ਉਹ ਨੀਵੀਂ ਪਾ ਕੇ ਬੋਲੀ ਗਿਆ ਤੇ ਮੈਂ ਸੁਣਦਾ-ਸੁਣਦਾ ਉਨ੍ਹਾਂ ਖੱਬੀਖਾਨ ਕਲਾਕਾਰਾਂ ਬਾਰੇ ਸੋਚਦਾ ਗਿਆ, ਜਿਹੜੇ ਉਸ ਨੂੰ ਗਾਉਂਦੇ ਵੀ ਰਹੇ ਤੇ ਤੜਫ਼ਾਉਂਦੇ ਵੀ। ਅਖੀਰ 'ਤੇ ਉਹਨੇ ਆਖਿਆ, "ਹੁੰਦਾ ਉਹੀਓ ਐ, ਜੋ ਰੱਬ ਨੂੰ ਮਨਜ਼ੂਰ ਹੋਵੇ, ਗੁੱਸਾ ਕਿਸੇ 'ਤੇ ਨਹੀਂ, ਉਹ ਵੱਡੇ ਲੋਕ ਨੇ, ਆਪਾਂ ਕੀ ਕਹਿ ਸਕਦੇ ਆਂ!"

ਤੇ ਕਿਸੇ ਵੇਲ਼ੇ ਰਿਕਸ਼ਾ ਚਲਾਉਂਦਾ, ਗੀਤ ਜੋੜਦਾ, ਖ਼ੁਦ ਸਟੇਜਾਂ 'ਤੇ ਗਾਉਂਦਾ ਮਸਤਾਨਾ ਅੱਜ ਚਾਹੁੰਦਾ ਹੋਇਆ ਵੀ ਬੋਲ ਨਹੀਂ ਸੀ ਸਕਦਾ। ਨਾ ਸੱਜੀ ਲੱਤ ਵਿਚ ਜਾਨ ਸੀ, ਨਾ ਸੱਜੀ ਬਾਂਹ ਵਿਚ, ਬੋਲਣ ਦੀ ਕੋਸ਼ਿਸ਼ ਕਰਦਾ ਪਰ ਮੂੰਹ ਖੁੱਲ੍ਹਣ ਦੇ ਬਾਵਜੂਦ ਸ਼ਬਦ ਨਾ ਨਿਕਲਦਾ। ਆਪਣੇ ਹਾਲ 'ਤੇ ਕਚੀਚੀ ਵੱਟਦਾ ਤੇ ਫੇਰ ਢਿੱਲਾ ਜਿਹਾ ਪੈ ਜਾਂਦਾ।

ਮਸਤਾਨੇ ਦੀ ਟੇਕ ਹੁਣ ਸਿਰਫ਼ ਤੇ ਸਿਰਫ਼ ਆਪਣੇ ਪਰਿਵਾਰ 'ਤੇ ਹੈ, ਜਿਹੜੇ ਉਸ ਨੂੰ ਸਹਾਰਾ ਦੇ ਕੇ ਉਠਾਉਂਦੇ ਨੇ, ਮੂੰਹ ਨੂੰ ਚਾਹ-ਪਾਣੀ ਲਾਉਂਦੇ ਨੇ ਤੇ ਸੰਭਾਲਦੇ ਨੇ। ਮਸਤਾਨੇ ਦੇ ਪੁੱਤ ਦਾ ਕਹਿਣੈ, "ਗ਼ਰੀਬੀ ਨਾਲ ਲੜਨਾ ਤਾਂ ਸਾਡੀ ਆਦਤ ਸੀ, ਜਾਣਦੇ ਸਾਂ ਕਿ ਘਾਹੀਆਂ ਦੇ ਪੁੱਤਾਂ ਘਾਹ ਹੀ ਖੋਤਣਾ ਹੁੰਦੈ, ਪਰ ਆਹ ਦਿਨ ਆ ਜਾਣਗੇ, ਕਦੇ ਨਹੀਂ ਸੀ ਸੋਚਿਆ!"

ਮਸਤਾਨੇ ਵੱਲੋਂ ਗਾਇਕੀ ਤੇ ਗੀਤਕਾਰੀ ਵਿਚ ਮਾਰੀਆਂ ਮੱਲਾਂ ਦਾ ਜ਼ਿਕਰ ਬਹੁਤ ਲੰਮਾ-ਚੌੜਾ ਹੈ। ਕਾਮਯਾਬੀ ਲਈ ਸਾਧਨਾਂ ਦੀ ਘਾਟ, ਅਨਪੜ੍ਹਤਾ, ਕਰਜ਼ੇ ਅਤੇ ਹੋਰ ਖੱਜਲ-ਖੁਆਰੀਆਂ ਦੇ ਬਾਵਜੂਦ ਉਸ ਨੂੰ ਗੀਤ ਜੋੜਨ ਦਾ ਸ਼ੌਕ ਪੈਦਾ ਹੋ ਗਿਆ। ਇਕ ਵੇਲ਼ਾ ਅਜਿਹਾ ਆਇਆ ਕਿ ਉਸੇ ਦੇ ਗੀਤ 'ਤੇ ਕਲਾਕਾਰ ਆਪਣੀ ਕੈਸਿਟ ਦਾ ਨਾਂ ਰੱਖਦਾ। ਉਹਦੀ ਲੇਖਣੀ ਦੀ ਮਹਿਮਾ ਦੂਰ-ਦੂਰ ਤੱਕ ਹੋਣ ਲੱਗੀ ਤੇ ਹੋਰ ਜ਼ਿਲ੍ਹਿਆਂ ਦੇ ਕਲਾਕਾਰ ਵੀ ਉਸ ਦੀ ਭਾਲ 'ਚ ਰਹਿੰਦੇ। ਪਤਾ-ਟਿਕਾਣਾ ਪੁੱਛ ਕੇ ਕਲਾਕਾਰ ਉਸ ਕੋਲ ਰਿਕਸ਼ਾ ਸਟੈਂਡ ਆਉਂਦੇ ਤੇ ਗੀਤਾਂ ਵਾਲੀ ਕਾਪੀ 'ਚੋਂ ਗੀਤ ਲੈ ਕੇ 'ਬਾਈ ਫੇਰ ਮਿਲਾਂਗੇ' ਕਹਿ ਤੁਰਦੇ ਬਣਦੇ। ਦੋ ਕੁ ਸਾਲ ਪਹਿਲਾਂ ਤੱਕ ਮਸਤਾਨਾ ਆਪਣੀ ਜ਼ੁਬਾਨੀ ਦੱਸਿਆ ਕਰਦਾ ਸੀ, "ਕਲਾਕਾਰਾਂ ਨੇ ਮਾਣ ਬਹੁਤ ਬਖਸ਼ਿਆ, ਪਰ ਇਹ ਮਾਣ 'ਸ਼ਾਬਾਸ਼, ਵਾਹ-ਵਾਹ, ਕਮਾਲ ਦੀ ਸੋਚ ਐ ਤੇਰੀ' ਤੱਕ ਸੀਮਤ ਰਿਹਾ।" ਗੀਤ ਗਾਉਣ ਵਾਲੇ ਕੋਠੀਆਂ-ਕਾਰਾਂ ਵਾਲੇ ਬਣਦੇ ਗਏ, ਪਰ ਉਸ ਦੀ ਸਰ-ਕਾਨਿਆਂ ਵਾਲੀ ਛੱਤ ਬਦਲਣ ਦਾ ਫ਼ਿਕਰ ਕਿਸੇ ਨਾ ਕੀਤਾ। ਕਿਸੇ ਨੇ ਨਾ ਪੁੱਛਿਆ ਕਿ ਟੱਬਰ ਦੀਆਂ ਲੋੜਾਂ ਵੀ ਹੋਣਗੀਆਂ, ਘਰਵਾਲੀ-ਨਿਆਣੇ ਕੁਝ ਮੰਗਦੇ ਹੋਣਗੇ, ਸੋ ਥੋੜ੍ਹਾ ਬਹੁਤ ਮਿਹਨਤਾਨਾ ਹੀ ਲੈ ਲੈ।

ਮਸਤਾਨੇ ਦੇ ਲਿਖੇ ਗੀਤ "ਮੇਰੇ ਦਿਲ ਦਾ ਖਿਡੌਣਾ ਨਾਲ ਲੈ ਜਾ, ਕਦੇ-ਕਦੇ ਖੇਡ ਲਿਆ ਕਰੀਂ", "ਬੁੜ੍ਹਾ ਵੀ ਕਹਿੰਦਾ ਆਈ ਲਵ ਯੂ" (ਸਰਦੂਲ ਸਿਕੰਦਰ), "ਦਿਲਾਂ ਦੇ ਐਕਸੀਡੈਂਟ ਬੁਰੇ" (ਸਲੀਮ) ਤੇ ਜਗਮੋਹਣ ਕੌਰ ਸਮੇਤ ਮਾਲਵੇ ਦੇ ਬਹੁਤ ਸਾਰੇ ਨਵੇਂ-ਪੁਰਾਣੇ ਗਾਇਕਾਂ ਨੇ ਗਾਏ। ਰਿਕਸ਼ਾ ਚਲਾਉਂਦਿਆਂ ਵੀ ਗੀਤ ਉਹਨੂੰ ਫੁਰਦੇ ਰਹਿੰਦੇ, ਪਰ ਅਨਪੜ੍ਹ ਹੋਣ ਕਰਕੇ ਲਿਖਣਾ ਨਹੀਂ ਸੀ ਆਉਂਦਾ, ਸੋ ਸਵਾਰੀਆਂ ਟਿਕਾਣੇ 'ਤੇ ਛੱਡ ਵਾਪਸ ਸਟੈਂਡ 'ਤੇ ਆ ਕੇ ਆਪਣੇ ਸਾਥੀ ਚਾਲਕ ਨੂੰ ਉਹ ਜੋੜਿਆ ਹੋਇਆ ਗੀਤ ਬੋਲ-ਬੋਲ ਕੇ ਲਿਖਾ ਦਿੰਦਾ। ਜੇ ਘਰ ਆਏ ਨੂੰ ਗੀਤ ਫੁਰਦਾ ਤਾਂ ਪੁੱਤ ਹਰਪਾਲ ਕਾਪੀ 'ਤੇ ਝਰੀਟ ਦਿੰਦਾ।

ਮੋਟੇ ਜਿਹੇ ਅੰਦਾਜ਼ੇ ਮੁਤਾਬਕ ਮਸਤਾਨੇ ਦੇ ਤਕਰੀਬਨ 200 ਗੀਤ ਵੱਖ-ਵੱਖ ਕਲਾਕਾਰਾਂ ਦੀ ਅਵਾਜ਼ ਵਿਚ ਰਿਕਾਰਡ ਹੋਏ ਹੋਣਗੇ ਤੇ ਏਨੇ ਕੁ ਹੀ ਉਸ ਦੀ ਕਾਪੀ 'ਚ ਲਿਖੇ ਪਏ ਨੇ। ਗੀਤ ਲਿਖਣ ਦੇ ਨਾਲ-ਨਾਲ ਉਸ ਨੇ ਗਾਇਕੀ ਦਾ ਸ਼ੌਕ ਵੀ ਪਾਲਿਆ। ਮੈਨੂੰ ਯਾਦ ਹੈ 15-18 ਸਾਲ ਪਹਿਲਾਂ ਦਾ ਉਹ ਦਿਨ, ਜਦੋਂ ਫ਼ਰੀਦਕੋਟ ਦੀ ਦਾਣਾ ਮੰਡੀ ਵਿਚ ਇਕ ਕਲਾਕਾਰ ਦੇ ਸਨਮਾਨ ਸਮਾਰੋਹ ਵਿਚ ਉਸ ਨੂੰ ਦੂਰੋਂ ਖੜ੍ਹ ਕੇ ਗਾਉਂਦਿਆਂ ਸੁਣਿਆ ਸੀ। ਉਹ ਨੇ "ਤੂੰ ਮਾਹੀਆ ਪ੍ਰਦੇਸ ਵੇ, ਵੇ ਤੇਰਾ ਰੋਵੇ ਕਾਕਾ" ਗੀਤ ਗਾ ਕੇ ਕਮਾਲ ਕਰ ਦਿੱਤੀ ਸੀ। ਇਸ ਗੀਤ ਵਿਚ ਉਸ ਨੇ ਪ੍ਰਦੇਸੀਆਂ ਦੀਆਂ ਘਰਵਾਲੀਆਂ ਦਾ ਦੁੱਖ ਬਿਆਨ ਕੀਤਾ ਸੀ ਕਿ ਨਿਆਣੇ ਪਾਪਾ-ਪਾਪਾ ਕਰਦੇ ਰਹਿ ਜਾਂਦੇ ਨੇ, ਪਰ ਪਾਪਾ ਮਜਬੂਰੀ ਵੱਸ ਬਾਹਰ ਗਿਆ ਹੁੰਦੈ।

ਮਸਤਾਨੇ ਦੀਆਂ ਦੋ ਕੈਸਿਟਾਂ 'ਕਾਕਾ ਕਰੇ ਪਾਪਾ ਪਾਪਾ' ਅਤੇ 'ਤੁਸੀਂ ਲੱਖਾਂ ਵਿਚੋਂ ਸੋਹਣੇ' ਛੋਟੀਆਂ-ਮੋਟੀਆਂ ਕੰਪਨੀਆਂ ਵਿਚ ਰਿਲੀਜ਼ ਹੋਈਆਂ, ਜਿਨ੍ਹਾਂ ਦੇ ਪ੍ਰਚਾਰ ਲਈ ਬਹੁਤੀ ਉਚੇਚ ਨਾ ਹੋਈ। ਫਿਰ ਵੀ ਚੰਗੀ ਅਵਾਜ਼ ਤੇ ਵਧੀਆ ਗੀਤ ਹੋਣ ਕਰਕੇ ਉਨ੍ਹਾਂ ਨੂੰ ਸਲਾਹਿਆ ਗਿਆ। ਕਈ ਟੈਲੀਫ਼ਿਲਮਾਂ ਵਿਚ ਉਸ ਦੇ ਲਿਖੇ ਗੀਤ ਆਏ ਤੇ ਕੋਟਕਪੂਰਾ ਦੇ ਜਾਣੇ-ਪਛਾਣੇ ਅਦਾਕਾਰ ਗੁਰਮੀਤ ਸਾਜਨ ਦੀਆਂ ਕਈ ਟੈਲੀਫ਼ਿਲਮਾਂ ਵਿਚ ਉਸ ਨੇ ਅਦਾਕਾਰੀ ਵੀ ਕੀਤੀ ਤੇ ਗਾਇਆ ਵੀ।

ਮਸਤਾਨੇ ਨੇ ਨਾ ਕੋਈ ਗੀਤ ਲੀਹੋਂ ਲੱਥਾ ਲਿਖਿਆ ਤੇ ਨਾ ਹੀ ਗਾਇਆ। ਉਸ ਦੇ ਬਹੁਗਿਣਤੀ ਗੀਤ ਸ਼ੁਰੂ 'ਚ ਇਸ਼ਕ-ਮੁਸ਼ਕ ਵਾਲੇ ਜਾਪਦੇ ਨੇ, ਪਰ ਆਖਰੀ ਅੰਤਰੇ 'ਚ ਉਹ ਗੀਤ ਦਾ ਨਿਚੋੜ ਪੇਸ਼ ਕਰਦਾ ਸੰਦੇਸ਼ ਦੇ ਜਾਂਦੈ। ਕੁੜੀਮਾਰਾਂ ਨੂੰ ਲਾਹਨਤਾਂ ਪਾਉਂਦੀ ਕੁਝ ਸਮਾਂ ਪਹਿਲਾਂ ਰਿਲੀਜ਼ ਹੋਈ ਇਕ ਡੀ.ਵੀ.ਡੀ. ਵਿਚ ਉਸ ਨੇ ਧੀਆਂ ਦੇ ਹੱਕ 'ਚ ਗਾਇਆ, ਜਿਸ ਵਿਚ ਕਲਪਨਾ ਚਾਵਲਾ, ਸੁਨੀਤਾ ਵਿਲੀਅਮ ਤੇ ਹੋਰ ਭਾਰਤੀ ਕੁੜੀਆਂ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕੀਤਾ ਗਿਆ ਸੀ। ਸਮਾਜਿਕ ਮਸਲਿਆਂ ਨੂੰ ਛੋਹਣ ਕਰਕੇ ਉਸ ਦਾ ਇੱਕ-ਦੋ ਥਾਂਈਂ ਸਨਮਾਨ ਕੀਤਾ ਗਿਆ। ਸਨਮਾਨ ਵਾਲੇ 'ਲੱਕੜ ਦੇ ਘੁੱਗੂ' ਉਸ ਦੇ ਘਰ ਦੀ ਅੰਗੀਠੀ 'ਤੇ ਪਏ ਤਾਂ ਸੋਹਣੇ ਲੱਗਦੇ ਨੇ, ਪਰ ਹਾਲ ਉਸ ਦਾ ਪਹਿਲਾਂ ਵਾਲਾ ਹੀ ਰਿਹਾ।



*ਅਮਰ ਸਿੰਘ ਮਸਤਾਨਾ ਅਤੇ ਉਸ ਦੀ ਪਤਨੀ*

ਮਸਤਾਨੇ ਦਾ ਪੁੱਤ ਦੱਸਦੈ, "ਜਿਸ ਦਿਨ ਡੈਡੀ ਜੀ ਨੂੰ ਫ਼ਰੀਦਕੋਟ ਦੇ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਵਿਚ ਦਾਖਲ ਕਰਾਇਆ ਸੀ ਤਾਂ ਕਈ ਪੱਤਰਕਾਰ ਖ਼ਬਰ ਲੈਣ ਆਏ ਸਨ। ਉਸ ਦਿਨ ਸਾਨੂੰ ਇਨ੍ਹਾਂ ਦੇ ਬਚਣ ਦੀ ਕੋਈ ਉਮੀਦ ਨਹੀਂ ਸੀ। ਜਾਪਦਾ ਸੀ ਘੜੀ-ਪਲ ਦੀ ਗੱਲ ਐ। ਅਗਲੇ ਦਿਨ ਖ਼ਬਰਾਂ ਛਪੀਆਂ, ਕਈ ਚੈਨਲਾਂ 'ਤੇ ਵੀ ਚੱਲੀਆਂ, ਮੱਦਦ ਲਈ ਫ਼ਰਿਆਦ ਵੀ ਕੀਤੀ ਗਈ, ਪਰ ਇੱਕ-ਦੋ ਕਲਾਕਾਰਾਂ ਤੋਂ ਸਿਵਾ ਕੋਈ ਨਾ ਬਹੁੜਿਆ। ਜਿਹੜੇ ਕਲਾਕਾਰਾਂ ਨੇ ਗੀਤ ਗਾਏ, ਉਨ੍ਹਾਂ ਵਿਚੋਂ ਵੀ ਇੱਕ ਨੇ ਹੀ ਮੱਦਦ ਕੀਤੀ, ਬਾਕੀਆਂ ਤੱਕ ਖ਼ਬਰ ਨਹੀਂ ਪਹੁੰਚੀ ਜਾਂ ਉਨ੍ਹਾਂ ਲੋੜ ਨਹੀਂ ਸਮਝੀ, ਇਹ ਰੱਬ ਜਾਣੇ?"

ਵਕਤ ਦੀ ਮਾਰ ਝੱਲ ਰਿਹਾ ਮਸਤਾਨਾ ਗਲੀ ਨਾਲ ਲੱਗਦੇ ਜਿਹੜੇ ਕਮਰੇ ਵਿਚ ਪਿਐ, ਉਸ ਦੀਆਂ ਕੰਧਾਂ 'ਤੇ ਟੰਗੀਆਂ ਤਸਵੀਰਾਂ ਉਹਦੀਆਂ ਪ੍ਰਾਪਤੀਆਂ ਬਿਆਨ ਕਰਦੀਆਂ ਨੇ। ਕਿਤੇ ਉਹ ਗਾ ਰਿਹੈ, ਕਿਤੇ ਅਦਾਕਾਰੀ ਕਰ ਰਿਹੈ, ਕਿਤੇ ਸਨਮਾਨ ਲੈ ਰਿਹੈ। ਕੁਝ ਅਖ਼ਬਾਰਾਂ ਦੀਆਂ ਕਾਤਰਾਂ ਫਰੇਮ ਕਰਾ ਕੇ ਟੰਗੀਆਂ ਹੋਈਆਂ ਨੇ, ਜਿਨ੍ਹਾਂ 'ਚ ਮਸਤਾਨੇ ਵੱਲੋਂ ਸੱਭਿਆਚਾਰਕ ਮੇਲਿਆਂ 'ਚ ਮੱਲਾਂ ਮਾਰਨ, ਗੀਤਾਂ ਦੀ ਸ਼ੂਟਿੰਗ ਕਰਨ ਅਤੇ ਹੋਰ ਸਰਗਰਮੀਆਂ ਨਾਲ ਜੁੜੀਆਂ ਖ਼ਬਰਾਂ ਨੇ।

ਮੈਨੂੰ ਅਹਿਸਾਸ ਹੋਇਆ ਕਿ ਬਿਮਾਰ ਮਸਤਾਨਾ ਨਹੀਂ, ਜ਼ਮਾਨਾ ਹੋ ਗਿਐ। ਲਾਚਾਰ ਉਹ ਨਹੀਂ ਹੋਇਆ, ਸਗੋਂ ਸਾਡੀ ਸੋਚ ਹੋ ਗਈ ਏ। ਸਾਲ 'ਚ ਇੱਕ-ਦੋ ਮੀਟਿੰਗਾਂ ਕਰਕੇ ਖ਼ਬਰਾਂ ਲਵਾਉਣ ਵਾਲੀਆਂ ਸੱਭਿਆਚਾਰਕ ਸੰਸਥਾਵਾਂ ਨੂੰ ਹੁਣ ਮਸਤਾਨਾ ਕਿਉਂ ਨਹੀਂ ਦਿਸ ਰਿਹਾ, ਉਸ ਨੂੰ ਰੱਜ ਕੇ ਗਾਉਣ ਵਾਲਿਆਂ ਨੂੰ ਉਹਦੇ ਹਾਲ 'ਤੇ ਤਰਸ ਕਿਉਂ ਨਹੀਂ ਆਉਂਦਾ? ਪਹਿਲਾਂ ਵੀ ਬਹੁਤ ਕਲਾਵਾਨ ਗਏ ਨੇ ਤੇ ਇਹ ਵੀ ਚਲਾ ਜਾਵੇਗਾ, ਪਰ ਬਾਅਦ 'ਚ 'ਫੱਕਰ ਤਬੀਅਤ ਦਾ ਮਾਲਕ ਸੀ ਮਸਤਾਨਾ', 'ਮਸਤਾਨੇ ਨੂੰ ਸ਼ਰਧਾਂਜਲੀਆਂ ਭੇਟ', 'ਸਦਾ ਚੇਤੇ ਰਹੇਗੀ ਉਹਦੀ ਦੇਣ', ਇਹ ਕੁਝ ਲਿਖਣ-ਲਿਖਾਉਣ ਦਾ ਕੋਈ ਅਰਥ ਨਹੀਂ ਰਹੇਗਾ, ਸਗੋਂ ਜੇ ਕੁਝ ਅਸੀਂ ਕੁਝ ਕਰ ਸਕਦੇ ਹਾਂ ਤਾਂ ਉਹਦੀ ਤੰਦਰੁਸਤੀ ਲਈ ਅੱਜ ਹੀ ਕਰ ਲੈਣਾ ਚਾਹੀਦੈ।

---

# ਤਾਂਤਰਿਕ ਬਾਬੇ ਜ਼ਿੰਦਾਬਾਦ

ਪਿਛੇ ਜਿਹੇ ਪਿੰਡ ਭਿੰਡਰਕਲਾਂ ਵਿਚ ਇਕ ਤਾਂਤਰਿਕ ਸਰਪੰਚਣੀ ਨੇ ਇਕ ਛੋਟੀ ਜਿਹੀ ਬੱਚੀ ਭੂਤ ਕੱਢਣ ਦੇ ਨਾਂ ਹੇਠ ਕੁੱਟ ਕੁੱਟ ਕੇ ਮਾਰ ਦਿੱਤੀ। ਤਾਂਤਰਿਕਾਂ ਵੱਲੋਂ ਇਲਾਜ ਦੇ ਬਹਾਨੇ ਕਿਸੇ ਬੱਚੇ ਜਾਂ ਮਾਨਸਿਕ ਰੋਗੀ ਨੂੰ ਕੁੱਟ-ਕੁੱਟ ਕੇ ਮਾਰਨ ਦੀਆਂ ਘਿਨਾਉਣੀਆਂ ਖ਼ਬਰਾਂ ਮਿਲਦੀਆਂ ਰਹਿੰਦੀਆਂ ਹਨ ਪਰ ਕਿਤੇ ਕੋਈ ਬਹੁਤੀ ਹਿਲਜੁਲ ਨਹੀਂ ਹੁੰਦੀ। ਅੰਧ-ਵਿਸ਼ਵਾਸ, ਜਾਦੂ-ਟੂਣੇ, ਜੰਤਰ-ਮੰਤਰ, ਅਡੰਬਰ-ਦਿਖਾਵੇ, ਜਾਤ-ਪਾਤ, ਊਚ-ਨੀਚ, ਛੂਤ-ਛਾਤ ਅਤੇ ਸੁੱਚ-ਭਿੱਟ ਆਦਿ ਸਦੀਆਂ ਪੁਰਾਣੀਆਂ ਬਿਮਾਰੀਆਂ ਹਨ ਜੋ ਲਗਭਗ

ਦਲਵਿੰਦਰ ਸਿੰਘ ਅਜਨਾਲਾ
ਫੋਨ: 661-834-9770

ਸਾਰੇ ਸੰਸਾਰ ਵਿਚ ਕਿਤੇ ਵੱਧ, ਕਿਤੇ ਘੱਟ ਆਪੋ-ਆਪਣੇ ਲੱਛਣਾਂ ਨਾਲ ਘਰ ਕਰੀ ਬੈਠੀਆਂ ਹਨ। ਇਨ੍ਹਾਂ ਦੇ ਇਲਾਜ ਵਾਸਤੇ ਸਾਰੇ ਸੰਸਾਰ ਵਿਚ ਸਮੇਂ-ਸਮੇਂ ਤੇ ਗੁਰੂ, ਪੀਰ-ਪੈਗੰਬਰ, ਰਿਸ਼ੀ-ਮੁਨੀ, ਸੰਤ-ਮਹਾਂਪੁਰਸ਼ ਵੀ ਆਉਂਦੇ ਰਹੇ। ਗੁਰੂ ਸਾਹਿਬਾਨ ਨੇ ਸਾਡੀ ਸੁਰਤ, ਮਤ, ਮਨ ਅਤੇ ਬੁੱਧ ਬਦਲੇ ਸਨ। 'ਗੁਰਸਿਖ ਮੀਤ ਚਲਹੁ ਗੁਰ ਚਾਲੀ॥' ਪਰ ਹੁਣ ਜੇ ਅਸੀਂ ਗੁਰੂ ਦੇ ਦੱਸੇ ਮਾਰਗ 'ਤੇ ਨਹੀਂ ਚੱਲਦੇ ਤਾਂ ਕਸੂਰ ਸਾਡਾ ਹੀ ਹੈ। ਕਬੀਰ ਸਾਹਿਬ ਫਰਮਾਉਂਦੇ ਹਨ,

ਕਬੀਰ ਸਾਚਾ ਸਤਿਗੁਰੁ ਕਿਆ ਕਰੈ
ਜਉ ਸਿਖਾ ਮਹਿ ਚੂਕ॥
ਅੰਧੇ ਏਕ ਨ ਲਾਗਈ,
ਜਿਉ ਬਾਂਸੁ ਬਜਾਈਐ ਫੂਕ॥

ਮੇਰੇ ਮਿੱਤਰ 83 ਸਾਲਾ ਸ. ਜੁਗਰਾਜ ਸਿੰਘ ਪੰਛੀ ਇਹ ਸੋਗਮਈ ਖ਼ਬਰ ਪੜ੍ਹ ਕੇ ਵਿਆਕੁਲ ਹੋ ਉਠੇ। ਮੈਨੂੰ ਰੋਣਹਾਕੀ ਆਵਾਜ਼ ਵਿਚ ਇਉਂ ਫੋਨ 'ਤੇ ਕਹਿਣ ਲੱਗੇ, 'ਯਾਰ ਅਨਰਥ ਹੋ ਗਿਐ, ਤੂੰ ਅਖ਼ਬਾਰ ਵਿਚ ਖ਼ਬਰ ਨਹੀਂ ਪੜ੍ਹੀ ਕਿ ਮਾਸੂਮ ਜਿਹੀ ਬੱਚੀ ਨੂੰ ਤਾਂਤਰਿਕ ਔਰਤ ਨੇ ਕੁੱਟ-ਕੁੱਟ ਕੇ ਮਾਰ ਦਿੱਤਾ। ਬੱਚੀ ਘੁੱਟ ਪਾਣੀ ਨੂੰ ਤਰਸਦੀ ਰਹੀ ਪਰ ਕਿਸੇ ਨੇ ਉਹਨੂੰ ਮਰਨ ਵੇਲੇ ਪਾਣੀ ਦਾ ਘੁੱਟ ਵੀ ਮੂੰਹ 'ਚ ਨਹੀਂ ਪਾਇਆ। ਯਾਰ ਤੁਸੀਂ ਲੇਖਕ ਲੋਕ ਚੁੱਪ-ਚਾਪ ਤਮਾਸ਼ਾ ਵੇਖ ਰਹੇ ਹੋ। ਸਮਾਜ ਦੇ ਇਸ ਕੋਹੜ ਬਾਰੇ ਕੁਝ ਲਿਖੋ। ਚਾਰ ਅੱਖਰ ਲਿਖ ਕੇ ਹਾਅ ਦਾ ਨਾਹਰਾ ਈ ਮਾਰ ਛੱਡੋ।' ਮੈਂ ਉਨ੍ਹਾਂ ਨੂੰ ਉਤਰ ਦਿੱਤਾ, 'ਪੰਛੀ ਸਾਹਿਬ, ਮੈਂ ਵੀ ਤੁਹਾਡੇ ਵਾਂਗੂੰ ਇਹੋ ਜਿਹੀਆਂ ਦਿਲ ਕੰਬਾਊ ਅਤੇ ਅਣਸੁਖਾਵੀਆਂ ਖ਼ਬਰਾਂ ਪੜ੍ਹ-ਸੁਣ ਕੇ ਉਦਾਸ ਤੇ ਪ੍ਰੇਸ਼ਾਨ ਹੁੰਦਾ ਹਾਂ ਪਰ ਉਦਾਸ, ਪ੍ਰੇਸ਼ਾਨ ਅਤੇ ਫਿਕਰਮੰਦ ਹੋਣ ਨਾਲ ਤਾਂ ਕੁਝ ਨਹੀਂ ਹੋਣਾ।

ਹੈਰਾਨੀ ਹੁੰਦੀ ਹੈ ਕਿ ਅੰਮ੍ਰਿਤਧਾਰੀ ਸੰਗਤ ਅਤੇ ਬੀਬੀਆਂ ਵਹਿਮਾਂ ਭਰਮਾਂ ਵਿਚ ਗਰਕ, ਪੰਡਿਤਾਂ ਤਾਂਤਰਿਕਾਂ ਅਤੇ ਸੰਤਾਂ ਬਾਬਿਆਂ ਕੋਲ ਜਾਂਦੇ ਹਨ। ਮੈਂ ਜਿਸ ਸਰਕਾਰੀ ਸਕੂਲ ਵਿਚ ਡਿਊਟੀ ਕਰਦਾ ਸਾਂ, ਉਹਦੇ ਨਾਲ ਵੱਡਾ ਗੁਰੂਘਰ ਵੀ ਸੀ। ਉਸ ਗੁਰੂਘਰ ਦਾ ਮੁੱਖ ਸੇਵਾਦਾਰ ਬਾਬਾ, ਨਿਹੰਗ ਬਾਣੇ ਵਾਲਾ ਬੜਾ ਕੱਟੜ ਸਿੱਖ ਬਾਬਾ ਸੀ ਅਤੇ ਉਹ ਗੁਰਦੁਆਰੇ ਵਿਚ ਆਉਂਦੇ ਕਈਆਂ ਰੋਗੀਆਂ, ਵਹਿਮੀਆਂ ਨੂੰ ਝਾੜੇ-ਫਾਂਡੇ ਅਤੇ ਹਥੌਲੇ ਆਦਿ ਵੀ ਕਰ ਦਿੰਦਾ ਸੀ। ਮੇਰੇ ਪਿੰਡ ਵਿਚ ਚਾਰ ਜਣਿਆਂ ਨੂੰ ਹਲਕਿਆ ਕੁੱਤਾ ਵੱਢ ਗਿਆ। ਇਨ੍ਹਾਂ ਵਿਚੋਂ ਤਿੰਨ ਜਣਿਆਂ ਨੇ ਕਿਸੇ ਪੀਰ ਦੀ ਦਰਗਾਹ ਤੋਂ ਮਿੱਠੀ ਰੋਟੀ ਦਾ ਪ੍ਰਸ਼ਾਦ ਖਾ ਕੇ ਆਪਣਾ ਇਲਾਜ ਕਰ ਲਿਆ ਅਤੇ ਇਕ ਜਣੇ ਨੇ ਡਾਕਟਰ ਤੋਂ ਟੀਕੇ ਲਗਵਾ ਲਏ। ਥੋੜ੍ਹੇ ਦਿਨਾਂ ਬਾਅਦ ਜਿਨ੍ਹਾਂ ਨੇ ਪੀਰ ਦੀ ਦਰਗਾਹ ਤੋਂ 'ਇਲਾਜ' ਕਰਵਾਇਆ ਸੀ, ਉਹ ਤਿੰਨੇ ਹੀ ਮਰ ਗਏ ਅਤੇ ਜਿਸ ਨੇ ਆਪਣਾ ਡਾਕਟਰੀ ਇਲਾਜ ਕਰਾਇਆ ਸੀ, ਉਹ ਬਚ ਗਿਆ।

ਪਿਛਲੇ ਸਾਲ ਮੈਂ ਆਪਣੀ ਰੋਜ਼ੀ ਰੋਟੀ ਖਾਤਰ ਸਿੱਖ ਕਹਾਉਂਦੇ ਇਕ ਟਰੱਕ ਵਾਲੇ ਨਾਲ ਚੱਲ ਪਿਆ। ਉਸ ਟਰੱਕ ਵਾਲੇ ਵੀਰ ਨੇ ਮੈਨੂੰ ਪਹਿਲੇ ਚਾਰ ਗੇੜਿਆਂ ਦਾ ਇਕ ਪੈਸਾ ਵੀ ਨਾ ਦਿੱਤਾ; ਹਾਲਾਂਕਿ ਸਾਰੀ ਰਾਤ ਮੈਂ ਹੀ ਟਰੱਕ ਚਲਾਉਂਦਾ ਸਾਂ ਪਰ ਇਕ ਦਿਨ ਉਸ ਵੀਰ ਨੇ ਆਪਣੇ ਦੂਜੇ ਟਰੱਕ ਵਾਲੇ ਸਿੱਖ ਕਹਾਉਂਦੇ ਡਰਾਈਵਰ ਨੂੰ ਨਾਲ ਲੈ ਕੇ ਆਪਣੇ ਸਿਰੋਂ ਕੋਈ ਗ੍ਰਹਿ-ਚੱਕਰ ਟਾਲਣ ਹਿੱਤ ਸਾਰਾ ਦਿਨ ਟੂਣੇ-ਟਾਮਣ ਵਾਸਤੇ ਸਮੱਗਰੀ ਖਰੀਦਣ ਲਈ ਲਾ ਦਿੱਤਾ ਅਤੇ ਸ਼ਾਮ ਨੂੰ ਸੂਰਜ ਢਲੇ ਪਾਣੀ ਦੇ ਕੰਢੇ ਇਨ੍ਹਾਂ ਦੋਹਾਂ ਸਿੱਖ ਵੀਰਾਂ ਨੇ ਆਪਣਾ ਜਾਦੂ-ਟੂਣੇ ਵਾਲਾ ਪਾਖੰਡ ਸਿਰੇ ਚਾੜ੍ਹਿਆ। ਇਸ ਕੰਮ ਲਈ ਉਸ ਦਾ ਕੋਈ ਡੇਢ ਹਜ਼ਾਰ ਡਾਲਰ ਖਰਚ ਹੋਇਆ। ਇਹ ਕਾਰਾ ਭਾਰਤ ਤੋਂ ਕਿਸੇ ਤਾਂਤਰਿਕ ਬਾਬੇ ਨੇ ਉਸ ਵੀਰ ਨੂੰ ਕਰਨ ਦੀ ਹਦਾਇਤ ਕੀਤੀ ਸੀ। ਉਂਜ ਇਹ ਵੀਰ ਟਰੱਕ ਵਿਚ ਗੁਰਬਾਣੀ ਵੀ ਬਹੁਤ ਸੁਣਦਾ ਸੀ ਅਤੇ ਨਾਨਕ ਪਾਤਸ਼ਾਹ ਅਤੇ ਦਸਮ ਪਾਤਸ਼ਾਹ ਦੀਆਂ ਤਸਵੀਰਾਂ ਵੀ ਸਜਾ ਕੇ ਰੱਖਦਾ ਸੀ। ਮੈਂ ਪੁੱਛਿਆ, "ਬਾਈ, ਤੁਸੀਂ ਇਹ ਕਿਸੇ ਤਾਂਤਰਿਕ ਪੰਡਤ ਦੇ ਦੱਸੇ ਅਨੁਸਾਰ ਜੋ ਟੂਣਾ-ਟਾਮਣ ਕੀਤੈ, ਇਹ ਤੁਹਾਨੂੰ ਗੁਰਬਾਣੀ ਨਾਲੋਂ ਵੱਧ ਭਰੋਸੇਯੋਗ ਲੱਗਾ? ਤੁਸੀਂ ਤਾਂਤਰਿਕ ਨੂੰ ਨਾਨਕ ਪਾਤਸ਼ਾਹ ਨਾਲੋਂ ਉਤੇ ਸਮਝਦੇ ਹੋ?" ਕਬੀਰ ਸਾਹਿਬ ਦਾ ਫੁਰਮਾਨ ਹੈ, "ਜੰਤਰ ਮੰਤਰ ਸਭ ਝੂਠ ਹੈ ਮਤ ਭਰਮੋ ਜਗ ਕੋਇ॥"

ਗੁਰੂ ਨਾਨਕ ਪਾਤਸ਼ਾਹ ਦੀ ਸਿੱਧਾਂ ਨਾਲ ਜਦੋਂ ਗੋਸ਼ਟਿ ਹੋਈ ਤਾਂ ਸਿੱਧਾਂ ਨੇ ਗੁਰੂ ਜੀ ਨੂੰ ਥਿੜਕਾਉਣ ਵਾਸਤੇ ਆਪਣੀਆਂ ਰਿੱਧੀਆਂ-ਸਿੱਧੀਆਂ ਰਾਹੀਂ ਕਈ ਜੰਤਰ ਮੰਤਰ ਅਤੇ ਟੂਣੇ ਟਾਮਣ ਚਲਾਏ ਪਰ ਜਦੋਂ ਉਨ੍ਹਾਂ ਦੀ ਸੱਚੇ ਨਾਮ ਅੱਗੇ ਕੋਈ ਵਾਹ ਪੇਸ਼ ਨਾ ਗਈ ਤਾਂ ਉਹ ਗੁਰੂ ਸਾਹਿਬ ਨੂੰ ਕਹਿਣ ਲੱਗੇ, "ਹੁਣ ਤੂੰ ਵੀ ਆਪਣੀ ਕੋਈ ਕਰਾਮਾਤ ਦਿਖਾ।" ਉਤਰ ਵਿਚ ਬਕੌਲ ਭਾਈ ਗੁਰਦਾਸ, ਬਾਬੇ ਨਾਨਕ ਨੇ ਕਿਹਾ, 'ਬਾਝਹੁ ਸੱਚੇ ਨਾਮ ਦੇ ਹੋਰ ਕਰਾਮਾਤ ਅਸਾਂ ਤੇ ਨਾਹੀ।' ਇਹ ਸੁਣ ਕੇ ਉਹ ਵੀਰ ਮੈਨੂੰ ਆਖਦਾ, "ਮੇਰੇ ਮਾਂ-ਬਾਪ ਤਾਂ ਅੰਮ੍ਰਿਤਧਾਰੀ ਸਿੱਖ ਨੇ, ਤੇ ਨਾਲੇ ਮੈਂ ਹਰ ਸਾਲ ਛੋਟੇ ਸਾਹਿਬਜ਼ਾਦਿਆਂ ਦੇ ਨਾਮ 'ਤੇ ਇਕ ਲੱਖ ਰੁਪਏ ਦਾ ਲੰਗਰ ਵੀ ਲਾਉਂਦਾ ਹਾਂ।" ਮੈਂ ਉਸ ਵੀਰ ਨੂੰ ਕਿਹਾ, "ਮੈਂ ਵੀ ਆਪਣੇ ਘਰ ਲੰਗਰ ਚੱਲਦਾ ਰੱਖਣ ਲਈ ਤੁਹਾਡੇ ਪਾਸ ਕੰਮ ਕਰਨ ਆਇਆ ਹਾਂ, ਪਰ ਤੁਸੀਂ ਮੈਨੂੰ ਚਾਰ ਗੇੜਿਆਂ ਦਾ ਇਕ ਪੈਸਾ ਵੀ ਨਹੀਂ ਦਿੱਤਾ ਤਾਂ ਮੇਰੇ ਘਰ ਤਾਂ ਲੰਗਰ ਹੁਣ ਬੰਦ ਹੋ ਜਾਵੇਗਾ।" ਉਹ ਕਹਿੰਦਾ, "ਨਵੇਂ ਬੰਦੇ ਨੂੰ ਚਾਰ ਗੇੜਿਆਂ ਦੇ ਪੈਸੇ ਨਹੀਂ ਦੇਈਦੇ...ਅੱਗਿਓਂ ਤੈਨੂੰ ਤਿੰਨ ਸੌ ਡਾਲਰ ਇਕ ਗੇੜੇ ਦਾ ਦੇਵਾਂਗਾ।"

ਇਕ ਗੁਰਸਿੱਖ ਪਿਆਰਾ ਕਿਸੇ ਬਾਬੇ ਦਾ ਮੁਰੀਦ ਹੈ। ਉਹ ਮੇਰੇ ਕੋਲ ਆਪਣੇ ਉਸ ਬਾਬੇ ਦੀ ਬੜੀ ਤਾਰੀਫ ਕਰ ਰਿਹਾ ਸੀ। ਮੈਂ ਉਹਨੂੰ ਕਿਹਾ, ਸਾਨੂੰ ਨਾਨਕ ਪਾਤਸ਼ਾਹ ਦਾ ਲੜ ਫੜਨਾ ਚਾਹੀਦਾ ਹੈ ਜਿਨ੍ਹਾਂ ਨੇ ਆਪਣੀ ਬਾਣੀ ਵਿਚ ਬੜਾ ਸਪੱਸ਼ਟ ਉਚਾਰਿਆ ਹੈ,

ਏਕੋ ਸਿਮਰੋ ਨਾਨਕਾ
ਜੋ ਜਲ ਥਲ ਰਹਿਆ ਸਮਾਇ॥
ਦੂਜਾ ਕਹੇ ਸਿਮਰੀਐ
ਜੋ ਜੰਮੈ ਤੇ ਮਰ ਜਾਇ॥

ਉਸ ਮਿੱਤਰ ਪਿਆਰੇ ਦੀ ਦਲੀਲ ਸੀ, "ਸਾਰੇ ਬਾਬੇ ਇਕੋ ਜਿਹੇ ਨਹੀਂ ਹੁੰਦੇ।" ਤੇ ਉਸ ਨੇ ਕਈ ਬਾਬਿਆਂ ਦੀ ਵੱਡੀ ਕਮਾਈ ਅਤੇ ਵਡਿਆਈ ਦਾ ਜ਼ਿਕਰ ਕੀਤਾ। ਮੈਂ ਕਿਹਾ, "ਮੈਂ ਆਪਣਾ ਬਾਬਾ ਸਿਰਫ ਬਾਬੇ ਨਾਨਕ ਨੂੰ ਹੀ ਮੰਨਦਾ ਹਾਂ, ਪਰ ਜੇ ਮੇਰੇ ਜਿਉਂਦੇ ਜੀਅ ਬਾਬੇ ਨਾਨਕ ਤੋਂ

*(ਬਾਕੀ ਅਗਲੇ ਸਫੇ 'ਤੇ)*

# ਖਾਣ ਪੀਣ ਵਾਲਾ ਮਹੀਨਾ-ਕੱਤਕ


ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-454-4958


ਅੱਸੂ 'ਚ ਜੰਮਿਆ ਪਾਲਾ ਕੱਤਕ ਵਿਚ ਵੱਡਾ ਹੋ ਜਾਂਦਾ ਹੈ, ਠੁਰ ਠੁਰ ਵਧ ਜਾਣ ਕਾਰਨ ਗਰਮ ਕਪੜਿਆਂ ਦੀ ਲੋੜ ਪੈ ਜਾਂਦੀ ਹੈ। ਕੱਤਕ ਨੂੰ ਆਮ ਬੋਲਚਾਲ 'ਚ ਕੱਤਾ ਜਾਂ ਕੱਤੇ ਵੀ ਕਹਿ ਦਿੱਤਾ ਜਾਂਦਾ ਹੈ। ਜੇ ਕਦੇ ਇਸ ਮਹੀਨੇ ਵੀ ਮੀਂਹ ਪੈ ਜਾਵੇ ਤਾਂ ਜੱਟ ਲਈ ਕੱਤਕ ਵੀ ਸਾਵਣ ਹੋ ਜਾਂਦਾ ਹੈ,

ਕੱਤਕ ਕਿਣਿਆ, ਸੋ ਦਿਨ ਗਿਣਿਆ
ਮੀਂਹ ਪਿਆ ਦੀਵਾਲੀ
ਜਿਹਾ ਸੱਤਾ ਤਿਹਾ ਹਾਲੀ
ਸਿੱਟਾ ਕੱਢੂ ਵਾਹੀ ਵਾਲੀ

ਕੱਤਕ ਦੇ ਮਹੀਨੇ ਹਾੜੀ ਬੀਜਣ ਨਾਲ ਬਰਕਤ ਹੁੰਦੀ ਹੈ, 'ਚੜ੍ਹਦੇ ਕੱਤੇ ਹਾੜੀ ਬੀਜਨ, ਘਰੇ ਮਨਾਵਣ ਸੇਵਨਾ।' ਇਸ ਮਹੀਨੇ ਕਿਸਾਨ ਦਾ ਮੁਖ ਰੁਝੇਵਾਂ ਕਣਕ ਦੀ ਬਿਜਾਈ ਹੁੰਦਾ ਹੈ, 'ਕਣਕ ਕੱਤੇ ਦੀ ਤੇ ਪੁੱਤ ਜੇਠਾ।' ਗਿਆਨੀ ਗੁਰਦਿੱਤ ਸਿੰਘ ਨੇ 'ਮੇਰਾ ਪਿੰਡ' ਵਿਚ ਇਸ ਮਹੀਨੇ ਬਾਰੇ ਜੱਟ ਦੀ ਮਸ਼ਰੂਫੀਅਤ ਉਘਾੜਦੀ ਇਕ ਮਸ਼ਹੂਰ ਕਹਾਣੀ ਦੱਸੀ ਹੈ। ਅਖੇ, ਇਕ ਜੱਟ ਦੀ ਮਾਂ ਮਰ ਗਈ। ਉਸ ਨੇ ਕਿਹਾ ਭੜੋਲੀ ਵਿਚ ਪਾ ਕੇ ਖੂੰਜੇ ਪਰ ਛੱਡੋ, ਜਦ ਵਿਹਲ ਹੋਈ ਫੂਕ ਆਵਾਂਗੇ। ਇਕ ਕਹਾਵਤ ਵਿਚ ਇਹ ਕਹਾਣੀ ਇਸ ਤਰ੍ਹਾਂ ਸਮੇਟੀ ਗਈ ਹੈ, "ਕੱਤਕ ਜੱਟ ਨੂੰ ਪਈ ਬਿਆਈ, ਮਰੀ ਮਾਂ ਭੜੋਲੇ ਪਾਈ।" ਇਸ ਨਾਲ ਮਿਲਦੀ ਜੁਲਦੀ ਇਕ ਅੰਗਰੇਜ਼ੀ ਕਹਾਣੀ ਮੈਂ ਬਹੁਤ ਚਿਰ ਪਹਿਲਾਂ ਪੜ੍ਹੀ ਸੀ, ਸ਼ਾਇਦ ਹੈਮਿੰਗਵੇ ਦੀ ਹੈ। ਜ਼ਬਰਦਸਤ ਬਰਫਾਨੀ ਸਰਦੀ ਦੌਰਾਨ ਇਕਲਵਾਂਝੇ ਰਹਿੰਦੇ ਇਕ ਤਰਖਾਣ ਦੀ ਪਤਨੀ ਮਰ ਜਾਂਦੀ ਹੈ। ਉਸ ਕੋਲ ਪਤਨੀ ਨੂੰ ਦਫਨਾਉਣ ਦੀ ਨਾ ਹੀ ਫੁਰਸਤ ਹੈ ਤੇ ਨਾ ਹੀ ਮੌਸਮ ਇਜਾਜ਼ਤ ਦਿੰਦਾ ਹੈ। ਉਹ ਪਤਨੀ ਦੀ ਲਾਸ਼ ਨੂੰ ਕੰਧ ਨਾਲ ਖੜ੍ਹੀ ਕਰ ਦਿੰਦਾ ਹੈ। ਰਾਤ ਨੂੰ ਕੰਮ ਕਰਨ ਲਈ ਆਕੜੀ ਲੋਥ ਦਾ ਨੱਕ ਲਾਲਟੈਣ ਟੰਗਣ ਦਾ ਕੰਮ ਵੀ ਸਾਰਦਾ ਹੈ। ਤਰਖਾਣ ਨਾਲੇ ਕੰਮ ਕਰਦਾ ਹੈ ਨਾਲੇ ਆਪਣੀ ਮਰੀ ਪਤਨੀ ਨਾਲ ਗੱਲਾਂ ਕਰਦਾ ਹੈ। ਕੱਤਕ ਪਤਝੜ ਦਾ ਮਹੀਨਾ ਵੀ ਹੈ। ਸਮਰੱਥ ਹਾਇਕੂ-ਲੇਖਕ ਗੁਰਮੀਤ ਸੰਧੂ ਨੇ ਇਸ ਦਾ ਵਰਣਨ ਇਸ ਤਰ੍ਹਾਂ ਕੀਤਾ ਹੈ,

ਕੱਤਕ ਮਹੀਨੇ ਸੂਰਜ
ਰੁੱਖਾਂ ਦਾ ਪਰਛਾਵਾਂ
ਪੱਤਾ ਟਾਵਾਂ ਟਾਵਾਂ।


ਇਸ ਮਹੀਨੇ ਆਉਣ ਵਾਲੇ ਅਨੇਕਾਂ ਉਤਸਵਾਂ ਵਿਚ ਰੱਜ ਕੇ ਖਾਧਾ ਜਾਂਦਾ ਹੈ। ਇਸ ਲਈ ਇਸ ਨੂੰ ਖਾਣ ਪੀਣ ਵਾਲਾ ਮਹੀਨਾ ਵੀ ਮੰਨਿਆ ਜਾਂਦਾ ਹੈ। ਕੱਤਕ ਦੀ ਮੱਸਿਆ ਨੂੰ ਦੇਸ਼ ਦਾ ਸਭ ਤੋਂ ਹਰਮਨ ਪਿਆਰਾ, ਰੰਗਾਰੰਗ ਤੇ ਰੋਸ਼ਨੀਆਂ ਭਰਿਆ ਤਿਉਹਾਰ ਦੀਵਾਲੀ ਆਉਂਦੀ ਹੈ। ਘਰ ਘਰ ਵਿਚ ਮਠਿਆਈਆਂ ਬਣਨ ਲਗਦੀਆਂ ਹਨ। ਖਾਂਦੇ ਪੀਂਦੇ ਘਰ ਲੱਡੂ ਜਾਂ ਪਿੰਨੀਆਂ ਬਣਾ ਕੇ ਰਖਦੇ ਹਨ। ਲਛਮੀ ਦੇ ਸਵਾਗਤ ਵਿਚ ਘਰ ਲਿੰਬੇ ਪੋਚੇ ਤੇ ਸ਼ਿੰਗਾਰੇ ਜਾਂਦੇ ਹਨ। ਇਸ ਤੋਂ ਪਹਿਲਾਂ ਸ਼ਰਾਧ ਆਉਂਦੇ ਹਨ ਜਦੋਂ ਬਾਹਮਣ ਬਿਠਾਏ ਜਾਂਦੇ ਹਨ। ਗੰਨੇ ਭੰਨ ਕਾਰਸੀ (ਇਕਾਦਸ਼ੀ) ਵੀ ਇਸੇ ਮਹੀਨੇ ਆਉਂਦੀ ਹੈ। ਮੱਕੀ ਦੀਆਂ ਛੱਲੀਆਂ ਤੇ ਬਾਜਰੇ ਦੇ ਸਿੱਟੇ ਇਸੇ ਮਹੀਨੇ ਭੁੰਨ ਕੇ ਖਾਧੇ ਜਾਂਦੇ ਹਨ। ਪਤੀਵਰਤਾ ਭਾਰਤੀ ਇਸਤਰੀ ਦਾ ਪ੍ਰਸਿਧ ਵਰਤ ਕਰਵਾ ਚੌਥ ਵੀ ਇਸੇ ਮਹੀਨੇ ਆਉਂਦਾ ਹੈ। ਪਤੀ ਦੀ ਸੁਖ ਮੰਗਣ ਲਈ ਔਰਤਾਂ ਸਾਰਾ ਦਿਨ ਕੁਝ ਨਹੀਂ ਖਾਂਦੀਆਂ, ਭੁਖਣ-ਭਾਣੀਆਂ ਦੁਪਹਿਰ ਨੂੰ ਪੁਰਾਣ ਦੀ ਕਥਾ 'ਤੇ ਗੁਜ਼ਾਰਾ ਕਰਦੀਆਂ ਹਨ ਤੇ ਫਿਰ ਚੰਦਰਮਾ ਦੇਖ ਕੇ ਉਸ ਨੂੰ ਅਰਘ ਚੜ੍ਹਾਉਂਦੀਆਂ ਤੇ ਖੂਬ ਖਾ ਪੀ ਕੇ ਵਰਤ ਤੋੜਦੀਆਂ ਹਨ। ਕੱਤਕ ਦੀ ਪੂਰਨਮਾਸ਼ੀ ਨੂੰ ਗ੍ਰਹਿ ਬਹੁਤ ਸ਼ੁਭ ਮੰਨੇ ਜਾਂਦੇ ਹਨ। ਭਾਈ ਗੁਰਦਾਸ ਅਨੁਸਾਰ, ਕਾਰਤਕ ਮਾਸ ਰੁਤਿ ਸਰਦ ਪੂਰਨਮਾਸੀ॥ ਆਠ ਜਾਮ ਸਾਠਿ ਘਰੀ ਆਜੁ ਤੇਰੀ ਬਾਰੀ ਹੈ॥

ਇਕ ਵਿਚਾਰ ਅਨੁਸਾਰ ਇਸੇ ਮਹੀਨੇ ਦੀ ਪੂਰਨਮਾਸ਼ੀ ਨੂੰ ਗੁਰੂ ਨਾਨਕ ਦੇਵ ਦਾ ਜਨਮ ਹੋਇਆ ਕਿਉਂਕਿ ਸ਼ੁਭ ਅਤੇ ਉਤਮ ਗ੍ਰਹਿ ਕਾਰਨ ਜੋਤਸ਼ੀਆਂ ਵਲੋਂ ਇਹ ਮਹੀਨਾ ਅਵਤਾਰੀ ਮਹਾਪੁਰਸ਼ਾਂ ਦੇ ਜਨਮ ਲਈ ਢੁਕਵਾਂ ਮੰਨਿਆ ਗਿਆ ਹੈ! ਗੁਰੂ ਨਾਨਕ ਨੇ ਆਪਣੇ ਬਾਰਾਮਾਹ ਵਿਚ ਇਸ ਸ਼ਬਦ ਦੀ ਇਸ ਤਰ੍ਹਾਂ ਵਰਤੋਂ ਕੀਤੀ ਹੈ, "ਕਤਿਕ ਕਿਰਤੁ ਪਇਆ ਜੋ ਪ੍ਰਭ ਭਾਇਆ॥" ਇਸ ਦਾ ਅਰਥ ਭਾਈ ਸਾਹਿਬ ਸਿੰਘ ਨੇ ਇਸ ਤਰ੍ਹਾਂ ਕੀਤਾ ਹੈ, "ਕੱਤਕ ਮਹੀਨੇ ਵਿਚ (ਕਿਸਾਨ ਨੂੰ ਮੁੰਜੀ ਮੱਕਈ ਆਦਿਕ ਦੀ ਸਾਵਣ ਦੀ ਕੀਤੀ ਕਮਾਈ ਮਿਲ ਜਾਂਦੀ ਹੈ ਤਿਵੇਂ ਹਰੇਕ ਜੀਵ ਨੂੰ ਆਪਣੇ) ਕੀਤੇ ਕਰਮਾਂ ਦਾ ਫਲ ਮਿਲ ਜਾਂਦਾ ਹੈ।" ਮੇਰੇ ਗਿਆਨ ਅਨੁਸਾਰ ਗੁਰੂ ਨਾਨਕ ਦੇ ਸਮੇਂ ਭਾਰਤ ਵਿਚ ਅਜੇ ਮੱਕਈ ਨਹੀਂ ਸੀ ਆਈ। ਇਸ ਬਾਰੇ ਪਹਿਲਾਂ ਖੋਲ੍ਹ ਕੇ ਲਿਖਿਆ ਜਾ ਚੁਕਾ ਹੈ। ਜ਼ਰਾ ਦੇਖ ਲਈਏ ਵਾਰਿਸ ਸ਼ਾਹ ਇਸ ਮਹੀਨੇ ਵਿਚ ਰਾਂਝੇ ਦਾ ਵਿਛੋੜਾ ਭੋਗਦੀ ਹੀਰ ਦੇ ਹਾਲ ਨੂੰ ਕਿਵੇਂ ਚਿਤਰਦਾ ਹੈ,

ਕਿਤੇ ਰਾਂਝਣਾ ਨਜ਼ਰ ਨਾ ਆਉਂਦਾ ਏ,
ਦਿਲ ਚਾਹੁੰਦਾ ਨਾ ਕਿਤੇ ਜਾਵਣੇ ਨੂੰ।
ਵਾਰਿਸ ਸ਼ਾਹ ਰੰਝੇਟੇ ਨੂੰ ਨਾਲ ਲੈ ਕੇ,
ਨਿਤ ਜਾਂਦੀ ਝਨਾਂ ਤੇ ਨ੍ਹਾਉਣੇ ਨੂੰ।

ਅਜੀਬ ਗੱਲ ਹੈ, ਕੱਤਕ ਦੀ ਸਰਦੀ ਵਿਚ ਹੀਰ ਰਾਂਝੇ ਨਾਲ ਝਨਾਂ ਵਿਚ ਨਹਾਉਣਾ ਲੋਚਦੀ ਹੈ। ਉਂਜ ਹਿੰਦੂ ਧਰਮ ਵਿਚ ਕਤਕ-ਇਸ਼ਨਾਨ ਦਾ ਮਹਾਤਮ ਹੈ।

ਕੱਤਕ ਦੇ ਮਹੀਨੇ ਹੀ ਆਕਾਸ਼ਾਂ 'ਤੇ ਕੂੰਜਾਂ ਦੀਆਂ ਡਾਰਾਂ ਦਿਸਦੀਆਂ ਹਨ, "ਕਤਿਕ ਕੂੰਜਾਂ ਚੇਤਿ ਡਉ ਸਾਵਣਿ ਬਿਜੁਲੀਆ॥" -ਸ਼ੇਖ ਫਰੀਦ। ਸਾਇਬੇਰੀਆ ਦੇ ਬਰਫਾਨੀ ਮੌਸਮ ਤੋਂ ਬਚ ਕੇ ਇਹ ਪੰਛੀ ਡਾਰਾਂ ਬੰਨ੍ਹ ਕੇ ਭਾਰਤ ਵੱਲ ਨੂੰ ਪਰਵਾਸ



ਕਰਦੇ ਹਨ। ਪਰ ਅੱਜ ਕਲ੍ਹ ਪੰਜਾਬ ਵਿਚ ਪ੍ਰਦੂਸ਼ਿਤ ਵਾਤਾਵਰਣ ਤੇ ਧਰਤ-ਚਿਤਰ ਵਿਚ ਢੇਰ ਤਬਦੀਲੀ ਕਾਰਨ ਅਨੇਕਾਂ ਪੰਛੀ ਅਲੋਪ ਹੋ ਗਏ ਹਨ। ਅਫਸੋਸ, ਕੂੰਜਾਂ ਦਾ ਪਰਵਾਸ ਵੀ ਬਹੁਤ ਘਟ ਗਿਆ ਹੈ। ਹੁਣ ਕੱਤਕ ਵੀ ਪੁਰਾਣਾ ਕੱਤਕ ਨਹੀਂ ਰਿਹਾ।

ਕੱਤਕ ਨੂੰ ਹਿੰਦੀ ਤੇ ਕੁਝ ਹੋਰ ਭਾਸ਼ਾਵਾਂ ਵਿਚ ਕਾਰਤਿਕ ਵੀ ਕਿਹਾ ਜਾਂਦਾ ਹੈ। ਇਸ ਮਹੀਨੇ ਦਾ ਨਾਂ ਕ੍ਰਿਤਿਕਾ ਨਛੱਤਰ ਦੇ ਨਾਂ 'ਤੇ ਪਿਆ ਹੈ। ਇਸ ਮਹੀਨੇ ਦੀ ਪੂਰਨਮਾਸ਼ੀ ਸਮੇਂ ਚੰਦਰਮਾ ਇਸ ਨਛੱਤਰ ਦੇ ਕੋਲ ਹੁੰਦਾ ਹੈ। ਇਸ ਦਾ ਸਵਾਮੀ ਸੂਰਜ ਅਤੇ ਰਾਸ਼ੀ ਸ਼ੁਕਰ ਹੈ। ਇਸ ਨੂੰ ਅੰਗਰੇਜ਼ੀ ਵਿਚ ਪਲੀਅਡੀਜ਼, ਫਾਰਸੀ ਵਿਚ ਪਰਵੀਨ ਤੇ ਅਰਬੀ ਵਿਚ ਸੋਰਾਯਾ ਕਿਹਾ ਜਾਂਦਾ ਹੈ। ਸੰਸਕ੍ਰਿਤ ਵਲੋਂ ਕਾਰਤਿਕ ਤੇ ਫਾਰਸੀ ਤੇ ਅਰਬੀ ਵਾਲੇ ਦੋਵੇਂ ਸ਼ਬਦ ਇਸਤਰੀਆਂ ਦੇ ਨਾਂ ਵਜੋਂ ਵੀ ਪ੍ਰਚਲਿਤ ਹਨ। ਯਾਦ ਕਰੋ, ਐਕਟਰੈਸ ਪਰਵੀਨ ਬੌਬੀ ਤੇ ਸੁਰੱਈਆ। ਹਰ ਸਭਿਅਤਾ ਵਿਚ ਇਸ ਨਛੱਤਰ ਦਾ ਮਹੱਤਵ ਦੇਖਿਆ ਗਿਆ ਹੈ। ਕ੍ਰਿਤਿਕਾ ਨਛੱਤਰ ਵਿਚ ਛੇ ਤਾਰੇ ਹੁੰਦੇ ਹਨ। ਇਹ ਧਰਤੀ ਦੇ ਸਭ ਤੋਂ ਨੇੜੇ ਵਾਲੇ ਤਾਰਾ-ਪੁੰਜਾਂ ਵਿਚੋਂ ਹੈ ਜੋ ਕਿ ਏਨਾ ਉਘੜਵਾਂ ਹੈ ਕਿ ਬਿਨਾ ਦੂਰਬੀਨ ਵੀ ਦੇਖਿਆ ਜਾ ਸਕਦਾ ਹੈ। ਇਸ ਨਛੱਤਰ ਨੂੰ ਅੱਗ ਦੀ ਲਾਟ ਦੇ ਰੂਪ ਵਿਚ ਵੀ ਕਲਪਿਆ ਜਾਂਦਾ ਹੈ ਅਤੇ ਚਾਕੂ ਦੀ ਧਾਰ ਦੀ ਤਰ੍ਹਾਂ ਵੀ। ਪੌਰਾਣਿਕ ਤੌਰ 'ਤੇ ਇਸ ਦੇ ਤਾਰਿਆਂ ਨੂੰ ਕ੍ਰਿਤਿਕਾਵਾਂ ਕਿਹਾ ਜਾਂਦਾ ਹੈ ਜੋ ਭੈਣਾਂ ਸਨ। ਇਨ੍ਹਾਂ ਕ੍ਰਿਤਿਕਾਵਾਂ ਨੇ ਸ਼ਿਵ ਤੇ ਪਾਰਵਤੀ ਦੇ ਪੁੱਤਰ ਅਤੇ ਯੁਧ ਦੇਵਤਾ ਸਕੰਦ ਨੂੰ ਪਾਲਿਆ। ਇਸ ਕਰਕੇ ਇਨ੍ਹਾਂ ਪਾਲਣਹਾਰ ਦਾਈਆਂ ਨੂੰ 'ਕ੍ਰਿਤਿਕਾ' ਅਤੇ ਉਸਤਤ ਵਜੋਂ ਸਕੰਦ ਨੂੰ 'ਕਾਰਤਿਕੇਯ' (ਭਾਵ ਜਿਸ ਨੂੰ 'ਕ੍ਰਿਤਿਕਾ' ਨੇ ਪਾਲਿਆ) ਕਿਹਾ ਜਾਂਦਾ ਹੈ। ਕਾਰਤਿਕੇਯ ਜਾਂ ਸਕੰਦ ਛੇ-ਸਿਰਾ ਸੀ। ਇਸ ਤਰ੍ਹਾਂ ਹਰ ਪਾਲਣਹਾਰ ਮਾਂ ਦਾ ਦੁਧ ਚੁੰਘਣ ਲਈ ਇਸ ਦਾ ਵੱਖਰਾ ਮੂੰਹ ਸੀ। ਸਕੰਦ ਨੂੰ ਤਾਮਿਲ ਵਿਚ ਮੁਰੂਗਨ, ਸਭਰਾਮਨੀਆ ਜਾਂ ਸੇਤਿਲ ਕਿਹਾ ਜਾਂਦਾ ਹੈ ਤੇ ਇਸ ਦੀ ਪੂਜਾ ਕੀਤੀ ਜਾਂਦੀ ਹੈ। ਕੁਝ ਹੋਰ ਪੌਰਾਣਿਕ ਮਿਥਾਂ ਅਨੁਸਾਰ ਛੇ ਕ੍ਰਿਤਿਕਾਵਾਂ ਸਪਤਰਿਸ਼ੀ ਦੀਆਂ ਪਤਨੀਆਂ ਸਨ ਪਰ ਉਹ ਅਗਨੀ ਦੇਵਤੇ 'ਤੇ ਮੋਹਿਤ ਹੋ ਗਈਆਂ, ਇਸ ਲਈ ਉਨ੍ਹਾਂ ਆਪਣੇ ਪਤੀ ਛੱਡ ਕੇ ਅਗਨੀ ਨਾਲ ਵਿਆਹ ਕਰ ਲਿਆ। ਸੱਤਵੀਂ ਪੂਰੀ ਸਤਿਆਵਤੀ ਸੀ, ਇਸ ਲਈ ਉਸ ਨੇ ਆਪਣੇ ਪਤੀ ਨੂੰ ਨਹੀਂ ਛੱਡਿਆ। ਗਰੀਕ ਮਿਥਹਾਸ ਵਿਚ ਵੀ ਇਸ ਨਾਲ ਮਿਲਦੇ ਜੁਲਦੇ ਆਖਿਆਨ ਹਨ।

ਕੱਤਕ ਸ਼ਬਦ ਦੀ ਵਿਉਤਪਤੀ ਦੋ ਤਰ੍ਹਾਂ ਕੀਤੀ ਜਾਂਦੀ ਹੈ। ਦੋਨਾਂ ਅਨੁਸਾਰ 'ਕ੍ਰਿਤ' ਅੰਸ਼ ਹੀ ਕ੍ਰਿਆਸ਼ੀਲ ਹੈ ਪਰ ਇਹ ਦੋ ਵੱਖੋ ਵੱਖਰੇ ਅਰਥਾਂ ਵਾਲੇ ਅੰਸ਼ ਹਨ। ਇਕ ਅਨੁਸਾਰ ਇਹ 'ਕੱਟਣਾ' ਦੇ ਅਰਥਾਂ ਵਾਲੇ 'ਕ੍ਰਿਤ' ਤੋਂ ਬਣਿਆ ਹੈ। ਇਸ ਧਾਤੂ ਤੋਂ ਕਾਤੀ (ਕੈਂਚੀ), ਕਤਰਾ, ਕਤਰਨੀ, ਕਟਾਰੀ ਆਦਿ ਸ਼ਬਦ ਬਣੇ ਹਨ। ਦਰਅਸਲ ਕੈਂਚੀ ਲਈ ਅੰਗਰੇਜ਼ੀ ਸ਼ਬਦ ਸਿਜ਼ਰ ਕਤਰਨੀ ਦਾ ਸੁਜਾਤੀ ਹੈ। ਇਕ ਭਾਰੋਪੀ ਮੂਲ ਹੈ ker ਜਿਸ ਤੋਂ ਪ੍ਰਾਚੀਨ ਲਾਤੀਨੀ ਸ਼ਬਦ ਬਣਿਆ caedere. ਇਸ ਮੂਲ ਦਾ ਅਰਥ ਕੱਟਣਾ, ਤਰਾਸ਼ਣਾ ਹੁੰਦਾ ਹੈ। ਇਹ ਮੂਲ ਪੁਰਾਣੀ ਫਰਾਂਸੀਸੀ ਵਿਚੀਂ ਲੰਘਦਾ ਹੋਇਆ ਦੋ ਅੰਗਰੇਜ਼ੀ ਸ਼ਬਦਾਂ ਦਾ ਨਿਰਮਾਤਾ ਬਣਿਆ: shears ਅਤੇ scissors. ਸਭ ਤੋਂ ਦਿਲਚਸਪ ਗੱਲ ਹੈ ਕਿ ਪ੍ਰਾਚੀਨ ਰੋਮ ਦੇ ਜੂਲੀਅਸ ਸੀਜ਼ਰ, ਜਰਮਨੀ ਦੇ ਸਮਰਾਟ ਕੈਸਰ, ਰੂਸ ਦੇ ਜ਼ਾਰ, ਪੋਲੈਂਡ ਦੇ ਕਰੋਲ ਅਤੇ ਹੰਗਰੀ ਦੇ ਕਰੋਲ ਦੀ ਇਸ ਸ਼ਬਦ ਨਾਲ ਸਾਂਝ ਦਰਸਾਈ ਜਾਂਦੀ ਹੈ। ਪਰ ਇਹ ਇਕ ਵਿਵਾਦੀ ਮੁੱਦਾ ਹੈ ਜਿਸ ਬਾਰੇ ਕਿਸੇ ਹੋਰ ਲੇਖ ਵਿਚ ਵੱਖਰੇ ਤੌਰ 'ਤੇ ਚਰਚਾ ਕੀਤੀ ਜਾਵੇਗੀ। ਜਿਵੇਂ ਉਪਰ ਦੱਸਿਆ ਹੈ, ਕਾਰਤਿਕ ਨਛੱਤਰ ਦੀ ਸ਼ਕਲ ਚਾਕੂ ਦੀ ਧਾਰ ਜਿਹੀ ਵੀ ਕਲਪੀ ਗਈ ਹੈ। ਇਸ ਲਈ ਇਥੇ ਕੱਟਣ ਦੇ ਭਾਵ ਸਾਰਥਕ ਸਹੀ ਹੁੰਦੇ ਹਨ। ਕਾਰਤਿਕ ਨਛੱਤਰ ਯੁਧ ਦੇਵਤਾ ਨਾਲ ਸਬੰਧਤ ਹੋਣ ਕਾਰਨ ਇਸ ਨੂੰ ਬਰਛਾ, ਗਦਾ, ਤਲਵਾਰ ਅਤੇ ਹੋਰ ਹਥਿਆਰਾਂ ਨਾਲ ਲੈਸ ਕਲਪਿਆ ਗਿਆ ਹੈ। ਹਥਿਆਰਾਂ ਵਿਚ ਕੱਟਣ-ਵਢਣ ਦਾ ਭਾਵ ਉਭਰਦਾ ਹੈ।

ਦੂਜੇ ਪਾਸੇ 'ਕ੍ਰਿਤ' ਅੰਸ਼ ਦਾ ਅਰਥ 'ਕੀਤਾ' ਹੈ। ਕ੍ਰਿਤ ਦਾ ਅਰਥ ਕੰਮ ਵੀ ਹੈ। ਅਸਲ ਵਿਚ ਇਸ ਦਾ ਧਾਤੂ 'ਕ੍ਰ' ਹੈ ਜਿਸ ਦਾ ਅਰਥ ਕਰਨਾ ਹੁੰਦਾ ਹੈ। ਕਿਰਤੀ, ਕਰਮ, ਕਰਨਾ, ਕਿਰਿਆ, ਕਰੈ, ਵਿਕਰੀ, ਕਾਰਾ, ਕਰਤੂਤ, ਕਾਰਨਾਮਾ ਆਦਿ ਬੇਸ਼ੁਮਾਰ ਸ਼ਬਦ ਇਸ ਧਾਤੂ ਤੋਂ ਬਣੇ ਹਨ। ਵਰਤਮਾਨ ਪ੍ਰਸੰਗ ਵਿਚ ਇਸ ਦਾ ਸ਼ਾਬਦਿਕ ਅਰਥ 'ਜੋ ਕੀਤਾ' ਹੈ ਪਰ ਵਿਸਤ੍ਰਿਤ ਅਰਥ (ਜਿਸ ਨੇ ਰਾਖਸ਼ ਕੁਲ ਦਾ) ਨਾਸ ਕੀਤਾ ਦੱਸਿਆ ਜਾਂਦਾ ਹੈ। ਇਸ਼ਾਰਾ ਯੁਧ ਦੇਵਤਾ 'ਕਾਰਤਿਕੇਯ' ਵੱਲ ਹੈ। ਇਕ ਹੋਰ ਵਿਆਖਿਆ ਅਨੁਸਾਰ ਛੇ ਕ੍ਰਿਤਕਾਵਾਂ 'ਕਾਰਤਿਕੇਯ' ਦੀ ਵਿਭਿੰਨ ਪੌਧਰਾਂ 'ਤੇ ਆਤਮਿਕ ਸੁਧੀ ਕਰਦੀਆਂ ਹਨ। ਨਿਰਨਾ ਕਰਨਾ ਮੁਸ਼ਕਿਲ ਹੈ ਕਿ ਇਸ ਸ਼ਬਦ ਵਿਚ ਕਿਹੜਾ ਧਾਤੂ ਕੰਮ ਕਰ ਰਿਹਾ ਹੈ। ਇਹ ਜ਼ਰੂਰ ਸੰਜੋਗੀ ਦੀ ਗੱਲ ਹੈ ਕਿ ਗੁਰੂ ਨਾਨਕ ਅਤੇ ਗੁਰੂ ਅਰਜਨ ਦੇ ਬਾਰਾਮਾਹਾਂ ਵਿਚ ਕੱਤਕ ਸ਼ਬਦ ਦੇ ਨਾਲ ਕੰਮ ਦੇ ਅਰਥਾਂ ਵਾਲੇ ਸ਼ਬਦ ਲੱਗੇ ਹੋਏ ਹਨ। ਗੁਰੂ ਨਾਨਕ ਦੇਵ ਦੀ ਤੁਕ ਵਿਚ 'ਕਿਰਤ' ਅਤੇ ਗੁਰੂ ਅਰਜਨ ਦੇਵ ਦੀ ਤੁਕ ਵਿਚ 'ਕਰਮ',

ਕਤਿਕਿ ਕਰਮ ਕਮਾਵਣੇ
ਦੋਸੁ ਨ ਕਾਹੂ ਜੋਗੁ॥
ਪਰਮੇਸਰ ਤੇ ਭੁਲਿਆਂ
ਵਿਆਪਨਿ ਸਭੇ ਰੋਗ॥

## ਤਾਂਤਰਿਕ ਬਾਬੇ ਜ਼ਿੰਦਾਬਾਦ

(ਪਿਛਲੇ ਸਫੇ ਤੋਂ ਜਾਰੀ)

ਕੋਈ ਵੱਡਾ ਬਾਬਾ ਜੰਮ ਪਿਆ ਤਾਂ ਫਿਰ ਮੈਂ ਦੁਬਾਰਾ ਵਿਚਾਰ ਕਰ ਲਵਾਂਗਾ।...ਨਾਲੇ ਮੈਨੂੰ ਕੋਈ ਇਕ ਬਾਬਾ ਵੀ ਅਜਿਹਾ ਦੱਸ ਦਿਓ ਜਿਹੜਾ ਅੱਜ ਦੇ ਜਾਬਰ ਬਾਬਰਾਂ, ਗਰੀਬਾਂ ਦਾ ਲਹੂ ਪੀਣੇ ਮਲਕ ਭਾਗੋਆਂ, ਲੁਟੇਰੇ, ਮੱਕਾਰ ਤੇ ਮੀਸਣੇ ਸੱਜਣ ਠੱਗਾਂ, ਹੰਕਾਰੀ ਵਲੀ ਕੰਧਾਰੀਆਂ ਤੇ ਆਦਮ ਖੋਰ ਕੌਡੇ ਰਾਖਸ਼ਾਂ ਅਤੇ ਅਖੌਤੀ ਪਾਖੰਡੀ ਧਰਮ ਗੁਰੂਆਂ ਦੇ ਘਰੀਂ ਜਾ ਕੇ ਆਪਣੀ ਜਾਨ ਦੀ ਪ੍ਰਵਾਹ ਨਾ ਕਰਦਿਆਂ ਉਨ੍ਹਾਂ ਦੇ ਪਾਜ ਉਧੇੜਦਾ ਹੋਵੇ। ਕੋਈ ਇਕ ਬਾਬਾ ਦੱਸੋ ਜੋ ਹੱਥੀਂ ਕਿਰਤ ਕਰਦਾ ਹੋਵੇ, ਜੋ ਪੰਜ ਵਿਸ਼ਿਆਂ ਦੀ ਮਰਯਾਦਾ ਪਾਲਦਾ ਹੋਵੇ।...ਅਸੀਂ ਅਗਿਆਨੀ ਹਾਂ ਅਤੇ ਅਗਿਆਨੀ ਹੀ ਬਣੇ ਰਹਿਣਾ ਚਾਹੁੰਦੇ ਹਾਂ। ਇਸ ਲਈ ਤਾਂਤਰਿਕਾਂ ਬਾਬਿਆਂ ਦਾ ਸਾਮਰਾਜ ਕਾਇਮ ਰਹੇਗਾ।"

ਬਾਬਾ ਫਰੀਦ ਜੀ ਦਾ ਸਲੋਕ ਹੈ,
ਫਰੀਦਾ ਕੂਕੇਦਿਆਂ ਚਾਂਗੇਦਿਆਂ
ਮਤੀ ਦੇਂਦਿਆਂ ਨਿਤ॥
ਜੋ ਸੈਤਾਨਿ ਵੰਞਾਇਆ
ਸੇ ਕਿਤ ਫੇਰਹਿ ਚਿਤ॥

## ਪਾਸ਼ ਦੀਆਂ ਯਾਦਾਂ

(ਸਫਾ 31 ਦੀ ਬਾਕੀ)

ਸਮੇਤ। ਜਸਵੰਤ ਨੇ ਮੀਸ਼ੇ ਵਾਲੀ ਗੱਲ ਪਾਸ਼ ਨੂੰ ਦੱਸੀ। ਅਜਿਹੇ ਪ੍ਰੋਗਰਾਮ ਵਿਚ ਕਵਿਤਾ ਪਾਠ ਤਾਂ ਹੁੰਦਾ ਹੀ ਏ। ਪਾਸ਼ ਨੂੰ ਸ਼ਰਾਰਤ ਸੁੱਝੀ। ਉਹਨੇ ਕਾਗਜ਼ 'ਤੇ ਗਜ਼ਲਨੁਮਾ ਕਵਿਤਾ ਲਿਖ ਕੇ ਲਖਵਿੰਦਰ ਨੂੰ ਬੋਲਣ ਲਈ ਫੜਾਈ ਜਿਸ ਦੀਆਂ ਪਹਿਲੀਆਂ ਸਤਰਾਂ ਸਨ,

ਜਿਸ ਨੂੰ ਮੱਛੀ-ਮੁਰਗਾ
ਮਹਿੰਗੀ ਵਿਸਕੀ ਨਾਲ ਖੁਆਇਆ।
ਦੇਖ ਲੈ ਉਸੇ ਮੀਸ਼ੇ ਤੈਨੂੰ,
ਚਾਹ ਦਾ ਕੱਪ ਨਾ ਪਿਆਇਆ।

ਚਿਤਰਕਾਰ ਸਰੂਪ ਸਿੰਘ ਹੈਰਾਨ ਹੋਇਆ ਦੇਖੇ ਕਿ ਇਨ੍ਹਾਂ ਮੁੰਡਿਆਂ ਨੂੰ ਕਿਵੇਂ ਪਤਾ ਲੱਗ ਗਿਆ! ਵਿਚੋਂ ਉਹ ਖੁਸ਼ ਹੋਇਆ। ਉਂਜ ਪਾਸ਼ ਬਾਰੇ ਮਸ਼ਹੂਰ ਸੀ ਕਿ ਕਿਤੇ ਵੀ ਹੋਵੇ, ਰਾਤੀਂ ਘਰ ਜ਼ਰੂਰ ਪਰਤਦਾ ਪਰ ਲੁਧਿਆਣੇ ਵਾਲੇ ਦੋਸਤਾਂ ਤੋਂ ਇਲਾਵਾ ਜੇ ਉਹ ਹੋਰ ਕਿਤੇ ਰਾਤ ਠਹਿਰਦਾ ਸੀ ਤਾਂ ਉਹ ਜਸਵੰਤ ਖਟਕੜ ਕੋਲ ਮੰਗੂਵਾਲ ਹੀ ਸੀ ਜਿਥੇ ਅਸੀਂ ਕਿੰਨੀਆਂ ਰਾਤਾਂ ਇਕੱਠਿਆਂ ਗੁਜ਼ਾਰੀਆਂ ਤੇ ਉਸ ਦਾ ਭਰਵਾਂ ਸੰਗ ਸਾਥ ਮਾਣਿਆ।

ਯਾਦਾਂ ਦਾ ਸਿਲਸਿਆ ਬੜਾ ਲੰਮਾ ਹੈ। ਮਾਸਟਰ ਧਰਮਪਾਲ, ਜਸਵੰਤ ਖਟਕੜ, ਸ਼ਮਸ਼ੇਰ ਸੰਧੂ ਜਿਹੇ ਉਹਦੇ ਬੇਲੀ ਕਿੰਨੀਆਂ ਹੀ ਯਾਦਾਂ ਸਾਂਭੀ ਬੈਠੇ ਹਨ।

ਜੇਲ੍ਹ ਤੋਂ ਆਉਣ ਬਾਅਦ ਉਹ ਪਾਰਟੀ ਜਾਂ ਕਿਸੇ ਖਾਸ ਨਕਸਲੀ ਗਰੁਪ ਦੀਆਂ ਬੰਦਸ਼ਾਂ ਮੰਨਣ ਤੋਂ ਇਨਕਾਰੀ ਸੀ। ਉਸ ਨੇ ਟਰਾਟਸਕੀ ਵੀ ਨਿੱਠ ਕੇ ਪੜ੍ਹਿਆ ਪਰ ਨਾਗੀਰੈਡੀ ਗਰੁਪ ਦੇ ਇਕ-ਦੋ ਬੰਦਿਆਂ ਦਾ ਪ੍ਰਭਾਵ ਉਸ ਉਪਰ ਹਮੇਸ਼ਾ ਰਿਹਾ। ਗਾਹੇ-ਬਗਾਹੇ ਉਹ ਉਨ੍ਹਾਂ ਦਾ ਜ਼ਿਕਰ ਵੀ ਕਰਦਾ। ਅੱਜ ਭਾਵੇਂ ਉਹ ਬੰਦੇ ਜਾਂ ਉਨ੍ਹਾਂ ਵਰਗੇ ਨਵੇਂ ਪੈਦਾ ਹੋਏ ਕੁਝ ਵਿਅਕਤੀ ਵਿਸ਼ੇਸ਼, ਪਾਸ਼ ਨੂੰ ਆਪਣੀ ਨਿੱਜੀ ਜਾਇਦਾਦ ਸਮਝਦੇ ਫਿਰਨ, ਭਾਵੇਂ ਕੋਈ ਨਵਾਂ ਖਾਲਿਸਤਾਨੀ ਬਣਿਆ ਉਹਦੇ ਨੁਕਸ ਲੱਭਦਾ ਫਿਰੇ ਜਾਂ ਕੋਈ ਪਰਿਵਾਰਵਾਦੀ ਉਸ ਉਪਰ ਆਪਣਾ ਹੱਕ ਜਤਾਉਂਦਾ ਫਿਰੇ ਜਾਂ ਉਸ ਨੂੰ ਪੌੜੀ ਬਣਾ ਕੇ ਕੋਈ ਆਪਣੇ-ਆਪ ਨੂੰ ਸ਼ੁੱਧ ਇਨਕਲਾਬੀ ਕਵੀ ਮੰਨਦਾ ਫਿਰੇ, ਪਰ ਪਾਸ਼ ਦੀਆਂ ਨਜ਼ਮਾਂ ਅਤੇ ਜਿਸ ਧਮਾਕੇ ਨਾਲ ਉਸ ਦੀ ਆਮਦ ਹੋਈ ਸੀ, ਉਸ ਦੀਆਂ ਧੁਨੀਆਂ ਇਨ੍ਹਾਂ ਸਭਨਾਂ ਦੀ ਕਾਵਾਂਰੌਲੀ ਤੇ ਕੁੱਕੜਖੋਹੀ ਤੋਂ ਕਿਤੇ ਅਗਾਂਹ ਫਿਜ਼ਾਵਾਂ ਵਿਚ ਗੂੰਜ ਰਹੀਆਂ ਹਨ ਅਤੇ ਗੂੰਜਦੀਆਂ ਰਹਿਣਗੀਆਂ। ਅਗਲੀਆਂ ਪੀੜ੍ਹੀਆਂ ਨੇ ਰਿਸ਼ਤਿਆਂ, ਟਰੱਸਟਾਂ ਤੇ ਗਰੁਪਾਂ ਦੀ ਸੌੜੀ ਸਿਆਸਤ ਨਾਲੋਂ ਉਸ ਦੀਆਂ ਨਜ਼ਮਾਂ ਨੂੰ ਪਿਆਰ ਕਰਨਾ ਹੈ। ਇਹ ਮੇਰਾ ਯਕੀਨ ਹੈ।

## ਕਿਥੇ ਦੁਨੀਆਂ ਬਣਾਉਣ ਵਾਲਾ ਦੱਸਦਾ ਏ ਭੇਤ?

(ਸਫਾ 29 ਦੀ ਬਾਕੀ)

ਕਿਸੇ ਨੇ ਪੁਲਿਸ ਨੂੰ ਦੱਸ ਦਿੱਤਾ।

ਜ਼ੁਲੈਖਾਂ ਨੇ ਗੈਸ ਦੇ ਦੋ ਚੁੱਲ੍ਹਿਆਂ 'ਤੇ ਵੱਡੇ ਪਤੀਲ ਰੱਖ ਕੇ ਇਮਾਮ-ਉਦ-ਦੀਨ ਦੀ ਲਾਸ਼ ਦਾ ਮਾਸ ਉਨ੍ਹਾਂ 'ਚ ਪਾ ਕੇ ਵਿਚ ਲੂਣ ਤੇ ਹਲਦੀ ਸੁੱਟ ਦਿੱਤੀ। ਹਾਲੇ ਮਾਸ ਨੂੰ ਮਾੜਾ ਮੋਟਾ ਹੀ ਸੇਕ ਲੱਗਾ ਸੀ ਕਿ ਪੁਲਿਸ ਆ ਗਈ। ਪੰਦਰਾਂ-ਵੀਹ ਮਿੰਟ ਦਰਵਾਜ਼ਾ ਖੜਕਾਉਣ ਪਿੱਛੋਂ ਜਦੋਂ ਜ਼ੁਲੈਖਾਂ ਨੇ ਬੂਹਾ ਖੋਲ੍ਹਿਆ ਤਾਂ ਦੋ ਪਤੀਲਿਆਂ 'ਚ ਮਾਸ ਰਿੱਝਣ ਵਾਲਾ ਸੀ। ਬਦਬੂ ਇੰਨੀ ਜ਼ਿਆਦਾ ਕਿ ਨੱਕ ਨਹੀਂ ਦੇ ਹੁੰਦਾ ਸੀ।

ਬੇਖੌਫ ਜ਼ੁਲੈਖਾਂ ਪੁਲਿਸ ਨੂੰ ਆਖ ਰਹੀ ਸੀ, "ਗੋਸ਼ਤ ਲਿਆਂਦਾ ਸੀ, ਉਹ ਲਗਦੈ ਬਿਗੜ ਗਿਐ।"

ਪਤੀਲੇ 'ਚ ਮਨੁੱਖੀ ਹੱਥ ਰਿੱਝਦਾ ਦੇਖ ਕੇ ਥਾਣੇਦਾਰ ਨੇ ਪੁਲਿਸ ਹੈਡਕੁਆਰਟਰ ਸੂਚਿਤ ਕਰ ਦਿੱਤਾ। ਅਗਲੇ ਅੱਧੇ ਘੰਟੇ ਵਿਚ ਮੁਹੱਲਾ ਪੁਲਿਸ ਛਾਉਣੀ 'ਚ ਬਦਲ ਗਿਆ।

ਸ਼ਹਿਬਾਜ਼ ਤੇ ਅਬਦੁੱਲ ਦੀ ਆਵਾਜ਼ ਥਥਲਾਉਣ ਲੱਗੀ। ਇਸ ਤੋਂ ਪਹਿਲਾਂ ਕਿ ਉਹ ਕੁਝ ਬੋਲਦੇ, ਜ਼ੁਲੈਖਾਂ ਬੋਲ ਪਈ, ਚਿਹਰੇ 'ਤੇ ਕੋਈ ਸ਼ਿਕਨ ਨਹੀਂ ਸੀ, "ਇਹ ਮੇਰੇ ਖਾਵੰਦ ਦਾ ਮਾਸ ਹੈ ਜਿਸ ਨੂੰ ਮੈਂ ਰਿੰਨ੍ਹ ਰਹੀ ਹਾਂ।" ਤੇ ਉਸ ਨੇ ਇਮਾਮ-ਉਦ-ਦੀਨ ਦੀ ਖੋਪਰੀ ਵੀ ਟਰੰਕ 'ਚੋਂ ਕੱਢ ਕੇ ਪੁਲਿਸ ਨੂੰ ਫੜਾ ਦਿੱਤੀ।

"ਮੈਨੂੰ ਲੈ ਚੱਲੋ, ਮੈਂ ਥਾਣੇ ਜਾ ਕੇ ਸਭ ਕੁਝ ਦੱਸਾਂਗੀ।"

...ਤੇ ਜੋ ਜ਼ੁਲੈਖਾਂ ਨੇ ਪੁਲਿਸ ਕੋਲ ਕਿਹਾ, ਉਹ ਹੋਰ ਵੀ ਹੈਰਾਨ ਕਰ ਦੇਣ ਵਾਲਾ ਸੀ। ਉਹਦਾ ਇਲਜ਼ਾਮ ਸੀ-ਇਹ ਆਪਣੀ ਧੀ ਨਾਲ ਖੇਹ ਖਾਣਾ ਚਾਹੁੰਦਾ ਸੀ, ਇਸੇ ਲਈ ਮੈਂ ਹੀ ਇਹਦੇ ਟੁਕੜੇ ਕਰਵਾਏ ਹਨ, ਪਰ ਪੁਲਿਸ ਪ੍ਰੇਮ ਸਬੰਧਾਂ ਦੀ ਕਹਾਣੀ ਵੀ ਸਮਝ ਗਈ ਸੀ।

ਉਧਰ ਧੀ ਦੇ ਬਿਆਨਾਂ ਨਾਲ ਕਾਜ਼ੀ ਪਿਘਲ ਗਿਆ ਜਦੋਂ ਧੀ ਨੇ ਕਿਹਾ, "ਨਹੀਂ, ਮੇਰੀ ਮਾਂ ਮੈਨੂੰ ਗਲਤ ਪਾਸੇ ਤੋਰ ਰਹੀ ਸੀ ਕਿਉਂਕਿ ਉਹ ਆਪ ਗਲਤ ਰਾਹ ਤੁਰੀ ਹੋਈ ਸੀ। ਬਾਪ ਤਾਂ ਮੈਨੂੰ ਇਸ ਰਾਹ ਤੋਂ ਰੋਕ ਰਿਹਾ ਸੀ।"

ਤੇ ਇਹ ਅਬਦੁੱਲ ਤੇ ਜ਼ੁਲੈਖਾਂ ਹੁਣੇ ਹੀ ਫਾਹੇ ਲੱਗ ਕੇ ਹਟੇ ਹਨ।

ਸੱਚੀਂ! ਕਾਮ ਦਾ ਲਾਂਬੂ ਸਭ ਕੁਝ ਫਨਾਹ ਕਰ ਦਿੰਦਾ ਹੈ।

## ਸੰਪਾਦਕ ਦੀ ਡਾਕ

# 'ਬੂਰਮਾਜਰੇ ਵਾਲਾ ਬਾਈ ਗੁਰਮੇਲ' ਨੇ ਉਭਾਰੀਆਂ ਯਾਦਾਂ

ਪਿਆਰੇ ਅਮੋਲਕ ਜੀ,

12 ਸਤੰਬਰ ਦੇ ਪੰਜਾਬ ਟਾਈਮਜ਼ ਵਿਚ "ਬੂਰਮਾਜਰੇ ਵਾਲੇ ਬਾਈ ਗੁਰਮੇਲ" ਵਾਲਾ ਲੇਖ ਛਾਪ ਕੇ ਤੁਸੀਂ 30-35 ਸਾਲ ਪੁਰਾਣਾ ਇਤਿਹਾਸ ਮੁੜ ਉਜਾਗਰ ਕੀਤਾ ਹੈ। ਇਸ ਲੇਖ ਵਿਚ ਤੁਸੀਂ ਕਈ ਸ਼ਖ਼ਸੀਅਤਾਂ ਦਾ ਜ਼ਿਕਰ ਕੀਤਾ ਹੈ ਜਿਨ੍ਹਾਂ ਵਿਚੋਂ ਕੁਝ ਇਕ ਦੀ ਯਾਦ ਮੇਰੇ ਦਿਲ ਵਿਚ ਵੀ ਵਸੀ ਹੋਈ ਹੈ। ਅੱਜ ਉਨ੍ਹਾਂ ਵਿਚੋਂ ਕਈ ਇਸ ਫਾਨੀ ਦੁਨੀਆਂ ਵਿਚ ਨਹੀਂ ਹਨ ਪਰ ਲੇਖ ਪੜ੍ਹ ਕੇ ਉਵੇਂ ਹੀ ਸਾਹਮਣੇ ਖੜ੍ਹੇ ਲਗਦੇ ਹਨ।

ਪੰਜਾਬੀ ਵਿਭਾਗ ਦੇ ਪ੍ਰੋਫੈਸਰ ਹਰਦੇਵ ਸਿੰਘ ਸੱਚਰ ਸੰਨ 1963-64 ਵਿਚ ਮੈਨੂੰ ਅੰਬਾਲੇ ਵਿਚ ਅੰਗਰੇਜ਼ੀ ਪੜ੍ਹਾਉਂਦੇ ਸਨ। ਉਨ੍ਹਾਂ ਦਿਨਾਂ ਵਿਚ ਮੈਂ ਆਪਣੇ ਮਹਿਕਮੇ ਵਲੋਂ ਹਿੰਦੀ ਟੈਲੀਗਰਾਫੀ ਦਾ ਕੋਰਸ ਕਰਨ ਚੰਡੀਗੜ੍ਹੋਂ ਅੰਬਾਲੇ ਗਿਆ ਹੋਇਆ ਸਾਂ। ਨੌਕਰੀ ਦੇ ਨਾਲ ਨਾਲ ਮੈਂ ਗਿਆਨੀ ਕਰ ਕੇ ਬੀ ਏ ਬਾਈ ਪਾਰਟਸ ਕਰ ਰਿਹਾ ਸਾਂ।

ਸੱਚਰ ਸਾਹਿਬ ਨੇ ਇਕ ਅਧੂਰੀ ਜਿਹੀ ਕੋਠੀ ਵਿਚ ਹਰਦੇਵ ਵਿਸਮਿਕ ਦੇ ਨਾਂ ਹੇਠ ਗਲੋਬਲ ਅਕੈਡਮੀ ਕਰਕੇ ਇਕ ਪ੍ਰਾਈਵੇਟ ਕਾਲਜ ਖੋਲ੍ਹਿਆ ਹੋਇਆ ਸੀ। ਉਸ ਸਮੇਂ ਉਹ ਤੀਹ ਕੁ ਸਾਲ ਦੇ ਪਤਲੇ ਜਿਹੇ ਜੀਨਧਾਰੀ ਰੋਮਾਂਟਿਕ ਨੌਜਵਾਨ ਸਨ। ਪਗੜੀ ਬੰਨਣ ਦੇ ਸਟਾਈਲ ਅਤੇ ਕੱਟੀ ਦਾਹੜੀ ਦੇ ਅੰਦਾਜ਼ ਤੋਂ ਉਹ ਪੂਰੇ ਜੱਟ ਲਗਦੇ ਸਨ ਪਰ ਬੋਲੀ ਤੋਂ ਭਾਪੇ। ਉਹ ਸਾਰਾ ਦਿਨ ਪਾਨ ਖਾਂਦੇ ਤੇ ਵੰਨ ਸੁਵੰਨੇ ਅਖਬਾਰ ਰਸਾਲੇ ਪੜ੍ਹਦੇ ਰਹਿੰਦੇ। ਕਲਾਸ ਵਿਚ ਅੰਗਰੇਜ਼ੀ ਤਾਂ ਉਨ੍ਹਾਂ ਕਦੇ ਪੜ੍ਹਾਈ ਨਹੀਂ ਸੀ, ਬੱਸ ਅਖਬਾਰੀ ਖਬਰਾਂ ਤੇ ਹੀ ਤਬਸਰਾ ਕਰਦੇ ਰਹਿੰਦੇ। ਬਿਆਨੋ-ਬਖਿਆਨ ਵਿਚ ਇੰਨੇ ਮਾਹਿਰ ਕਿ ਗੱਲਾਂ ਬਾਤਾਂ ਨਾਲ ਹੀ ਪੜ੍ਹਾਈ ਦਾ ਬੁੱਤਾ ਸਾਰੀ ਰਖਦੇ। ਉਨ੍ਹਾਂ ਦਿਨਾਂ ਵਿਚ ਜਦੋਂ ਅਮਰੀਕੀ ਪ੍ਰਧਾਨ ਕਨੇਡੀ ਦਾ ਤਾਜ਼ਾ ਤਾਜ਼ਾ ਕਤਲ ਹੋਇਆ ਤਾਂ ਉਨ੍ਹਾਂ ਨੇ ਕਈ ਦਿਨ ਇਸ ਕਤਲ ਦੀਆਂ ਗੁਥੀਆਂ ਬਾਰੇ ਹੀ ਚਰਚਾ ਕੀਤੀ ਰਖੀ। ਉਨ੍ਹਾਂ ਦੇ ਕਾਲਜ ਵਿਚ ਕੇਵਲ ਦੋ ਹੀ ਵਿਦਿਆਰਥੀ ਸਨ, ਇਕ ਮੈਂ ਤੇ ਇਕ ਕਿਸੇ ਮਾੜੇ ਜਿਹੇ ਫੌਜੀ ਦੀ ਨਵ-ਵਿਆਹੁਤਾ ਪਤਨੀ ਰਜਨੀ। ਦੋ ਕੁ ਮਹੀਨਿਆਂ ਬਾਦ ਵਿਸਮਿਕ ਸਾਹਿਬ ਅਚਨਚੇਤ ਗਾਇਬ ਹੋ ਗਏ। ਪਤਾ ਲਗਿਆ ਕਿ ਉਹ ਕਿਸੇ ਹੋਰ ਸ਼ਹਿਰ ਚਲੇ ਗਏ ਹਨ।

1977 ਵਿਚ ਮੈਂ ਪੰਜਾਬ ਯੂਨੀਵਰਸਿਟੀ ਦੇ ਪੁਲੀਟਿਕਲ ਸਾਇੰਸ ਵਿਭਾਗ ਵਿਚ ਐਮ ਫਿਲ ਕਰਨ ਲਈ ਗਿਆ ਤਾਂ ਮੈਨੂੰ ਉਥੇ ਯੂਨੀਵਰਸਿਟੀ ਦੀ ਅਧਿਆਪਕ ਐਸੋਸੀਏਸ਼ਨ 'ਤੇ ਖੋਜ ਪੱਤਰ ਲਿਖਣ ਦਾ ਕੰਮ ਸੌਂਪਿਆ ਗਿਆ। ਇਸ ਖਾਤਰ ਮੈਂ ਯੂਨੀਵਰਸਿਟੀ ਦੇ ਅਧਿਆਪਕ ਲੀਡਰਾਂ ਨਾਲ ਮੁਲਾਕਾਤਾਂ ਕਰਨੀਆਂ ਸਨ। ਭਾਈ ਵੀਰ ਸਿੰਘ ਚੇਅਰ ਦੇ ਮੁਖੀ ਪ੍ਰੋ. ਵਿਸ਼ਵਾਨਾਥ ਤਿਵਾੜੀ ਲੰਮੇ ਸਮੇਂ ਤੋਂ ਪੂਟਾ ਦੇ ਸਿਰਕੱਢ ਨੇਤਾ ਸਨ, ਇਸ ਲਈ ਮੈਂ ਮੁਲਾਕਾਤਾਂ ਦਾ ਕੰਮ ਉਨ੍ਹਾਂ ਤੋਂ ਹੀ ਅਰੰਭਿਆ। ਉਹ ਬਹੁਤ ਹੀ ਸਪਸ਼ਟ, ਬੇ-ਤਕਲੁਫ਼ ਤੇ ਬੇਧੜਕ ਵਿਅਕਤੀ ਸਨ। ਲੰਮੀ ਮੁਲਾਕਾਤ ਉਪਰੰਤ ਉਨ੍ਹਾਂ ਨੇ ਫਖ਼ਰ ਨਾਲ ਕਿਹਾ, "ਮੇਰਾ ਦਫਤਰ ਭਾਨਮਤੀ ਦਾ ਕੁਨਬਾ ਹੈ। ਇਥੇ ਵੱਖ ਵੱਖ ਵਿਚਾਰਾਂ ਵਾਲੇ ਲੋਕ ਬੈਠਦੇ ਹਨ ਪਰ ਅਸੀਂ ਸਾਰੇ ਇਕ ਪਰਿਵਾਰ ਦੇ ਮੈਂਬਰਾਂ ਵਾਂਗ ਹਾਂ।" ਉਨ੍ਹਾਂ ਹਾਸੇ ਨਾਲ ਕਿਹਾ ਕਿ ਤੇਰਾ ਸਾਰਾ ਡਿਜ਼ਰਟੇਸ਼ਨ ਉਨ੍ਹਾਂ ਦੇ ਵਿਭਾਗ ਵਿਚੋਂ ਹੀ ਬਣ ਜਾਵੇਗਾ।

ਉਥੇ ਹੀ ਮੇਰੀ ਜਾਣ-ਪਛਾਣ ਉਨ੍ਹਾਂ ਨੇ ਆਪਣੇ ਮਿੱਠੇ ਸੁਭਾਅ ਵਾਲੇ ਪਰ ਘਟ-ਬੋਲੜੇ ਸਟੈਨੋ ਹਰਸਿਮਰਨ ਸਿੰਘ ਨਾਲ ਕਰਵਾਈ ਤੇ ਕਿਹਾ ਕਿ ਮੇਰਾ ਅਸਿਸਟੈਂਟ ਵੀ ਰਾਜਨੀਤੀ ਵਿਚ ਕਿਸੇ ਪ੍ਰੋਫੈਸਰ ਨਾਲੋਂ ਘੱਟ ਨਹੀਂ ਹੈ। ਪ੍ਰੋ. ਤਿਵਾੜੀ ਨੇ ਸੁਝਾਅ ਦਿਤਾ ਕਿ ਮੈਂ ਆਪਣਾ ਡਿਜ਼ਰਟੇਸ਼ਨ ਵੀ ਉਸ ਤੋਂ ਹੀ ਟਾਈਪ ਕਰਵਾਵਾਂ ਕਿਉਂਕਿ ਉਹ ਇਕ ਕੁਸ਼ਲ ਟਾਈਪਿਸਟ ਸੀ। ਪ੍ਰੋ. ਤਿਵਾੜੀ ਦੀ ਗੱਲ ਸੱਚੀ ਨਿਕਲੀ ਜਦੋਂ ਹਰਸਿਮਰਨ ਸਿੰਘ ਰਾਤੋ ਰਾਤ ਦਲ ਖਾਲਸਾ ਦਾ ਆਗੂ ਬਣ ਗਿਆ। ਉਨ੍ਹਾਂ ਦਿਨਾਂ ਵਿਚ ਅਫਵਾਹ ਸੀ ਕਿ ਇਸ ਕੰਮ ਵਿਚ ਡਾ. ਤਿਵਾੜੀ ਨੇ ਗਿਆਨੀ ਜ਼ੈਲ ਸਿੰਘ ਤੇ ਹਰਸਿਮਰਨ ਵਿਚਕਾਰ ਲਿੰਕ ਵਜੋਂ ਭੂਮਿਕਾ ਨਿਭਾਈ ਸੀ। ਪਿਛੋਂ ਲੰਮਾ ਸਮਾਂ ਹਰਸਿਮਰਨ ਸਿੰਘ ਰੂ-ਪੋਸ਼ ਰਿਹਾ ਪਰ ਹੁਣ ਤੁਹਾਡੇ ਲੇਖ ਤੋਂ ਜਾਣ ਕੇ ਖੁਸ਼ੀ ਹੋਈ ਕਿ ਉਹ ਆਨੰਦਪੁਰ ਸਾਹਿਬ ਰਹਿ ਰਿਹਾ ਹੈ।

ਹਾਂ! ਉਸ ਤੋਂ ਬਾਅਦ ਪ੍ਰੋ. ਤਿਵਾੜੀ ਨੇ ਮੈਨੂੰ ਇਕ ਦਰਮਿਆਨੇ ਕੱਦ ਦੇ ਅਧਿਆਪਕ ਨਾਲ ਮਿਲਾਇਆ। ਮੜੰਗਾ ਪਛਾਣ ਕੇ ਮੈਂ ਹੈਰਾਨੀ ਨਾਲ ਚੀਕਿਆ, "ਵਿਸਮਿਕ ਸਾਹਿਬ!" ਪ੍ਰੋ. ਤਿਵਾੜੀ ਕਹਿਣ ਲਗੇ, "ਵਿਸਮਿਕ ਸਾਹਿਬ ਨਹੀਂ ਇਹ ਸੱਚਰ ਸਾਹਿਬ ਹਨ।" ਇਸ ਤੋਂ ਪਹਿਲਾਂ ਕਿ ਮੇਰਾ ਉਤਸ਼ਾਹ ਨਿਰਾਸ਼ਾ ਵਿਚ ਬਦਲ ਜਾਂਦਾ, ਪ੍ਰੋ. ਸੱਚਰ ਬੋਲੇ, "ਤੁਸੀਂ ਠੀਕ ਕਹਿੰਦੇ ਓ, ਮੈਂ ਤੁਹਾਨੂੰ ਪਹਿਚਾਣ ਲਿਆ ਹੈ। ਵਿਸਮਿਕ ਮੇਰਾ ਤਖੱਲੁਸ ਹੁੰਦਾ ਸੀ।" ਸਾਡੀ ਪੁਰਾਣੀ ਜਾਣ ਪਹਿਚਾਣ ਵੇਖ ਕੇ ਪ੍ਰੋ. ਤਿਵਾੜੀ ਚਲੇ ਗਏ ਤੇ ਅਸੀਂ ਘੰਟਾ ਭਰ ਗਲਾਂ ਕਰਦੇ ਰਹੇ। ਰਜਨੀ ਦੀ ਗੱਲ ਵੀ ਚਲੀ। ਉਨ੍ਹਾਂ ਹੱਸ ਕੇ ਕਿਹਾ ਕਿ ਉਹ ਅੰਬਾਲੇ ਦੀਆਂ ਸਭ ਚੀਜ਼ਾਂ ਅੰਬਾਲੇ ਹੀ ਛੱਡ ਆਏ ਸਨ।

ਭੂਸ਼ਨ ਧਿਆਨਪੁਰੀ ਮੈਨੂੰ ਪਹਿਲੀ ਵਾਰ ਜੁਲਾਈ 1982 ਵਿਚ ਮਿਲਿਆ। ਉਹ ਚੰਡੀਗੜ੍ਹ ਤੋ ਗੌਰਮਿੰਟ ਕਾਲਜ ਰੋਪੜ ਪੜ੍ਹਾਉਣ ਜਾਣ ਵਾਲੇ ਸਾਡੇ 15-20 ਅਧਿਆਪਕਾਂ ਦੇ ਟੋਲੇ ਵਿਚ ਸ਼ਾਮਲ ਹੁੰਦਾ ਸੀ। ਉਸ ਦੀ ਆਦਤ ਸੀ ਕਿ ਉਹ ਇਕ ਅੱਧੇ ਜਣੇ ਨੂੰ ਨਵੇਕਲਾ ਕੱਢ ਲੈਂਦਾ ਤੇ ਬੁਕਲ ਵਿਚ ਭੇਲੀਆਂ ਜਿਹੀਆਂ ਭੰਨ ਭੰਨ ਉਸ ਨੂੰ ਹਸਾਉਣ ਦਾ ਯਤਨ ਕਰੀ ਜਾਂਦਾ ਤੇ ਨਾਲ ਆਪ ਹੱਸੀ ਜਾਂਦਾ। ਗੱਲਾਂ ਕਰਦਿਆਂ ਉਸ ਨੂੰ ਹੱਕ ਪਈ ਜਾਂਦੀ ਤੇ ਛਾਤੀ ਵਿਚ ਦਮੇ ਦੀ ਖਾਂਸੀ ਬੋਲੀ ਜਾਂਦੀ। ਉਹ ਚੇਨ ਸਮੋਕਰ ਸੀ। ਮੇਰੀ ਉਸ ਨਾਲ ਕਦੇ ਨਹੀ ਸੀ ਬਣੀ। ਮੈਂ ਉਸ ਨੂੰ ਸਿਗਰਟ ਪੀਣ ਤੋਂ ਕਈ ਵਾਰ ਤਾੜਿਆ। ਪਰ ਉਹ ਹੱਸ ਕੇ ਗੱਲ ਗੁਆ ਦਿੰਦਾ।

ਉਨ੍ਹਾਂ ਦਿਨਾਂ ਵਿਚ ਮੈਂ ਚੰਡੀਗੜ੍ਹ ਪੰਜਾਬੀ ਸਾਹਿਤ ਸਭਾ ਦਾ ਮੈਂਬਰ ਸਾਂ। ਤਾਰਾ ਸਿੰਘ ਚੰਨ ਪ੍ਰਧਾਨ ਹੁੰਦਾ ਸੀ ਤੇ ਹਰਭਰਨ ਹਲਵਾਰਵੀ ਸਕੱਤਰ। ਡਾ. ਗੁਰਬਚਨ, ਗੁਰਦੇਵ ਚੌਹਾਨ, ਮੋਹਨ ਭੰਡਾਰੀ ਤੇ ਡਾ. ਜਸਪਾਲ ਸਿੰਘ (ਐਡੀਟਰ ਦੇਸ ਸੇਵਕ) ਸਮੇਤ ਬਹੁਤ ਸਾਰੇ ਮੈਂਬਰ ਇਸ ਦੀਆਂ ਮੀਟਿੰਗਾਂ ਵਿਚ ਹਾਜ਼ਰ ਹੁੰਦੇ। ਉਸੇ ਸਾਲ ਭੂਸ਼ਨ ਧਿਆਨਪੁਰੀ ਨੇ ਇਕ ਕਿਤਾਬ ਛਾਪੀ ਸੀ 'ਸਿਰਜਣਧਾਰਾ'। ਸਾਹਿਤ ਸਭਾ ਨੇ ਇਸ ਕਿਤਾਬ 'ਤੇ ਗੋਸ਼ਟੀ ਕਰਵਾਉਣੀ ਚਾਹੀ। ਹਰਭਜਨ ਹਲਵਾਰਵੀ ਨੇ ਮੈਨੂੰ ਕਿਤਾਬ ਦੀ ਇਕ ਕਾਪੀ ਦੇ ਕੇ ਪੇਪਰ ਲਿਖਣ ਲਈ ਕਿਹਾ। ਉਸ ਦੀ ਕਿਤਾਬ ਵਿਚ ਮੈਨੂੰ ਕੁਝ ਵੀ ਅਜਿਹਾ ਨਾ ਲਗਿਆ ਜਿਸ ਦੀ ਸਰਾਹਨਾ ਕੀਤੀ ਜਾਵੇ। ਮੈਂ ਆਪਣੇ ਪੇਪਰ ਵਿਚ ਪੁਸਤਕ ਦੀ ਖੁਲ੍ਹ ਕੇ ਆਲੋਚਨਾ ਕੀਤੀ। ਭੂਸ਼ਨ ਨੇ ਹਲਵਾਰਵੀ ਕੋਲ ਮੇਰੇ ਬਾਰੇ ਸ਼ਿਕਾਇਤ ਕੀਤੀ ਕਿ ਜੇ ਇਹ ਪਰਚਾ ਪੜ੍ਹੇਗਾ ਤਾਂ ਬਿਹਤਰ ਹੈ ਗੋਸ਼ਟੀ ਨਾ ਹੀ ਕਰਵਾਈ ਜਾਵੇ। ਹਲਵਾਰਵੀ ਨੇ ਉਸ ਨੂੰ ਸਮਝਾਇਆ ਕਿ ਇਕ ਸਿਆਣੇ ਲੇਖਕ ਨੂੰ ਆਲੋਚਨਾ ਤੋਂ ਡਰਨਾ ਨਹੀਂ ਚਾਹੀਦਾ। ਫਿਰ ਉਸ ਨੇ ਮੈਨੂੰ ਵੀ ਕਿਹਾ ਕਿ ਮੈਂ ਪਰਚਾ ਪੜ੍ਹਨ ਦੀ ਥਾਂ ਸੰਖੇਪ ਵਿਚ ਜ਼ਬਾਨੀ ਪੇਸ਼ ਕਰਾਂ ਤਾਂ ਜੋ ਇਸ ਦੀ ਕੁੜਿਤਣ ਘਟ ਜਾਵੇ। ਮੈਂ ਤਾਂ ਮੰਨ ਗਿਆ ਪਰ ਉਸ ਦਿਨ ਦੀ ਮੀਟਿੰਗ ਵਿਚ ਭੂਸ਼ਨ ਨਾ ਆਇਆ। ਲਿਹਾਜ਼ਾ ਉਸ ਦੀ ਪੁਸਤਕ ਤੇ ਗੋਸ਼ਟੀ ਰੱਦ ਕਰਨੀ ਪਈ। ਉਸ ਦੀ ਉਹ ਕਿਤਾਬ ਤੇ ਉਹ ਹੱਥ ਲਿਖਤ ਪੇਪਰ ਮੇਰੇ ਕੋਲ ਅੱਜ ਵੀ ਕਿਤੇ ਪਏ ਹੋਏ ਹਨ।

ਪਰ ਇਹ ਗੱਲ ਵੀ ਸਹੀ ਹੈ ਕਿ ਭੂਸ਼ਨ ਵਿਚ ਵਿਅੰਗਕਲਾ ਸੀ। ਮੈਂ ਉਸ ਦੇ ਪੰਜਾਬੀ ਟ੍ਰਿਬਿਊਨ ਵਿਚ ਛਪਦੇ ਰਸੀਦੀ ਟਿਕਟ ਸਮੇਤ ਸਾਰੇ ਲੜੀ-ਵਾਰ ਲੇਖ ਦਿਲਚਸਪੀ ਨਾਲ ਪੜਦਾ ਰਿਹਾ ਹਾਂ।

**-ਡਾ. ਗੋਬਿੰਦਰ ਸਿੰਘ ਸਮਰਾਓ**
**ਫੋਨ: 408-991-4249**

# 'ਵੈਲ ਲੱਗ ਗਿਐ ਮੈਨੂੰ ਤਾਂ ਪੰਜਾਬ ਟਾਈਮਜ਼ ਪੜ੍ਹਨ ਦਾ'

ਪਿਆਰੇ ਅਮੋਲਕ ਸਿੰਘ,

ਐਤਕੀਂ ਸ਼ਿਕਾਗੋ ਦੇ ਕਬੱਡੀ ਕੱਪ 'ਤੇ ਨਾ ਆ ਸਕਣ ਕਾਰਨ ਤੁਹਾਡੇ ਨਾਲ ਮੇਲ ਨਹੀਂ ਹੋ ਸਕਿਆ ਪਰ ਮੈਂ 'ਪੰਜਾਬ ਟਾਈਮਜ਼' ਰਾਹੀਂ ਤੁਹਾਨੂੰ ਤੇ ਹੋਰ ਲੇਖਕਾਂ ਨੂੰ ਲਗਾਤਾਰ ਪੜ੍ਹਦਾ ਰਹਿੰਨਾਂ। ਮੈਨੂੰ ਤਾਂ ਇਹ ਪਰਚਾ ਪੜ੍ਹਨ ਦਾ ਵੈਲ਼ ਈ ਲੱਗ ਗਿਆ ਸਮਝੋ! ਸਿਹਤ ਪੱਖੋਂ ਢਿੱਲੇ ਹੋਣ ਦੇ ਬਾਵਜੂਦ ਜਿੰਨੀ ਹਿੰਮਤ ਤੇ ਮਿਹਨਤ ਨਾਲ ਤੁਸੀਂ ਇਸ ਨੂੰ ਮਿਆਰੀ ਪਰਚਾ ਬਣਾਇਐ ਉਸ ਦੀ ਪ੍ਰਸ਼ੰਸਾ ਕਰਨੀ ਬਣਦੀ ਹੈ। ਇਸ ਵਿਚ ਸਾਹਿਤਕ ਤੇ ਵਿਚਾਰਧਾਰਕ-ਬੜਾ ਕੁਝ ਪੜ੍ਹਨ ਨੂੰ ਮਿਲ ਰਿਹੈ। ਵਰਿਆਮ ਸਿੰਘ ਸੰਧੂ ਦੀ ਲੇਖ ਲੜੀ ਬੜੀ ਮੌਕੇ ਉਤੇ ਛਾਪੀ ਜਾ ਰਹੀ ਹੈ। ਇਨ੍ਹਾਂ ਲੇਖਾਂ ਨੂੰ ਪੜ੍ਹਨਾ ਗਦਰੀ ਬਾਬਿਆਂ ਦੀ ਰੂਹ ਨਾਲ ਸਾਂਝ ਪਾਉਣਾ ਹੈ। ਵਰਿਆਮ ਸੰਧੂ ਦੀ ਲਿਖਤ ਕਿਸੇ ਸਿਫ਼ਤ ਦੀ ਮੁਥਾਜ ਨਹੀਂ। ਉਹ ਪੰਜਾਬੀ ਦਾ ਸਿਰਮੌਰ ਸਾਹਿਤਕਾਰ ਹੈ। ਉਹਦਾ ਇਸ ਪਰਚੇ ਵਿਚ ਲਗਾਤਾਰ ਛਪਣਾ ਪਰਚੇ ਨੂੰ ਚਾਰ ਚੰਨ ਲਾਉਣਾ ਹੈ। ਗੁਰਬਚਨ ਸਿੰਘ ਭੁੱਲਰ ਤੇ ਗੁਲਜ਼ਾਰ ਸਿੰਘ ਸੰਧੂ ਦੀਆਂ ਰਚਨਾਵਾਂ ਸੋਨੇ 'ਤੇ ਸੁਹਾਗਾ ਹਨ। ਪ੍ਰੋ. ਹਰਪਾਲ ਸਿੰਘ ਪੰਨੂੰ ਦੇ ਕਿਆ ਕਹਿਣੇ!

'ਸਿੱਖ ਕੌਮ: ਹਸਤੀ ਤੇ ਹੋਣੀ' ਬਾਰੇ ਡਾ. ਪ੍ਰੇਮ ਸਿੰਘ ਦੀ ਲੇਖ ਲੜੀ ਚੰਗੀ ਰਹੀ ਤੇ ਵੱਖੋ-ਵੱਖਰੇ ਵਿਚਾਰ ਜਾਣਨ ਨੂੰ ਮਿਲੇ। ਐਤਕੀਂ ਜਸਟਿਸ ਸੱਯਦ ਆਸਫ਼ ਸ਼ਾਹਕਾਰ ਦਾ ਲੇਖ ਧਿਆਨ ਖਿੱਚਣ ਵਾਲਾ ਹੈ। ਬਲਜੀਤ ਬਾਸੀ ਸ਼ਬਦਾਂ ਦੀਆਂ ਜੜ੍ਹਾਂ ਫਰੋਲਦਿਆਂ ਕਮਾਲਾਂ ਕਰੀ ਜਾਂਦਾ ਹੈ। ਉਹਨੂੰ ਸੁਝਾਅ ਹੈ ਕਿ ਸਾਰੇ ਲੇਖਾਂ ਨੂੰ ਇਕ ਕਿਤਾਬ ਵਿਚ ਬੀੜਨ ਦਾ ਬੀੜਾ ਵੀ ਚੁੱਕੇ। ਤੁਹਾਡੀਆਂ ਪੁਰਾਣੀਆਂ ਯਾਦਾਂ ਵਾਲੇ ਲੇਖਾਂ ਨੇ ਮੈਨੂੰ ਕਈ ਪੁਰਾਣੇ ਯਾਰ ਬੇਲੀ ਤੇ ਵਿਦਿਆਰਥੀ ਯਾਦ ਕਰਵਾ ਦਿੱਤੇ। ਸੁਖਦੇਵ, ਨਹਿਰੂ, ਬਲਜੀਤ ਤੇ ਜਗਰਾਜ ਜਿਹੜੇ ਤੁਹਾਡੇ ਜਮਾਤੀ ਰਹੇ ਸਾਡੇ ਢੁੱਡੀਕੇ ਕਾਲਜ ਦੇ ਹੀ ਵਿਦਿਆਰਥੀ ਸਨ। ਹਰਭਜਨ ਹਲਵਾਰਵੀ ਤੇ ਹੋਰਨਾਂ ਮਿੱਤਰਾਂ ਨੂੰ ਯਾਦ ਕਰਨਾ ਚੰਗਾ ਲੱਗਾ। ਤੁਸੀਂ ਆਪਣੀ ਸਵੈਜੀਵਨੀ ਲਿਖਣ ਦਾ ਉਪਰਾਲਾ ਵੀ ਕਰੋ।

ਜਤਿੰਦਰ ਪੰਨੂੰ ਦਾ ਸਿਆਸਤ ਬਾਰੇ ਤੇ ਸਵਰਨ ਟਹਿਣੇ ਦਾ ਗਾਇਕੀ ਬਾਰੇ ਲਿਖਿਆ ਰੀਝ ਨਾਲ ਪੜ੍ਹੀਦੈ। ਅਸ਼ੋਕ ਕਿਤੇ ਸੱਚੀਂ ਤਾਂ ਨੀ 'ਭੌਰਾ' ਹੋ ਗਿਆ? ਅਸ਼ੋਕ ਨੂੰ ਕਹਾਂਗਾ, ਵੀਰ ਮੇਰਿਆ, ਐਡੀ ਛੇਤੀ ਨੀ ਮੈਦਾਨ ਛੱਡੀਦਾ। ਸਾਡੇ ਵੱਲ ਈ ਦੇਖ ਲੈ, ਅਜੇ ਵੀ ਕੌਡੀ ਪਾਈ ਜਾਨੇਂ ਆਂ। ਤਰਲੋਚਨ ਸਿੰਘ ਦੁਪਾਲਪੁਰ ਦਾ ਕਾਲਮ ਬੜਾ ਜਾਨਦਾਰ ਹੈ ਤੇ ਮੇਜਰ ਕੁਲਾਰ ਵੀ ਕਮਾਲ ਹੈ। ਦਲਵਿੰਦਰ ਸਿੰਘ ਅਜਨਾਲਾ ਦਾ ਲਿਖਿਆ 'ਇਕ ਮਨੋਰੋਗੀ ਦਾ ਖ਼ੁਦਕਸ਼ੀ ਨੋਟ' ਮੈਂ ਮੁੜ ਮੁੜ ਪੜ੍ਹਨ ਲਈ ਮਜਬੂਰ ਹੋਇਆ ਹਾਂ। ਲੇਖਕ ਦੇ ਭਰਾ ਦਾ ਦੁੱਖ ਤਾਂ ਸਭ ਨੂੰ ਹੀ ਹੈ ਪਰ ਇਸ ਦੁੱਖ ਨੂੰ ਜੋ ਜ਼ਬਾਨ ਦਿੱਤੀ ਗਈ ਹੈ, ਉਹ ਬੇਮਿਸਾਲ ਹੈ। ਮੈਂ ਚਾਹੁੰਦਾ ਹਾਂ ਕਿ ਦਲਵਿੰਦਰ ਸਿੰਘ ਲਗਾਤਾਰ ਲਿਖੇ। ਉਹਦੀ ਕਲਮ ਵਿਚ ਬੜੀ ਜਾਨ ਹੈ। ਸ਼ੈਰੀ ਸੰਧੂ ਤੇ ਪ੍ਰੋ. ਰੋਮਾਣੇ ਹੋਰੀਂ ਮਹੀਨੇ 'ਚ ਇਕ ਵਾਰ ਹੀ ਹਾਜ਼ਰੀ ਲੁਆ ਦਿਆ ਕਰਨ ਤਾਂ ਰੰਗ ਬੱਝ ਜਾਣ। ਆਉਂਦੇ ਦਿਨਾਂ 'ਚ ਪੰਜਾਬ ਵਿਚ ਕਬੱਡੀ ਦਾ ਤੀਜਾ ਵਰਲਡ ਕੱਪ ਹੋ ਰਿਹੈ। ਕਬੱਡੀ ਨੂੰ ਡੋਪਿੰਗ ਦੀ ਬਿਮਾਰੀ ਚੰਬੜੀ ਹੋਈ ਹੈ। 'ਪੰਜਾਬ ਟਾਈਮਜ਼' ਵਿਚ ਇਸ ਸਬੰਧੀ ਚਰਚਾ ਛੇੜਨੀ ਹੋਵੇ ਤਾਂ ਮੈਂ ਮੁੱਢਲਾ ਆਰਟੀਕਲ ਲਿਖ ਭੇਜਾਂਗਾ।

**-ਸਰਵਣ ਸਿੰਘ, ਟੋਰਾਂਟੋ**

# ਮਹਿਬੂਬ ਬਾਰੇ ਡਾ. ਗੁਰਤਰਨ ਸਿੰਘ ਦੀ ਟਿੱਪਣੀ ਬਿਲਕੁਲ ਸਹੀ

ਸੰਪਾਦਕ ਜੀ,

20 ਅਕਤੂਬਰ ਦੇ ਪੰਜਾਬ ਟਾਈਮਜ਼ ਵਿਚ ਡਾ. ਗੁਰਤਰਨ ਸਿੰਘ ਨੇ ਮਰਹੂਮ ਹਰਿੰਦਰ ਸਿੰਘ ਮਹਿਬੂਬ ਬਾਰੇ ਜੋ ਲਿਖਿਆ ਹੈ, ਉਹ ਬਿਲਕੁਲ ਸਹੀ ਹੈ। ਮਹਿਬੂਬ ਸਾਹਿਬ ਦੀ ਵਿਚਾਰਧਾਰਾ ਨਾਲ ਸਹਿਮਤ ਹੋਣਾ ਜਾਂ ਨਾ ਹੋਣਾ ਇੱਕ ਬਿਲਕੁਲ ਹੀ ਵੱਖਰਾ ਸਵਾਲ ਹੈ ਪਰ ਮਹਿਬੂਬ ਸਾਹਿਬ ਇੱਕ ਫ਼ਕੀਰਾਨਾ ਤਬੀਅਤ ਦੇ ਮਾਲਕ, ਪੜ੍ਹੇ ਅਤੇ ਗੁੜ੍ਹੇ ਹੋਏ ਵਿਦਵਾਨ ਸਨ। ਮੇਰੇ ਸਮਕਾਲੀਆਂ ਵਿਚੋਂ ਉਹ ਸਿੱਖ ਜਗਤ ਦੇ ਬਹੁਤ ਹੀ ਸਤਿਕਾਰਤ ਵਿਦਵਾਨ ਸਨ ਜਿਨ੍ਹਾਂ ਨੂੰ ਇਨਾਮ ਅਤੇ ਸਤਿਕਾਰ ਲਈ ਕਿਸੇ ਦੀ ਸਿਫਾਰਸ਼ ਦੀ ਲੋੜ ਨਹੀਂ ਸੀ। ਉਨ੍ਹਾਂ ਨੇ ਜੋ ਲਿਖਿਆ, ਆਪਣੇ ਸੱਚੇ ਦਿਲੋਂ ਲਿਖਿਆ, ਮਨ ਦੀਆਂ ਡੂੰਘਾਈਆਂ ਵਿਚੋਂ ਲਿਖਿਆ, ਉਨ੍ਹਾਂ ਲਿਖਤਾਂ ਨਾਲ ਸਹਿਮਤ ਹੋਣਾ ਜਾਂ ਨਾ ਹੋਣਾ ਕਿਸੇ ਦਾ ਵੀ ਜ਼ਾਤੀ ਮਾਮਲਾ ਹੈ। ਉਹ ਵਿਦਵਾਨ ਸੀ 'ਕਥਾਕਾਰ' ਨਹੀਂ ਸੀ।

ਅਖਬਾਰ ਵਿਚ ਸ. ਅਜਮੇਰ ਸਿੰਘ ਦੀ ਤਕਰੀਰ ਦੀ ਖਬਰ ਪੜ੍ਹੀ ਜਿਸ ਵਿਚ ਉਨ੍ਹਾਂ ਸਰਦਾਰ ਭਗਤ ਸਿੰਘ ਨੂੰ 'ਸ਼ਹੀਦ-ਏ-ਆਜ਼ਮ' ਕਹਿਣ 'ਤੇ ਕਿੰਤੂ ਕੀਤਾ ਹੈ। ਮੁਲਕ ਕਿਸੇ ਧਰਮ ਦਾ ਨਹੀਂ ਹੁੰਦਾ ਉਹ ਲੋਕਾਂ ਦਾ ਹੁੰਦਾ ਹੈ। ਗੁਰੂ ਨਾਨਕ ਜਦੋਂ ਕਹਿੰਦੇ ਹਨ 'ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨ ਡਰਾਇਆ' ਤਾਂ ਕੀ ਉਹ ਸਰਬਤ ਦਾ ਭਲਾ ਨਹੀਂ ਚਾਹੁੰਦੇ? ਜਾਂ ਕੀ ਉਨ੍ਹਾਂ ਦੇ ਮਨ ਵਿਚ ਆਪਣੇ ਮੁਲਕ ਵਾਸਤੇ ਦਰਦ ਨਹੀਂ ਸੀ? ਕੀ ਸੀ ਉਹ ਜਿਸ ਲਈ ਉਨ੍ਹਾਂ ਨੇ ਰੱਬ ਨੂੰ ਵੀ ਉਲਾਂਭਾ ਦਿੱਤਾ? ਬਾਬਾ ਨਾਨਕ ਅੱਗੇ ਫੁਰਮਾਉਂਦੇ ਹਨ, 'ਮੁਸਮਾਨੀਆ ਪੜਹਿ ਕਤੇਬਾ ਕਸਟ ਮਹਿ ਕਰਹਿ ਖੁਦਾਇ ਵੇ ਲਾਲੋ॥ ਜਾਤਿ ਸਨਾਤੀ ਹੋਰਿ ਹਿਦਵਾਣੀਆ ਏਹਿ ਭੀ ਲੇਖੈ ਲਾਇ ਵੇ ਲਾਲੋ॥' ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਤਾਂ ਮਨੁੱਖ ਦੇ ਹਿਰਦੇ ਨੂੰ, ਉਸ ਦੀ ਚੇਤੰਨਤਾ ਨੂੰ ਬਹੁਤ ਵਿਸ਼ਾਲ ਬਣਾਉਂਦੀ ਹੈ, ਬੁਲੰਦੀਆਂ ਬਖਸ਼ਦੀ ਹੈ। ਸੌੜੀ ਸੋਚ ਤਾਂ 'ਕੂੜੈ ਪਾਲਿ' ਹੈ। ਭਗਤ ਸਿੰਘ ਨੇ ਇੱਕ ਅਹਿਦ ਲਈ ਸ਼ਹਾਦਤ ਦਿੱਤੀ। ਅਹਿਦ ਦੀ ਪਾਲਣਾ ਖਾਤਰ ਮਰਜ਼ੀ ਨਾਲ ਸਿਰ ਵਾਰ ਦੇਣਾ ਹੀ ਤਾਂ ਸ਼ਹਾਦਤ ਹੈ, ਇਹੀ ਗੁਰਬਾਣੀ ਸਿਖਾਉਂਦੀ ਹੈ। ਦੇਸ਼ ਦੀ ਅਜ਼ਾਦੀ ਲਈ ਮਰਨਾ ਕੋਈ ਛੋਟਾ ਕਾਜ ਨਹੀਂ ਹੈ। ਇਹੀ ਤਾਂ ਗ਼ਦਰੀ ਬਾਬਿਆਂ ਨੇ ਕੀਤਾ। ਆਪਣੇ ਮੁਲਕ ਨੂੰ ਗ਼ੁਲਾਮੀ ਤੋਂ ਅਜ਼ਾਦ ਕਰਾਉਣ ਲਈ ਜੂਝਣਾ ਅਤੇ ਫਿਰ ਜਾਨ ਦੇਣੀ ਕੋਈ ਸਵਾਰਥੀ ਕਰਮ ਨਹੀਂ ਹੈ, ਸਰਬੱਤ ਦਾ ਭਲਾ ਮੰਗਣਾ ਹੀ ਹੈ। ਇਸ ਨਾਲ ਸਰਦਾਰ ਭਗਤ ਸਿੰਘ ਦਾ ਤਾਂ ਕੁੱਝ ਨਹੀਂ ਵਿਗੜਦਾ ਸਾਡੀ ਸੋਚ ਹੀ ਤੰਗ ਹੁੰਦੀ ਹੈ। ਨੌਜੁਆਨਾਂ ਵਾਸਤੇ ਭਗਤ ਸਿੰਘ ਇੱਕ ਪ੍ਰੇਰਨਾ ਸਰੋਤ ਹੈ। ਸਿੱਖ ਗੁਰੂ ਦਾ ਬੱਚਾ ਹੁੰਦਾ ਹੈ। ਬੱਚੇ ਦੀ ਗੁਰੂ ਨਾਲ ਤੁਲਨਾ ਕਰਨ ਦੀ ਕੀ ਲੋੜ ਪੈ ਗਈ। ਆਖ਼ਰ ਸ਼ਹਾਦਤ ਦਾ ਰਾਹ ਤਾਂ ਹਿੰਦੁਸਤਾਨ ਨੂੰ ਗੁਰੂ ਨੇ ਹੀ ਸਿਖਾਇਆ ਹੈ। ਬਾਬੇ ਨਾਨਕ ਦਾ ਅਦੇਸ਼ ਹੈ, ਗੁਰਿ ਕਹਿਆ ਸਾ ਕਾਰ ਕਮਾਵਹੁ ॥ ਗੁਰ ਕੀ ਕਰਣੀ ਕਾਹੇ ਧਾਵਹੁ॥ (ਪੰਨਾ 933)

ਬੀਬੀ ਸੁਖਨਿੰਦਰ ਕੌਰ ਸ਼ਿਕਾਗੋ ਨੇ 'ਮੇਰਾ ਵਸਦਾ ਰਹੇ ਪੰਜਾਬ' ਲੇਖ ਵਿਚ ਆਪਣੇ ਨਾਲ ਵਾਪਰੀ ਘਟਨਾ ਦਾ ਜ਼ਿਕਰ ਕੀਤਾ ਹੈ। ਲੋਕਾਂ ਲਈ ਰੁਜ਼ਗਾਰ ਪੈਦਾ ਕਰਨਾ ਅਤੇ ਸਾਫ-ਸੁਥਰਾ ਰਾਜ-ਪ੍ਰਬੰਧ ਦੇਣਾ ਜਿਸ ਵਿਚ ਲੋਕਾਂ ਦੀ ਜਾਨ ਅਤੇ ਮਾਲ ਸੁਰੱਖਿਅਤ ਰਹੇ, ਸਰਕਾਰਾਂ ਦਾ ਕੰਮ ਹੁੰਦਾ ਹੈ। ਪਰ ਬੀਬੀ ਸੁਖਨਿੰਦਰ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਜਿਸ ਸੂਬੇ ਦੀ ਸਰਕਾਰ ਲੋਕਾਂ ਤੋਂ ਬੱਸਾਂ ਦਾ ਰੁਜ਼ਗਾਰ, ਕੇਬਲ ਟੀ ਵੀ ਅਤੇ ਹੋਰ ਰੁਜ਼ਗਾਰ ਖੋਹਣ 'ਤੇ ਲੱਗੀ ਹੋਵੇ, ਮੇਰਾ ਮਤਲਬ ਜਿਥੇ ਇੱਕ ਹੁਕਮਰਾਨ ਪਰਿਵਾਰ ਦਾ ਢਿੱਡ ਹੀ ਏਡਾ ਵੱਡਾ ਹੋ ਗਿਆ ਹੋਵੇ, ਜਿਥੋਂ ਦੇ ਆਗੂ ਆਪਣੀਆਂ ਆਉਣ ਵਾਲੀਆਂ ਸੱਤ ਪੀੜ੍ਹੀਆ ਲਈ ਜਾਇਦਾਦਾਂ ਬਟੋਰਨ 'ਤੇ ਲੱਗੇ ਹੋਣ, ਉਥੋਂ ਦੇ ਨੌਜੁਆਨ ਚੋਰੀਆਂ ਨਹੀਂ ਕਰਨਗੇ, ਨਸ਼ੇ ਨਹੀਂ ਕਰਨਗੇ ਹੋਰ ਕੀ ਕਰਨਗੇ? ਉਥੇ ਕਿਸੇ ਦੇ ਜਾਨ-ਮਾਲ-ਇੱਜ਼ਤ ਕਿਵੇਂ ਸੁਰਖਿਅਤ ਰਹਿ ਸਕਦੇ ਹਨ?

ਬੀਬੀ ਸੁਰਜੀਤ ਕੌਰ ਸੈਕਰਾਮੈਂਟੋ ਨੇ ਉਲਾਂਭਾ ਦਿੱਤਾ ਹੈ ਕਿ 'ਸ਼ਰੁਤੀ ਅਗਵਾ ਕਾਂਡ ਬਾਰੇ ਪੰਜਾਬ ਸਰਕਾਰ ਚੁੱਪ ਕਿਉਂ?' ਬੀਬੀ ਸੁਰਜੀਤ ਕੌਰ ਜੀ, ਪਹਿਲੀ ਗੱਲ ਤਾਂ ਇਹ ਹੈ ਕਿ ਅਜਿਹੀ ਗੁੰਡਾਗਰਦੀ ਤਾਕਤ ਦੇ ਜ਼ੋਰ ਸਰਕਾਰ ਦੇ ਨੇੜਲਿਆਂ ਦੇ ਕਾਕੇ ਹੀ ਕਰਦੇ ਹਨ, ਇਸੇ ਲਈ ਪੁਲਿਸ ਚੁੱਪ ਰਹਿੰਦੀ ਹੈ। ਅੱਜਕਲ੍ਹ ਰਾਜਨੀਤੀ ਵਿਚ ਲੀਡਰ ਸੇਵਾ ਕਰਨ ਲਈ ਨਹੀਂ ਆਉਂਦੇ ਤਾਕਤ ਭੋਗਣ ਲਈ ਆਉਂਦੇ ਹਨ। ਬੀਬੀ ਜੀ ਸਾਨੂੰ ਤਾਂ ਸ਼ੁਕਰ ਕਰਨਾ ਚਾਹੀਦਾ ਹੈ ਕਿ ਮਜੀਠਿਆਂ ਅਤੇ ਬਾਦਲ ਕਿਆਂ ਨੇ 'ਸ਼ਰੁਤੀ ਅਗਵਾ ਕਾਂਡ' ਨੂੰ ਵੀ ਕਿਤੇ ਕੇਂਦਰੀ ਸਰਕਾਰ ਦੇ ਨਾਮ ਨਹੀਂ ਲਾ ਦਿੱਤਾ? ਨਹੀਂ ਤਾਂ 'ਪੰਥਕ ਸਰਕਾਰ' ਦੇ ਹੁੰਦਿਆਂ ਪੰਜਾਬ ਵਿਚ ਜੋ ਕੁੱਝ ਵੀ ਮਾੜਾ ਹੋ ਰਿਹਾ ਹੈ, ਸਭ ਕੇਂਦਰ ਕਰਵਾ ਰਿਹਾ ਹੈ। ਹੁਣ ਨਸ਼ਿਆਂ ਬਾਰੇ ਹੀ ਦੇਖ ਲਵੋ। ਆਮ ਲੋਕ, ਸਮਾਜ-ਸੇਵੀ ਸੰਸਥਾਵਾਂ ਸਭ ਪਿੱਟ ਰਹੇ ਹਨ ਕਿ ਪੰਜਾਬ ਵਿਚ ਨਸ਼ਿਆਂ ਦਾ ਛੇਵਾਂ ਦਰਿਆ ਵੱਗ ਰਿਹਾ ਹੈ। ਸ. ਮਨਪ੍ਰੀਤ ਸਿੰਘ ਬਾਦਲ ਨੇ ਹੀ ਕਿਹਾ ਹੈ ਕਿ ਬਾਦਲਾਂ ਦੇ ਆਪਣੇ ਪਿੰਡ ਬਾਦਲ ਵਿਚ ਛੇ ਵਿਅਕਤੀ ਹਨ ਜੋ ਨਸ਼ਿਆਂ ਦਾ ਕਾਰੋਬਾਰ ਕਰ ਰਹੇ ਹਨ। ਮਜੀਠੀਏ ਅਤੇ ਬਾਦਲਾਂ ਨੇ ਇਸ ਨੂੰ ਜਾਂ ਕੇਂਦਰ ਦੇ ਨਾਂ ਲਾ ਦਿੱਤਾ ਹੈ ਕਿ ਉਹ ਬਾਡਰ ਤੇ ਸਮਗਲਿੰਗ ਰੋਕਣ ਵਿਚ ਨਾਕਾਮਯਾਬ ਹੈ। ਕੋਈ ਪੁੱਛੇ ਕਿ ਥਾਂ ਥਾਂ ਖੋਖਿਆਂ ਤੋਂ ਤਮਾਕੂ, ਕੈਮਿਸਟਾਂ ਤੋਂ ਨਸ਼ੇ ਦੀਆਂ ਗੋਲੀਆਂ ਤੇ ਟੀਕੇ (ਜੋ ਰਾਜ ਸਰਕਾਰ ਦੇ ਇੰਸਪੈਕਟਰਾਂ ਨੇ ਚੈਕ ਕਰਨੇ ਹੁੰਦੇ ਹਨ) ਅਤੇ ਇੱਕ ਇੱਕ ਪਿੰਡ ਵਿਚ ਖੋਲ੍ਹੇ ਤਿੰਨ ਤਿੰਨ ਠੇਕਿਆਂ ਤੋਂ ਸ਼ਰਾਬ ਵੀ ਕੀ ਕਾਂਗਰਸੀ ਹੀ ਖਰੀਦਦੇ ਹਨ? ਸੰਗਰੂਰ ਅਤੇ ਬਠਿੰਡਾ ਜਿਲਿਆਂ ਦੀਆਂ ਤਕਰੀਬਨ 52 ਪੰਚਾਇਤਾਂ ਨੇ ਰਲ ਕੇ ਫੈਸਲਾ ਕੀਤਾ ਕਿ ਅਸੀਂ ਆਪਣੇ ਪਿੰਡਾਂ ਵਿਚ ਠੇਕੇ ਨਹੀਂ ਰਹਿਣ ਦੇਣੇ। ਪੰਥਕ ਸਰਕਾਰ ਦੀ ਪੁਲਿਸ ਨੇ ਜਿਸ ਵੀ ਪੰਚਾਇਤ ਨੇ ਠੇਕਾ ਚੁਕਾਉਣ ਦੀ ਕੋਸ਼ਿਸ਼ ਕੀਤੀ, ਉਸ ਨੂੰ ਤੰਗ ਕੀਤਾ। ਸੁਖਬੀਰ ਸਿੰਘ ਬਾਦਲ ਅਤੇ ਬਿਕਰਮ ਸਿੰਘ ਮਜੀਠੀਆ ਲੋਕਾਂ ਨੂੰ ਦੱਸਣ ਕਿ ਪੰਜਾਬ ਦੇ ਠੇਕਿਆਂ ਵਿਚ ਪਹਿਲਾਂ ਤੋਂ ਕਿੰਨੀ ਘੱਟ ਵਿਕਰੀ ਹੋਈ ਹੈ, ਸ਼ਰਾਬ ਦੀ? ਜਾਂ ਕੀ ਪੰਥਕ ਸਰਕਾਰ ਸ਼ਰਾਬ ਨੂੰ ਨਸ਼ਾ ਨਹੀਂ ਸਮਝਦੀ? ਆਵਾਜ ਉਠਾਉਣ ਲਈ ਦੋਹਾਂ ਬੀਬੀਆਂ ਦਾ ਧੰਨਵਾਦ ਕਰਨਾ ਬਣਦਾ ਹੈ।

**-ਡਾ. ਗੁਰਨਾਮ ਕੌਰ, ਕੈਨੇਡਾ**

## ਕਾਵਿ-ਕਿਆਰੀ

### .ਗਜ਼ਲ

ਜ਼ੁਲਮ ਤਸ਼ੱਦਦ ਜਰਦਾ ਬੰਦਾ।
ਨਾ ਜਿਉਂਦਾ, ਨਾ ਮਰਦਾ ਬੰਦਾ।
ਉਂਜ ਤਾਂ ਬਣਿਆ ਫਿਰਦਾ ਮਾਲਕ,
ਕਿਸ ਮਾਲਕ ਤੋਂ ਡਰਦਾ ਬੰਦਾ।
ਬਣ ਜਾਂਦਾ ਜੋ ਦਰਸ਼ਕ ਇਥੇ,
ਨਾ ਜਿਤਦਾ, ਨਾ ਹਰਦਾ ਬੰਦਾ।
ਮਾੜੇ ਦੀ ਇਹ ਬਾਤ ਨਾ ਪੁੱਛੇ,
ਤਕੜੇ ਕੋਲੋਂ ਡਰਦਾ ਬੰਦਾ।
ਢਿੱਡ ਕਿਸੇ ਦਾ ਭਰ ਨਾ ਸਕਦਾ,
ਬੈਂਕਾਂ ਨੂੰ ਹੈ ਭਰਦਾ ਬੰਦਾ।
ਬੰਦੇ ਦਾ ਜੇ ਬੰਦਾ ਦਾਰੂ,
ਮਾੜੇ 'ਤੇ ਕਿਉਂ ਵਰ੍ਹਦਾ ਬੰਦਾ।
ਮੇਰੇ ਨਾਲ ਦਗਾ ਜਿਸ ਕੀਤਾ,
ਮੇਰਾ ਸੀ ਉਹ ਘਰ ਦਾ ਬੰਦਾ।
ਸਰਦਾ ਨਾ ਉਸ ਕੋਲੋਂ ਕੁਝ ਵੀ,
ਉਂਜ ਤਾਂ ਬਣਦਾ ਸਰਦਾ ਬੰਦਾ।
ਠਰਦਾ ਹੈ ਤਾਂ ਬਸ ਅੰਦਰ ਦੇ,
ਪਾਲੇ ਕੋਲੋਂ ਠਰਦਾ ਬੰਦਾ।
ਪੂਜਾ ਵੀ 'ਤੇ ਲੁੱਟਾਂ ਖੋਹਾਂ,
ਕੀ ਕੀ ਕਾਰੇ ਕਰਦਾ ਬੰਦਾ।
ਸਭ ਕੁਝ ਇਥੇ ਰਹਿ ਜਾਣਾ ਪਰ,
ਮੇਰੀ ਮੇਰੀ ਕਰਦਾ ਬੰਦਾ।
ਕਤਲ ਕਰੇ ਜੋ ਮਾਨਵਤਾ ਦਾ,
ਇਕ ਦਿਨ ਖੁਦ ਵੀ ਮਰਦਾ ਬੰਦਾ।
ਲਾਲੀ ਨੂੰ ਬਸ ਭਾਉਂਦਾ ਹੈ ਜੋ,
ਸੀਸ ਤਲੀ 'ਤੇ ਧਰਦਾ ਬੰਦਾ।

**-ਲਾਲੀ ਸ਼ਿਕਾਗੋ**
**ਫੋਨ:847-361-4825**

### ਮੈਂ ਕਿਸਾਨ ਪੰਜਾਬ ਦਾ

ਮੈਂ ਕਿਸਾਨ ਪੰਜਾਬ ਦਾ,
ਖੁਸ਼ਹਾਲ ਨਹੀਂ ਹਾਂ।
ਹਾਲ ਵੀ ਨਹੀਂ ਕੁਝ ਚੰਗਾ,
ਸੁਰਤਾਲ ਨਹੀਂ ਹਾਂ।
ਦੁਨੀਆਂ ਦਾ ਅੰਨਦਾਤਾ ਕਹਿ,
ਮੈਨੂੰ ਵਡਿਆਉਂਦੇ,
ਮੰਡੀਆਂ ਵਿਚ ਅੰਨ ਰੁਲਦਾ,
ਕੰਗਾਲ ਸਹੀ ਹਾਂ।
ਕਿਹਦਾ ਜੀਅ ਹੈ ਕਰਦਾ,
ਕਰਨ ਨੂੰ ਖੁਦਕੁਸ਼ੀਆਂ,
ਰੂਹ ਕਹਿੰਦੀ ਹੈ ਮੌਤ 'ਚੋਂ,
ਜ਼ਿੰਦਗੀ ਭਾਲ ਰਹੀ ਹਾਂ।
ਕੀ ਮੈਂ ਆਪਣੀ ਔਲਾਦ ਨੂੰ,
ਕਿਸਾਨ ਬਣਾਵਾਂਗਾ,
ਰੂਹ ਕਹਿੰਦੀ ਹੈ ਨਹੀਂ ਨਹੀਂ,
ਇਹ ਸਵਾਲ ਕਹੀ ਨਾ।
ਐ ਸਰਕਾਰੋ ਸੁਣ ਲਓ,
ਐ ਨੀਤੀਆਂ ਘਾੜੋ,
ਅਰਥ ਸ਼ਾਸਤਰ ਦੇ ਪੰਨੀਂ,
ਮਿਲਦੇ ਦਾਲ ਦਹੀ ਨਾ।
ਓਹ ਪੰਜਾਬ ਦੇ ਲੋਕੋ,
ਜਾਗੋ ਮੌਕਾ ਜਾਗਣ ਦਾ,
ਸੁੱਤਿਆਂ ਚੁੱਗ ਗਏ ਖੇਤ,
ਤੇਰੇ ਰਖਵਾਲ ਨਬੀ ਖਾਂ।

**-ਸੁਖਵਿੰਦਰ ਬੋਦਲਾਂਵਾਲਾ**
**ਫੋਨ: 360-281-2624**

**ਪਾਕਿਸਤਾਨ ਤੋਂ ਉਰਦੂ ਕਹਾਣੀ**

# ਇਸ ਅੱਗ ਨੂੰ ਬੁਝਾਉਣਾ ਏ

*1947 ਦੇ ਵੰਡਾਰੇ ਦਾ ਦਰਦ ਹੱਡੀਂ ਹੰਢਾਉਣ ਵਾਲੀ ਪੀੜ੍ਹੀ ਤਾਂ ਭਾਵੇਂ ਹੌਲੀ-ਹੌਲੀ ਮਰ-ਮੁੱਕ ਰਹੀ ਹੈ ਪਰ ਸਾਹਿਤ ਅਤੇ ਹੋਰ ਕਲਾ ਰੂਪਾਂ ਵਿਚ ਪੱਕਾ ਰਚ ਚੁੱਕੇ ਇਸ ਦਰਦ ਦੇ ਵੇਰਵੇ ਅਗਲੀਆਂ ਪੀੜ੍ਹੀਆਂ ਨੂੰ ਵੀ ਰੋਣਹਾਕੇ ਕਰਦੇ ਰਹਿੰਦੇ ਹਨ। ਪੰਜਾਬ ਲਈ ਇਹ ਵੰਡ ਵੱਖਰੀ ਕਿਸਮ ਦੀ ਹੈ। ਵੰਡ ਬਾਰੇ ਜਦੋਂ ਵੀ ਕਿਤੇ ਗੱਲ ਚੱਲਦੀ ਹੈ ਤਾਂ ਇਹ ਪੰਜਾਬੀ ਬੰਦੇ ਨੂੰ ਬੇਹਦ ਜਜ਼ਬਾਤੀ ਕਰ ਜਾਂਦੀ ਹੈ। ਅਸਲ ਵਿਚ ਇਹ ਜ਼ਖ਼ਮ ਹੈ ਹੀ ਇੰਨਾ ਭੈੜਾ ਤੇ ਡੂੰਘਾ ਕਿ ਇਹ ਲਗਾਤਾਰ ਰਿਸ ਰਿਹਾ ਹੈ; ਜਾਪਦਾ ਹੈ ਕਿ ਇਸ ਨੇ ਪਰਲੋ ਤੱਕ ਬੰਦੇ ਦਾ ਪਿੱਛਾ ਕਰਦੇ ਰਹਿਣਾ ਹੈ। ਜਨਾਬ ਅਨਵਰ ਅਨਾਇਤ ਅੱਲਾ ਦੀ ਕਹਾਣੀ 'ਇਸ ਅੱਗ ਨੂੰ ਬੁਝਾਉਣਾ ਏ' ਵਿਚ ਇਹ ਦਰਦ ਦੋਹਰਾ ਹੈ ਕਿਉਂਕਿ ਵੰਡ ਤੋਂ ਬਾਅਦ ਇਕ-ਦੂਜੇ ਖ਼ਿਲਾਫ ਜੋ ਨਫਰਤ ਲਗਾਤਾਰ ਬੀਜੀ ਜਾ ਰਹੀ ਹੈ, ਉਸ ਦੀ 'ਫਸਲ' ਅਗਲੀਆਂ ਪੀੜ੍ਹੀਆਂ ਉਤੇ ਥੋੜ੍ਹੀ-ਬਹੁਤ ਤਾਂ ਅਸਰਅੰਦਾਜ਼ ਹੁੰਦੀ ਹੀ ਹੈ ਪਰ ਤਸੱਲੀ ਵਾਲੀ ਗੱਲ ਹੈ ਕਿ ਬਹੁਤ ਔਖੇ ਹਾਲਾਤ ਵਿਚ ਵੀ ਬੰਦੇ ਦੇ ਮਨ ਅੰਦਰ ਸਰਬੱਤ ਦੇ ਭਲੇ ਵਾਲੇ ਸੁਨੇਹੇ ਦਾ ਬੀਜ ਪੁੰਗਰਦਾ ਰਹਿੰਦਾ ਹੈ ਅਤੇ ਡੋਲਦੇ ਮਨਾਂ ਨੂੰ ਥਾਂ ਸਿਰ ਕਰ ਜਾਂਦਾ ਹੈ। ਇਹ ਹੋਰ ਕੁਝ ਨਹੀਂ 'ਪੰਜਾਬ ਵਸਦਾ ਗੁਰਾਂ ਦੇ ਨਾਂ ਤੇ' ਦੀਆਂ ਹੀ ਬਰਕਤਾਂ ਹਨ। -ਸੰਪਾਦਕ*

**ਅਨਵਰ ਅਨਾਇਤ ਅੱਲਾ**
**ਅਨੁਵਾਦ: ਮਹਿੰਦਰ ਬੇਦੀ, ਜੈਤੋ**

ਜਿਹੜੀ ਔਰਤ ਮੇਰੇ ਸਾਹਮਣੇ ਆਣ ਖੜ੍ਹੀ ਹੋਈ ਸੀ; ਉਹ, ਉਹ ਬਿਲਕੁਲ ਨਹੀਂ ਸੀ ਲੱਗ ਰਹੀ ਜਿਸ ਨੂੰ ਮਿਲਣ ਵਾਸਤੇ ਮੈਂ ਇੱਥੇ ਆਇਆ ਸਾਂ...ਨਾ ਸੁੰਦਰ-ਸੁਸ਼ੀਲ ਸੀ, ਨਾ ਨਾਜ਼ੁਕ-ਮਲੂਕ ਤੇ ਨਾ ਹੀ ਮਿਲਣਸਾਰ। ਇਹ ਤਾਂ ਕੋਈ ਹੋਰ ਹੀ ਜਾਪਦੀ ਸੀ। ਸਮਾਂ ਕਾਫੀ ਅਗਾਂਹ ਲੰਘ ਆਇਆ ਹੈ, ਪਰ ਸੜਕਾਂ ਤੇ ਮੁਹੱਲਿਆਂ ਦੀ ਹਾਲਤ ਉਹੋ-ਜਿਹੀ ਹੀ ਸੀ। ਕਦੀ ਇਹ ਨਿੱਕਾ ਜਿਹਾ ਸ਼ਾਂਤਮਈ ਸ਼ਹਿਰ ਹੁੰਦਾ ਸੀ। ਹੁਣ ਇਸ ਦੀ ਆਬਾਦੀ ਖਾਸੀ ਵਧੀ ਹੋਈ ਹੈ। ਕਈ ਨਵੇਂ-ਨਵੇਂ ਮੁਹੱਲੇ ਤੇ ਬਸਤੀਆਂ ਵਸ ਗਏ ਹੈਨ, ਪਰ ਪੁਰਾਣੇ ਮੁਹੱਲੇ ਜਿਵੇਂ ਦੇ ਤਿਵੇਂ ਸਨ; ਜਿਵੇਂ ਸਮੇਂ ਨੇ ਉਨ੍ਹਾਂ ਦਾ ਕੁਝ ਵੀ ਨਾ ਵਿਗਾੜਿਆ ਹੋਵੇ।

ਮੈਂ ਜਾਣੇ-ਪਛਾਣੇ ਦਰਵਾਜ਼ੇ 'ਤੇ ਘੰਟੀ ਵਜਾਈ। ਅੰਦਰੋਂ ਫੌਰਨ ਪੈੜ-ਚਾਲ ਸੁਣੀ। ਦਰਵਾਜ਼ਾ ਖੁੱਲ੍ਹ ਗਿਆ ਤੇ ਫਿਰ ਉਹ ਔਰਤ ਮੇਰੇ ਸਾਹਮਣੇ ਆਣ ਖੜ੍ਹੀ ਹੋਈ...ਤੁੱਥ-ਮੁੱਥ ਜਿਹੀ ਔਰਤ ਜਿਸ ਦੇ ਚਿਹਰੇ ਉਪਰ ਕੁਰਖ਼ਤੀ ਤੇ ਚਿੜਚਿੜੇਪਨ ਦੇ ਨਿਸ਼ਾਨ ਸਨ, ਪਰ ਜਦੋਂ ਉਸ ਨੇ ਜ਼ਰਾ ਗੌਰ ਨਾਲ ਮੇਰੇ ਵੱਲ ਦੇਖਿਆ ਤਾਂ ਉਸ ਦੇ ਚਿਹਰੇ ਦੀ ਕੁਰਖ਼ਤੀ ਤੇ ਚਿੜਚਿੜਾਹਟ ਗ਼ਾਇਬ ਹੋ ਗਈ ਤੇ ਫਿਰ...।

"ਓ ਤੁਸੀਂ...ਯਾਨਿ ਕਿ ਤੂੰ! ਅਖ਼ਤਰ ਵੀਰ? ਕਦ ਆਇਆ ਏਂ? ਕੀ ਹਾਲ-ਚਾਲ ਨੇ? ਕਿੱਥੇ ਠਹਿਰਿਆ ਹੋਇਆ ਏਂ? 'ਕੱਲਾ ਈ ਆਇਆ ਏਂ...ਭਾਬੀ ਤੇ ਬੱਚੇ ਕਿੱਥੇ ਨੇ?" ਮੁਸਕਰਾ ਕੇ ਉਸ ਨੇ ਇੱਕੋ ਸਾਹ ਕਈ ਸਵਾਲ ਕਰ ਦਿੱਤੇ ਸਨ ਤੇ ਮੇਰੇ ਜੁਆਬ ਦੀ ਉਡੀਕ ਕੀਤੇ ਬਿਨਾਂ ਹੀ ਮੇਰਾ ਹੱਥ ਫੜ ਕੇ ਖਿੱਚਦੀ ਹੋਈ ਉਹ ਮੈਨੂੰ ਅੰਦਰ ਲੈ ਤੁਰੀ ਸੀ, "ਆ ਨਾ, ਅੰਦਰ ਲੰਘ ਆ...ਇੱਥੇ ਹੀ ਕਿਉਂ ਖਲੋ ਗਿਐਂ?" ਉਦੋਂ ਹੀ ਅੰਦਰੋਂ ਆਵਾਜ਼ ਆਈ,

"ਮੀਰਾ, ਕੌਣ ਐ? ਨੰਦੂ ਵਾਪਸ ਆ ਗਿਆ ਕਿ...?"

"ਨਹੀਂ ਮਾਂ...ਕੋਈ ਹੋਰ ਈ ਬੁੱਧੂ ਆਇਐ। ਅੰਦਰ ਆ ਕੇ ਈ ਦੱਸਦੀ ਆਂ।" ਕਹਿੰਦੀ ਹੋਈ ਉਹ ਮੈਨੂੰ ਡਰਾਇੰਗ ਰੂਮ ਵਿਚ ਲੈ ਗਈ। ਉਦੋਂ ਮੈਨੂੰ ਇੰਜ ਮਹਿਸੂਸ ਹੋਇਆ ਸੀ ਜਿਵੇਂ ਅਠੱਤੀ ਵਰ੍ਹੇ ਪੁਰਾਣੀ ਉਹ ਕੰਧ ਢਹਿ-ਢੇਰੀ ਹੋ ਗਈ ਹੈ ਜਿਹੜੀ ਸਰਹੱਦ ਦੇ ਦੋਵੇਂ ਪਾਸੇ ਵੱਸਦੇ ਲੋਕਾਂ ਦੇ ਦਿਲਾਂ ਵਿਚ ਨਫ਼ਰਤ, ਬੇਪ੍ਰਤੀਤੀ ਤੇ ਈਰਖਾ ਦੀ ਅੱਗ ਬਣ ਕੇ ਖੜ੍ਹੀ ਹੋਈ ਸੀ ਜਿਸ ਨੇ ਮੈਨੂੰ ਅਜਿਹੇ ਕਈ ਮਿੱਤਰਾਂ-ਪਿਆਰਿਆਂ ਤੋਂ ਦੂਰ ਕੀਤਾ ਹੋਇਆ ਸੀ ਜਿਨ੍ਹਾਂ ਨਾਲ ਮੇਰੇ ਬਚਪਨ ਦੀ ਸਾਂਝ ਸੀ ਤੇ ਜਿਹੜੇ ਕਦੀ ਮੇਰੇ ਆਪਣੇ ਹੁੰਦੇ ਸਨ।

ਮੈਨੂੰ ਇਸ ਨਿੱਘੇ ਸਵਾਗਤ ਦੀ ਆਸ ਵੀ ਨਹੀਂ ਸੀ, ਕਿਉਂਕਿ ਇਕ ਅਰਸਾ ਪਹਿਲਾਂ ਮਹਿਬੂਬ ਦੇ ਖ਼ਤ ਰਾਹੀਂ ਪਤਾ ਲੱਗਿਆ ਸੀ ਕਿ ਮੀਰਾ ਦਾ ਇਕਲੌਤਾ ਭਰਾ ਤੇ ਮੇਰੇ ਬਚਪਨ ਦਾ ਸਭ ਤੋਂ ਪਿਆਰਾ ਸਾਥੀ ਕ੍ਰਿਸ਼ਨ 1965 ਦੀ ਜੰਗ ਵਿਚ ਮਾਰਿਆ ਗਿਆ ਸੀ...ਪਰ ਦਿੱਲੀ ਵਿਚ ਹੋ ਰਹੀ ਕਾਨਫਰੰਸ ਜਦ ਖ਼ਤਮ ਹੋਈ ਤਾਂ ਮੈਂ ਉਚੇਚਾ ਇਕ ਦਿਨ ਇਸ ਸ਼ਹਿਰ ਵਿਚ ਬਿਤਾਉਣ ਦੀ ਇਜਾਜ਼ਤ ਲੈ ਲਈ। ਇੱਥੇ ਮੇਰਾ ਬਚਪਨ ਤੇ ਜਵਾਨੀ ਦੇ ਪਹਿਲੇ ਕਈ ਸਾਲ ਬੀਤੇ ਸਨ, ਬਹੁਤ ਸਾਰੀਆਂ ਯਾਦਾਂ ਜੁੜੀਆਂ ਹੋਈਆਂ ਸਨ ਇਸ ਸ਼ਹਿਰ ਨਾਲ। ਉਂਜ, ਜਹਾਜ਼ ਵਿਚ ਸਵਾਰ ਹੋਣ ਪਿੱਛੋਂ ਮੈਂ ਫ਼ੈਸਲਾ ਕਰ ਲਿਆ ਸੀ ਕਿ ਮੈਂ ਆਪਣੇ ਪੁਰਾਣੇ ਮੁਹੱਲੇ ਵਿਚ ਤਾਂ ਜਾਵਾਂਗਾ, ਪਰ ਕ੍ਰਿਸ਼ਨ ਹੁਰਾਂ ਦੇ ਘਰ ਨਹੀਂ...ਉਥੇ ਪਹੁੰਚ ਕੇ ਜਦ ਮੈਨੂੰ ਉਨ੍ਹਾਂ ਦਾ ਜੱਦੀ ਮਕਾਨ ਨਜ਼ਰ ਆਇਆ ਤਾਂ ਮੇਰੇ ਸਾਰੇ ਫ਼ੈਸਲੇ ਧਰੇ ਧਰਾਏ ਰਹਿ ਗਏ। ਇਹ ਉਹ ਘਰ ਸੀ ਜਿੱਥੇ ਹਮੇਸ਼ਾ ਮੈਨੂੰ ਅਥਾਹ ਪਿਆਰ ਤੇ ਅਪਣੱਤ ਮਿਲਦੀ ਸੀ। ਦਿਲ ਬੇਕਾਬੂ ਹੋ ਗਿਆ ਤੇ ਬੇਵੱਸ ਹੋ ਕੇ ਮੈਂ ਸੋਚਿਆ, "ਜਦ ਇੱਥੇ ਤੀਕ ਪਹੁੰਚ ਹੀ ਗਿਆ ਹਾਂ ਤਾਂ ਉਸ ਕੁੜੀ ਨੂੰ ਮਿਲੇ ਬਗ਼ੈਰ ਵਾਪਸ ਕਿਵੇਂ ਚਲਾ ਜਾਵਾਂ ਜਿਸ ਨੇ ਕਦੀ ਮੇਰੇ ਗੁੱਟ 'ਤੇ ਰੱਖੜੀ ਬੰਨ੍ਹ ਕੇ ਮੈਨੂੰ ਆਪਣਾ ਭਰਾ ਬਣਾਇਆ ਸੀ ਤੇ ਹਮੇਸ਼ਾ ਹੀ ਆਪਣੇ ਵੱਡੇ ਭਰਾ ਵਾਂਗ ਪਿਆਰਿਆ ਤੇ ਸਤਿਕਾਰਿਆ ਸੀ?"

ਜਿਸ ਘਰ ਵਿਚ ਮੇਰਾ ਐਨਾ ਜਾਣਾ-ਆਉਣਾ ਸੀ ਕਿ ਮੈਂ ਉਸੇ ਪਰਿਵਾਰ ਦਾ ਜੀਅ ਬਣ ਗਿਆ ਸਾਂ ਤੇ ਕ੍ਰਿਸ਼ਨ ਸਾਡੇ ਪਰਿਵਾਰ ਦਾ ਆਪਣਾ। ਸਮੇਂ ਦੇ ਗੇੜ ਨਾਲ ਸਿਆਸੀ ਹਾਲਾਤ ਬਦਲੇ; ਸ਼ਹਿਰ ਵਿਚ ਹਿੰਦੂ-ਮੁਸਲਮਾਨ ਫਸਾਦ ਹੋਣ ਲੱਗ ਪਏ; ਪਰ ਸਾਡੀ ਦੋਸਤੀ ਵਿਚ ਫ਼ਰਕ ਨਹੀਂ ਪਿਆ। ਫਿਰ ਮੈਂ ਉਚ-ਵਿਦਿਆ ਹਾਸਲ ਕਰਨ ਵਾਸਤੇ ਲੰਡਨ ਚਲਾ ਗਿਆ ਤੇ ਕ੍ਰਿਸ਼ਨ ਨੂੰ ਆਪਣੇ ਪਿਤਾ ਦੀ ਮੌਤ ਪਿੱਛੋਂ ਜਾਇਦਾਦ ਦੀ ਦੇਖ-ਭਾਲ ਕਰਨ ਲਈ ਪੜ੍ਹਾਈ ਛੱਡਣੀ ਪਈ। ਉਸੇ ਜ਼ਮਾਨੇ ਵਿਚ ਆਜ਼ਾਦੀ ਦਾ ਸੂਰਜ ਚੜ੍ਹਿਆ; ਦੁਨੀਆਂ ਦੇ ਨਕਸ਼ੇ ਉਪਰ ਦੋ ਆਜ਼ਾਦ ਮੁਲਕ ਬਣ ਗਏ। ਮੇਰੇ ਮਾਂ-ਬਾਪ ਪਾਕਿਸਤਾਨ ਹਿਜ਼ਰਤ ਕਰ ਗਏ। ਪੜ੍ਹਾਈ ਪੂਰੀ ਕਰਨ ਤੱਕ ਦੇ ਸਮੇਂ ਨੇ ਮੈਨੂੰ ਨਵੇਂ ਦੇਸ਼ ਦਾ ਸ਼ਹਿਰੀ ਬਣਾ ਦਿੱਤਾ। ਮੈਂ ਅਠੱਤੀ ਵਰ੍ਹਿਆਂ ਬਾਅਦ ਪਹਿਲੀ ਵਾਰੀ ਭਾਰਤ ਆਇਆ ਸਾਂ ਤੇ ਪਹਿਲੀ ਹੀ ਵਾਰੀ ਆਪਣੇ ਇਸ ਇਤਿਹਾਸਕ ਸ਼ਹਿਰ ਵਿਚ।

ਵਰ੍ਹਿਆਂ ਦੀ ਕਹਾਣੀ ਪਲਾਂ ਵਿਚ ਅੱਖਾਂ ਅੱਗਿਓਂ ਲੰਘ ਗਈ। ਉਹ ਮੈਨੂੰ ਡਰਾਇੰਗ ਰੂਮ ਵਿਚ ਬਿਠਾ ਕੇ ਵਾਪਸ ਜਾ ਚੁੱਕੀ ਸੀ ਤੇ ਮੈਂ ਇਕੱਲਾ ਬੀਤੇ ਦੇ ਹਨੇਰਿਆਂ ਵਿਚ ਭਟਕ ਰਿਹਾ ਸਾਂ। ਕੁਝ ਚਿਰ ਬਾਅਦ ਜਦ ਉਹ ਵਾਪਸ ਆਈ ਤਾਂ ਉਸ ਦੀ ਮਾਂ ਵੀ ਨਾਲ ਸੀ ਉਹਦੇ। ਮਾਂ ਜੀ ਨੂੰ ਉਹਨੇ ਸਹਾਰਾ ਦਿੱਤਾ ਹੋਇਆ ਸੀ ਤੇ ਉਨ੍ਹਾਂ ਦੀਆਂ ਅੱਖਾਂ 'ਤੇ ਕਾਲੇ ਸ਼ੀਸ਼ਿਆਂ ਦੀ ਐਨਕ ਲੱਗੀ ਹੋਈ ਸੀ, "ਅੱਛਾ, ਤਾਂ ਤੂੰ ਆਇਐਂ ਅਖ਼ਤਰ ਪੁੱਤਰ!" ਉਨ੍ਹਾਂ ਖਲਾਅ ਵਿਚ ਤੱਕਦਿਆਂ ਕਿਹਾ, "ਐਨੇ ਸਾਲਾਂ ਪਿੱਛੋਂ ਜੀਅ ਕਿਵੇਂ ਕਰ ਆਇਆ ਤੇਰਾ? ਕਿੱਦੇਂ ਆਇਆ ਸੈਂ? ਹੋਰ ਕੀ ਹਾਲ-ਚਾਲ ਨੇ ਉਥੇ? 'ਕੱਲਾ ਕਿਉਂ ਆਇਆ ਏਂ? ਬਹੂ ਤੇ ਬੱਚਿਆਂ ਨੂੰ ਨਾਲ ਕਿਉਂ ਨਹੀਂ ਲਿਆਇਆ?"

ਇਸ ਤੋਂ ਪਹਿਲਾਂ ਕਿ ਮੈਂ ਆਦਾਬ ਕਹਿੰਦਾ, ਉਨ੍ਹਾਂ ਵੀ ਮੀਰਾ ਵਾਂਗ ਹੀ ਸਵਾਲਾਂ ਦੀ ਵਾਛੜ ਕਰ ਦਿੱਤੀ ਸੀ।

"ਦੱਸਦਾਂ ਮਾਂ ਜੀ...ਤੁਸੀਂ ਸੁਣਾਓ ਕੀ ਹਾਲ-ਚਾਲ ਨੇ? ਸਿਹਤ ਤਾਂ ਠੀਕ ਰਹਿੰਦੀ ਏ ਨਾ?" ਮੈਂ ਆਦਾਬ ਕਰ ਕੇ ਪੁੱਛਿਆ।

"ਬੱਸ, ਜੀਅ ਰਹੀ ਆਂ ਪੁੱਤਰ; ਤੂੰ ਦੇਖ ਈ ਰਿਹੈਂ। ਬੱਸ ਦੇਖ ਨਹੀਂ ਸਕਦੀ, ਉਂਜ ਚੰਗੀ ਭਲੀ ਆਂ।" ਫਿਰ ਉਨ੍ਹਾਂ ਆਪਣੀ ਧੀ ਨੂੰ ਕਿਹਾ, "ਮੀਰਾ, ਦੇਖ ਵੀਰ ਆਇਐ ਐਨਿਆਂ ਸਾਲਾਂ ਪਿੱਛੋਂ। ਜਾਹ, ਲਿਆ ਕੇ ਇਹਨੂੰ ਨਿੰਬੂ ਪਾਣੀ ਪਿਲਾ ਪਹਿਲਾਂ। ਇਹ ਤਾਂ ਦਿਨ 'ਚ ਕਈ ਕਈ ਵਾਰੀ ਪੀਂਦਾ ਹੁੰਦਾ ਸੀ।" ਫਿਰ ਮੇਰੇ ਵੱਲ ਭੌਂ ਕੇ ਬੋਲੇ, "ਦੇਖ ਪੁੱਤਰ, ਮੈਂ ਰੋਟੀ ਖਾਧੇ ਬਗ਼ੈਰ ਜਾਣ ਨਹੀਓਂ ਦੇਣਾ। ਹੁਣੇ ਨੌਕਰ ਨੂੰ ਕਹਿ ਕੇ ਕੋਫਤੇ ਬਣਵਾਉਂਦੀ ਆਂ, ਤੈਨੂੰ ਪਨੀਰ ਦੇ ਕੋਫਤੇ ਪਸੰਦ ਐ ਨਾ?"

ਪਿਆਰ ਦੇ ਇਸ ਤੂਫ਼ਾਨ ਵਿਚ ਇੱਦਾਂ ਵਹਿ ਗਿਆ ਸਾਂ ਮੈਂ ਕਿ ਮੇਰਾ ਉਨ੍ਹਾਂ ਨਾਲ ਜੱਫੀ ਪਾ ਕੇ ਰੋਣ ਨੂੰ ਜੀਅ ਕਰ ਰਿਹਾ ਸੀ। ਮੇਰੀ ਆਪਣੀ ਮਾਂ ਤਾਂ ਮੇਰੇ ਬਚਪਨ ਵਿਚ ਹੀ ਮਰ ਗਈ ਸੀ, ਉਦੋਂ ਤੋਂ ਇਹੋ ਮੇਰੀ ਮਾਂ ਸੀ।

"ਵੀਰ ਤੂੰ ਬੈਠ ਕੇ ਮਾਂ ਨਾਲ ਗੱਲਾਂ ਕਰ...ਮੈਂ ਜ਼ਰਾ ਰਾਮ ਭਰੋਸੇ ਨੂੰ ਖਾਣੇ ਬਾਰੇ ਕਹਿ ਕੇ ਹੁਣੇ ਆਈ।" ਕਹਿੰਦੀ ਹੋਈ ਉਹ ਚਲੀ ਗਈ। ਕੁਝ ਚਿਰ ਲਈ ਕਮਰੇ ਵਿਚ ਚੁੱਪ ਪਸਰ ਗਈ। ਫਿਰ ਮਾਂ ਜੀ ਨੇ ਧੀਮੀ ਆਵਾਜ਼ ਵਿਚ ਪੁੱਛਿਆ, "ਮੀਰਾ ਚਲੀ ਗਈ...?"

"ਹਾਂ ਜੀ, ਚਲੀ ਗਈ।" ਮੈਂ ਵੀ ਹੌਲੀ ਜਿਹੀ ਕਿਹਾ।

"ਰੋਟੀ ਵਾਸਤੇ ਤਾਂ ਮੈਂ ਤੈਨੂੰ ਉਂਜ ਈ ਕਹਿ ਦਿੱਤਾ ਸੀ...ਤੂੰ ਚਲਾ ਜਾਹ ਪੁੱਤਰ, ਉਸ ਦੇ ਆਉਣ ਤੋਂ ਪਹਿਲਾਂ ਪਹਿਲਾਂ...।" ਉਸ ਆਵਾਜ਼ ਵਿਚ ਨਾ ਨਫ਼ਰਤ ਸੀ ਤੇ ਨਾ ਹੀ ਗੁੱਸਾ, ਸਗੋਂ ਅਪਣੱਤ ਸੀ ਕੋਈ।

"ਚਲਾ ਜਾਵਾਂ...ਪਰ ਕਿਉਂ?" ਮੈਂ ਪ੍ਰੇਸ਼ਾਨ ਜਿਹਾ ਹੋ ਕੇ ਪੁੱਛਿਆ ਸੀ, "ਮੈਂ ਕੁਝ ਸਮਝਿਆ ਨਹੀਂ...।"

"ਗੱਲ ਸਮਝਣ-ਸਮਝਾਉਣ ਦੀ ਨਹੀਂ, ਗੱਲ ਅਮਲ ਕਰਨ ਦੀ ਐ। ਤੈਨੂੰ ਨਹੀਂ ਪਤਾ, ਮੀਰਾ ਵਿਧਵਾ ਹੋ ਗਈ ਐ? ਉਹਦਾ ਪਤੀ ਮੇਰੇ ਕ੍ਰਿਸ਼ਨ ਵਾਂਗ ਹੀ 71 ਦੀ ਜੰਗ ਵਿਚ ਮਾਰਿਆ ਗਿਆ ਸੀ।" ਸੁਣ ਕੇ ਮੇਰਾ ਤ੍ਰਾਹ ਨਿਕਲ ਗਿਆ। ਮੈਨੂੰ ਇਸ ਗੱਲ ਦਾ ਉਕਾ ਹੀ ਪਤਾ ਨਹੀਂ ਸੀ। ਅਸਲ ਵਿਚ ਮਹਿਬੂਬ ਦੀ ਬੇਵਕਤ ਮੌਤ ਪਿੱਛੋਂ ਮੇਰਾ ਇਸ ਸ਼ਹਿਰ ਨਾਲੋਂ ਸਬੰਧ ਹੀ ਟੁੱਟ ਗਿਆ ਸੀ। ਜੇ ਮੈਨੂੰ ਪਤਾ ਹੁੰਦਾ ਕਿ ਜੰਗ ਦੇ ਭਿਆਨਕ ਦੈਂਤ ਨੇ ਇਸ ਘਰ ਦੇ ਦੋ ਜੀਅ ਹੜੱਪ ਲਏ ਸਨ ਤਾਂ ਮੈਂ ਕਦੀ ਵੀ ਇੱਥੇ ਆਉਣ ਦਾ ਹੀਆ ਨਾ ਕਰਦਾ।

"ਮੈਨੂੰ ਬੜਾ ਦੁੱਖ ਹੋਇਆ ਏ ਮਾਂ ਜੀ।" ਮੈਂ ਖਾਸੀ ਮੱਧਮ ਤੇ ਥਿੜਕਦੀ ਜਿਹੀ ਆਵਾਜ਼ ਵਿਚ ਕਿਹਾ, "ਖ਼ੁਦਾ ਦੀ ਕਸਮ, ਮੈਨੂੰ ਉਕਾ ਹੀ ਨਹੀਂ ਸੀ ਪਤਾ, ਬਈ ਵਕਤ ਨੇ ਤੁਹਾਡੇ ਉਪਰ ਐਨੇ ਜ਼ੁਲਮ ਢਾਏ ਨੇ।"

"ਪੁੱਤਰ, ਨਾ ਮੈਂ ਵਕਤ ਨੂੰ ਉਲਾਂਭਾ ਦੇ ਰਹੀ ਆਂ, ਤੇ ਨਾ ਹੀ ਤੈਨੂੰ...ਇਹ ਤਾਂ ਤਕਦੀਰ ਦੀ ਗੱਲ ਐ ਜੋ ਨਾ ਤੇਰੇ ਵੱਸ ਐ ਤੇ ਨਾ ਸਾਡੇ। ਦੁੱਖ ਐ ਤਾਂ ਸਿਰਫ ਇਸ ਗੱਲ ਦਾ ਕਿ ਪੁੱਤਰ ਤੇ ਜਵਾਈ ਵਾਂਗ ਦੋਹਤਾ ਵੀ ਫੌਜ ਵਿਚ ਭਰਤੀ ਹੋਣਾ ਚਾਹੁੰਦਾ ਐ; ਮੀਰਾ ਦਾ ਇਕੋ ਇਕ ਮੁੰਡਾ...।"

ਸਾਡੀ ਗੱਲ ਅਜੇ ਇੱਥੇ ਹੀ ਪੁੱਜੀ ਸੀ ਕਿ ਕਿਸੇ ਦੇ ਪੈਰਾਂ ਦਾ ਖੜਾਕ ਸੁਣ ਕੇ ਮਾਂ ਜੀ ਚੁੱਪ ਹੋ ਗਏ। ਦੂਜੇ ਪਲ ਮੀਰਾ ਅੰਦਰ ਆ ਗਈ। ਉਸ ਦੇ ਨਾਲ ਪੰਦਰਾਂ ਕੁ ਵਰ੍ਹਿਆਂ ਦਾ ਸੋਹਣਾ-ਸੁਨੱਖਾ ਮੁੰਡਾ ਵੀ ਸੀ।

"ਬੇਟਾ, ਤੇਰੇ ਮਾਮਾ ਜੀ ਨੇ।" ਫਿਰ ਮੈਨੂੰ ਦੱਸਿਆ, "ਇਹ ਮੋਹਨ ਏ ਵੀਰ...ਮੇਰਾ ਪੁੱਤਰ।"

ਮੁੰਡੇ ਨੇ ਸਤਿਕਾਰ ਨਾਲ ਦੋਵੇਂ ਹੱਥ ਜੋੜ ਕੇ ਮੈਨੂੰ ਨਮਸਤੇ ਆਖੀ ਤੇ ਪੂਰੇ ਉਤਸ਼ਾਹ ਨਾਲ ਅੱਗੇ ਵਧ ਕੇ ਹੱਥ ਮਿਲਾਇਆ।

"ਪੂਰੇ ਅਠੱਤੀ ਸਾਲ ਬਾਅਦ ਆਏ ਨੇ ਇਹ। ਮੋਹਨ, ਜਦੋਂ ਇਹ ਇੱਥੇ ਰਹਿੰਦੇ ਸਨ ਨਾ, ਆਪਣੇ ਨਾਲ ਇਨ੍ਹਾਂ ਦੀ ਮੇਲ-ਮੁਲਾਕਾਤ ਐਨੀ ਹੁੰਦੀ ਸੀ ਕਿ ਦੇਖਣ ਵਾਲੇ ਅਸਾਨੂੰ ਭੈਣ-ਭਰਾ ਹੀ ਸਮਝਦੇ ਹੁੰਦੇ ਸੀ। ਤੇਰੇ ਕ੍ਰਿਸ਼ਨ ਮਾਮਾ ਜੀ ਤੇ ਇਹ ਬਚਪਨ ਦੇ ਸਾਥੀ ਨੇ। ਦੋਵੇਂ ਨਾਲੋ-ਨਾਲ ਪਲੇ ਤੇ ਵੱਡੇ ਹੋਏ...ਇਹ ਸਾਨੂੰ ਬੜੇ ਪਿਆਰੇ ਹੁੰਦੇ ਸਨ।" ਮੀਰਾ ਨੇ ਭਰਪੂਰ ਜਾਣ-ਪਛਾਣ ਕਰਵਾਈ।

"ਮੈਨੂੰ ਵੀ ਪਿਆਰੇ ਲੱਗਦੇ ਪਏ ਨੇ, ਮੰਮੀ।" ਮੁੰਡੇ ਨੇ ਖਿੜੇ-ਮੱਥੇ ਕਿਹਾ, "ਤੁਸੀਂ ਕਿੱਥੇ ਰਹਿੰਦੇ ਓ, ਮਾਮਾ ਜੀ?...ਬੰਬਈ?"




"ਨਹੀਂ ਬੇਟਾ ਇਹ ਬੰਬਈ ਨਹੀਂ, ਪਾਕਿਸਤਾਨ ਵਿਚ ਰਹਿੰਦੇ ਨੇ, ਤੇ ਉਥੋਂ ਈ ਆਏ ਨੇ ਸਾਨੂੰ ਮਿਲਣ ਵਾਸਤੇ।" ਸੁਣ ਕੇ ਮੋਹਨ ਦੇ ਚਿਹਰੇ ਉਤੇ ਪ੍ਰਤੱਖ ਤਬਦੀਲੀ ਆ ਗਈ, ਚਿਹਰੇ ਦੀ ਮੁਸਕਾਨ ਲੋਪ ਹੋ ਗਈ ਤੇ ਉਸ ਦੀ ਜਗ੍ਹਾ ਕੁਰਖ਼ਤੀ ਤੇ ਚਿੜਚਿੜੇਪਨ ਨੇ ਲੈ ਲਈ। ਇਹੀ ਕੁਰਖ਼ਤੀ ਤੇ ਚਿੜਚਿੜਾਪਨ ਕੁਝ ਚਿਰ ਪਹਿਲਾਂ ਮੈਂ ਮੀਰਾ ਦੇ ਚਿਹਰੇ ਉਪਰ ਦੇਖ ਚੁੱਕਿਆ ਸਾਂ, ਪਰ ਉਸ ਤਬਦੀਲੀ ਵਲੋਂ ਲਾਪ੍ਰਵਾਹ ਮੀਰਾ ਕਹਿ ਰਹੀ ਸੀ, "ਗੌਰ ਨਾਲ ਦੇਖ ਲੈ ਪੁੱਤਰ, ਇਹ ਵੀ ਸਾਡੇ ਵਰਗੇ ਇਨਸਾਨ ਈ ਹੁੰਦੇ ਨੇ। ਕੋਈ ਖਤਰਨਾਕ ਭੁੱਖੇ-ਦੈਂਤ ਨਹੀਂ ਜਿਹੜੇ ਆਦਮੀ ਨੂੰ ਖਾ ਜਾਂਦੇ ਨੇ।"

"ਮੰਮੀ...!" ਮੋਹਨ ਨੇ ਹੈਰਾਨੀ ਨਾਲ ਆਪਣੀ ਮਾਂ ਵੱਲ ਤੱਕਿਆ ਤੇ ਕੁਝ ਕਹਿਣਾ ਚਾਹਿਆ, ਪਰ ਮੀਰਾ ਬੋਲਦੀ ਰਹੀ, "ਸੱਚ ਜਾਣੀ ਮੋਹਨ...ਜੇ ਤੂੰ ਆਪਣੇ ਕ੍ਰਿਸ਼ਨ ਮਾਮੇ ਨੂੰ ਦੇਖਿਆ ਹੁੰਦਾ ਤਾਂ ਅੱਜ ਤੈਨੂੰ ਉਸ ਤੇ ਇਨ੍ਹਾਂ ਵਿਚ ਕੋਈ ਫ਼ਰਕ ਨਹੀਂ ਸੀ ਲੱਗਣਾ।" ਕਹਿੰਦਿਆਂ ਹੋਇਆਂ ਉਸ ਦਾ ਗੱਚ ਭਰ ਆਇਆ ਸੀ। ਉਦੋਂ ਹੀ ਮਾਂ ਜੀ ਬੋਲੇ, "ਤੂੰ ਠੀਕ ਕਹਿ ਰਹੀ ਐਂ ਮੀਰਾ?"

"ਹਾਂ, ਠੀਕ ਕਹਿ ਰਹੀ ਹਾਂ ਮਾਂ", ਉਸ ਕਿਹਾ, "ਚੰਗਾ ਹੋਇਆ ਜੇ ਅਖ਼ਤਰ ਵੀਰ ਆ ਗਿਆ; ਮੈਂ ਬੜੀ ਦੇਰ ਦੀ ਮੋਹਨ ਨੂੰ ਕਿਸੇ ਪਾਕਿਸਤਾਨੀ ਨਾਲ ਮਿਲਾਉਣਾ ਚਾਹੁੰਦੀ ਸਾਂ ਤਾਂ ਕਿ ਇਹ ਆਪਣੀਆਂ ਅੱਖਾਂ ਨਾਲ ਦੇਖ ਲਏ ਕਿ ਉਹ ਲੋਕ ਵੀ ਸਾਡੇ ਵਰਗੇ ਆਦਮੀ ਹੀ ਹੁੰਦੇ ਨੇ; ਨੰਗੇ, ਭੁੱਖੇ, ਜਜ਼ਬਾਤੀ, ਅੰਤਾਂ ਦਾ ਪਿਆਰ ਕਰਨ ਵਾਲੇ, ਜੰਗਾਂ ਵੀ ਜੋਸ਼ ਨਾਲ ਲੜਨ ਵਾਲੇ। ਜੇ ਉਨ੍ਹਾਂ ਨੇ ਸਾਡੇ ਸੂਰਮਿਆਂ ਨੂੰ ਕਤਲ ਕੀਤਾ ਹੈ ਤਾਂ ਅਸੀਂ ਵੀ ਤਾਂ ਉਨ੍ਹਾਂ ਦੇ ਜਵਾਨਾਂ ਨੂੰ ਮੌਤ ਦੇ ਘਾਟ ਉਤਾਰਿਆ ਹੈ; ਇੰਜ ਸਾਡੇ ਮਸਲੇ ਤਾਂ ਹੱਲ ਨਹੀਂ ਹੋਣ ਲੱਗੇ...।" ਕਹਿੰਦੀ ਹੋਈ ਉਹ ਰੋਣ ਲੱਗ ਪਈ।

"ਨਾ ਰੋ ਕੁੜੀਏ, ਮੈਂ ਅਖ਼ਤਰ ਨੂੰ ਸਮਝਾ ਦਿੱਤੈ। ਉਹ ਜਾ ਰਿਹੈ ਹੁਣੇ।" ਮਾਂ ਜੀ ਨੇ ਦੁਖੀ ਆਵਾਜ਼ ਵਿਚ ਕਿਹਾ।

"ਇਹ ਤੂੰ ਕੀ ਕੀਤਾ ਈ ਮਾਂ?" ਉਹ ਤਿੜਕੀ, "ਮੈਂ ਵੀਰ ਨੂੰ ਹਰਗਿਜ਼ ਨਹੀਂ ਜਾਣ ਦਿਆਂਗੀ। ਜੇ ਅੱਜ ਇਹ ਚਲਾ ਗਿਆ ਤਾਂ ਸਾਡੇ ਬਾਰੇ ਕਈ ਗ਼ਲਤ ਧਾਰਨਾਵਾਂ ਲੈ ਕੇ ਜਾਏਗਾ ਤੇ ਆਪਣੇ ਬੱਚਿਆਂ ਨੂੰ ਦੱਸਿਆ ਕਰੇਗਾ ਕਿ ਹਿੰਦੁਸਤਾਨ ਵਿਚ ਕੋਈ ਉਨ੍ਹਾਂ ਦਾ ਆਪਣਾ ਨਹੀਂ...ਸਭ ਦੁਸ਼ਮਣ ਵੱਸਦੇ ਨੇ।" ਉਸ ਉਪਰ ਅਜੀਬ ਪਾਗਲਪਨ ਸਵਾਰ ਹੋਇਆ ਹੋਇਆ ਸੀ। ਫਿਰ ਮੇਰੇ ਵੱਲ ਭੌਂ ਕੇ ਬੋਲੀ, "ਮੈਂ ਗ਼ਲਤ ਤਾਂ ਨਹੀਂ ਨਾ ਕਹਿ ਰਹੀ ਵੀਰਾ? ਅਸੀਂ ਬੀਤੇ ਦੀ ਕੁਸੈਲ ਨੂੰ ਭੁੱਲ ਕੇ ਚੰਗੇ ਗੁਆਂਢੀਆਂ ਵਾਂਗ ਨਹੀਂ ਰਹਿ ਸਕਦੇ? ਨਫ਼ਰਤ ਦਾ ਜ਼ਹਿਰ ਜਿਹੜਾ ਕਦੀ ਸਰਹੱਦ ਦੇ ਦੋਵੇਂ ਪਾਸੇ ਫੈਲਿਆ ਸੀ, ਉਹ ਹੁਣ ਖ਼ਤਮ ਨਹੀਂ ਹੋਣਾ ਚਾਹੀਦਾ? ਜੇ ਅਸੀਂ ਇੰਜ ਨਾ ਕੀਤਾ ਤਾਂ ਸਾਡੀਆਂ ਆਉਣ ਵਾਲੀਆਂ ਨਸਲਾਂ ਇਸੇ ਨਫ਼ਰਤ ਦੀ ਅੱਗ ਵਿਚ ਸੜਦੀਆਂ ਰਹਿਣਗੀਆਂ, ਤੇ ਵੀਰ, ਮੈਂ ਇੰਜ ਨਹੀਂ ਚਾਹੁੰਦੀ ਕਿ ਇੰਜ ਹੀ ਹੋਵੇ...।"

ਉਹ ਚੁੱਪ ਹੋ ਗਈ। ਆਪਣੀਆਂ ਅੱਖਾਂ ਦੇ ਅੱਥਰੂ ਤੇ ਮੱਥੇ ਦੇ ਪਸੀਨੇ ਨੂੰ ਆਪਣੀ ਸਾੜ੍ਹੀ ਦੇ ਪੱਲੇ ਨਾਲ ਪੂੰਝਣ ਲੱਗੀ। ਅਸਾਂ ਸਾਰਿਆਂ ਨੂੰ ਜਿਵੇਂ ਸੱਪ ਸੁੰਘ ਗਿਆ ਹੋਵੇ। ਸਭ ਤੋਂ ਪਹਿਲਾਂ ਉਹ ਹੀ ਹੋਸ਼ ਵਿਚ ਆਈ, "ਖੜ੍ਹਾ ਮੂੰਹ ਕੀ ਦੇਖ ਰਿਹੈਂ, ਅੱਗੇ ਵਧ ਕੇ ਮਾਮੇ ਦੇ ਸੀਨੇ ਨਾਲ ਲੱਗ ਜਾ। ਅਜਿਹੇ ਮੌਕੇ ਵਾਰ-ਵਾਰ ਨਹੀਂ ਆਉਂਦੇ।"

ਮੋਹਨ ਦੀ ਸਮਝ ਵਿਚ ਸ਼ਾਇਦ ਕੁਝ ਵੀ ਤਾਂ ਨਹੀਂ ਸੀ ਆ ਰਿਹਾ। ਸ਼ਾਇਦ ਇਸੇ ਕਰ ਕੇ ਉਹ ਜਕੋ-ਤਕੀ ਵਿਚ ਪਿਆ ਹੋਇਆ ਸੀ। ਫਿਰ ਅੱਲਾ ਜਾਣੇ ਉਸ ਨੂੰ ਆਪਣੀ ਮਾਂ ਦੀਆਂ ਅੱਖਾਂ ਵਿਚ ਕੀ ਨਜ਼ਰ ਆਇਆ ਸੀ ਕਿ ਹੌਲੀ-ਹੌਲੀ ਅਗਾਂਹ ਵਧ ਕੇ ਉਸ ਮੈਨੂੰ ਗਲਵੱਕੜੀ ਪਾ ਲਈ ਸੀ। ਅਚਾਨਕ ਮੈਨੂੰ ਇੰਜ ਲੱਗਿਆ ਜਿਵੇਂ ਮੈਨੂੰ ਬਿਜਲੀ ਦਾ ਕਰੰਟ ਲੱਗ ਗਿਆ ਹੋਵੇ। ਮੀਰਾ ਦੀ ਆਵਾਜ਼ ਕਿਤੋਂ ਦੂਰੋਂ ਆ ਰਹੀ ਲੱਗੀ। ਉਹ ਮਾਂ ਜੀ ਨੂੰ ਕਹਿ ਰਹੀ ਸੀ, "ਤੂੰ ਚਿੰਤਾ ਨਾ ਕਰਿਆ ਕਰ ਮਾਂ; ਮੇਰੇ ਦਿਲ ਦੇ ਸਾਰੇ ਜ਼ਖ਼ਮ, ਸਾਰੀ ਨਫ਼ਰਤ, ਸਾਰੀ ਜ਼ਹਿਰ, ਮੇਰੇ ਹੰਝੂਆਂ ਨੇ ਧੋ ਦਿੱਤੀ ਹੈ। ਮੈਂ ਨਹੀਂ ਚਾਹੁੰਦੀ ਕਿ ਮੇਰਾ ਪੁੱਤਰ ਹਮੇਸ਼ਾ ਇਸ ਹਨੇਰੇ ਗੁਬਾਰ ਦਾ ਸ਼ਿਕਾਰ ਰਹੇ।"

ਰੱਬ ਜਾਣੇ ਉਹ ਹੋਰ ਕੀ ਕੁਝ ਕਹਿੰਦੀ ਰਹੀ ਸੀ, ਪਰ ਮੋਹਨ ਨੂੰ ਛਾਤੀ ਨਾਲ ਲਾ ਕੇ ਮੈਨੂੰ ਇੰਜ ਮਹਿਸੂਸ ਹੋਇਆ ਸੀ ਜਿਵੇਂ ਮੈਨੂੰ ਆਪਣਾ ਉਹ ਪੁੱਤਰ ਮਿਲ ਗਿਆ ਹੋਵੇ ਜਿਹੜਾ 71 ਦੀ ਜੰਗ ਵਿਚ ਸ਼ਹੀਦ ਹੋ ਗਿਆ ਸੀ।


#

# ਬਾਲੀਵੁੱਡ ਦੇ ਰਵੱਈਏ ਤੋਂ ਖ਼ਫਾ ਓਮ ਪੁਰੀ

ਓਮ ਪੁਰੀ ਉਨ੍ਹਾਂ ਕੁਝ ਇਕ ਖਾਸ ਲੋਕਾਂ ਦੀ ਸੂਚੀ ਵਿਚ ਸ਼ਾਮਲ ਹਨ ਜੋ ਚਿਹਰੇ ਦੇ ਦਮ 'ਤੇ ਨਹੀਂ ਸਗੋਂ ਹੁਨਰ ਦੇ ਦਮ 'ਤੇ ਫ਼ਿਲਮਾਂ ਦੀ ਜਾਨ ਬਣ ਗਏ। ਖਾਸ ਗੱਲ ਇਹ ਹੈ ਕਿ ਓਮ ਪੁਰੀ ਨੇ ਜਦੋਂ ਵੀ ਕਿਸੇ ਭੂਮਿਕਾ ਨੂੰ ਨਿਭਾਇਆ ਤਾਂ ਪੂਰੀ ਤਰ੍ਹਾਂ ਉਸ ਵਿਚ ਡੁੱਬ ਕੇ ਤਾਂ ਹੀ ਉਨ੍ਹਾਂ ਨੂੰ ਦੋ ਵਾਰ ਨੈਸ਼ਨਲ ਐਵਾਰਡ, ਫ਼ਿਲਮ ਫੇਅਰ ਐਵਾਰਡ, ਲਾਈਫ ਟਾਈਮ ਅਚੀਵਮੈਂਟ ਐਵਾਰਡ ਤੇ ਪਦਮਸ਼੍ਰੀ ਵਰਗੇ ਕਈ ਅਹਿਮ ਐਵਾਰਡ ਮਿਲ ਚੁੱਕੇ ਹਨ।

ਐਨ.ਐਸ.ਡੀ. ਤੋਂ ਬਾਅਦ 'ਫ਼ਿਲਮ ਐਂਡ ਟੈਲੀਵਿਜ਼ਨ ਇੰਸਟੀਚਿਊਟ ਆਫ ਇੰਡੀਆ' ਤੋਂ ਅਦਾਕਾਰੀ ਦਾ ਕੋਰਸ ਕਰਨ ਪਿੱਛੋਂ ਮੁੰਬਈ ਵਿਚ ਕਦਮ ਰੱਖਣ ਵਾਲੇ ਓਮ ਪੁਰੀ ਨੇ ਆਪਣੇ 35 ਸਾਲ ਲੰਬੇ ਫ਼ਿਲਮੀ ਕਰੀਅਰ ਵਿਚ ਬਹੁਤ ਸਾਰੀਆਂ ਚਰਚਿਤ ਆਰਟ ਤੇ ਕਮਰਸ਼ੀਅਲ ਫ਼ਿਲਮਾਂ ਦਿੱਤੀਆਂ ਪਰ ਸੈਂਕੜੇ ਫ਼ਿਲਮਾਂ ਵਿਚ ਅਦਾਕਾਰੀ ਦੀ ਵੱਖਰੀ ਛਾਪ ਛੱਡਣ ਦੇ ਬਾਵਜੂਦ ਉਨ੍ਹਾਂ ਨੂੰ ਇਸ ਗੱਲ ਦਾ ਦੁੱਖ ਹੈ ਕਿ ਉਹ ਕਮਰਸ਼ੀਅਲ ਸਿਨੇਮਾ ਵਿਚ ਅੱਜ ਵੀ ਆਪਣੀ ਚਮਕ ਨਹੀਂ ਬਿਖੇਰ ਸਕੇ।

ਇਸ ਬਾਰੇ ਉਨ੍ਹਾਂ ਦਾ ਕਹਿਣਾ ਕਿ ਅੱਜ ਵੀ ਵੱਡੇ ਬੈਨਰ ਉਨ੍ਹਾਂ ਨੂੰ ਅਛੂਤ ਸਮਝਦੇ ਹਨ। ਹੁਣ ਤੱਕ ਦੇ ਕਰੀਅਰ ਵਿਚ ਕੋਈ ਵੀ ਭਾਵਪੂਰਨ ਕਿਰਦਾਰ ਨਹੀਂ ਮਿਲਿਆ ਕਿਉਂਕਿ




ਫ਼ਿਲਮਾਂ ਵਿਚ ਚਰਿੱਤਰ ਅਦਾਕਾਰਾਂ ਲਈ ਮੁਸ਼ਕਲ ਨਾਲ ਹੀ ਕਿਰਦਾਰ ਹੁੰਦੇ ਹਨ। ਕਮਰਸ਼ੀਅਲ ਸਿਨੇਮਾ ਵਿਚ ਉਨ੍ਹਾਂ ਦੀ ਪੂਰੀ ਵਰਤੋਂ ਅਜੇ ਤੱਕ ਨਹੀਂ ਹੋਈ। ਅਸਲ ਵਿਚ ਕਰਨ ਜੌਹਰ ਨੂੰ ਛੱਡ ਕੇ ਹੋਰ ਕਿਸੇ ਵੀ ਵੱਡੇ ਬੈਨਰ ਦੇ ਨਿਰਮਾਤਾ ਉਸ ਕੋਲ ਨਹੀਂ ਆਏ।

ਕਰਨ ਨਾਲ ਉਹ 'ਕੁਰਬਾਨ', 'ਡੌਨ-2' ਤੇ 'ਅਗਨੀਪਥ' ਦੇ ਸੀਕੁਏਲਜ਼ ਵਿਚ ਕੰਮ ਕੀਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਵੱਡੇ ਬੈਨਰਾਂ ਨੇ ਉਨ੍ਹਾਂ ਨੂੰ ਛੂਹਿਆ ਤੱਕ ਨਹੀਂ। ਪਤਾ ਨਹੀਂ ਕਿਉਂ ਉਨ੍ਹਾਂ ਲਈ ਉਹ ਅੱਜ ਵੀ ਅਛੂਤ ਕਿਉਂ ਹਨ। ਕਮਰਸ਼ੀਅਲ ਫ਼ਿਲਮਾਂ ਨੇ ਉਨ੍ਹਾਂ ਦਾ ਘਰ ਜ਼ਰੂਰ ਚਲਾਇਆ ਪਰ ਤਕਲੀਫ ਇਸ ਗੱਲ ਦੀ ਹੈ ਕਿ ਉਨ੍ਹਾਂ ਦੀ ਹੋਰ ਵੀ ਬਿਹਤਰ ਵਰਤੋਂ ਹੋ ਸਕਦੀ ਸੀ ਜੋ ਅਜੇ ਤੱਕ ਨਹੀਂ ਹੋਈ। ਆਰਟ ਫ਼ਿਲਮਾਂ ਦੇ ਘਟਦੇ ਰੁਝਾਨ ਤੋਂ ਵੀ ਓਮ ਪੁਰੀ ਬੇਹੱਦ ਦੁਖੀ ਹਨ। ਇਸ ਬਾਰੇ ਉਨ੍ਹਾਂ ਦਾ ਕਹਿਣਾ ਹੈ ਕਿ 1950 ਤੇ 1960 ਦੇ ਦਹਾਕਿਆਂ ਵਿਚ ਫ਼ਿਲਮ ਨਿਰਮਾਣ ਦੇ ਖੇਤਰ ਵਿਚ ਜ਼ਿਆਦਾਤਰ ਲੋਕ ਥਿਏਟਰ ਤੋਂ ਆਏ ਸਨ ਪਰ ਜਿਵੇਂ-ਜਿਵੇਂ ਸਮਾਂ ਬੀਤਦਾ ਗਿਆ ਕਲਾ ਦੇ ਪ੍ਰਸ਼ੰਸਕ ਘਟਦੇ ਗਏ ਤੇ ਕਮਰਸ਼ੀਅਲ ਹਿੱਤ ਮਹੱਤਵਪੂਰਨ ਹੁੰਦੇ ਗਏ।

ਇਹੀ ਕਾਰਨ ਹੈ ਕਿ ਸਮਾਜ ਦੀਆਂ ਕੌੜੀਆਂ ਸੱਚਾਈਆਂ ਨੂੰ ਸਾਹਮਣੇ ਲਿਆਉਣ ਵਾਲੀਆਂ ਫ਼ਿਲਮਾਂ ਬਣਾਉਣ ਦਾ ਜ਼ੋਖਮ ਹੁਣ ਲੋਕ ਲੈਣਾ ਹੀ ਨਹੀਂ ਚਾਹੁੰਦੇ। ਓਮ ਪੁਰੀ ਨੇ ਬਾਲੀਵੁੱਡ ਦੇ ਨਾਲ-ਨਾਲ ਹਾਲੀਵੁੱਡ ਦੀਆਂ ਦੀਆਂ ਫ਼ਿਲਮਾਂ ਵਿਚ ਵੀ ਆਪਣੀ ਅਦਾਕਾਰੀ ਦਾ ਭਰਪੂਰ ਡੰਕਾ ਵਜਾਇਆ ਹੈ।

ਛੇਤੀ ਰਿਲੀਜ਼ ਵਾਲੀ ਫ਼ਿਲਮ 'ਚਕਰਵਿਊਹ' ਤੋਂ ਇਲਾਵਾ ਵੀ ਓਮ ਪੁਰੀ ਕਈ ਫ਼ਿਲਮਾਂ ਕਰ ਰਹੇ ਹਨ ਜਿਨ੍ਹਾਂ ਵਿਚ 'ਸਿੰਗੁਲੈਰਿਟੀ', 'ਲਿਟਲ ਟੈਰਰਸ' ਵਰਗੀਆਂ ਲੀਕ ਤੋਂ ਹੱਟ ਕੇ ਫ਼ਿਲਮਾਂ ਦੇ ਨਾਲ-ਨਾਲ 'ਚੋਰੋਂ ਕੀ ਬਾਰਾਤ', 'ਕਮਾਲ ਧਮਾਲ ਮਾਲਾਮਾਲ' ਵਰਗੀਆਂ ਕਮਰਸ਼ੀਅਲ ਫ਼ਿਲਮਾਂ ਵੀ ਹਨ। ਉਹ ਕੇ.ਸੀ. ਬੋਕਾਡੀਆ ਦੀ ਫ਼ਿਲਮ 'ਡਰਟੀ ਪਾਲੀਟਿਕਸ' ਵੀ ਕਰ ਰਹੇ ਹਨ। ਇਹ ਮੂਵੀ ਭੰਵਰੀ ਦੇਵੀ ਕਾਂਡ 'ਤੇ ਅਧਾਰਿਤ ਹੈ। ਇਸ ਵਿਚ ਉਹ ਪਾਲੀਟੀਸ਼ੀਅਨ ਦਾ ਰੋਲ ਨਿਭਾਅ ਰਹੇ ਹਨ। ਅਦਾਕਾਰੀ ਵਿਚ ਆਪਣਾ ਜਲਵਾ ਦਿਖਾ ਚੁੱਕੇ ਓਮ ਪੁਰੀ ਭਵਿੱਖ ਵਿਚ ਨਿਰਦੇਸ਼ਨ ਦੀ ਖਾਹਿਸ਼ ਵੀ ਰੱਖਦੇ ਹਨ।

# ਫਿਲਮਾਂ ਨਹੀਂ ਛੱਡੇਗੀ ਸੈਫ ਅਲੀ ਖਾਨ ਦੀ ਬੇਗਮ



ਲੰਮੀ ਚਰਚਾ ਤੋਂ ਬਾਅਦ ਕਰੀਨਾ ਕਪੂਰ ਦਾ ਸੈਫ ਅਲੀ ਖਾਨ ਨਾਲ ਆਖਰ ਵਿਆਹ ਹੋ ਹੀ ਗਿਆ ਪਰ ਕਰੀਨਾ ਦਾ ਕਹਿਣਾ ਹੈ ਕਿ ਵਿਆਹ ਦਾ ਇਹ ਮਤਲਬ ਨਹੀਂ ਕਿ ਉਹ ਘਰ ਹੀ ਬੈਠ ਜਾਏਗੀ। ਇਨ੍ਹਾਂ ਦੋਵਾਂ ਵਿਚਾਲੇ ਕਾਫੀ ਸਮੇਂ ਤੋਂ ਨੇੜਤਾ ਵਾਲਾ ਰਿਸ਼ਤਾ ਸੀ ਪਰ ਵਿਆਹ ਕਰਾਉਣ ਦੀ ਗੱਲ ਨੂੰ ਇਨ੍ਹਾਂ ਕੁਝ ਸਮਾਂ ਹੀ ਕਬੂਲਣਾ ਸ਼ੁਰੂ ਕੀਤਾ। ਕਰੀਨਾ ਤੋਂ ਸੈਫ ਉਮਰ 'ਚ ਕਾਫੀ ਵੱਡਾ ਹੈ ਤੇ ਉਸ ਦਾ ਇਕ ਵਿਆਹ ਪਹਿਲਾਂ ਵੀ ਚੁੱਕਾ ਸੀ। ਕਰੀਨਾ ਬਾਲੀਵੁੱਡ ਦੀਆਂ ਸਭ ਤੋਂ ਜ਼ਿਆਦਾ ਮੰਗ ਵਾਲੀਆਂ ਅਭਿਨੇਤਰੀਆਂ ਵਿਚ ਸ਼ਾਮਲ ਹੈ। ਉਸ ਕੋਲ ਕਈ ਫਿਲਮਾਂ ਹਨ ਜੋ ਉਸ ਨੂੰ ਕੁਝ ਸਾਲ ਸੁਨਹਿਰੇ ਪਰਦੇ 'ਤੇ ਬਿਜ਼ੀ ਰੱਖਣਗੀਆਂ। ਇਹ ਵੀ ਖ਼ਬਰ ਹੈ ਕਿ ਉਹ ਇਕ ਵਾਰ ਫਿਰ ਰਿਤਿਕ ਰੋਸ਼ਨ ਨਾਲ ਕੰਮ ਕਰਨ ਲਈ ਤਿਆਰ ਹੈ। ਉਹ ਦੋਵੇਂ ਤਕਰੀਬਨ ਦਸ ਸਾਲਾਂ ਬਾਅਦ ਇਕੱਠੇ ਸਕਰੀਨ ਸ਼ੇਅਰ ਕਰਨਗੇ। ਦੋਵੇਂ ਆਖਰੀ ਵਾਰ ਸਾਲ 2003 ਵਿਚ ਫਿਲਮ 'ਮੈਂ ਪ੍ਰੇਮ ਕੀ ਦੀਵਾਨੀ ਹੂੰ' ਵਿਚ ਇਕੱਠੇ ਨਜ਼ਰ ਆਏ ਸਨ, ਉਸ ਪਿੱਛੋਂ ਕਰੀਨਾ ਨੇ ਬਾਲੀਵੱਡ ਦੇ ਸਾਰੇ ਵੱਡੇ ਹੀਰੋਜ਼ ਨਾਲ ਤਾਂ ਕੰਮ ਕੀਤਾ ਪਰ ਰਿਤਿਕ ਨਾਲ ਕਿਸੇ ਫਿਲਮ ਵਿਚ ਕੰਮ ਕਰਨ ਦਾ ਮੌਕਾ ਉਸ ਨੂੰ ਨਹੀਂ ਮਿਲਿਆ। ਉਂਝ ਕਰੀਨਾ ਤੇ ਰਿਤਿਕ ਕੁਝ ਹੋਰ ਫਿਲਮਾਂ ਜਿਵੇਂ 'ਯਾਦੇਂ' ਤੇ 'ਕਭੀ ਖੁਸ਼ੀ ਕਭੀ ਗਮ' ਵਿਚ ਵੀ ਇਕੱਠੇ ਕੰਮ ਕਰ ਚੁੱਕੇ ਹਨ।

ਕਰੀਨਾ ਤੇ ਰਿਤਿਕ ਜੋ ਫਿਲਮ ਕਰਨਗੇ, ਉਹ ਧਰਮਾ ਪ੍ਰੋਡਕਸ਼ਨ ਦਾ ਬਹੁਤ ਵੱਡਾ ਪ੍ਰਾਜੈਕਟ ਦੱਸਿਆ ਜਾ ਰਿਹਾ ਹੈ। ਉਹ ਇੰਨੇ ਲੰਬੇ ਵਕਫੇ ਪਿੱਛੋਂ ਰਿਤਿਕ ਨਾਲ ਸਕ੍ਰੀਨ ਸ਼ੇਅਰ ਕਰਨ ਜਾ ਰਹੀ ਹੈ ਤਾਂ ਇਸ ਦਾ ਕਾਰਨ ਕਰੀਨਾ ਦੇ ਧਰਮ ਦੇ ਭਰਾ ਬਣੇ ਕਰਨ ਜੌਹਰ ਨੂੰ ਹੀ ਮੰਨਿਆ ਜਾ ਰਿਹਾ ਹੈ। ਕਰਨ ਦੇ ਕਹਿਣ 'ਤੇ ਹੀ ਕਰੀਨਾ ਇਹ ਫਿਲਮ ਕਰਨ ਲਈ ਰਾਜ਼ੀ ਹੋਈ ਹੈ।

# ਸੋਨਾਕਸ਼ੀ ਦਾ ਵੀ ਜਾਦੂ ਚੱਲਿਆ



ਕਦੇ ਜੁਹੂ ਮੁੰਬਈ ਵਿਚ ਕਿਸੇ ਨੇ ਬੰਗਲੇ 'ਰਮਾਇਣ' ਦਾ ਨਾਂ ਲੈਣਾ ਤਾਂ ਇਸ ਦਾ ਮਤਲਬ ਹੁੰਦਾ ਕਿ ਸ਼ਤਰੂਘਨ ਸਿਨਹਾ ਨਾਲ ਉਸ ਨੂੰ ਕੋਈ ਕੰਮ ਹੋਵੇਗਾ। ਅੱਜ ਇਸੇ 'ਰਮਾਇਣ' ਦੀ ਤਬਦੀਲੀ ਇਹ ਹੈ ਕਿ ਇਹ ਹੁਣ ਸੱਤ ਮੰਜ਼ਲਾ ਸ਼ਾਨਦਾਰ ਇਮਾਰਤ ਹੈ। ਹੁਣ ਇਥੇ ਇਕ ਨਹੀਂ ਦੋ ਸਟਾਰ ਹਨ। ਯਾਨੀ ਸ਼ਤਰੂ ਤੇ ਉਸ ਦੀ ਬੇਟੀ ਸੋਨਾਕਸ਼ੀ ਸਿਨਹਾ। ਸੱਤਵੀਂ ਮੰਜ਼ਲ 'ਤੇ ਭਰਾ ਲਵ ਤੇ ਕੁਸ਼ ਨਾਲ ਸੋਨਾਕਸ਼ੀ ਰਹਿੰਦੀ ਹੈ। 'ਦਬੰਗ', 'ਰੌਡੀ ਰਠੌਰ', 'ਜੌਕਰ' ਤੇ ਹੁਣ 'ਓਹ ਮਾਈ ਗਾਡ' ਸੋਨਾ ਦੀਆਂ ਸਾਰੀਆਂ ਫ਼ਿਲਮਾਂ ਸਫ਼ਲ ਰਹੀਆਂ। ਆ ਰਹੀ 'ਸੰਨ ਆਫ਼ ਸਰਦਾਰ' ਦੀ ਰਿਪੋਰਟ ਵੀ ਵਧੀਆ ਹੈ। ਸ੍ਰੀ ਹਰਿਮੰਦਰ ਸਾਹਿਬ ਦੇ ਪਹਿਲੀ ਵਾਰ ਦਰਸ਼ਨ ਕਰਕੇ ਖੁਸ਼ ਸੋਨਾਕਸ਼ੀ ਆਸਥਾ ਵਿਚ ਡੁੱਬੀ ਰੱਬ ਦਾ ਸ਼ੁਕਰਾਨਾ ਕਰਦੀ ਹੈ। ਰੱਬ ਨੇ ਉਸ ਨੂੰ ਭਾਗਾਂ ਵਾਲੀ ਬਣਾਇਆ ਹੈ। ਮਿਹਨਤ ਉਸ ਦਾ ਨਿਯਮ ਹੈ। ਮਾਨਸਿਕ ਤੌਰ 'ਤੇ ਮਾੜੇ ਸਮੇਂ ਦਾ ਟਾਕਰਾ ਕਰਨ ਲਈ ਵੀ ਉਹ ਤਿਆਰ ਹੈ। ਸ਼ੋਹਰਤ ਚਾਰ ਦਿਨ ਦੀ ਚਾਂਦਨੀ ਤੋਂ ਸੋਨਾ ਜਾਣੂ ਹੈ। ਝੂਠੇ ਸੱਚੇ ਦੀ ਪਛਾਣ ਕਰਨਾ ਉਹ ਜਾਣਦੀ ਹੈ। ਪੇਂਡੂ ਕੁੜੀ ਦੇ ਕਿਰਦਾਰ ਵਿਚ ਉਹ ਸਭ ਤੋਂ ਵੱਧ ਜਚਦੀ ਹੈ। 'ਲੁਟੇਰਾ' ਸੋਨਾਕਸ਼ੀ ਦੀ ਉਹ ਫ਼ਿਲਮ ਹੈ ਜਿਸ ਵਿਚ ਉਹ ਹੀਰੋ ਹੀ ਲੱਗੇਗੀ। 'ਸੰਨ ਆਫ਼ ਸਰਦਾਰ' ਇਕ ਹੋਰ ਖੁਸ਼ੀ ਸੋਨਾ ਦੀ ਝੋਲੀ ਪਾਉਣ ਵਾਲੀ ਹੈ।

# ਕੈਟਰੀਨਾ ਕੈਫ਼ ਦੀਆਂ ਧੁੰਮਾਂ

ਅਠਾਈ ਵਰ੍ਹਿਆਂ ਦੀ ਕੈਟਰੀਨਾ ਨੂੰ ਲੋਕ ਪਿਆਰ ਸਦਕਾ ਸੰਸਾਰ ਦੀ ਸਭ ਤੋਂ ਕਾਮੁਕ ਨਾਰੀ ਦਾ ਖਿਤਾਬ ਲਗਾਤਾਰ ਚੌਥੀ ਵਾਰ ਮਿਲ ਚੁੱਕਾ ਹੈ। ਦਿਲ ਦੀ ਸਾਫ਼ ਕੈਟ ਜਾਣਦੀ ਹੈ ਕਿ ਉਹ ਸੋਹਣੀ ਹੈ ਪਰ ਹੰਕਾਰ ਵਿਚ ਨਹੀਂ ਆਉਂਦੀ। 'ਅਗਨੀਪੱਥ' ਦੇ ਆਈਟਮ ਨੇ ਤਾਂ ਸਿਰੇ ਹੀ ਗੱਲ ਲਾ ਦਿੱਤੀ ਸੀ। ਕੈਟ ਕਿਸੇ ਦੀ ਬੁਰਾਈ ਨਹੀਂ ਕਰਦੀ। ਹੁਣ ਤਾਂ ਸੈਫ਼ ਅਲੀ ਨੇ ਵੀ ਕੈਟਰੀਨਾ ਨਾਲ ਫ਼ਿਲਮ ਕਰਨ ਦੀ ਇੱਛਾ ਜ਼ਾਹਿਰ ਕੀਤੀ ਹੈ। ਇਸ ਵੇਲੇ ਮਸ਼ਹੂਰੀ ਸੰਸਾਰ ਵਿਚ ਵੀ ਕੈਟ ਨੰਬਰ ਇਕ ਹੈ। ਰੰਗ ਦਾ ਇਕ ਵਿਗਿਆਪਨ ਕੈਟ ਨੇ ਸੱਤ ਕਰੋੜ ਵਿਚ ਕੀਤਾ ਹੈ। 'ਏਕ ਥਾ ਟਾਈਗਰ' ਨੇ ਕੈਟਰੀਨਾ ਨੂੰ ਸੱਤਵੇਂ ਆਕਾਸ਼ 'ਤੇ ਪਹੁੰਚਾ ਦਿੱਤਾ ਹੈ। ਉਹ ਐਕਸ਼ਨ ਗਰਲ ਵੀ ਹੈ। ਕੁੱਲ ਮਿਲਾ ਕੇ ਵਿਗਿਆਪਨ ਵਿਚ ਵੀ ਸਭ ਤੋਂ ਮਹਿੰਗੀ ਮਾਡਲ ਤੇ ਫ਼ਿਲਮਾਂ ਵਿਚ ਸਭ ਤੋਂ ਚੰਗੀ ਕਿਸਮਤ ਵਾਲੀ ਕੈਟਰੀਨਾ ਕੈਫ਼ ਹਰ ਪਾਸੇ ਧੁੰਮ ਮਚਾ ਰਹੀ ਹੈ।



# .ਗਦਰੀ ਸੰਘਰਸ਼ ਦੀ ਬਾਤ ਪਾਵੇਗੀ 'ਕ੍ਰਾਂਤੀ ਦੂਤ'

ਨਵੀਂ ਆ ਰਹੀ ਫਿਲਮ 'ਕ੍ਰਾਂਤੀ ਦੂਤ' ਗ਼ਦਰੀ ਬਾਬਿਆਂ ਦੇ ਸੰਘਰਸ਼ ਦੀ ਬਾਤ ਪਾਏਗੀ। ਗਦਰੀ ਸੰਘਰਸ਼ ਦੀ ਸ਼ਤਾਬਦੀ 'ਤੇ ਪ੍ਰਗਤੀਸ਼ੀਲ ਸੋਚ ਨਾਲ ਦੇਸ਼ ਪ੍ਰੇਮ ਦੀ ਭਾਵਨਾ ਉਜਾਗਰ ਕਰਨ ਲਈ ਬਰਕਮ ਫ਼ਿਲਮਜ਼ ਨੇ ਆਸਟ੍ਰੇਲੀਆ ਦੀ ਫ਼ਿਲਮ ਨਿਰਮਾਣ ਕੰਪਨੀ ਡੈਵੀ ਬਰੋ ਨਾਲ ਮਿਲ ਕੇ ਇਹ ਫ਼ਿਲਮ ਤਿਆਰ ਕੀਤੀ ਹੈ। ਸ਼ਹੀਦ ਭਗਤ ਸਿੰਘ ਦੇ ਸਾਥੀਆਂ, ਗਦਰੀ ਯੋਧੇ ਭਗਤ ਸਿੰਘ ਬਿਲਗਾ ਦੀ ਜੀਵਨੀ ਤੋਂ ਪ੍ਰੇਰਿਤ 'ਕ੍ਰਾਂਤੀ ਦੂਤ' ਫ਼ਿਲਮ ਵਿਚ ਦੱਸਿਆ ਗਿਆ ਹੈ ਕਿ ਮਹਿੰਗਾਈ, ਭ੍ਰਿਸ਼ਟਾਚਾਰ ਤੇ ਹੋਰ ਬੁਰਾਈਆਂ ਨਾਲ ਲੜਨ ਲਈ ਦੇਸ਼ ਪਿਆਰ ਨਾਲ ਲਬਰੇਜ਼ ਜਮਹੂਰੀ ਸੰਘਰਸ਼ ਦੀ ਲੋੜ ਹੈ।

ਅਸ਼ੋਕਪੁਰੀ ਦੀ ਲਿਖੀ ਤੇ ਡਾਇਰੈਕਟ ਕੀਤੀ ਇਸ ਫ਼ਿਲਮ ਦੇ ਜੋਸ਼ੀਲੇ ਸੰਵਾਦ ਨੀਟੂ ਪੰਧੇਰ ਨੇ ਰਚੇ ਹਨ। ਦੀਪ ਬਾਗਪੁਰੀ, ਬਲਵਿੰਦਰ ਗਿੱਲ, ਅਸ਼ੋਕਪੁਰੀ ਤੇ ਬੌਬੀ ਦੇ ਲਿਖੇ ਗੀਤ, ਊਧਮ ਸਿੰਘ ਦੀ ਵਾਰ ਬੌਬੀ ਗਰੇਵਾਲ, ਸ਼ੰਮੀ ਖਾਨ, ਆਸ਼ੂ ਸਿੰਘ ਤੇ ਸ਼ੇਰਾ ਬੋਹੜਵਾਲੀਆ ਦੀਆਂ ਸੁਰੀਲੀਆਂ ਆਵਾਜ਼ਾਂ ਵਿਚ ਫ਼ਿਲਮ ਵਿਚ ਗੀਤ ਸ਼ਾਮਲ ਕੀਤੇ ਗਏ ਹਨ। ਬੌਬੀ ਗਰੇਵਾਲ, ਸ਼ਰਨਜੀਤ ਕੌਰ, ਨੀਟੂ ਪੰਧੇਰ, ਤਜਿੰਦਰ ਕੌਰ, ਆਸ਼ੂ ਸਿੰਘ, ਸੁਦਰਸ਼ਨ ਮੈਣੀ ਦੇ ਨਾਲ 'ਕ੍ਰਾਂਤੀ ਦੂਤ' ਵਜੋਂ ਅਸ਼ੋਕਪੁਰੀ ਤੇ ਵੱਖਰੇ ਅੰਦਾਜ਼ ਵਿਚ ਗੁਰਦੀਪ ਸੰਧੂ ਫ਼ਿਲਮ ਦੇ ਮੁੱਖ ਕਲਾਕਾਰ ਹਨ। ਕੁਲਦੀਪ ਪਰਮਾਰ ਤੇ ਦੇਵ ਯੂ. ਕੇ. ਫ਼ਿਲਮ ਦੇ ਕੈਮਰਾਮੈਨ ਹਨ। ਕੈਕਸਟਨ ਹਾਲ ਲੰਦਨ ਤੇ ਸ਼ਹੀਦ ਊਧਮ ਸਿੰਘ ਵੱਲੋਂ ਚੁਣੀਆਂ ਲੰਦਨ ਦੀਆਂ ਥਾਵਾਂ 'ਤੇ ਵੀ ਫ਼ਿਲਮ ਦੀ ਸ਼ੂਟਿੰਗ ਕੀਤੀ ਗਈ ਹੈ ਜਦਕਿ ਬਾਕੀ ਦੀ ਸ਼ੂਟਿੰਗ ਹਿਮਾਚਲ ਤੇ ਪੰਜਾਬ ਵਿਚ ਹੋਈ ਹੈ।


Vista
CCTV TECHNOLOGY
Corporate people first choice for Security
High End HD Series
SPECIAL OFFER
4 CAMERAS WITH 4 CH DVR
LED MONITOR INCLUDED
$1449
$1349
+Tax
SPECIAL OFFER
8 CAMERAS INSTALLATION INCLUDED
LED MONITOR INCLUDED
$2549
$2349
+Tax
SPECIAL OFFER
12 CAMERAS INSTALLATION INCLUDED
LED MONITOR INCLUDED
$4249
$3749
+Tax
• HIGH QUALITY PRODUCT WITH 2 YEARS WARRANTY
• HIGH BRAND REPUTATION
• 16 YEARS HISTORY IN CCTV
• ADVANCE PRODUCT DESIGN
• TRAINED TECHNICAL STAFF
• PROFESSIONAL INSTALLATION
Why Vista CCTV TECHNOLOGY
24/7 HIGH END SECURITY SOLUTION
WE INSTALL ANYWHERE IN USA
16 YEARS EXPERIENCE IN CCTV BUSINESS
2 Years Warranty
QUALITY & RESOLUTION BUILD BY TECHNOLOGY NOT BY THE PRICE
Buy Online : www.ezchase.com
Email : commvision@sbcglobal.net
Call Sukhpal 661-586-5080
Customer Service : 1-800-235-1391
• NOW YOU CAN WATCH YOUR BUSINESS ON YOUR ANY SMART PHONE


WRONGFUL DEATH | AUTO | PEDESTRIAN | BICYCLE | DOG BITES | TRUCK ACCIDENTS
LAW OFFICES OF MARK COHEN
ਪਿਛਲੇ 27 ਸਾਲ ਤੋਂ ਫਰੀਮਾਂਟ, ਨਿਊਆਰਕ,
ਯੂਨੀਅਨ ਸਿਟੀ ਅਤੇ ਬੇ-ਏਰੀਆ ਦੀ ਸੇਵਾ ਵਿਚ
"I take your accident personally"
Free initial consultation. No fee if no recovery.
ਮੁਢਲਾ ਸਲਾਹ ਮਸ਼ਵਰਾ ਬਿਲਕੁਲ ਮੁਫਤ, ਕੋਈ ਮੁਆਵਜ਼ਾ ਨਹੀਂ ਕੋਈ ਫੀਸ ਨਹੀਂ
Please visit our web site for more information
www.markcohenlaw.com or call us at 510.792.4008
ਕਾਨੂੰਨ ਪ੍ਰਤੀ ਸਮੁਚਿਤ ਪਹੁੰਚ ਵਾਲੀ ਪਰਸਨਲ ਇੰਜਰੀ ਲਾਅ ਪ੍ਰੈਕਟਿਸ। ਪਰਸਨਲ ਇੰਜਰੀ ਲਾਅ, ਫਾਰ ਪ੍ਰਾਫਿਟ, ਨਾਨ ਪ੍ਰਾਫਿਟ ਅਤੇ ਧਾਰਮਿਕ ਕਾਰਪੋਰੇਸ਼ਨਾਂ, ਅਤੇ ਭੂਮੀ ਦੀ ਵਰਤੋਂ 'ਤੇ ਜ਼ੋਨਿੰਗ ਲਾਅ ਵਿਚ 27 ਸਾਲ ਦਾ ਤਜ਼ਰਬਾ। "ਕਿਉਂਕਿ ਕਾਨੂੰਨ ਦੇ ਇਕ ਖੇਤਰ ਬਾਰੇ ਹੀ ਜਾਣਕਾਰੀ ਕਾਫੀ ਨਹੀਂ ਹੈ।"

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

Real Estate and Loans Under One Roof

ਪਿਛਲੇ 25 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

## Reo/Short Sale Specialist

## We can sell your house in short sale at no cost to you.

If your house is in foreclosure due to not making payments and you have received trustee sale date, even than we can sell your house in short sale. Selling house in short sale damages your credit less than if you let it go to foreclosure. We can also sell your house in short sale even if you are making mortgage payments on time with difficulty and your house value is a lot less than the loan.

**WE CAN SELL HUD HOMES ANY WHERE IN CALIFORNIA**

## ਫੋਰਕਲੋਜ਼ਰ ਨਾਲੋਂ ਸ਼ਾਰਟਸੇਲ ਘੱਟ ਘਾਤਕ

ਜੇ ਤੁਹਾਡਾ ਘਰ ਕਰਜੇ ਦੀਆਂ ਕਿਸ਼ਤਾਂ ਨਾ ਦੇਣ ਕਰਕੇ ਫ਼ੋਰਕਲੋਜ਼ਰ ਵਿਚ ਆਇਆ ਹੋਇਆ ਹੈ ਅਤੇ ਤੁਹਾਨੂੰ ਟਰਸਟੀ ਸੇਲ ਦੀ ਤਾਰੀਖ ਵੀ ਮਿਲ ਗਈ ਹੈ, ਤਦ ਵੀ ਅਸੀਂ ਤੁਹਾਡਾ ਘਰ ਸ਼ਾਰਟਸੇਲ ਵਿਚ ਵੇਚ ਸਕਦੇ ਹਾਂ। ਸ਼ਾਰਟਸੇਲ ਵਿਚ ਘਰ ਵੇਚਣ ਨਾਲ ਤੁਹਾਡੇ ਕਰੈਡਿਟ ਦਾ ਉਨਾ ਨੁਕਸਾਨ ਨਹੀਂ ਹੁੰਦਾ ਜਿੰਨਾ ਕਿ ਫੋਰਕਲੋਜ਼ਰ ਵਿਚ ਜਾਣ ਨਾਲ ਹੁੰਦਾ ਹੈ। ਅਸੀਂ ਤੁਹਾਡਾ ਘਰ ਤਦ ਵੀ ਸ਼ਾਰਟਸੇਲ ਵਿਚ ਵੇਚ ਸਕਦੇ ਹਾਂ ਜੇ ਤੁਸੀਂ ਸਮੇਂ ਸਿਰ ਮਾਰਟਗੇਜ ਦੀਆਂ ਕਿਸ਼ਤਾਂ ਮੁਸ਼ਕਲ ਨਾਲ ਅਦਾ ਕਰੀ ਜਾ ਰਹੇ ਹੋ ਅਤੇ ਤੁਹਾਡੇ ਘਰ ਦੀ ਕੀਮਤ ਕਰਜੇ ਤੋਂ ਵੀ ਘਟ ਗਈ ਹੈ।

Selling new and old Homes from San Jose to Sacramento

*2004 to 2006 Award Winner
Top 1% Listing Realtor in Bay Area

Fremont Office:
86 Pilgrim Loop
Fremont CA 94539
Tel:510-440-9292, Fax:510-656-8941



Sacramento Office:
8695 Territorial Way,
Elk Grove CA 95624
Tel:916-612-5773, Fax:916-393-2586

Cell: 510-304-9292
Cell:408-666-8279

**Jaswinder Gill** M.Sc (PAU)
CA DRE# 00966763
Broker/Owner/Notary

E-mail: jassi@jassigill.com or
Visit us @ www.jassigill.com
for hot listings

**Selling Homes from Gilroy to Sacramento, CA**

## Refinance Now

15 & 30 Yr Fixed Rates Are Still Better!!!
5/1, 7/1 ARM are also attractive
Refinance Now At Zero Cost

Call Sukhi Gill
@ 510-207-9067
CA DRE Lic.#01180969,
NMLS# 352095

## JUST SOLD

1. 32467 Woodland Dr., Union City, CA 94587
2. 4172 Eugene St. Fremont, CA 94538
3. 4171 N. Greenland Ter., Fremont, CA 94555
4. 2856 Glen Donegal Dr. San Jose, CA 95148
5. 1969 Catalpa Way Hayward, CA 94545
6. 4276 Solar Cir., Union City, CA 94587
7. 4313 San Marino Ct. Elk Grove, CA 95858
8. 3339 Sueno Dr. San Jose, CA 95148
9. 847 Downing Cir., Lincoln, CA 95648
10. 2952 Remington Way San Jose, CA 95148
11. 27471 Ponderosa Ct. Hayward, CA 94545
12. 5685 Comanche Dr., San Jose, CA 95123
13. 32452 Springwood Dr., Union City, CA 94587
14. 675 Bethal Pl., Livermore, CA 94551
15. 648 Cayuga Dr., San Jose, CA 95123
16. 4080 Gibraltor Dr., Fremont, CA 94536
17. 4167 Asimuth Dr., Union City, CA 94587
18. 2459 Medallion Dr., Union City, CA 94587

Market is getting hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.